**Golden State Realty** JASSI GILL Broker/Owner

Listing and Selling Homes
From San Jose to Sacramento
Ph:510-304-9292
**Refinance Now**
@ZERO COST
Call Sukhi Gill:510-207-9067
CA DRE Lic.#01180969



CA DRE# 00966763

Personal Injury and Wrongful Death Attorneys

ਹਾਦਸਿਆਂ ਵਿਚ ਜ਼ਖਮੀ ਹੋਣ ਜਾਂ ਮੌਤ ਹੋ ਜਾਣ ਨਾਲ ਸਬੰਧਤ ਕੇਸਾਂ ਲਈ ਭਰੋਸੇਯੋਗ ਵਕੀਲ।
* ਤੁਸੀਂ ਸਾਡੇ ਨਾਲ ਪੰਜਾਬੀ ਵਿਚ ਵੀ ਗੱਲ ਕਰ ਸਕਦੇ ਹੋ।
*ਸਬੰਧਤ ਡਿਟੇਲ ਜਾਣਕਾਰੀ ਪੇਜ ਨੰਬਰ 2 'ਤੇ ਉਪਲਬਧ ਹੈ।
*ਰਿਕਵਰੀ ਹੋਣ ਤੱਕ ਕੋਈ ਫੀਸ ਨਹੀਂ ਲਈ ਜਾਵੇਗੀ।



Manpreet S. Bains

ਸੰਪਰਕ ਕਰੋ: ਫੋਨ: (510 474-0028)
E-Mail: info@thebainsfirm.com; www.thebainsfirm.com

COVERED CALIFORNIA
Certified Insurance Agent
Global Green INSURANCE AGENCY
ਹੈਲਥ ਇੰਸ਼ੋਰੈਂਸ ਕਰਵਾਉਣ ਲਈ ਸੰਪਰਕ ਕਰੋ
ਫੋਨ:510-487-1000
MANN@GGIABA.COM
Gurdawar Singh Mann
Gurcharan Singh Mann
**Mann Insurance Brokers Inc.**
4123 Dyer St., #230, Union City, CA 94587



Twenty-Sixth Year of Publication | ਕੈਲੀਫੋਰਨੀਆ ਐਡੀਸ਼ਨ | Price 50¢

Email:punjabtimes1@gmail.com
www.punjabtimesusa.com

ਸ਼ਿਕਾਗੋ, ਸੈਨ ਫਰਾਂਸਿਸਕੋ ਅਤੇ ਨਿਊ ਯਾਰਕ ਤੋਂ ਇਕੋ ਸਮੇਂ ਪ੍ਰਕਾਸ਼ਿਤ ਹਫਤਾਵਾਰ

# ਪੰਜਾਬ ਟਾਈਮਜ਼

Punjab Times, Vol 27, Issue 10; March 7, 2026 — 20451 N. Plum Grove Rd., Palatine, IL 60074 — Ph:847-359-0746, Fax:847-705-9388


## ਹੋਰ ਤੇਜ਼ ਕਰਾਂਗੇ ਇਰਾਨ 'ਤੇ ਹਮਲੇ: ਟਰੰਪ

### ਅਮਰੀਕੀ ਰਾਸ਼ਟਰਪਤੀ ਨੇ ਨਵੀਂ ਸ਼ਾਸਨ ਵਿਵਸਥਾ ਬਾਰੇ ਪੇਸ਼ ਕੀਤੇ ਆਪਾ ਵਿਰੋਧੀ ਵਿਚਾਰ



**ਵਾਸ਼ਿੰਗਟਨ:** ਰਾਸ਼ਟਰਪਤੀ ਡੋਨਾਲ ਟਰੰਪ ਨੇ ਕਿਹਾ ਕਿ ਲੋੜ ਪੈਣ 'ਤੇ ਅਮਰੀਕੀ ਫ਼ੌਜ ਈਰਾਨ 'ਤੇ ਚਾਰ ਤੋਂ ਪੰਜ ਹਫ਼ਤਿਆਂ ਤੱਕ ਹੋਰ ਤੇਜ਼ ਹਮਲਾ ਜਾਰੀ ਰੱਖੇਗੀ। ਨਾਲ ਹੀ ਇਸ ਗੱਲ 'ਤੇ ਜ਼ੋਰ ਦਿੱਤਾ ਕਿ ਇਜ਼ਰਾਈਲ ਤੇ ਅਮਰੀਕਾ ਲਈ ਲੜਾਈ ਦੀ ਤੀਬਰਤਾ ਬਣਾ ਕੇ ਰੱਖਣਾ ਮੁਸ਼ਕਲ ਨਹੀਂ ਹੋਵੇਗਾ। ਹਾਲਾਂਕਿ, ਟਰੰਪ ਨੇ ਇਕ ਸੰਖੇਪ ਇੰਟਰਵਿਊ ਦੌਰਾਨ ਈਰਾਨ 'ਚ ਨਵੀਂ ਸ਼ਾਸਨ ਵਿਵਸਥਾ ਨੂੰ ਲੈ ਕੇ ਕਈ ਆਪਾਵਿਰੋਧੀ ਦ੍ਰਿਸ਼ਟੀਕੋਣ ਪੇਸ਼ ਕੀਤੇ। ਸੱਤਾ ਟਰਾਂਸਫਰ ਦੀਆਂ ਆਪਣੀਆਂ ਯੋਜਨਾਵਾਂ ਦੇ ਬਾਰੇ ਪੁੱਛੇ ਜਾਣ 'ਤੇ ਟਰੰਪ ਨੇ ਕਿਹਾ ਕਿ ਉਨ੍ਹਾਂ ਨੂੰ ਉਮੀਦ ਹੈ ਕਿ ਈਰਾਨ ਦੇ ਖਾਸ ਫ਼ੌਜੀ ਦਸਤੇ, ਜਿਨ੍ਹਾਂ 'ਚ ਰੈਵੋਲਿਊਸ਼ਨਰੀ ਗਾਰਡ ਦੇ ਅਧਿਕਾਰੀ ਵੀ ਸ਼ਾਮਲ ਹਨ, ਈਰਾਨੀ ਜਨਤਾ ਨੂੰ ਆਪਣੇ ਹਥਿਆਰ ਸੌਂਪ ਦੇਣਗੇ। ਉਨ੍ਹਾਂ ਕਿਹਾ ਕਿ ਜੇਕਰ ਤੁਸੀਂ ਇਸ ਬਾਰੇ ਸੋਚੋ ਤਾਂ ਉਹ ਸਚਮੁੱਚ ਜਨਤਾ ਦੇ ਸਾਹਮਣੇ ਆਤਮ ਸਮਰਪਨ ਕਰ ਦੇਣਗੇ। ਫਿਰ ਉਨ੍ਹਾਂ ਈਰਾਨ 'ਚ ਸੱਤਾ ਪਰਿਵਰਤਨ ਦਾ ਇਕ ਬਿਲਕੁਲ ਵੱਖਰਾ ਮਾਡਲ ਪੇਸ਼ ਕੀਤਾ, ਜਿਸ 'ਚ ਉਨ੍ਹਾਂ ਨੇ ਵੈਨੇਜ਼ੁਏਲਾ 'ਚ ਆਪਣੇ ਤਜਰਬੇ ਦਾ ਵਾਰ- ਵਾਰ ਜ਼ਿਕਰ ਕੀਤਾ, ਜਦੋਂ ਉਨ੍ਹਾਂ ਨੇ ਡੈਲਟਾ ਫੋਰਸ ਦੀ ਇਕ ਟੀਮ ਨੂੰ ਮਾਦੁਰੋ ਨੂੰ ਗ੍ਰਿਫ਼ਤਾਰ ਕਰਨ ਦਾ ਆਦੇਸ਼ ਦਿੱਤਾ ਸੀ। ਟਰੰਪ ਨੇ ਕਿਹਾ ਕਿ ਮੈਨੂੰ ਲੱਗਦਾ ਹੈ ਕਿ ਅਸੀਂ ਵੈਨੇਜ਼ੁਏਲਾ 'ਚ ਜੋ ਕੀਤਾ, ਉਹ ਇਕ ਆਦਰਸ਼, ਇਕਦਮ ਸਹੀ ਸਥਿਤੀ ਸੀ। ਉਨ੍ਹਾਂ ਦੇ ਜਵਾਬ ਤੋਂ ਸੰਕੇਤ ਮਿਲਦਾ ਹੈ ਕਿ ਵੈਨੇਜ਼ੁਏਲਾ 'ਚ ਜਿਹੜੀ ਰਣਨੀਤੀ ਕਾਰਗਰ ਸਾਬਿਤ ਹੋਈ, ਉਹ ਈਰਾਨ 'ਚ ਵੀ ਕਾਰਗਰ ਹੋਵੇਗੀ। ਖਾਮਨੇਈ ਦੀ ਮੌਤ ਦੇ ਬਾਅਦ ਈਰਾਨ 'ਚ ਸਰਬ ਉੱਚ ਸੱਤਾਧਾਰੀ ਅਹੁਦੇ 'ਤੇ ਕੌਣ ਹੋਣਾ ਚਾਹੀਦਾ ਹੈ। ਇੱਥੋਂ ਤੱਕ ਕਿ ਇਸ ਬਾਰੇ ਫ਼ੈਸਲਾ ਕੌਣ ਲਵੇਗਾ?, ਇਸ ਸਵਾਲ 'ਤੇ ਉਨ੍ਹਾਂ ਦਾ ਜਵਾਬ ਅਸਪੱਸ਼ਟ ਸੀ। ਉਨ੍ਹਾਂ ਤੋਂ ਜਦੋਂ ਪੁੱਛਿਆ ਗਿਆ ਕਿ ਉਹ ਈਰਾਨ ਦੀ ਅਗਵਾਈ ਕਰਨ ਲਈ ਕਿਸ ਨੂੰ ਦੇਖਣਾ ਚਾਹੁੰਦੇ ਹਨ, ਤਾਂ ਉਨ੍ਹਾਂ ਕਿਹਾ ਕਿ ਮੇਰੇ ਕੋਲ ਤਿੰਨ ਬਹੁਤ ਚੰਗੇ ਬਦਲ ਹਨ।ਮੈਂ ਹਾਲੇ ਉਹ ਉਜਾਗਰ ਨਹੀਂ ਕਰਾਂਗਾ।ਪਹਿਲਾਂ ਕੰਮ ਪੂਰਾ ਕਰ ਲੈਂਦੇ ਹਾਂ।ਪਰ ਫਿਰ ਉਨ੍ਹਾਂ ਇਕ ਅਜਿਹੀ ਸਥਿਤੀ ਦਾ ਵਰਣਨ ਕੀਤਾ, ਜਿਸ ਵਿਚ ਈਰਾਨੀ ਜਨਤਾ ਮੌਜੂਦਾ ਸਰਕਾਰ ਨੂੰ ਉਖਾੜ ਸੁੱਟੇਗੀ। ਟਰੰਪ ਨੇ ਕਿਹਾ ਕਿ ਇਹ ਉਨ੍ਹਾਂ 'ਤੇ ਨਿਰਭਰ ਕਰੇਗਾ ਕਿ ਉਹ ਅਜਿਹਾ ਕਰਦੇ ਹਨ ਜਾਂ ਨਹੀਂ। ਉਹ ਸਾਲਾਂ ਤੋਂ ਇਸ ਬਾਰੇ ਗੱਲ ਕਰ ਰਹੇ ਹਨ, ਇਸ ਲਈ ਹੁਣ ਜਾਹਿਰ ਤੌਰ 'ਤੇ ਉਨ੍ਹਾਂ ਨੂੰ ਮੌਕਾ ਮਿਲੇਗਾ। ਇਹ ਨਿਸ਼ਚਿਤ ਤੌਰ ਤੇ ਵੈਨੇਜ਼ੁਏਲਾ ਮਾਡਲ ਦੇ ਬਿਲਕੁਲ ਉਲਟ ਹੋਵੇਗਾ, ਜਿਸਨੂੰ ਉਨ੍ਹਾਂ ਨੇ ਕੁਝ ਮਿੰਟ ਪਹਿਲਾਂ ਦੋਹਰਾਉਣ ਦੀ ਇੱਛਾ ਪ੍ਰਗਟਾਈ ਸੀ। ਹਾਲਾਂਕਿ ਟਰੰਪ ਵੱਲੋਂ ਈਰਾਨ ਦੇ ਬਦਲਵੇਂ ਪ੍ਰਸ਼ਾਸਨ ਬਾਰੇ ਦਿੱਤੇ ਗਏ ਗੁੰਝਲਦਾਰ ਬਿਆਨ ਦੇ ਕੌਮਾਂਤਰੀ ਮਸਲਿਆਂ ਦੇ ਮਾਹਰ ਕਈ ਅਰਥ ਕੱਢ ਰਹੇ ਹਨ।

## ਇਰਾਨ ਨੇ ਸਸਤੇ ਡ੍ਰੋਨਾਂ ਨਾਲ ਅਰਬ ਦੇਸ਼ਾਂ 'ਚ ਮਚਾਈ ਤਬਾਹੀ

**ਨਿਊਯਾਰਕ:** ਈਰਾਨ ਨੇ ਅਰਬ ਦੇਸ਼ਾਂ 'ਤੇ ਸਸਤੇ ਡ੍ਰੋਨ ਦਾਗ ਕੇ ਭਾਰੀ ਤਬਾਹੀ ਮਚਾਈ ਹੈ। ਯੂਕਰੇਨ ਜੰਗ 'ਚ ਖ਼ਤਰਨਾਕ ਸਮਰੱਥਾ ਪਹਿਲਾਂ ਹੀ ਸਾਬਤ ਕਰ ਚੁੱਕੇ ਆਪਣੇ ਸ਼ਾਹੇਦ-136 ਕਾਮੀਕੇਜ ਡ੍ਰੋਨਾਂ ਨੂੰ ਈਰਾਨ ਨੇ ਅਮਰੀਕਾ ' ਤੇ ਇਜ਼ਰਾਈਲ ਦੇ ਹਮਲਿਆਂ ਦੇ ਬਾਅਦ ਅਮਰੀਕਾ ਦੇ ਸਹਿਯੋਗੀ ਅਰਬ ਦੇਸ਼ਾਂ 'ਤੇ ਦਾਗਿਆ। ਸ਼ਾਹੇਦ ਦਾ ਅਰਥ ਫਾਰਸੀ 'ਚ ਗਵਾਹ ਹੁੰਦਾ ਹੈ। ਸ਼ਾਹੇਦ-136 ਆਤਮਘਾਤੀ ਡ੍ਰੋਨ ਹੈ। ਇਹ ਕਾਫ਼ੀ ਕਿਫ਼ਾਇਤੀ ਹੈ ਤੇ ਗਾਈਡਿਡ ਮਿਜ਼ਾਈਲ ਵਾਂਗ ਕੰਮ ਕਰ ਸਕਦਾ ਹੈ। ਈਰਾਨ ਦੀ ਰੈਵੋਲਿਊਸ਼ਨਰੀ ਗਾਰਡ ਨਾਲ ਜੁੜੀ ਇਕ ਕੰਪਨੀ ਨੇ ਇਸ ਨੂੰ ਵਿਕਸਤ ਕੀਤਾ ਹੈ। ਈਰਾਨ 2021 ਤੋਂ ਇਸ ਨੂੰ ਬਣਾ ਰਿਹਾ ਹੈ ਤੇ ਇਰਾਕ 'ਚ ਉਨ੍ਹਾਂ ਦੀ ਵਰਤੋਂ ਕਰ ਚੁੱਕਾ ਹੈ। ਅਮਰੀਕਾ ਤੇ ਇਜ਼ਰਾਈਲ ਨੇ


*(ਬਾਕੀ ਸਫ਼ਾ 6 'ਤੇ)*

## ਕੈਨੇਡਾ ਅਤੇ ਭਾਰਤ ਵਿਚਕਾਰ ਯੂਰੇਨੀਅਮ ਸਮਝੌਤਾ

### ਦੋਵਾਂ ਦੇਸ਼ਾਂ ਵਲੋਂ 70 ਅਰਬ ਡਾਲਰ ਦੇ ਵਪਾਰ ਦਾ ਟੀਚਾ

**ਨਵੀਂ ਦਿੱਲੀ:** ਭਾਰਤ ਤੇ ਕੈਨੇਡਾ ਨੇ ਸੋਮਵਾਰ ਨੂੰ ਯੂਰੇਨੀਅਮ ਤੇ ਮਹੱਤਵਪੂਰਨ ਖਣਿਜਾਂ ਦੀ ਸਪਲਾਈ ਸੰਬੰਧੀ ਮੁੱਖ ਸਮਝੌਤਿਆਂ 'ਤੇ ਹਸਤਾਖਰ ਕੀਤੇ ਅਤੇ ਜਲਦੀ ਹੀ ਇਕ ਵਿਆਪਕ ਆਰਥਿਕ ਭਾਈਵਾਲੀ ਸਮਝੌਤੇ ਨੂੰ ਪੂਰਾ ਕਰਨ ਦਾ ਵਾਅਦਾ ਕੀਤਾ, ਜਿਸ ਵਿਚ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਅਤੇ ਉਨ੍ਹਾਂ ਦੇ ਕੈਨੇਡੀਅਨ ਹਮਰੁਤਬਾ ਮਾਰਕ ਕਾਰਨੀ ਨੇ 2030 ਤੱਕ ਦੁਵੱਲੇ ਸਾਲਾਨਾ ਵਪਾਰ ਨੂੰ 70 ਅਰਬ ਡਾਲਰ ਤੱਕ ਲਿਜਾਣ ਸਮੇਤ ਸੰਬੰਧਾਂ ਨੂੰ ਮਜ਼ਬੂਤ ਕਰਨ ਲਈ ਇਕ ਨਵੇਂ ਢਾਂਚੇ ਨੂੰ ਅੰਤਿਮ ਰੂਪ ਦਿੱਤਾ।

ਆਪਣੀ ਵਿਆਪਕ ਗੱਲਬਾਤ 'ਚ ਦੋਵਾਂ ਨੇਤਾਵਾਂ ਨੇ ਰੱਖਿਆ, ਮਹੱਤਵਪੂਰਨ ਤਕਨਾਲਜੀਆਂ, ਛੋਟੇ ਅਤੇ ਮਾਡਿਊਲਰ ਪ੍ਰਮਾਣੂ ਰਿਐਕਟਰ, ਸਿੱਖਿਆ ਅਤੇ ਨਵਿਆਉਣਯੋਗ ਊਰਜਾ ''ਚ ਸਹਿਯੋਗ ਵਧਾਉਣ ਦਾ ਵੀ ਵਾਅਦਾ ਕੀਤਾ। ਮੋਦੀ ਨੇ ਕਿਹਾ ਕਿ ਦੋਵਾਂ ਦੇਸ਼ਾਂ ਦੇ ਸੰਬੰਧ ਹੁਣ ਨਵੀਂ ਊਰਜਾ, ਆਪਸੀ ਵਿਸ਼ਵਾਸ ਅਤੇ ਸਕਾਰਾਤਮਕਤਾ ਨਾਲ ਭਰੇ ਹੋਏ ਹਨ। ਕੈਨੇਡਾ 2.6 ਅਰਬ ਡਾਲਰ ਦੇ ਯੂਰੇਨੀਅਮ ਸਪਲਾਈ ਸਮਝੌਤੇ ਤਹਿਤ ਭਾਰਤ ਦੇ ਸਿਵਲ ਪ੍ਰਮਾਣੂ ਊਰਜਾ ਖੇਤਰ ਦਾ ਸਮਰਥਨ ਕਰਨ ਲਈ ਤਿਆਰ ਹੈ।



ਭਾਰਤ ਦੀ ਚਾਰ ਦਿਨਾਂ ਸਰਕਾਰੀ ਫੇਰੀ ਦੇ ਆਪਣੇ ਆਖਰੀ ਦੌਰ 'ਚ ਕੈਨੇਡਾ ਦੇ ਪ੍ਰਧਾਨ ਮੰਤਰੀ ਮਾਰਕ ਕਾਰਨੀ ਨੇ ਦਿੱਲੀ ਵਿਖੇ ਹੈਦਰਾਬਾਦ ਹਾਊਸ 'ਚ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨਾਲ ਸਦਭਾਵਨਾ ਵਾਲੇ ਮਾਹੌਲ 'ਚ ਮੁਲਾਕਾਤ ਕੀਤੀ। ਮੋਦੀ ਨੇ 1 ਕਾਰਨੀ ਦਾ ਭਾਰਤ 'ਚ ਸਵਾਗਤ ਕਰਦਿਆਂ ਕਿਹਾ ਕਿ ਕੈਨੇਡਾ ਅਤੇ ਭਾਰਤ ਵਿਚਕਾਰ ਸਹਿਯੋਗ ਕਰਨ ਦੀਆਂ ਤਕਨੀਕਾਂ, ਖੇਤੀ (ਦਾਲਾਂ), ਊਰਜਾ, ਕੁਦਰਤੀ ਸਰੋਤ (ਯੂਰੇਨੀਅਮ), ਮਸਨੂਈ ਬੁੱਧੀ (ਏ.ਆਈ.) ਅਤੇ ਕੁਆਂਟਮ ਕੰਪਿਊਟਿੰਗ, ਕਾਰੋਬਾਰ ਤੋਂ ਕਾਰੋਬਾਰ ਅਤੇ ਲੋਕਾਂ ਤੋਂ ਲੋਕਾਂ ਤੱਕ ਸਾਂਝ ਸਮੇਤ ਕਈ ਸੰਭਾਵਨਾਵਾਂ ਹਨ। ਮੋਦੀ ਨੇ ਅੱਤਵਾਦ ਨੂੰ ਦੁਨੀਆ ਦੇ ਵਿਕਾਸ ਅਤੇ ਸ਼ਾਂਤੀ 'ਚ ਵੱਡੀ ਰੁਕਾਵਟ ਦੱਸਿਆ ਤੇ ਕਿਹਾ ਕਿ ਅੱਤਵਾਦ ਨਾਲ ਪੈਦਾ ਹੁੰਦੇ

*(ਬਾਕੀ ਸਫ਼ਾ 6 'ਤੇ)*


GOLDEN STATE REALITY

"Realtor You Can Trust"
CRE Group Inc.



Sam Chahal MBA
Sohanpreet Singh
Realtor - Lic# 01504071

* ਘਰ ਜਾਂ ਕੋਈ ਵੀ ਹੋਰ ਕਾਮਰਸ਼ੀਅਲ ਪ੍ਰਾਪਰਟੀ ਖਰੀਦਣ ਲਈ ਸਾਡੇ ਨਾਲ ਸੰਪਰਕ ਕਰੋ:
ਫੋਨ:
916-612-5773

Contact for Real Estate and Mortgage Needs
P: 916-612-5773
E: Samchahal@hotmail.com



Raja SWEETS & CATERING
AUTHORIZED CATERER FOR MAJOR 5-STAR HOTELS
Follow us on:
Toll Free 1-866-FOR-RAJA
www.rajasweets.com
msbains@rajasweets.com
ਹਰ ਮੌਕੇ ਜਿਵੇ ਅਖੰਡ ਪਾਠ, ਜਨਮ ਦਿਨ, ਵਿਆਹ ਸ਼ਾਦੀ ਜਾਂ ਪਰਟੀ ਲਈ ਦਸ ਹਜਾਰ ਬੰਦਿਆਂ ਤੱਕ ਦੇ ਖਾਣੇ ਦਾ ਇੰਤਜ਼ਾਮ ਕਰ ਸਕਦੇ ਹਾਂ।
Fresh Sweets, Snacks & Food
Catering with Portable Tandoor for up to 10000 guests
Lunch - Dinner - Take Out - Banquets

Items Serving:
- All kinds of Sweets
- Snacks & Food
- Chaat & Tikki Stall
- Pani Poori Stall
- Bhel Poori / Pav Bhaji
- Faloода Kulfi

Catering Services:
- Wedding Ceremonies
- Receptions
- Birthday Parties
- Religious Gatherings
- Corporate Events
- Picnics / Bar-b-que

Additional Services:
- Warmers
- Chaffing Dishes
- China & Silverware
- Linen Rental
- Waiters & Bartenders

Raja Sweets & Indian Cuisine | Raja Indian Cuisine & Bar
Call Makhan Bains or Ravinder Singh For Your Next Party
1-866-FOR-RAJA(367-7252)
www.RajaSweets.com

GLOBAL TRUCK PERMITS



18 years of experience

Services
-We do Same day IRP Plates
-Truck Permits
-New company
-Truck ELD
-Trucking compliance



Rajinder Singh

159 D'Arcy Pkwy, Lathrop, CA 95330
Phone: 209 636 0880

# ਕੇਂਦਰ ਸਿੱਖਾਂ ਦੇ ਸਨਮਾਨ ਅਤੇ ਨਿਆਂ ਲਈ ਪ੍ਰਤੀਬੱਧ: ਮੋਦੀ



**ਨਵੀਂ ਮੁੰਬਈ:** ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੇ ਕਿਹਾ ਕਿ ਕੇਂਦਰ ਸਰਕਾਰ ਸਿੱਖ ਭਾਈਚਾਰੇ ਦੇ ਸਨਮਾਨ ਤੇ ਨਿਆ ਲਈ ਪੂਰੀ ਤਰ੍ਹਾਂ ਪ੍ਰਤੀਬੱਧਤਾ ਨਾਲ ਕੰਮ ਕਰ ਰਹੀ ਹੈ। ਮੋਦੀ ਨੇ ਨਵੀ ਮੁੰਬਈ 'ਚ 'ਹਿੰਦ ਦੀ ਚਾਦਰ' ਪ੍ਰੋਗਰਾਮ 'ਚ ਸ੍ਰੀ ਗੁਰੂ ਤੇਗ ਬਹਾਦਰ ਨੂੰ ਸ਼ਰਧਾਂਜਲੀ ਭੇਟ ਕਰਦਿਆਂ ਸਿੱਖ ਗੁਰੂ ਸਾਹਿਬਾਨ ਦੀ ਵਿਰਾਸਤ ਦਾ ਪਾਲਣ ਕਰਨ ਵਾਲੇ ਇਸ ਸਮਾਗਮ ਨੂੰ 'ਯੁੱਗ' ਦੱਸਿਆ।

ਮੋਦੀ ਨੇ ਨਵੀ ਮੁੰਬਈ ਦੇ ਬਾਰਘਰ 'ਚ ਗੁਰੂ ਤੇਗ ਬਹਾਦਰ ਜੀ ਦੇ 350ਵੇਂ ਸ਼ਹੀਦੀ ਦਿਹਾੜੇ ਮੌਕੇ ਵੀਡੀਓ ਸੰਦੇਸ਼ 'ਚ ਕਿਹਾ ਕਿ ਸਾਡੀ ਸਰਕਾਰ ਸਿੱਖ ਭਾਈਚਾਰੇ ਦੇ ਸਨਮਾਨ ਤੇ ਨਿਆਂ ਲਈ ਪੂਰੀ ਪ੍ਰਤੀਬੱਧਤਾ ਨਾਲ ਕੰਮ ਕਰ ਰਹੀ ਹੈ। ਇਹ ਪ੍ਰਤੀਬੱਧਤਾ 1984 'ਚ (ਐਂਟੀ ਸਿੱਖ) ਦੰਗਿਆਂ ਦੀ ਜਾਂਚ ਲਈ ਐੱਸਆਈਟੀ (ਵਿਸ਼ੇਸ਼ ਜਾਂਚ ਦਲ) ਦੀ ਸਥਾਪਨਾ 'ਚ ਦਿਖਾਈ ਦਿੰਦੀ ਹੈ। ਉਨ੍ਹਾਂ ਦੱਸਿਆ ਕਿ ਸਰਕਾਰ ਨੇ ਜੰਮੂ ਜੰਮੂ ਤੇ ਕਸ਼ਮੀਰ 'ਚ ਸਿੱਖ ਪਰਿਵਾਰਾਂ ਲਈ ਮੁੜਵਸੇਬਾ ਪੈਕੇਜ ਲਾਗੂ ਕੀਤੇ ਹਨ। ਮੋਦੀ ਨੇ ਕਿਹਾ ਕਿ ਹਰ ਵਰਗ ਤੇ ਸਮਾਜ ਦੇ ਲੋਕ ਸਾਡੇ ਗੁਰੂਆਂ ਤੋਂ ਪ੍ਰੇਰਣਾ ਲੈਂਦੇ ਸਨ। ਮੋਦੀ ਨੇ ਕਿਹਾ ਕਿ ਸਾਡੀ ਸਰਕਾਰ ਅਫ਼ਗਾਨਿਸਤਾਨ ਤੋਂ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਪਾਵਨ ਸਰੂਪ ਸੁਰੱਖਿਅਤ ਵਾਪਸ ਲਿਆਈ।


# ਪੰਜਾਬ 'ਚ ਹੋ ਰਹੇ ਧਰਮ ਪਰਿਵਰਤਨ ਨੂੰ ਰੋਕੇ ਸੂਬਾ ਸਰਕਾਰ: ਅਮਿਤ ਸ਼ਾਹ




**ਨਵੀਂ ਮੁੰਬਈ:** ਕੇਂਦਰੀ ਗ੍ਰਹਿ ਮੰਤਰੀ ਅਮਿਤ ਸ਼ਾਹ ਨੇ ਕਿਹਾ ਕਿ ਪੰਜਾਬ 'ਚ ਧਰਮ ਤਬਦੀਲੀ ਹੋ ਰਹੀ ਹੈ ਤੇ ਉਨ੍ਹਾਂ ਨੇ ਭਗਵੰਤ ਮਾਨ ਸਰਕਾਰ ਨੂੰ ਇਹ ਰੁਝਾਨ ਰੋਕਣ ਦੀ ਅਪੀਲ ਕੀਤੀ। ਸ਼ਾਹ ਨੇ ਖਾਰਘਰ 'ਚ' ਗੁਰੂ ਤੇਗ ਬਹਾਦਰ ਜੀ ਦੀ 350ਵੀਂ ਸ਼ਹੀਦੀ ਦਿਹਾੜੇ 'ਤੇ ''ਹਿੰਦ ਦੀ ਚਾਦਰ'' ਪ੍ਰੋਗਰਾਮ 'ਚ ਕਿਹਾ ਕਿ ਪੰਜਾਬ 'ਚ ਵੱਡੀ ਪੱਧਰ ਤੇ ਧਾਰਮਿਕ 'ਤੇ ਤਬਦੀਲੀ ਹੋ ਰਹੀ ਹੈ। ਗੁਰੂ ਤੇਗ ਬਹਾਦਰ ਨੇ ਦੂਜਿਆਂ ਦੇ ਧਰਮ ਦੀ ਰਾਖੀ ਲਈ ਆਪਣੇ ਜੀਵਨ ਦਾ ਬਲਿਦਾਨ ਦੇ ਦਿੱਤਾ ਸੀ। ਉਨ੍ਹਾਂ ਨੇ ਅੱਤਿਆਚਾਰ ਦਾ ਸਾਹਮਣਾ ਕੀਤਾ, ਪਰ ਅੱਜ ਅਸੀ ਲਾਲਚ ਕਾਰਨ ਧਰਮ ਤਬਦੀਲੀ ਨੂੰ ਪਹਿਲ ਦਿੰਦੇ ਹਾਂ, ਤਾਂ ਅਸੀਂ ਆਪਣੇ ਮਹਾਨ ਰਹਿਬਰਾਂ ਦੇ ਪੈਰੋਕਾਰ ਨਹੀਂ ਅਖਵਾ ਸਕਦੇ। ਪੰਜਾਬ ਸਰਕਾਰ ਅਤੇ ਸਮਾਜ ਨੂੰ ਧਰਮ ਤਬਦੀਲੀ ਰੋਕਣੀ ਚਾਹੀਦੀ ਹੈ। ਸ਼ਾਹ ਨੇ ਕਿਹਾ ਕਿ ਜੇਕਰ ਗੁਰੂ ਤੇਗ ਬਹਾਦਰ ਨੇ ਹਿੰਦੂ ਧਰਮ ਦੀ ਰੱਖਿਆ ਲਈ ਜੀਵਨ ਦਾ ਬਲਿਦਾਨ ਨਾ ਦਿੱਤਾ ਹੁੰਦਾ ਤਾਂ ਦੁਨੀਆ 'ਚ ਇਕ ਵੀ ਹਿੰਦੂ ਨਾ ਬਚਦਾ। ਉਨ੍ਹਾਂ ਦੀ ਸ਼ਹਾਦਦ ਹਿੰਦੂਆਂ ਨੂੰ ਆਪਣਾ ਸੰਘਰਸ਼ ਜਾਰੀ ਰੱਖਣ ਦੀ ਹਿੰਮਤ ਦਿੰਦੀ ਹੈ।



Corporate NMLS# 68434
AZ License# BK-0945946
Sistar Mortgage
A Nationwide Lender
Balbir (Bill) Grewal
MORTGAGE LOAN OFFICER
NMLS# 353442
Over 2 Decades of experience providing high level servicing for new and experienced borrowers!
Residential and Commercial Loans
Available In Most States!
Special loan programs for:
- Jumbo Loans
- Self Employed and with a work permit
- Business loans with or without property
(734) 330-8859
balbir.grewal@sistarmortgage.com
balbirgrewal.sistarmortgage.com
https://www.nmlsconsumeraccess.org

Homeopathicvibes
Harminder Singh Gill
Homeopathic Consultant and Practitioner

D.H.M.S; B.C.I.H
(Ex Homeopathic Medical officer Punjab Govt.)
Now we have two locations:
940 E. El Camino Real, Sunnyvale, CA 94087
39039 Paseo Padre Pkwy, Suite# 209 (upstairs), Fremont, CA 94538
We also do Virtual appointments for long distance patients.
Ph: (408) 737-7100
www.homeopathicvibes.com
We sell and ship homeopathic remedies through out North America.

T B F
THE BAINS FIRM

Manpreet S. Bains
Personal Injury and Wrongful Death Attorneys
Case Results*
$10 MILLION Motorcycle vs. Truck Collision
$8 MILLION Wrongful Death
$5.25 MILLION Traumatic Brain Injury
$1.1 MILLION Burn Injury
$1.1 MILLION Pedestrian vs. Motor Vehicle Collision
*Past Performance Not a Guarantee of Future Results

WILLIAM E. WEISS
Of Counsel
Offices in San Francisco and Union City
No Fees Unless Recovery for Your Injuries is Made
CONTACT US AT:
Phone: (510) 474-0028 • E-mail: info@thebainsfirm.com
www.thebainsfirm.com

ਗਲੋਬਲ ਮਲਟੀ ਸਰਵਿਸਿਜ਼, ਲੈਥਰੋਪ
ਪਿਛਲੇ 15 ਸਾਲਾਂ ਤੋਂ ਤੁਹਾਡੀ ਸੇਵਾ ਵਿਚ
ਟਰੱਕਾਂ ਵਾਲੇ ਵੀਰਾਂ ਦੀਆਂ ਮੁਸ਼ਕਿਲਾਂ ਦਾ ਹੱਲ ਇੱਕੋ ਛੱਤ ਥੱਲੇ
SAME DAY ਲਾਇਸੰਸ ਪਲੇਟ ਲੈਣ ਵਾਸਤੇ ਸਾਨੂੰ ਸੰਪਰਕ ਕਰੋ ।
ਹੁਣ ਅਸੀਂ DPF Cleaning ਅਤੇ Baking ਵੀ ਕਰਦੇ ਹਾਂ।
STOCKTON ਵਿੱਚ ਪੰਜਾਬੀ ਭਰਾਂਵਾਂ ਦੀ ਇੱਕੋ ਇੱਕ ALIGNMENT SHOP
• 3 Axle Alignment $199
• Trailer Alignment $150
Grand Opening
Special Price for Truck Wash
ਗਲੋਬਲ ਮਲਟੀ ਸਰਵਿਸਿਜ਼ ਦੀ ਨਵੀਂ ਲੋਕੇਸ਼ਨ STOCKTON ਵਿਚ HIGHWAY 4 ਦੇ ਬਿਲਕੁਲ ਨਜ਼ਦੀਕ
1950 E Miner Ave.
Stockton, CA 95205
Ph: 209.982.9996
FAX: 209.982.9997
www.globalmultiservices.com info@globalmultiservices.com

REPAIR SHOP
ਟਰੱਕ ਤੇ ਟਰੇਲਰ ਦੇ ਹਰ ਤਰ੍ਹਾਂ ਦੇ ਟਾਇਰਾਂ ਤੋਂ ਇਲਾਵਾ Oil Change, Brakes, Engine Work, Tune Up, Transmission & Clutch ਆਦਿ ਦੀ ਮੁਰੰਮਤ ਅਤੇ Truck Alignment ਦਾ ਕੰਮ ਤਸੱਲੀਬਖਸ਼ ਢੰਗ ਨਾਲ ਕੀਤਾ ਜਾਂਦਾ ਹੈ। 500+ ਟਰੱਕਾਂ ਦੀ ਖੁੱਲ੍ਹੀ-ਡੁੱਲ੍ਹੀ ਪਾਰਕਿੰਗ ਦੇ ਨਾਲ, ਟਰੱਕ-ਟਰੇਲਰ Wash ਕਰਨ ਦਾ ਵੀ ਵਧੀਆ ਪ੍ਰਬੰਧ ਹੈ।
TEL: 209.547.9210
FAX: 209.547.9211

REGISTRATION SERVICES
ਟਰੱਕਿੰਗ ਨਾਲ ਸਬੰਧਤ ਹਰ ਤਰ੍ਹਾਂ ਦੇ ਪਰਮਿਟ ਜਿਵੇਂ IFTA, CA#, MCP, 2290, ICC, BOC III, NM & Kentucky Permit, DOT Fuel Tax, Corporation Filling ਅਤੇ ਟਰੱਕਾਂ ਦੀਆਂ ਲਾਇਸੈਂਸ ਪਲੇਟਾਂ Same Day Service ਵੀ ਦਿੰਦੇ ਹਾਂ। ਤੁਸੀਂ ਸਾਡੇ ਕੋਲੋਂ ਪਲੇਟਾਂ ਲੈ ਕੇ ਆਪਣਾ ਕੰਮ ਤੁਰੰਤ ਸ਼ੁਰੂ ਕਰ ਸਕਦੇ ਹੋ। ਅਸੀਂ DOT Compliance, DOT Audit ਵਿਚ ਵੀ ਟਰੱਕਿੰਗ ਕੰਪਨੀਆਂ ਦੀ ਮਦਦ ਕਰਦੇ ਹਾਂ।
TEL: 209.982.9996
FAX: 209.982.9997

# ਇਰਾਨ ਨੇ ਦੁਬਈ, ਦੋਹਾ, ਬਹਿਰੀਨ ਅਤੇ ਕੁਵੈਤ 'ਚ ਕੀਤੇ ਤਾਬੜ-ਤੋੜ ਹਮਲੇ

**ਤਹਿਰਾਨ:**ਈਰਾਨ ਨੇ ਦੁਬਈ, ਦੋਹਾ, ਬਹਿਰੀਨ ਤੇ ਕੁਵੈਤ ਵਿਚ ਸਥਿਤ ਅਮਰੀਕੀ ਫ਼ੌਜੀ ਅੱਡਿਆਂ ਨੂੰ ਨਿਸ਼ਾਨਾ ਬਣਾਇਆ। ਦੁਬਈ ਅਤੇ ਦੋਹਾ ਵਿਚ ਕਈ ਥਾਵਾਂ 'ਤੇ ਧਮਾਕੇ ਸੁਣੇ ਗਏ। ਯੂਏਈ ਵਿਚ ਈਰਾਨੀ .ਹਮਲੇ ਵਿਚ ਇਕ ਵਿਅਕਤੀ ਦੀ ਮੌਤ ਹੋਈ ਹੈ, ਜਦਕਿ ਦੁਬਈ ਹਵਾਈ ਅੱਡੇ 'ਤੇ ਹੋਏ ਹਮਲੇ ਵਿਚ ਚਾਰ ਲੋਕ ਜ਼ਖ਼ਮੀ ਹੋਏ ਹਨ। ਇਸ ਦੇ ਨਾਲ ਹੀ ਇਜ਼ਰਾਈਲ ਵਿਚ ਈਰਾਨੀ ਹਮਲਿਆਂ ਵਿਚ 120 ਤੋਂ ਵੱਧ ਲੋਕ ਜ਼ਖ਼ਮੀ ਹੋਏ ਹਨ।

ਆਬੂ ਧਾਬੀ ਦੀ ਮੁੱਖ ਬੰਦਰਗਾਹ ਅਤੇ ਬੁਰਜ ਅਲ ਅਰਬ ਹੋਟਲ ਨੇੜੇ ਹੋਏ ਧਮਾਕਿਆਂ ਵਿਚ ਦੋ ਲੋਕਾਂ ਦੀ ਮੌਤ ਹੋਈ ਹੈ। ਸਾਊਦੀ ਅਰਬ ਨੇ ਰਿਆਧ ਵਿਚ ਹੋਏ ਹਮਲਿਆਂ ਦੀ ਸਖ਼ਤ ਨਿੰਦਾ ਕੀਤੀ ਹੈ। ਜਾਰਡਨ ਨੇ ਦਾਅਵਾ ਕੀਤਾ ਹੈ ਕਿ ਉਸ ਨੇ 49 ਈਰਾਨੀ ਡ੍ਰੋਨ ਅਤੇ ਬੈਲਿਸਟਿਕ ਮਿਜ਼ਾਈਲਾਂ ਦੇ ਹਮਲੇ ਨੂੰ ਨਾਕਾਮ ਕੀਤਾ। ਕੁਵੈਤ, ਬਹਿਰੀਨ ਅਤੇ ਕਤਰ ਨੇ ਵੀ ਹਮਲਿਆਂ ਨੂੰ ਨਾਕਾਮ ਕਰਨ ਦੇ ਦਾਅਵੇ ਕੀਤੇ ਹਨ। ਬਹਿਰੀਨ ਨੇ ਕਿਹਾ ਕਿ ਹਵਾਈ ਅੱਡੇ 'ਤੇ ਇਰਾਕ ਵਿਚ ਈਰਾਨ ਹਮਾਇਤੀ ਅੱਤਵਾਦੀ ਗਰੁੱਪ ਨੇ ਇਰਬਿਲ ਸਥਿਤ ਅਮਰੀਕੀ ਫ਼ੌਜੀ ਅੱਡੇ 'ਤੇ ਡ੍ਰੋਨ ਹਮਲੇ ਦੀ ਜ਼ਿੰਮੇਵਾਰੀ ਲਈ ਹੈ। ਈਰਾਨ ਦੇ ਦੱਖਣ-ਪੱਛਮ ਵਿਚ ਸਥਿਤ ਲਮਰੇਦ ਖੇਤਰ ਵਿਚ ਇਜ਼ਰਾਇਲੀ-ਅਮਰੀਕੀ ਹਮਲੇ ਵਿਚ 15 ਨਾਗਰਿਕ ਮਾਰੇ ਗਏ। ਓਮਾਨ ਦੇ ਖੇਤਰ ਵਿਚ ਖੜ੍ਹੇ ਤੇਲ ਟੈਂਕਰ 'ਤੇ ਹੋਏ ਈਰਾਨੀ ਹਮਲੇ ਵਿਚ ਚਾਰ ਲੋਕ ਜ਼ਖ਼ਮੀ ਹੋਏ। ਇਸ ਤੋਂ ਇਲਾਵਾ ਯੂਏਈ ਦੇ ਪੋਰਟ



ਜੇਬੇਲ ਅਲੀ 'ਤੇ ਮੌਜੂਦ ਦੋ ਹੋਰ ਤੇਲ ਟੈਂਕਰਾਂ ਨੂੰ ਵੀ ਨਿਸ਼ਾਨਾ ਬਣਾਇਆ ਗਿਆ। ਈਰਾਨ ਨੇ 97 ਬੈਲਿਸਟਿਕ ਮਿਜ਼ਾਈਲਾਂ ਅਤੇ 283 ਡ੍ਰੋਨ ਕੁਵੈਤ 'ਤੇ ਦਾਗੇ। ਇਸ ਤੋਂ ਇਲਾਵਾ ਯੂਏਈ 'ਤੇ 541 ਡ੍ਰੋਨ ਹਮਲੇ ਹੋਏ ਜਿਨ੍ਹਾਂ ਵਿਚੋਂ 506 ਹਮਲਿਆਂ ਨੂੰ ਨਾਕਾਮ ਕਰ ਦਿੱਤਾ ਗਿਆ। 35 ਡ੍ਰੋਨ ਹਮਲਿਆਂ ਵਿਚ ਤਿੰਨ ਲੋਕ ਮਾਰੇ ਗਏ ਜਦਕਿ 58 ਜ਼ਖ਼ਮੀ ਹੋ ਗਏ।

## ਅਫ਼ਗਾਨਿਸਤਾਨ ਨੇ ਪਾਕਿਸਤਾਨੀ ਜਹਾਜ਼ਾਂ 'ਤੇ ਕੀਤੀ ਗੋਲੀਬਾਰੀ

**ਕਾਬੁਲ:**ਕਾਬੁਲ ਵਿਚ ਹੋਏ ਧਮਾਕਿਆਂ ਤੋਂ ਬਾਅਦ ਅਫ਼ਗਾਨਿਸਤਾਨ ਨੇ ਐਤਵਾਰ ਨੂੰ ਪਾਕਿਸਤਾਨੀ ਲੜਾਕੂ ਜਹਾਜ਼ਾਂ 'ਤੇ ਗੋਲੀਬਾਰੀ ਕੀਤੀ। ਇਨ੍ਹਾਂ ਹਮਲਿਆਂ ਨਾਲ ਖੇਤਰ ਵਿਚ ਅਸਥਿਰਤਾ ਹੋਰ ਵਧ ਗਈ ਹੈ। ਈਰਾਨ 'ਤੇ ਅਮਰੀਕੀ- ਇਜ਼ਰਾਇਲੀ ਹਮਲਿਆਂ ਅਤੇ ਖਾੜੀ ਦੇਸ਼ਾਂ ਵਿਚ ਅਮਰੀਕੀ ਟਿਕਾਣਿਆਂ 'ਤੇ ਈਰਾਨ ਦੀ ਜਵਾਬੀ ਕਾਰਵਾਈ ਨਾਲ ਖੇਤਰ ਪਹਿਲਾਂ ਹੀ ਅਸ਼ਾਂਤ ਹੈ। ਕਤਰ ਤੇ ਸਾਊਦੀ ਅਰਬ ਸਣੇ ਕਈ ਦੇਸ਼ਾਂ ਨੇ ਪਾਕਿਸਤਾਨ ਤੇ ਅਫ਼ਗਾਨਿਸਤਾਨ ਨੂੰ ਸੰਜਮ ਵਰਤਣ ਦੀ ਅਪੀਲ ਕੀਤੀ ਹੈ ਅਤੇ ਜੰਗਬੰਦੀ ਲਈ ਵਿਚੋਲਗੀ ਕਰਨ ਦੀ ਪੇਸ਼ਕਸ਼ ਕੀਤੀ ਹੈ।

ਤਾਲਿਬਾਨ ਸ਼ਾਸਿਤ ਅਫ਼ਗਾਨਿਸਤਾਨ ਪਿਛਲੇ ਹਫ਼ਤੇ ਤੋਂ ਪਾਕਿਸਤਾਨੀ ਹਮਲਿਆਂ ਦਾ ਸਾਹਮਣਾ ਕਰ ਰਿਹਾ ਹੈ। ਇਸ ਤਹਿਤ ਪਾਕਿਸਤਾਨ ਅਫ਼ਗਾਨਿਸਤਾਨ ਦੇ ਸਰਕਾਰੀ ਅਦਾਰਿਆਂ 'ਤੇ ਹਮਲੇ ਕਰ ਰਿਹਾ ਹੈ। ਦੂਜੇ ਪਾਸੇ, ਅਫ਼ਗਾਨਿਸਤਾਨ ਵੀ ਪਾਕਿਸਤਾਨ 'ਤੇ ਜਵਾਬੀ ਹਮਲੇ ਕਰ ਰਿਹਾ ਹੈ। ਉਸ ਨੇ ਵੱਡੇ ਪੱਧਰ 'ਤੇ ਪਾਕਿਸਤਾਨੀ ਫ਼ੌਜੀਆਂ ਨੂੰ ਮਾਰਨ ਅਤੇ ਉਨ੍ਹਾਂ ਦੀਆਂ ਚੌਕੀਆਂ ਨੂੰ ਨੁਕਸਾਨ ਪਹੁੰਚਾਉਣ ਦਾ ਦਾਅਵਾ ਕੀਤਾ ਹੈ। ਪਾਕਿਸਤਾਨ ਅਫ਼ਗਾਨਿਸਤਾਨ 'ਤੇ ਅੱਤਵਾਦੀਆਂ ਨੂੰ ਪਨਾਹ ਦੇਣ ਦਾ ਦੋਸ਼ ਲਗਾਉਂਦਾ ਰਿਹਾ ਹੈ ਜਿਸ ਤੋਂ ਅਫ਼ਗਾਨਿਸਤਾਨ ਨੇ ਹਮੇਸ਼ਾ ਇਨਕਾਰ ਕੀਤਾ ਹੈ। ਪੀਟੀਆਈ ਮੁਤਾਬਕ, ਪਾਕਿਸਤਾਨ ਦੇ ਇਕ ਮੰਤਰੀ ਨੇ ਐਤਵਾਰ ਨੂੰ ਐਲਾਨ ਕੀਤਾ ਕਿ ਅਫ਼ਗਾਨ ਤਾਲਿਬਾਨ ਖ਼ਿਲਾਫ਼ ਮੁਹਿੰਮ ਜਾਰੀ ਹੈ। ਸੰਸਦੀ ਮਾਮਲਿਆਂ ਦੇ ਸੰਘੀ ਮੰਤਰੀ ਤਾਰਿਕ ਫਜ਼ਲ ਚੌਧਰੀ ਨੇ ਉਨ੍ਹਾਂ ਖ਼ਬਰਾਂ ਦਾ ਖੰਡਨ ਕੀਤਾ ਜਿਨ੍ਹਾਂ ਵਿਚ ਕਿਹਾ ਗਿਆ ਸੀ ਕਿ ਪਾਕਿਸਤਾਨ ਨੇ ਆਪਣੀ ''ਮੁਹਿੰਮ ਰੋਕ ਦਿੱਤੀ ਹੈ। ਉਨ੍ਹਾਂ ਕਿਹਾ ਕਿ ਇੰਟਰਨੈੱਟ ਮੀਡੀਆ 'ਤੇ ਝੂਠੀਆਂ ਅਤੇ ਮਨਘੜਤ ਖ਼ਬਰਾਂ ਫੈਲਾਈਆਂ ਜਾ ਰਹੀਆਂ ਹਨ ਕਿ ਪਾਕਿਸਤਾਨ ਨੇ ਅਫ਼ਗਾਨਿਸਤਾਨ ਖ਼ਿਲਾਫ਼ ਆਪਣੀ ਮੁਹਿੰਮ ਰੋਕ ਦਿੱਤੀ ਹੈ।


ਸ਼ੈਫ ਅਤੇ ਤੰਦੂਰੀਏ ਦੀ ਫੌਰੀ ਲੋੜ ਹੈ

ਮਰਫਰੀਸਬੋਰੋ (ਟੈਨੇਸੀ) ਵਿਚ ਭਾਰਤੀ ਰੈਸਟੋਰੈਂਟ ਲਈ ਸ਼ੈਫ ਅਤੇ ਤੰਦੂਰੀਏ ਦੀ ਫੌਰੀ ਲੋੜ ਹੈ।
* ਚੰਗੀ ਤਨਖਾਹ ਅਤੇ ਮੁਫਤ ਰਿਹਾਇਸ਼ ਅਤੇ ਖਾਣਾ
* ਜੋੜੇ ਨੂੰ ਪਹਿਲ

Restaurant Help Wanted

Immediately hiring Chef and Tandoori Chef for Indian restaurant in Murfreesboro, TN.
*Good salary, free accommodation & Food. * Priority to Couples

ਸੰਪਰਕ ਕਰੋ: ਗੁਰਇਕਬਾਲ ਸਿੰਘ
Direct call or What's up call 615-482-5158



ਇੰਡੀਅਨ ਰੈਸਟੋਰੈਂਟ ਲਈ ਫੌਰੀ ਵਰਕਰਾਂ ਦੀ ਲੋੜ ਹੈ

ਅਇਓਵਾ ਸਟੇਟ ਵਿਚ ਇੰਡੀਅਨ ਰੈਸਟੋਰੈਂਟ ਵਿਚ ਕੰਮ ਕਰਨ ਵਾਲੇ ਤਜਰਬੇਕਾਰ ਵਰਕਰਾਂ ਦੀ ਲੋੜ ਹੈ।
*ਚੰਗੀ ਤਨਖਾਹ, ਖਾਣਾ ਤੇ ਰਿਹਾਇਸ਼ ਫਰੀ
ਚਾਹਵਾਨ ਕਾਲ ਕਰੋ:

ਕਾਲ ਮਿ. ਸਿੰਘ
ਫੋਨ: 515-291-1961


# Matrimonials

## ਲੜਕੇ ਦੀ ਲੋੜ ਹੈ

Amritdhari SF Bay Area family is seeking a suitable match for their Amrtidhari, vegetarian USA born 32 years, height 5' 4" daughter. She has earned a Bachelor of Science in Public Health and currently working. Please contact parents at (818) 390-2315

10-13

Panjabi Brahmin family invites matrimonial alliance for their welleducated and accomplished daughter who is a Canadian citizen living in Vancouver, born in 1995, height of 5'6". She has completed her bachelor's degree in Software Engineering and Master's in Management Analytics, is presently wellsettled professionally, and working with a reputed leading North American organization.We seek a suitable, welleducated Hindu Brahmin boy who is a vegetarian with good family values, preferably settled in Canada or the US. Email: sharmavancouver33@gmail.com

10-13

Jat Sikh family looking for a compatible US citizen match for their daughter, age 27, height 5' 5". She has done Masters in computer and information system and working as a business system analyst at manufacturing company. Please contact us at 262-716-2016 or 262-716-5859 or Email- karan2@sbcglobal.net

Jat Sikh Grewal family looking for a compatible match for their US born and raised sweet, homely MD working daughter, age 31, height 5' 9", preferably US born and raised doctor or other compatible profession , height 6 plus. Please contact us at 414-737-8624 or E-Mail: ranigrewal72@gmail.com.

## ਲੜਕੀ ਦੀ ਲੋੜ ਹੈ

ਜੱਟ ਸਿੱਖ ਪਰਿਵਾਰ ਨੂੰ ਆਪਣੇ 25 ਸਾਲਾ ਯੂ ਐਸ ਸਿਟੀਜ਼ਨ ਲੜਕੇ ਲਈ ਪੜ੍ਹੀ-ਲਿਖੀ ਸੋਹਣੀ, ਸਿਆਣੀ ਅਤੇ ਪਰਿਵਾਰਕ ਲੜਕੀ ਦੀ ਲੋੜ ਹੈ। ਬੈਚੁਲਰ ਆਫ ਸਾਇੰਸ ਬਿਜ਼ਨਸ ਦੀ ਡਿਗਰੀ ਕਰਕੇ ਇਕ ਵਧੀਆ ਨਾਮੀ ਫਰਮ ਵਿਚ ਕੰਮ ਕਰ ਰਿਹਾ ਹੈ। ਕੱਦ 5'-8" ਇੰਚ ਹੈ, ਲੜਕੇ ਦਾ ਪੂਰਾ ਪਰਿਵਾਰ ਯੂ ਐਸ ਵਿਚ ਵੈੱਲ ਸੈਟਲਡ ਹੈ। ਪਰਿਵਾਰਕ ਅਤੇ ਯੂ.ਐਸ.ਏ. ਦੀ ਲੜਕੀ ਨੂੰ ਪਹਿਲ ਦਿਤੀ ਜਾਵੇਗੀ। ਚਾਹਵਾਨ ਸੰਪਰਕ ਕਰਨ: 847-845-4866

Ramgarhia Family seeks a suitable match for their USA Born and Raised Non-vegetarian 31 year 5'6.5" Gursikh son. PhD. & working as Chemical Analyst at Pfizer. Girl should be Gursikh and educated. Caste no bar. If you are interested please call us at 224-422-4773.




UMA TRAVELS
2541 W. Devon Ave.,
Chicago, IL 60659

For Delhi Amritsar-Bombay Ahmedabad, Hydrabad-Madras
Call For Special Sale Fares
Call: 773-338-5603



SUPER TRAVEL
847-676-9090, 773-465-5566
E-mail: supertravel2003@live.com
Lowest Fares With Excellent Service

United Airlines
British Airways

For Emergency
Call anytime at
847-436-9010



EARLY BIRD SALE!!!!

Etihad, Air India, KLM, Lufthansa, Delta, Qatar Airlines.

Domestic fares available

# ਵਿਧਾਨ ਸਭਾ ਚੋਣਾਂ 2027: 'ਕਾਂਗਰਸ-ਆਪ' ਸਮਝੌਤੇ ਦੀ ਚਰਚਾ

**ਚੰਡੀਗੜ੍ਹ:** ਪੰਜਾਬ ਵਿਚ ਸਿਆਸੀ ਫ਼ਿਜ਼ਾ ਅਗਲੇ ਸਾਲ ਹੋਣ ਜਾ ਰਹੀਆਂ ਵਿਧਾਨ ਸਭਾ ਚੋਣਾਂ ਤੋਂ ਕਰੀਬ ਇਕ ਸਾਲ ਪਹਿਲਾਂ ਹੀ ਤੱਤ ਸਿਆਸੀ ਬੁੱਲੇ ਲਿਆਉਂਦੀਆਂ ਨਜ਼ਰ ਆ ਰਹੀਆਂ ਹਨ। ਪੰਜਾਬ ਵਿਚਲੀਆਂ ਸਾਰੀਆਂ ਸਿਆਸੀ ਪਾਰਟੀਆਂ ਜਿਸ ਵਿਚ ਸੱਤਾਧਾਰੀ ਆਮ ਆਦਮੀ ਪਾਰਟੀ, ਵਿਰੋਧੀ ਧਿਰ ਕਾਂਗਰਸ, ਭਾਜਪਾ ਅਤੇ ਸ਼੍ਰੋਮਣੀ ਅਕਾਲੀ ਦਲ ਹੁਣੇ ਤੋਂ ਪੂਰੀ ਤਰ੍ਹਾਂ ਸਰਗਰਮ ਦਿਖਾਈ ਦੇ ਰਹੀਆਂ ਹਨ। ਜਿੱਥੇ ਇਕ ਪਾਸੇ ਸੂਬੇ 'ਚ ਭਾਜਪਾ ਤੇ ਸ਼੍ਰੋਮਣੀ ਅਕਾਲੀ ਦਲ ਦੇ ਸਮਝੌਤੇ ਨੂੰ ਲੈ ਕੇ ਪਿਛਲੇ ਲੰਮੇ ਸਮੇਂ ਤੋਂ ਚਰਚਾ ਨੇ ਜ਼ੋਰ ਫੜਿਆ ਹੋਇਆ ਹੈ, ਉੱਥੇ ਹੁਣ ਕਿਸੇ ਦੇ ਬਰਾਬਰ ਆਮ ਆਦਮੀ ਪਾਰਟੀ ਅਤੇ ਕਾਂਗਰਸ ਦੇ ਸਿਆਸੀ ਗੱਠਜੋੜ ਨੂੰ ਲੈ ਕੇ ਵੀ ਚਰਚਾ ਜ਼ੋਰ ਸ਼ੋਰ ਨਾਲ ਹੋ ਰਹੀ ਹੈ। ਹਾਲਾਂਕਿ ਇਨ੍ਹਾਂ ਚਰਚਾ ਨੂੰ ਲੈ ਕੇ ਹੁਣ ਤੱਕ ਆਮ ਆਦਮੀ ਪਾਰਟੀ ਅਤੇ ਨਾ ਹੀ ਕਾਂਗਰਸ ਦੇ ਕਿਸੇ ਆਗੂ ਨੇ ਕੋਈ ਪ੍ਰਤੀਕਿਰਿਆ ਦਿੱਤੀ ਸੀ, ਪਰ ਹੁਣ ਵਿਰੋਧੀ ਧਿਰ ਦੇ ਨੇਤਾ ਕਾਂਗਰਸ ਦੇ ਸੀਨੀਅਰ ਆਗੂ ਪ੍ਰਤਾਪ ਸਿੰਘ ਬਾਜਵਾ ਇਸ ਮੁੱਦੇ 'ਤੇ ਖੁੱਲ ਕੇ ਸਾਹਮਣੇ ਆ ਗਏ ਹਨ। ਇਕ ਨਿੱਜੀ ਚੈਨਲ ਨੂੰ ਦਿੱਤੇ ਇੰਟਰਵਿਊ ਦੌਰਾਨ ਪ੍ਰਤਾਪ ਸਿੰਘ ਬਾਜਵਾ ਨੇ ਕਿਹਾ ਕਿ ਜਿੰਨੀ ਮਰਜ਼ੀ ਵੱਡੀ ਸਿਆਸੀ ਮਜਬੂਰੀ ਕਿਉਂ ਨਾ ਆ ਜਾਵੇ, ਆਮ ਆਦਮੀ ਪਾਰਟੀ ਨਾਲ ਪੰਜਾਬ ਵਿਚ ਕਾਂਗਰਸ ਦਾ ਕਿਸੇ ਕਿਸਮ ਦਾ ਸਮਝੌਤਾ ਕਦੇ ਵੀ ਨਹੀਂ ਹੋਣ ਦਿੱਤਾ ਜਾਵੇਗਾ। ਉਨ੍ਹਾਂ ਦਾਅਵਾ ਕਰਦਿਆਂ ਕਿਹਾ ਕਿ ਕਾਂਗਰਸ ਆਪਣੇ ਦਮ 'ਤੇ ਇਕੱਲਿਆਂ ਚੋਣਾਂ ਲੜ ਕੇ ਸਰਕਾਰ ਬਣਾਏਗੀ।



ਕੁੱਝ ਸੀਟਾਂ ਘੱਟ ਜਾਣ ਦੀ ਸੂਰਤ ਵਿਚ ਸਮਝੌਤੇ ਬਾਰੇ ਪੁੱਛੇ ਸਵਾਲ ਦੇ ਜਵਾਬ 'ਚ ਉਨ੍ਹਾਂ ਕਿਹਾ ਕਿ ਕਾਂਗਰਸ ਨੂੰ ਸੱਤਾ ਤੋਂ ਬਾਹਰ ਬੈਠਣਾ ਮਨਜ਼ੂਰ ਹੋਵੇਗਾ, ਪਰ ਇਸ ਪਾਰਟੀ ਨਾਲ ਕਿਸੇ ਕੀਮਤ 'ਤੇ ਸਮਝੌਤਾ ਨਹੀਂ ਹੋਣ ਦਿੱਤਾ। ਜਾਵੇਗਾ। ਜਦੋਂ ਬਾਜਵਾ ਨੂੰ ਪੁੱਛਿਆ ਗਿਆ ਕਿ ਜੇਕਰ ਸਮਝੌਤੇ ਨੂੰ ਲੈ ਕੇ ਸੀਨੀਅਰ ਲੀਡਰਸ਼ਿਪ ਨੇ ਹਾਂ ਕਰ ਦਿੱਤੀ ਤਾਂ ਉਨ੍ਹਾਂ ਨੇ ਕਿਹਾ ਕਿ ਪੰਜਾਬ ਵਿਚ ਮੇਰੇ ਤੋਂ ਸੀਨੀਅਰ ਲੀਡਰ ਕਿਹੜਾ ਹੈ ? ਤੇ ਹਾਈ ਕਮਾਨ ਪੰਜਾਬ ਦੀ ਲੀਡਰਸ਼ਿਪ ਨੂੰ ਬਿਨਾਂ ਪੁੱਛੇ ਕੋਈ ਵੀ ਫ਼ੈਸਲਾ ਨਹੀਂ ਲਵੇਗੀ।

ਜ਼ਿਕਰਯੋਗ ਹੈ ਕਿ ਜਿੱਥੇ ਪਿਛਲੇ ਕਈ ਦਿਨਾਂ ਤੋਂ ਆਮ ਆਦਮੀ ਪਾਰਟੀ ਅਤੇ ਕਾਂਗਰਸ ਦੇ ਸਮਝੌਤੇ ਦੀਆਂ ਚਰਚਾ ਚੱਲ ਰਹੀਆਂ ਹਨ, ਉੱਥੇ ਇਸ ਚਰਚਾ ਨੂੰ ਹੋਰ ਹਵਾ ਉਦੋਂ ਮਿਲੀ ਜਦੋਂ ਕਾਂਗਰਸ ਦੇ ਯੁਵਰਾਜ ਅਤੇ ਲੋਕ ਸਭਾ ਵਿਚ ਵਿਰੋਧੀ ਧਿਰ ਦੇ ਨੇਤਾ ਰਾਹੁਲ ਗਾਂਧੀ ਨੇ ਪਿਛਲੇ ਦਿਨੀਂ ਪੰਜਾਬ 'ਚ ਰੈਲੀ ਦੌਰਾਨ ਆਮ ਆਦਮੀ ਪਾਰਟੀ ਅਤੇ ਪੰਜਾਬ ਸਰਕਾਰ ਨੂੰ ਲੈ ਕੇ ਇਕ ਸ਼ਬਦ ਨਹੀਂ ਬੋਲਿਆ। ਇਸ ਮਸਲੇ ਨੂੰ ਲੈ ਕੇ ਵੀ ਪ੍ਰਤਾਪ ਸਿੰਘ ਬਾਜਵਾ ਨੇ ਇਹ ਕਿਹਾ ਸੀ ਕਿ ਰਾਹੁਲ ਗਾਂਧੀ ਆਮ ਆਦਮੀ ਪਾਰਟੀ ਬਾਰੇ ਇਸ ਲਈ ਨਹੀਂ ਬੋਲੇ ਕਿਉਂਕਿ ਉਨ੍ਹਾਂ ਨੂੰ ਪਤਾ ਹੈ ਕਿ ਪੰਜਾਬ ਵਿਚ ਉਨ੍ਹਾਂ ਦੇ ਜਰਨੈਲ ਇਸ ਪਾਰਟੀ ਨੂੰ ਸੰਭਾਲ ਲੈਣਗੇ, ਜਦਕਿ ਉਹ ਕੇਂਦਰ ਦੀ ਸੱਤਾ ਵਿਚ ਬੈਠੀ ਭਾਜਪਾ ਖ਼ਿਲਾਫ਼ ਮੋਰਚਾ ਲੈ ਕੇ ਅੱਗੇ ਵੱਧ ਰਹੇ ਹਨ।

# ਨਿੱਜਰ ਕਤਲ ਕਾਂਡ ਨਾਲ ਜੁੜੇ ਦੋਸ਼ ਭਾਰਤ ਨੇ ਮੁੜ ਕੀਤੇ ਖ਼ਾਰਜ

**ਨਵੀਂ ਦਿੱਲੀ:** ਭਾਰਤ ਨੇ ਕੈਨੇਡਾ ਵਿਚ ਅੰਤਰਰਾਸ਼ਟਰੀ ਹਿੰਸਾ ਜਾਂ ਸੰਗਠਤ ਅਪਰਾਧ ਨਾਲ ਸੰਬੰਧਾਂ ਬਾਰੇ ਦੋਸ਼ਾਂ ਨੂੰ ਫਿਰ ਖ਼ਾਰਜ ਕੀਤਾ ਹੈ। ਕੈਨੇਡਾ ਦੀ ਇਕ ਨਵੀਂ ਮੀਡੀਆ ਰਿਪੋਰਟ ਵਿਚ ਭਾਰਤੀ ਅਧਿਕਾਰੀਆਂ ਨੂੰ ਸਿੱਖ ਕੱਟੜਪੰਥੀ ਹਰਦੀਪ ਸਿੰਘ ਨਿੱਜਰ ਦੇ ਕਤਲ ਨਾਲ ਜੋੜਨ ਦੀ ਕੋਸ਼ਿਸ਼ ਕੀਤੀ ਗਈ ਹੈ। ਭਾਰਤ ਨੂੰ ਲੋੜੀਂਦੇ ਅਤੇ ਖ਼ਾਲਿਸਤਾਨੀ ਅੱਤਵਾਦੀ ਨਿੱਜਰ ਦਾ ਕਤਲ ਜੂਨ 2023 ਵਿਚ ਬ੍ਰਿਟਿਸ਼ ਕੋਲੰਬੀਆ ਦੇ ਸਰੀ ਵਿਚ ਕੀਤਾ ਗਿਆ ਸੀ। ਦੱਸਣਯੋਗ ਹੈ ਕਿ 'ਦ ਗਲੋਬ ਐਂਡ ਮੇਲ' ਨੇ ਦੋ ਅਣਜਾਣੇ ਸਰੋਤਾਂ ਦੇ ਹਵਾਲੇ ਨਾਲ ਇਹ ਰਿਪੋਰਟ ਦਿੱਤੀ ਹੈ ਕਿ ਕੈਨੇਡੀਅਨ ਸੁਰੱਖਿਆ ਅਧਿਕਾਰੀਆਂ ਨੂੰ ਇਸ ਗੱਲ ਦੇ ਸਬੂਤ ਦਿੱਤੇ ਗਏ ਗਏ ਹਨ ਕਿ ਵੈਨਕੂਵਰ ਵਿਚ ਕੰਮ ਕਰ ਰਹੇ ਭਾਰਤੀ ਕੌਂਸਲਰ ਸਟਾਫ ਨੇ ਨਿੱਜਰ ਦੇ ਕਤਲ ਵਿਚ ਮਦਦ ਲਈ ਜਾਣਕਾਰੀ ਮੁਹੱਈਆ ਕਰਵਾਈ ਹੈ। ਭਾਰਤ ਨੇ 2023 ਵਿਚ ਨਿੱਜਰ ਦੇ ਕਤਲ ਨਾਲ ਜੁੜੇ ਭਾਰਤੀ ਲਿੰਕ ਦੇ ਦੋਸ਼ਾਂ ਨੂੰ ਲਗਾਤਾਰ ਖ਼ਾਰਜ ਕੀਤਾ ਹੈ। ਕੈਨੇਡੀਅਨ ਅਖ਼ਬਾਰ ਨੇ ਸਰੋਤਾਂ ਦਾ ਹਵਾਲਾ ਦਿੰਦੇ ਹੋਏ ਭਾਰਤੀ ਅਧਿਕਾਰੀ ਦਾ ਨਾਂ ਵੀ ਲਿਆ। ਇਹ ਰਿਪੋਰਟ ਉਸ ਦਿਨ ਆਈ ਜਦੋਂ ਕੈਨੇਡਾ ਤੇ ਭਾਰਤ ਦੇ ਪ੍ਰਧਾਨ ਤੇ ਮੰਤਰੀਆਂ ਨੇ ਵਪਾਰ, ਊਰਜਾ, ਖਣਿਜ, ਰੱਖਿਆ ਅਤੇ ਸੁਰੱਖਿਆ ਦੇ ਖੇਤਰਾਂ ਵਿਚ ਦੋ- ਪੱਖੀ ਸਹਿਯੋਗ ਨੂੰ ਅਹਿਮ ਤੌਰ 'ਤੇ ਵਧਾਉਣ 'ਤੇ ਵਿਸਥਾਰਤ ਚਰਚਾ ਕੀਤੀ। ਦਿਲਚਸਪ ਗੱਲ ਇਹ ਹੈ ਕਿ ਕੈਨੇਡੀਅਨ ਪ੍ਰਧਾਨ ਮੰਤਰੀ ਮਾਰਕ ਕਾਰਨੀ ਨੇ ਇਸ ਗੱਲ ਨੂੰ ਸਾਫ਼ ਕੀਤਾ ਕਿ ਕੈਨੇਡਾ ਕੌਮਾਂਤਰੀ ਦਬਾਅ ਦੇ ਖ਼ਿਲਾਫ਼ ਕਦਮ ਚੁੱਕਦਾ ਰਹੇਗਾ। ਵਿਦੇਸ਼ ਮੰਤਰਾਲੇ ਦੇ ਸਾਬਕਾ ਸਕੱਤਰ ਪੀ. ਕੁਮਾਰਨ ਨੇ ਕਿਹਾ ਕਿ ਭਾਰਤ ਅੰਤਰਰਾਸ਼ਟਰੀ ਹਿੰਸਾ ਜਾਂ ਸੰਗਠਤ ਅਪਰਾਧ ਵਿਚ ਸ਼ਾਮਲ ਹੋਣ ਦੇ ਦੋਸ਼ਾਂ ਨੂੰ ਖ਼ਾਰਜ ਕਰਦਾ ਹੈ।



ਕੈਨੇਡੀਅਨ ਰੀਡਆਊਟ ਵਿਚ ਕਿਹਾ ਗਿਆ ਕਿ ਦੋਵਾਂ ਪ੍ਰਧਾਨ ਮੰਤਰੀਆਂ ਨੇ ਸੁਰੱਖਿਆ ਤੇ ਕਾਨੂੰਨ ਪ੍ਰਬੰਧ 'ਤੇ ਦੋ-ਪੱਖੀ ਸਹਿਯੋਗ ਅੱਗੇ ਵਧਾਉਣ 'ਤੇ ਸਹਿਮਤੀ ਪ੍ਰਗਟ ਕੀਤੀ ਹੈ। ਭਾਰਤ-ਕੈਨੇਡਾ ਸੰਬੰਧ ਉਸ ਸਮੇਂ ਸਭ ਤੋਂ ਨੀਵੇਂ ਪੱਧਰ 'ਤੇ ਪਹੁੰਚ ਗਏ ਸਨ ਜਦੋਂ ਸਾਬਕਾ ਪ੍ਰਧਾਨ ਮੰਤਰੀ ਜਸਟਿਨ ਟਰੂਡੋ ਨੇ 2023 ਵਿਚ ਨਿੱਜਰ ਦੇ ਕਤਲ ਨਾਲ ਸੰਭਾਵਤ ਭਾਰਤੀ ਸੰਪਰਕ ਦਾ ਦੋਸ਼ ਲਾਇਆ ਸੀ। ਭਾਰਤ ਨੇ ਟਰੂਡੋ ਦੇ ਦੋਸ਼ ਨੂੰ "ਬੇਤੁਕਾ" ਕਹਿ ਦਿੱਤਾ ਸੀ। ਅਕਤੂਬਰ 2024 ਵਿਚ ਭਾਰਤ ਨੇ ਕੈਨੇਡਾ ਵਿਚ ਆਪਣੇ ਹਾਈ ਕਮਿਸ਼ਨਰ ਅਤੇ ਪੰਜ ਹੋਰ ਡਿਪੋਲਮੈਟਿਕਾਂ ਨੂੰ ਵਾਪਸ ਬੁਲਾਇਆ ਸੀ ਜਦੋਂ ਉਸ ਸਮੇਂ ਦੀ ਟਰੂਡੋ ਸਰਕਾਰ ਨੇ ਉਨ੍ਹਾਂ ਨੂੰ ਨਿੱਜਰ ਮਾਮਲੇ ਨਾਲ ਜੋੜਨ ਦੀ ਕੋਸ਼ਿਸ਼ ਕੀਤੀ ਸੀ। ਭਾਰਤ ਨੇ ਬਰਾਬਰ ਗਿਣਤੀ ਵਿਚ ਕੈਨੇਡਾ ਦੇ ਡਿਪਲੋਮੈਟਾਂ ਨੂੰ ਵੀ ਕੱਢ ਦਿੱਤਾ ਸੀ। ਹਾਲਾਂਕਿ, ਲਿਬਰਲ ਪਾਰਟੀ ਦੇ ਆਗੂ ਕਾਰਨੀ ਦੀ ਪਿਛਲੇ ਸਾਲ ਸੰਸਦੀ ਚੋਣ ਵਿਚ ਜਿੱਤ ਨੇ ਸਬੰਧ ਮੁੜ ਕਾਇਮ ਕਰਨ ਦੀ ਪ੍ਰਕਿਰਿਆ ਸ਼ੁਰੂ ਕਰਨ ਵਿਚ ਮਦਦ ਕੀਤੀ। ਇਸ ਤੋਂ ਬਾਅਦ, ਦੋਵਾਂ ਧਿਰਾਂ ਨੇ ਪਹਿਲਾਂ ਹੀ ਇਕ-ਦੂਜੇ ਦੀਆਂ ਰਾਜਧਾਨੀਆਂ ਵਿਚ ਆਪਣੇ ਹਾਈ ਕਮਿਸ਼ਨਰਾਂ ਨੂੰ ਨਿਯੁਕਤ ਕਰ ਦਿੱਤਾ ਹੈ।

# ਭਾਰਤ ਵਿਚ ਮਾਹੌਲ ਵਿਗੜਣ ਦਾ ਖ਼ਦਸ਼ਾ

## ਖੁਫੀਆ ਏਜੰਸੀਆਂ ਤੋਂ ਮਿਲੀਆਂ ਚਿਤਾਵਨੀਆਂ 'ਤੇ ਨਜ਼ਰ

**ਨਵੀਂ ਦਿੱਲੀ:** ਈਰਾਨ ਦੇ ਸਰਬਉੱਚ ਆਗੂ ਅਯਾਤੁੱਲਾ ਅਲੀ ਖਾਮਨੇਈ ਦੀ ਮੌਤ ਤੇ ਪੱਛਮੀ ਏਸ਼ੀਆ ਵਿਚ ਜਾਰੀ ਤਣਾਅ ਵਿਚਾਲੇ ਕੇਂਦਰ ਸਰਕਾਰ ਹਾਈ ਅਲਰਟ 'ਤੇ ਹੈ। ਖੁਫੀਆ ਏਜੰਸੀਆਂ ਤੋਂ ਮਿਲੀਆਂ ਗੰਭੀਰ ਚਿਤਾਵਨੀਆਂ ਮਗਰੋਂ ਸਰਕਾਰ ਨੇ ਸਾਰੇ ਸੂਬਿਆਂ ਤੇ ਕੇਂਦਰ ਸ਼ਾਸਤ ਪ੍ਰਦੇਸ਼ਾਂ ਨੂੰ ਭੇਜੇ ਪੱਤਰ ਵਿਚ ਖ਼ਾਸ ਤੌਰ 'ਤੇ ਕੱਟੜਪੰਥੀ ਤੱਤਾਂ ਤੇ ਆਲਮੀ ਅੱਤਵਾਦੀ ਸੰਗਠਨਾਂ ਦੇ ਇੰਟਰਨੈੱਟ ਮੀਡੀਆ ਸਰਗਰਮੀਆਂ 'ਤੇ ਨਿਗ੍ਹਾ ਰੱਖਣ ਦਾ ਮਸ਼ਵਰਾ ਦਿੱਤਾ ਹੈ। ਰਿਪੋਰਟਾਂ ਮੁਤਾਬਕ ਕੁਝ ਗੈਰ-ਸਮਾਜਿਕ ਅਨਸਰ ਈਰਾਨ ਦੀ ਮੌਜੂਦਾ ਸਥਿਤੀ ਦਾ ਫਾਇਦਾ ਉਠਾ ਕੇ ਭਾਰਤ ਵਿਚ ਫ਼ਿਰਕੂ ਅਸ਼ਾਂਤੀ ਫੈਲਾਉਣ ਦੇ ਯਤਨ ਕਰ ਸਕਦੇ ਹਨ। ਖੁਫੀਆ ਬਿਊਰੋ ਦੇ ਅਧਿਕਾਰੀਆ ਮੁਤਾਬਕ ਇਹ ਖ਼ਤਰਾ ਸਿਰਫ਼ ਈਰਾਨ ਸਮਰਥਕ ਗਰੁੱਪਾਂ ਤੋਂ ਨਹੀਂ ਹੈ ਸਗੋਂ ਉਨ੍ਹਾਂ ਕੱਟੜ ਅਨਸਰਾਂ ਤੋਂ ਵੀ ਹੈ, ਜੋ ਕਿ ਸੰਵੇਦਨਸ਼ੀਲ ਮਾਹੌਲ ਦੀ ਆੜ ਵਿਚ ਹਿੰਸਾ ਭੜਕਾਉਣਾ ਚਾਹੁੰਦੇ ਹਨ। ਅਯਾਤੁੱਲਾ ਖਾਮਨੇਈ ਦੀ ਮੌਤ ਪਿੱਛੇ ਮੁਲਕ ਦੇ ਵੱਖ-ਵੱਖ ਹਿੱਸਿਆਂ ਵਿਚ ਦੁਆਵਾਂ ਤੇ ਪ੍ਰਾਥਨਾ ਸਭਾਵਾਂ ਹੋ



ਰਹੀਆਂ ਹਨ ਹਾਲਾਂਕਿ ਹਾਲੇ ਤੱਕ ਇਹ ਸ਼ਾਤਮਈ ਰਹੀਆਂ ਹਨ ਪਰ ਸੁਰੱਖਿਆ ਏਜੰਸੀਆਂ ਨੂੰ ਡਰ ਹੈ ਕਿ ਆਈ.ਐਸ.ਆਈ. ਸਮਰਥਕ ਅਨਸਰ ਇਨ੍ਹਾਂ ਸਭਾਵਾਂ ਵਿਚ ਭੜਕਾਊ ਭਾਸ਼ਣਾਂ ਰਾਹੀਂ ਮਾਹੌਲ ਵਿਗਾੜ ਸਕਦੇ ਹਨ।

ਆਈਏਐੱਨਐੱਸ ਮੁਤਾਬਕ ਕੇਂਦਰ ਨੇ ਖ਼ਾਸ ਤੌਰ 'ਤੇ ਪੱਛਮੀ ਬੰਗਾਲ ਤੇ ਅਸਾਮ ਜਿਹੇ ਸੂਬਿਆਂ ਨੂੰ ਅਤਿਅੰਤ ਸਾਵਧਾਨੀ ਰੱਖਣ ਦੇ ਹੁਕਮ ਕੀਤੇ ਹਨ, ਇੱਥੇ ਅਗਲੇ ਸਾਲ ਵਿਧਾਨ ਸਭਾ ਚੋਣਾਂ ਹੋਣੀਆਂ ਹਨ। ਖੁਫੀਆ ਇਨਪੁੱਟ ਦੱਸਦੇ ਹਨ ਕਿ ਬਾਹਰੀ ਤੇ ਅੰਦਰੂਨੀ ਦੋਵਾਂ ਤਰ੍ਹਾਂ ਦੀਆਂ ਤਾਕਤਾਂ ਚੋਣਾਂ ਤੋਂ ਪਹਿਲਾਂ ਸ਼ਾਂਤੀ ਭੰਗ ਕਰਨ ਦੀ ਫ਼ਿਰਾਕ ਵਿਚ ਹਨ। ਕੇਂਦਰੀ ਗ੍ਰਹਿ ਮੰਤਰਾਲਾ ਨੇ ਸੂਬਿਆਂ ਨੂੰ ਉਨ੍ਹਾਂ ਕੱਟੜਪੰਥੀ ਧਰਮਗੁਰੂਆਂ ਦੀ ਸ਼ਨਾਖ਼ਤ ਕਰਨ ਤੇ ਉਨ੍ਹਾਂ 'ਤੇ ਨਜ਼ਰ ਰੱਖਣ ਨੂੰ ਕਿਹਾ ਹੈ ਜੋ ਕਿ ਭੜਕਾਊ ਉਪਦੇਸ਼ ਦੇ ਕੇ ਫ਼ਿਰਕੂ ਤਣਾਅ ਪੈਦਾ ਕਰ ਸਕਦੇ ਹਨ। ਪੀਟੀਆਈ ਮੁਤਾਬਕ ਗ੍ਰਹਿ ਮੰਤਰਾਲਾ ਨੇ ਆਗਾਹ ਕੀਤਾ ਹੈ ਕਿ ਅਜਿਹੇ ਕੱਟੜਪੰਥੀ ਅਨਸਰਾਂ ਦੀ ਸ਼ਨਾਖ਼ਤ ਕੀਤੀ ਜਾਵੇ ਜੋ ਮਾਹੌਲ ਖ਼ਰਾਬ ਕਰਨ ਦੀ ਕੋਸ਼ਿਸ਼ ਕਰ ਸਕਦੇ ਹਨ। ਸੁਰੱਖਿਆ ਏਜੰਸੀਆਂ ਨੂੰ ਹਦਾਇਤ, ਕੀਤੀ ਗਈ ਹੈ ਕਿ ਉਹ ਕੱਟੜਪੰਥੀਆਂ ਤੇ ਆਲਮੀ ਅੱਤਵਾਦੀ ਸੰਗਠਨਾਂ ਦੇ ਇੰਟਰਨੈੱਟ ਮੀਡੀਆ ਹੈਂਡਲ 'ਤੇ ਸਖ਼ਤ ਨਜ਼ਰ ਰੱਖਣ । ਮੰਤਰਾਲੇ ਨੇ ਅਮਰੀਕਾ ਤੇ ਇਜ਼ਰਾਈਲ ਦੇ ਸਫ਼ਾਰਤਖ਼ਾਨਿਆਂ, ਵਣਜ ਦੂਤਘਰਾਂ ਤੇ ਉਨ੍ਹਾਂ ਨੇ ਹੋਰ ਡਿਪਲੋਮੈਟਿਕ ਅਦਾਰਿਆਂ ਦੀ ਸੁਰੱਖਿਆ ਵਧਾਉਣ ਦੇ ਹੁਕਮ ਕੀਤੇ ਹਨ।

# ਜੰਗ ਕਾਰਨ ਪੰਜਾਬ ਉੱਤੇ ਸੰਕਟ ਦੇ ਬੱਦਲ

**ਲੁਧਿਆਣਾ:** ਇਜ਼ਰਾਈਲ ਤੇ ਈਰਾਨ ਵਿਚਾਲੇ ਸ਼ੁਰੂ ਹੋਈ ਜੰਗ ਨੇ ਕੌਮਾਂਤਰੀ ਵਪਾਰ ਮਾਰਗਾਂ 'ਤੇ ਬੇਯਕੀਨੀ ਵਧਾ ਦਿੱਤੀ ਹੈ। ਭਾਵੇਂ ਪੰਜਾਬ ਤੋਂ ਇਨ੍ਹਾਂ ਦੋਵਾਂ ਦੇਸ਼ਾਂ ਨਾਲ ਸਿੱਧੀ ਬਰਾਮਦ ਸੀਮਤ ਮਾਤਰਾ ਵਿਚ ਹੁੰਦੀ ਹੈ ਪਰ ਕਾਰੋਬਾਰੀ ਮੰਨਦੇ ਹਨ ਕਿ ਇਸ ਸੰਘਰਸ਼ ਦਾ ਅਪ੍ਰਤੱਖ ਅਸਰ ਸੂਬੇ ਦੇ ਐਕਸਪੋਰਟ ਸੈਕਟਰ 'ਤੇ ਪੈ ਸਕਦਾ ਹੈ। ਵਿਸ਼ੇਸ਼ ਰੂਪ ਨਾਲ ਅਮਰੀਕਾ ਤੇ ਯੂਰਪ ਲਈ ਭੇਜੇ ਜਾਣ ਵਾਲੇ ਮਾਲ ਦੀ ਡਿਸਪੈਚ ਵਿਚ ਦੇਰੀ ਅਤੇ ਫ੍ਰੇਟ ਲਾਗਤ ਵਿਚ ਵਾਧੇ ਦਾ ਖ਼ਦਸ਼ਾ ਪ੍ਰਗਟਾਇਆ ਜਾ ਰਿਹਾ ਹੈ।

ਉਦਯੋਗਪਤੀਆਂ ਦੇ ਮੁਤਾਬਕ ਸੂਬੇ ਤੋਂ ਤਿਆਰ ਕੱਪੜੇ, ਸਾਈਕਲ ਪਾਰਟਸ, ਮਸ਼ੀਨਰੀ, ਖੇਡ ਸਮੱਗਰੀ ਅਤੇ ਆਟੋ ਕੰਪੋਨੈਂਟਸ ਵੱਡੀ ਮਾਤਰਾ ਵਿਚ ਅਮਰੀਕਾ ਤੇ ਯੂਰਪੀ ਦੇਸ਼ਾਂ ਨੂੰ ਬਰਾਮਦ ਕੀਤੇ ਜਾਂਦੇ ਹਨ। ਇਨ੍ਹਾਂ ਸ਼ਿਪਮੈਂਟਸ ਦਾ ਵੱਡਾ ਹਿੱਸਾ ਸਮੁੰਦਰੀ ਮਾਰਗ ਰਾਹੀਂ ਜਾਂਦਾ ਹੈ, ਜਿਨ੍ਹਾਂ ਵਿਚੋਂ ਕਈ ਰੂਟ ਪੱਛਮੀ ਏਸ਼ੀਆ ਦੇ ਸੰਵੇਦਨਸ਼ੀਲ ਸਮੁੰਦਰੀ ਇਲਾਕਿਆਂ ਤੋਂ ਹੋ ਕੇ ਲੰਘੇ ਹਨ। ਮੌਜੂਦਾ ਹਾਲਾਤ ਵਿਚ ਸ਼ਿਪਿੰਗ ਕੰਪਨੀਆਂ ਬਦਲਵੇਂ ਅਪਣਾਉਣ ਜਾਂ ਜਹਾਜ਼ਾਂ ਦੀ ਆਵਾਜੀ ਸੀਮਤ ਕਰਨ ਦਾ ਫ਼ੈਸਲ ਲੈ ਸਕਦੀਆਂ



ਹਨ, ਜਿਸ ਨਾਲ ਟਰਾਂਜ਼ਿਟ ਸਮਾਂ ਵੱਧ ਸਕਦਾ ਹੈ। ਕਰੋਬਾਰੀਆਂ ਦਾ ਕਹਿਣਾ ਹੈ ਕਿ ਜੇਕਰ ਸਮੁੰਦਰੀ ਮਾਰਗਾਂ 'ਤੇ ਸੁਰੱਖਿਆ ਜੋਖ਼ਮ ਵਧਦਾ ਹੈ ਤਾਂ ਬੀਮਾ ਪ੍ਰੀਮੀਅਮ ਤੇ ਕੰਟੇਨਰ ਫ੍ਰੇਟ ਦਰਾਂ ਵਿਚ ਵੀ ਉਛਾਲ ਆ ਸਕਦਾ ਹੈ। ਪਹਿਲਾਂ ਤੋਂ ਹੀ ਕੌਮਾਂਤਰੀ ਪੱਧਰ 'ਤੇ ਲਾਜਿਸਿਟਕਸ ਵਿਚ ਉਤਰਾਅ-ਚੜ੍ਹਾਅ ਬਣਿਆ ਹੋਇਆ ਹੈ, ਅਜਿਹੇ ਵਿਚ ਜੰਗ ਦੀ ਸਥਿਤੀ ਨੇ ਬਰਾਮਦਕਾਰਾਂ ਦੀ ਚਿੰਤ ਵਧਾ ਦਿੱਤੀ ਹੈ।

ਇਸ ਸੰਬੰਧ ਵਿਚ ਪੈਰਾਮਾਊਂਟ ਇੰਪੈਕਸ ਦੇ ਐੱਮਡੀ ਰਾਕੇਸ਼ ਕਪੂਰ ਨੇ ਕਿਹਾ ਕਿ ਜੇਕਰ ਮਾਲ ਸਮੇਂ 'ਤੇ ਨਹੀਂ ਪਹੁੰਚਿਆਂ ਤਾਂ ਵਿਦੇਸ਼ੀ ਖ਼ਰੀਦਦਾਰ ਪੈਨੇਲਟੀ ਕਲਾਜ਼ ਲਾਗੂ ਕਰ ਸਕਦੇ ਹਨ, ਜਿਸ ਨਾਲ ਸੂਬੇ ਦੇ ਐੱਮਐੱਸਐੱਮਈ ਸੈਕਟਰ ਲਈ ਇਹ ਸਥਿਤੀ ਹੋਰ ਚੁਣੌਤੀਪੂਰਨ ਹੋ ਸਕਦੀ ਹੈ ਕਿਉਂਕਿ ਛੋਟੇ ਉਦਯੋਗ ਪਹਿਲਾਂ ਤੋਂ ਹੀ ਮਾਰਜਨ ਦੇ ਦਬਾਅ ਵਿਚ ਕੰਮ ਕਰ ਰਹੇ ਹਨ। ਜੇਕਰ ਫ੍ਰੇਟ ਕਾਸਟ 10 ਤੋਂ 20 ਫ਼ੀਸਦੀ ਤੱਕ ਵਧਦੀ ਹੈ ਤਾਂ ਕਈ ਛੋਟੇ ਬਰਾਮਦਕਰਾਂ ਨੂੰ ਆਰਡਰ ਦੇ ਲਾਭ 'ਤੇ ਮੁੜ-ਵਿਚਾਰ ਕਰਨਾ ਪੈ ਸਕਦਾ ਹੈ।

ਕੇਂਦਰ ਸਰਕਾਰ ਨੂੰ ਲੋੜ ਪੈਣ 'ਤੇ ਰਾਹਤ ਦੇਣ ਦੀ ਮੰਗ : ਕੇਜੀ ਐਕਸਪੋਰਟ ਦੇ ਐੱਮ.ਡੀ ਹਰੀਸ਼ ਦੂਆ ਨੇ ਕੇਂਦਰ ਸਰਕਾਰ ਨੂੰ ਸਥਿਤੀ 'ਤੇ ਨਜ਼ਰ ਬਣਾ ਕੇ ਰੱਖਣ ਅਤੇ ਲੋੜ ਪੈਣ 'ਤੇ ਬਰਾਮਦਕਾਰਾਂ ਨੂੰ ਰਾਹਤ ਦੇਣ ਦੀ ਮੰਗ ਕੀਤੀ ਹੈ। ਉਨ੍ਹਾਂ ਦਾ ਕਹਿਣਾ ਹੈ ਕਿ ਜੇਕਰ ਸ਼ਿਪਮੈਂਟ ਵਿਚ ਦੇਰੀ ਹੁੰਦੀ ਹੈ ਤਾਂ ਬੈਂਕਿੰਗ ਤੇ ਐੱਲਸੀ (ਲੈਟਰ ਆਫ ਕ੍ਰੈਡਿਟ) ਦੀ ਸਮਾਂ ਹੱਦ ਵਿਚ ਲਚੀਲਾਪਣ ਦਿੱਤਾ। ਜਾਵੇ। ਨਾਲ ਹੀ ਬਰਾਮਦ ਨੂੰ ਉਤਸ਼ਾਹਤ ਕਰਨ ਦੀਆਂ ਯੋਜਨਾਵਾਂ ਤਹਿਤ ਵਾਧੂ ਸਹਾਇਤਾ 'ਤੇ ਵੀ ਵਿਚਾਰ ਕੀਤਾ ਜਾਵੇ।

# ਖਾਮਨੇਈ ਦੀ ਮੌਤ ਪਿੱਛੋਂ ਕਸ਼ਮੀਰ 'ਚ ਰੋਸ ਮੁਜ਼ਾਹਰੇ

**ਸ੍ਰੀਨਗਰ:** ਈਰਾਨ ਦੇ ਸਰਬਉੱਚ ਆਗੂ ਅਯਾਤੁੱਲਾ ਅਲੀ ਖਾਮਨੇਈ ਦੀ ਮੌਤ ਵਿਰੁੱਧ ਸੋਮਵਾਰ ਨੂੰ ਲਗਾਤਾਰ ਦੂਜੇ ਦਿਨ ਬੰਦ ਰਿਹਾ ਤੇ ਇਸ ਦੌਰਾਨ ਕਸ਼ਮੀਰ ਵਿਚ ਆਮ ਜਨਜੀਵਨ ਲਗਭਗ ਠੱਪ ਹੋ ਕੇ ਰਹਿ ਗਿਆ। ਕਈ ਇਲਾਕਿਆਂ ਵਿਚ ਮਨਾਹੀ ਦੇ ਹੁਕਮਾਂ ਦੀ ਉਲੰਘਣਾ ਕਰ ਕੇ ਜਲੂਸ ਕੱਢ ਰਹੇ ਹਿੰਸਕ ਮੁਜ਼ਾਹਰਾਕਾਰੀਆਂ 'ਤੇ ਕਾਬੂ ਪਾਉਣ ਲਈ ਪੁਲਿਸ ਨੂੰ ਜਿੱਥੇ ਲਾਠੀਚਾਰਜ ਕਰਨਾ ਪਿਆ, ਉਥੇ ਹੰਝੂ ਗੈਸ ਦਾ ਵੀ ਸਹਾਰਾ ਲੈਣਾ ਪਿਆ। ਸਾਰੇ ਸੰਵੇਦਨਸ਼ੀਲ ਇਲਾਕਿਆਂ ਵਿਚ ਪੁਲਿਸ ਤੇ ਨੀਮ-ਫ਼ੌਜੀ ਬਲਾਂ ਦੀਆਂ ਟੁੱਕੜੀਆਂ ਤਾਇਨਾਤ ਸਨ। ਵਾਦੀ ਵਿਚ ਸਾਰੇ ਵਿੱਦਿਅਕ ਅਦਾਰਿਆਂ ਵਿਚ ਦੋ ਦਿਨਾਂ ਦੀ ਛੁੱਟੀ ਐਲਾਨੀ ਗਈ ਹੈ। ਇੰਟਰਨੈੱਟ ਦੀ ਸਪੀਡ ਸੀਮਤ ਕਰ ਦਿੱਤੀ ਗਈ ਹੈ। ਹਿੰਸਕ ਝੜਪਾਂ ਦੌਰਾਨ ਜੰਮੂ



ਡਵੀਜ਼ਨ ਦੇ ਪੁਣਛ, ਕਿਸ਼ਤਵਾੜ, ਡੋਡਾ, ਰਾਜੌਰੀ ਜ਼ਿਲ੍ਹਿਆਂ ਵਿਚ ਵੀ ਬੰਦ ਰਿਹਾ ਤੇ ਕਈ ਥਾਈ ਰੋਸ ਮੁਜ਼ਾਹਰੇ ਹੋਏ। ਮੁੱਤਾਹਿਦਾ ਮਜਸਿਲ ਏ ਉਲੇਮਾ ਦੇ ਚੇਅਰਮੈਨ ਮੀਰਵਾਈਜ਼ ਉਮਰ ਫ਼ਾਰੂਕ ਨੇਂ ਐਤਵਾਰ ਨੂੰ ਹੀ ਦੋ ਮਾਰਚ ਨੂੰ ਕਸ਼ਮੀਰ ਬੰਦ ਦਾ ਸੱਦਾ ਵੀ ਦੇ ਦਿੱਤਾ ਸੀ।

# ਇਰਾਨ ਨੂੰ ਮਿਜ਼ਾਈਲਾਂ ਵੇਚਣ ਤੋਂ ਚੀਨ ਦੀ ਨਾਂਹ

**ਬੀਜਿੰਗ:** ਚੀਨ ਨੇ ਈਰਾਨ 'ਤੇ ਅਮਰੀਕੀ ਇਜ਼ਰਾਇਲੀ ਹਵਾਈ ਹਮਲਿਆਂ ਤੋਂ ਪਹਿਲਾਂ ਸੀਐੱਮ-302 ਸੁਪਰਸੋਨਿਕ ਐਂਟੀ ਸ਼ਿਪ ਮਿਜ਼ਾਈਲਾਂ ਵੇਚਣ ਦੇ ਸੌਦੇ ਨੂੰ ਅੰਤਿਮ ਰੂਪ ਦੇਣ ਦੀਆਂ ਖ਼ਬਰਾਂ ਦਾ ਖੰਡਨ ਕੀਤਾ। ਮੀਡੀਆ ਰਿਪੋਰਟਾਂ ਮੁਤਾਬਕ, ਜੇਕਰ ਇਹ ਮਿਜ਼ਾਈਲਾਂ ਉਪਲਬਧ ਕਰਾਈਆਂ ਜਾਂਦੀਆਂ ਹਨ ਤਾਂ ਹਾਲੀਆ ਸਾਲਾਂ 'ਚ ਇਹ ਚੀਨ ਵੱਲੋਂ ਈਰਾਨ ਨੂੰ ਟਰਾਂਸਫਰ ਕੀਤੇ ਜਾਣ




ਵਾਲੇ ਸਭ ਤੋਂ ਉੱਨਤ ਫ਼ੌਜੀ ਉਪਕਰਨਾਂ 'ਚੋਂ ਇਕ ਹੋਣਗੀਆਂ। ਚੀਨੀ ਵਿਦੇਸ਼ ਮੰਤਰਾਲੇ ਦੀ ਤਰਜਮਾਨ ਮਾਓ ਨਿੰਗ ਨੇ ਕਿਹਾ ਕਿ ਸੌਦੇ ਦੀ ਖ਼ਬਰ ਗ਼ਲਤ ਪ੍ਰਚਾਰ ਮੁਹਿੰਮ ਦਾ ਹਿੱਸਾ ਹੈ। ਉਨ੍ਹਾਂ ਕਿਹਾ ਕਿ ਇਹ ਰਿਪੋਰਟ ਸੱਚ ਨਹੀਂ ਹੈ। ਇਕ ਜ਼ਿੰਮੇਵਾਰ ਦੇਸ਼ ਦੇ ਰੂਪ 'ਚ ਚੀਨ ਹਮੇਸ਼ਾ ਆਪਣੀਆਂ ਅੰਤਰਰਾਸ਼ਟਰੀ ਜ਼ਿੰਮੇਵਾਰੀਆਂ ਦੀ ਪਾਲਣਾ ਕਰਦਾ ਹੈ।

# ਛੱਤੀਸਗੜ੍ਹ 'ਚ ਸੱਤ ਵਿਅਕਤੀਆਂ ਦੀ ਸਿੱਖ ਪੰਥ 'ਚ ਵਾਪਸੀ

**ਭਿਲਾਈ:**ਛੱਤੀਸਗੜ੍ਹ ਦੇ ਦੁਰਗ ਜ਼ਿਲ੍ਹੇ 'ਚ ਯੂਥ ਸਿੱਖ ਸੇਵਾ ਕਮੇਟੀ ਸਿੱਖ ਪੰਥ ਤੋਂ ਦੂਰ ਹੋ ਚੁੱਕੇ ਧਰਮ ਬਦਲ ਚੁੱਕੇ ਪਰਿਵਾਰਾਂ ਨੂੰ ਮੁੜ ਸਮਾਜ ਦੀ ਮੁੱਖ ਧਾਰਾ ਨਾਲ ਜੋੜਨ ਲਈ ਘਰ ਵਾਪਸੀ ਮੁਹਿੰਮ ਚਲਾ ਰਹੀ ਹੈ। ਕਮੇਟੀ ਦੇ ਇੰਦਰਜੀਤ ਸਿੰਘ ਦੀ ਅਗਵਾਈ 'ਚ ਹੁਣ ਤੱਕ ਦੋ ਪਰਿਵਾਰਾਂ ਦੇ ਸੱਤ ਮੈਂਬਰਾਂ ਦੀ ਸਿੱਖ ਪੰਥ 'ਚ ਵਾਪਸੀ ਕਰਵਾਈ ਜਾ ਚੁੱਕੀ ਹੈ। ਇਸ ਤੋਂ ਇਲਾਵਾ, ਭਿਲਾਈ-ਦੁਰਗ ਦੇ ਲਗਪਗ 10 ਹੋਰਨਾਂ ਪਰਿਵਾਰਾਂ ਨਾਲ ਗੱਲਬਾਤ ਤੇ ਕੌਂਸਲਿੰਗ ਦੀ ਪ੍ਰਕਿਰਿਆ ਜਾਰੀ ਹੈ। ਛੱਤੀਸਗੜ੍ਹ ਸਮੇਤ ਪੰਜਾਬ ਦੇ ਅੰਮ੍ਰਿਤਸਰ, ਸਰਹੱਦੀ, ਮਾਝਾ ਖੇਤਰ, ਗੁਰਦਾਸਪੁਰ, ਜਲੰਧਰ, ਲੁਧਿਆਣਾ, ਫਿਰੋਜ਼ਪੁਰ ਤੇ ਤਰਨਤਾਰਨ 'ਚ ਧਰਮ ਤਬਦੀਲੀ ਦੇ ਮਾਮਲੇ ਵੱਧ ਰਹੇ ਹਨ।ਕਮੇਟੀ ਪਰਿਵਾਰਾਂ ਨੂੰ ਸਿੱਖ ਇਤਿਹਾਸ, 10 ਗੁਰੂਆਂ ਦੀਆਂ ਸਿੱਖਿਆਵਾਂ, ਫ਼ੌਜੀਆਂ ਦੀਆਂ ਸ਼ਹੀਦੀਆਂ ਤੇ ਸਿੱਖ ਰਵਾਇਤਾਂ ਦੀ ਜਾਣਕਾਰੀ ਦੇ ਰਹੀ ਹੈ। ਕਮੇਟੀ ਦਾ ਕਹਿਣਾ ਹੈ। ਕਿ ਇਹ ਪਹਿਲ ਧਾਰਮਿਕ ਦੇ ਨਾਲ-ਨਾਲ ਸਮਾਜਿਕ ਤੇ ਸੱਭਿਆਚਾਰਕ ਮੁੜ-ਗੱਲਬਾਤ। ਦੀ ਕੋਸ਼ਿਸ਼ ਹੈ। ਘਰ ਵਾਪਸੀ ਦੀ ਪ੍ਰਕਿਰਿਆ। ਗੁਰਦੁਆਰਿਆਂ 'ਚ ਅਰਦਾਸ ਨਾਲ ਸੰਪੰਨ ਹੁੰਦੀ ਹੈ। ਪਰਤਣ ਵਾਲੇ ਪਰਿਵਾਰਾਂ ਨੂੰ ਸਿਰੋਪਾਓ ਪਾ ਕੇ ਸਨਮਾਨਿਤ ਕੀਤਾ ਜਾਂਦਾ ਹੈ। ਕਮੇਟੀ ਦਾ ਕਹਿਣਾ ਹੈ ਕਿ ਆਉਣ ਵਾਲੇ ਸਮੇਂ 'ਚ ਇਹ ਮੁਹਿੰਮ ਹੋਰ ਵੱਡੇ ਪੱਧਰ 'ਤੇ ਚਲਾਈ ਜਾਵੇਗੀ।



# ਯੂਨੀਵਰਸਿਟੀ ਕਾਲਜ ਜੰਡਿਆਲਾ ਵਿਖੇ ਕੌਮਾਂਤਰੀ ਮਾਤ ਭਾਸ਼ਾ ਦਿਵਸ ਨੂੰ ਸਮਰਪਿਤ ਸੈਮੀਨਾਰ

**ਜੰਡਿਆਲਾ:**ਗੁਰੂ ਗੋਬਿੰਦ ਸਿੰਘ ਯੂਨੀਵਰਸਿਟੀ ਕਾਲਜ ਜੰਡਿਆਲਾ (ਮੰਜਕੀ) ਵਿਖੇ ਕਾਲਜ ਇੰਚਾਰਜ ਜਸ਼ਨਜੋਤ ਸਿੰਘ ਜੌਹਲ ਦੀ ਅਗਵਾਈ ਹੇਠ ਤੇ ਜੰਡਿਆਲਾ ਲੋਕ ਭਲਾਈ ਮੰਚ ਦੇ ਸਹਿਯੋਗ ਨਾਲ ਪੰਜਾਬੀ ਵਿਭਾਗ ਦੇ ਉਪਰਾਲੇ ਤਹਿਤ ਕੌਮਾਂਤਰੀ ਮਾਤ ਭਾਸ਼ਾ ਦਿਵਸ ਨੂੰ ਸਮਰਪਿਤ ਸੈਮੀਨਾਰ ਕੀਤਾ ਗਿਆ। ਇਸ ਸਮਾਗਮ ਦਾ ਮੁੱਖ ਉਦੇਸ਼ ਵਿਦਿਆਰਥੀਆਂ ਨੂੰ ਆਪਣੀ ਮਾਂ ਬੋਲੀ ਦੀ ਮਹੱਤਤਾ ਤੋਂ ਜਾਣੂ ਕਰਵਾਉਣਾ ਅਤੇ ਇਸ ਦੇ ਪ੍ਰਸਾਰ ਲਈ ਪ੍ਰੇਰਿਤ ਕਰਨਾ ਸੀ। ਇਸ ਸਮਾਗਮ ਵਿੱਚ ਸ੍ਰੀ ਦੀਪਕ ਬਾਲੀ (ਸਲਾਹਕਾਰ ਸੱਭਿਆਚਾਰਕ ਮਾਮਲੇ ਵਿਭਾਗ, ਪੰਜਾਬ) ਨੇ ਮੁੱਖ ਮਹਿਮਾਨ ਵਜੋਂ ਸ਼ਿਰਕਤ ਕੀਤੀ। ਡਾ.ਵਰਿਆਮ ਸਿੰਘ ਸੰਧੂ (ਭਾਰਤੀ ਸਾਹਿਤ ਅਕਾਦਮੀ ਐਵਾਰਡੀ) ਇਸ ਸਮਾਗਮ ਦੇ ਮੁੱਖ ਵਕਤਾ ਸਨ।ਸ੍ਰੀ ਸਤਨਾਮ ਚਾਨਾ ਅਤੇ ਡਾ.ਜਸਪਾਲ ਸਿੰਘ ਰੰਧਾਵਾ ਨੇ ਵਿਸ਼ੇਸ਼ ਮਹਿਮਾਨ ਵਜੋਂ ਸ਼ਮੂਲੀਅਤ ਕੀਤੀ।

ਇਸ ਮੌਕੇ ਕਾਲਜ ਇੰਚਾਰਜ ਜਸ਼ਨਜੋਤ ਸਿੰਘ ਜੌਹਲ ਨੇ ਆਏ ਹੋਏ ਮਹਿਮਾਨਾਂ ਨੂੰ ਫ਼ੁੱਲਾਂ ਦੇ ਗੁਲਦਸਤੇ ਭੇਂਟ ਕੀਤੇ ਤੇ ਨਿੱਘਾ ਸਵਾਗਤ ਕੀਤਾ। ਉਨ੍ਹਾਂ ਨੇ ਕੌਮਾਂਤਰੀ ਮਾਤ ਭਾਸ਼ਾ ਦਿਵਸ ਦੀਆਂ ਵਧਾਈਆ ਦਿੱਤੀਆਂ ਅਤੇ ਵਰਤਮਾਨ ਸਮੇਂ ਵਿੱਚ ਪੰਜਾਬੀ ਭਾਸ਼ਾ ਦੀ ਸਥਿਤੀ ਤੇ ਪ੍ਰਸ਼ੰਸਾ ਯੋਗ ਚਾਨਣ ਪਾਇਆ। ਮੁੱਖ ਵਕਤਾ ਡਾ.ਸੰਧੂ ਵਿਦਿਆਰਥੀਆਂ ਦੇ ਰੂਬਰੂ ਹੋਏ ਅਤੇ ਉਹਨਾਂ ਨੇ ਵਿਦਿਆਰਥੀਆਂ ਨੂੰ ਮਾਂ ਬੋਲੀ ਦੀ ਮਹੱਤਤਾ ਸੰਬੰਧੀ ਜਾਣੂ ਕਰਵਾਉਂਦਿਆਂ ਪੰਜਾਬੀ ਮਾਂ ਬੋਲੀ ਦੀਆਂ ਕਿੱਤਾ ਮੁੱਖੀ ਸੰਭਾਵਨਾਵਾਂ ਪ੍ਰਤੀ ਉਤਸ਼ਾਹਿਤ ਕੀਤਾ ਅਤੇ ਮਾਂ ਬੋਲੀ ਦੀ ਪ੍ਰਫੁੱਲਿਤਾ ਲਈ ਅਹਿਦ ਵੀ ਲਿਆ। ਸ੍ਰੀ ਦੀਪਕ ਬਾਲੀ ਨੇ ਸੰਬੋਧਨ ਕਰਦੇ ਹੋਏ ਕਿਹਾ ਕਿ ਮਾਤ ਭਾਸ਼ਾ ਹੀ ਇੱਕ ਅਜਿਹਾ ਮਾਧਿਅਮ ਹੈ ਜੋ ਮਨੁੱਖ ਅੰਦਰ ਸਵੈ-ਵਿਸ਼ਵਾਸ, ਸਵੈ-ਮਾਣ ਤੇ ਸਵੈ-ਪਹਿਚਾਣ ਦਾ ਆਧਾਰ ਮਜਬੂਤ ਕਰਦੀ ਹੈ।ਸ੍ਰੀ ਸਤਨਾਮ ਚਾਨਾ ਨੇ ਵਿਦਿਆਰਥੀਆਂ ਨੂੰ ਪੰਜਾਬੀ ਮਾਂ ਬੋਲੀ ਨੂੰ ਬਣਦਾ ਮਾਣ ਸਤਿਕਾਰ ਦੇਣ ਦੀ ਅਪੀਲ ਕੀਤੀ। ਡਾ ਜਸਪਾਲ ਸਿੰਘ ਰੰਧਾਵਾ ਨੇ ਵਿਦਿਆਰਥੀਆਂ ਨੂੰ ਸਾਰੀਆਂ ਭਾਸ਼ਾਵਾਂ ਖਾਸਕਰ ਮਾਂ ਬੋਲੀ ਵਿੱਚ ਪਰਪੱਕ ਹੋਣ ਦੀ ਗੁਜ਼ਾਰਿਸ਼ ਕੀਤੀ।




ਇਸ ਮੌਕੇ ਕਾਲਜ ਇੰਚਾਰਜ ਜੌਹਲ ਨੇ ਜੰਡਿਆਲਾ ਲੋਕ ਭਲਾਈ ਮੰਚ ਦੇ ਜਨਰਲ ਸਕੱਤਰ ਸ੍ਰੀ ਤਰਸੇਮ ਸਿੰਘ,ਜਸਵਿੰਦਰ ਸਿੰਘ, ਬਲਕਾਰ ਸਿੰਘ,ਵਿਜੇ ਧਾਰਨੀ, ਸ.ਚਮਕੌਰ ਸਿੰਘ ਸੰਧੂ, ਸ.ਬਲਵਿੰਦਰ ਗਿੱਲ ਸਮੇਤ ਸਾਰੇ ਮਹਿਮਾਨਾਂ, ਵਕਤਾਵਾਂ ਅਤੇ ਭਾਗੀਦਾਰਾਂ ਦਾ ਧੰਨਵਾਦ ਕੀਤਾ। ਕਾਲਜ ਇੰਚਾਰਜ ਜਸ਼ਨਜੋਤ ਸਿੰਘ ਜੌਹਲ ਨੇ ਚਮਕੌਰ ਸਿੰਘ ਕੈਨੇਡਾ,ਬਲਵਿੰਦਰ ਸਿੰਘ ਨਿਊਯਾਰਕ ਅਤੇ ਸ਼ਿੰਗਾਰਾ ਸਿੰਘ ਦਾ ਵਿਸ਼ੇਸ਼ ਤੌਰ ਤੇ ਸਨਮਾਨ ਕੀਤਾ। ਉਨ੍ਹਾਂ ਨੇ ਵੱਡੀਆਂ ਸ਼ਖਸ਼ੀਅਤਾਂ ਵੱਲੋਂ ਵਿਦਿਆਰਥੀਆਂ ਨੂੰ ਅਨਮੁੱਲੇ ਗਿਆਨ ਅਤੇ ਵਿਚਾਰਾਂ ਦੀ ਸਾਂਝ ਵੰਡਣ ਲਈ ਤਹਿ ਦਿਲੋਂ ਸ਼ੁਕਰਾਨਾ ਕੀਤਾ।ਸਮੂਹ ਅਧਿਆਪਕ ਅਤੇ ਵਿਦਿਆਰਥੀਆਂ ਦੀ ਮਿਹਨਤ ਸਦਕਾ ਇਹ ਸਮਾਗਮ ਸਫ਼ਲਤਾ ਪੂਰਵਕ ਸੰਪੰਨ ਹੋਇਆ।ਮੰਚ ਸੰਚਾਲਨ ਡਾ.ਤਰਨਪ੍ਰੀਤ ਕੌਰ (ਪੰਜਾਬੀ ਵਿਭਾਗ) ਨੇ ਕੀਤਾ।

# ਫਿਰੋਜ਼ਪੁਰ ਅਤੇ ਫ਼ਰੀਦਕੋਟ ਜੇਲ੍ਹਾਂ 'ਚੋਂ 36 ਮੋਬਾਈਲ ਬਰਾਮਦ

**ਫਿਰੋਜ਼ਪੁਰ/ ਫਰੀਦਕੋਟ:**ਪੁਲਿਸ ਤੋਂ ਜੇਲ੍ਹ ਪ੍ਰਸ਼ਾਸਨ ਦੀ ਸਾਂਝੀ ਤਲਾਸ਼ੀ ਮੁਹਿੰਮ 'ਚ ਕੇਂਦਰੀ ਜੇਲ੍ਹ ਫਿਰੋਜ਼ਪੁਰ ਤੇ ਕੇਂਦਰੀ ਮਾਡਰਨ ਜੇਲ ਫ਼ਰੀਦਕੋਟ 'ਚੋਂ 36 ਮੋਬਾਈਨ ਫੋਨ ਤੇ ਹੋਰ ਸਾਮਾਨ ਨ ਬਰਾਮਦ ਹੋਇਆ ਹੈ। ਥਾਣਾ ਸਿਟੀ ਫਿਰੋਜ਼ਪੁਰ 5 ਜੇਲ੍ਹ ਅਧਿਕਾਰੀਆਂ ਦੀ ਸ਼ਿਕਾਇਤ 'ਤੇ ਉਨ੍ਹਾਂ ਕੇਂਦਰੀ ਜੇਲ੍ਹ ਫਿਰੋਜ਼ਪੁਰ 'ਚ ਅਚਨਚੇਤ ਬੈਰਕਾਂ 5 'ਤੇ ਕੈਦੀਆਂ ਦੀ ਤਲਾਸ਼ੀ ਲਈ। ਇਸ ਦੌਰਾਨ ਤੇ ਹੋਏ। ਐੱਸਆਈ ਸੁਖਦੇਵ ਸਿੰਘ ਨੇ ਦੱਸਿਆ ਕਿ15 ਦੀ ਚੈਕਿੰਗ ਕੀਤੀ ਤੇ ਵੱਖ-ਵੱਖ ਹਵਾਲਾਤੀਆਂ ਕੋਲੋਂ 19 ਮੋਬਾਇਲਬ ਫੋਨ, 2 ਡਾਟਾ ਕੇਬਲ, 2 ਈਅਰ ਫੋਨ ਬਰਾਮਦ ਦਾ ਮਾਮਲਾ ਦਰਜ ਕੀਤਾ ਹੈ। ਓਧਰ ਫ਼ਰੀਦਕੋਟ ਦੀ ਕੇਂਦਰੀ ਮਾਡਰਨ ਜੇਲ੍ਹ 'ਚੋਂ ਪੁਲਿਸ ਨੇ ਵੱਖ-ਵੱਖ ਆਪ੍ਰੇਸ਼ਨਾਂ ਦੌਰਾਨ 17 ਮੋਬਾਈਲ ਫੋਨ ਲਾਵਾਰਸ ਹਾਲਤ 'ਚ ਬਰਾਮਦ ਕੀਤੇ ਹਨ। ਸਹਾਇਕ ਸੁਪਰਡੈਂਟ ਕਮਲਜੀਤ ਸਿੰਘ ਮੁਤਾਬਕ ਜਨਵਰੀ 'ਚ ਜੇਲ੍ਹ ਦੇ ਵੱਖ-ਵੱਖ ਦਿਨਾਂ ਦੇ ਸਰਚ ਆਪ੍ਰੇਸ਼ਨ ਦੌਰਾਨ ਕੁੱਲ 24 ਮੋਬਾਈਲ ਫੋਨ ਬਰਾਮਦ .ਕੀਤੇ ਗਏ ਸਨ, ਜਦਕਿ ਇਸ ਤੋਂ ਪਹਿਲਾਂ ਫਰਵਰੀ ਮਹੀਨੇ 'ਚ ਵੀ ਤਿੰਨ ਵਾਰ ਜਾਂਚ ਦੌਰਾਨ 21 ਮੋਬਾਈਲ ਫੋਨ ਬਰਾਮਦ ਕੀਤੇ ਜਾ ਚੁੱਕੇ ਹਨ। ਇਸ ਤਰ੍ਹਾਂ ਫਰਵਰੀ 'ਚ ਬਰਾਮਦ ਫੋਨਾਂ ਦੀ ਗਿਣਤੀ 38 ਹੋ ਚੁੱਕੀ ਹੈ।



# ਕਮਿਊਨਿਸਟਾਂ ਵਲੋਂ ਇਰਾਨ 'ਤੇ ਇਜ਼ਰਾਈਲ ਦੇ ਹਮਲੇ ਦੀ ਨਿਖੇਧੀ

ਚੰਡੀਗੜ੍ਹ:ਭਾਰਤੀ ਕਮਿਊਨਿਸਟ ਪਾਰਟੀ (ਮਾਰਕਸਵਾਦੀ-ਲੈਨਿਨਵਾਦੀ) ਨਿਊ ਡੈਮੋਕਰੇਸੀ ਦੀ ਪੰਜਾਬ ਰਾਜ ਕਮੇਟੀ ਨੇ ਅਮਰੀਕਾ- ਇਜ਼ਰਾਈਲ ਵੱਲੋਂ ਈਰਾਨ ਉੱਪਰ ਕੀਤੇ ਹਮਲੇ ਦੀ ਜ਼ੋਰਦਾਰ ਨਿਖੇਧੀ ਕੀਤੀ ਹੈ। ਪਾਰਟੀ ਵੱਲੋਂ ਸੂਬਾਈ ਆਗੂ ਕਾਮਰੇਡ ਅਜਮੇਰ ਸਿੰਘ ਨੇ ਕਿਹਾ ਕਿ ਇਹ ਹਮਲਾ ਈਰਾਨ ਤੋਂ ਸੰਭਾਵਤ ਖਤਰੇ ਨੂੰ ਬਹਾਨਾ ਬਣਾ ਕੇ ਕੀਤਾ ਗਿਆ ਹੈ। ਅਮਰੀਕਾ ਵੱਲੋਂ ਇਸ ਹਮਲੇ 'ਚ ਈਰਾਨ ਦਾ ਸੁਪਰੀਮ ਲੀਡਰ ਆਇਤ ਉਲ ਅਲੀ ਖਾਮਨੇਈ, ਰੱਖਿਆ ਮੰਤਰੀ, ਰੈਵੋਲੂਸ਼ਨਰੀ ਗਾਰਡ, ਕਮਾਂਡਰ ਅਤੇ ਸੈਂਕੜੇ ਲੋਕ ਮਾਰੇ ਗਏ ਹਨ ਅਤੇ ਇਰਾਨ ਵਿੱਚ ਰਾਜ ਪਲਟਾ ਕੀਤੇ ਜਾਣ ਦਾ ਐਲਾਨ ਕੀਤਾ ਗਿਆ ਹੈ। ਅਮਰੀਕਾ ਇਹ ਸਾਰੀ ਗੁੰਡਾਗਰਦੀ ਈਰਾਨ ਦੇ ਤੇਲ ਭੰਡਾਰਾਂ ਅਤੇ ਰੂਟਾਂ ਉੱਪਰ ਕਬਜ਼ਾ ਕਰਨ ਲਈ ਕਰ ਰਿਹਾ ਹੈ। ਅਮਰੀਕਾ ਸੰਸਾਰ ਚੌਧਰ ਮੁੜ ਸਥਾਪਤ ਕਰਨ ਲਈ ਵੱਖਰੇ-ਵੱਖਰੇ ਦੇਸ਼ਾਂ ਨੂੰ ਡਰਾਉਣ ਧਮਕਾਉਣ, ਰਾਜ ਪਲਟੇ ਕਰਵਾਉਣ ਅਤੇ ਲੋਕਾਂ ਵੱਲੋਂ ਚੁਣੇ ਗਏ ਮੁਖੀਆਂ ਤੂੰ ਮਾਰਨ ਜਾਂ ਗਿਰਫਤਾਰ ਕਰਨ ਦੀ ਮੁਹਿੰਮ ਵਿੱਚ ਜੁਟਿਆ ਹੋਇਆ ਹੈ। ਉਨ੍ਹਾਂ ਕਿਹਾ ਕਿ ਇੱਕ ਪਾਸੇ ਅਮਰੀਕਾ ਈਰਾਨ ਨਾਲ ਪ੍ਰਮਾਣੂ ਪ੍ਰੋਗਰਾਮ ਸਬੰਧੀ ਗੱਲਬਾਤ ਕਰ ਰਿਹਾ ਸੀ ਅਤੇ ਦੂਜੇ ਪਾਸੇ ਬਿਨਾਂ ਭੜਕਾਹਟ ਤੋਂ ਈਰਾਨ ਉੱਪਰ ਹਮਲਾ ਕਰ ਕੇ ਸੰਸਾਰ ਅਮਨ ਲਈ ਖਤਰਾ ਪੈਦਾ ਕੀਤਾ ਗਿਆ ਹੈ। ਉਨ੍ਹਾਂ ਕਿਹਾ ਕਿ ਅਮਰੀਕੀ ਰਾਸ਼ਟਰਪਤੀ ਦੋਸ਼ ਮੜ੍ਹ ਰਿਹਾ ਕਿ ਈਰਾਨ ਅਜਿਹੀਆਂ ਮਿਜ਼ਾਈਲ ਪ੍ਰਣਾਲੀਆਂ ਅਤੇ ਪ੍ਰਮਾਣੂ ਹਥਿਆਰ ਵਿਕਸਤ ਕਰ ਰਿਹਾ ਸੀ, ਜਿਨ੍ਹਾਂ ਦੀ ਪਹੁੰਚ ਅਮਰੀਕਾ ਤੱਕ ਹੋ ਸਕਦੀ ਸੀ। ਇਸ ਨੂੰ ਖਤਰਾ ਦਰਸਾ ਕੇ ਇਹ ਹਮਲਾ ਕੀਤਾ ਗਿਆ ਹੈ।


## 'ਹਿਸਟੋਰੀਕਲ ਸਿੱਖ ਸ਼ਰਾਈਨਜ਼' ਕਿਤਾਬ ਖਰੀਦੋ

## HISTORICAL SIKH SHRINES

ਗੁਰੂ ਨਾਨਕ ਸਾਹਿਬ ਤੋਂ ਗੁਰੂ ਗੋਬਿੰਦ ਸਿੰਘ ਜੀ ਤੀਕ ਦੇ ਸਾਰੇ ਇਤਿਹਾਸਕ ਗੁਰਦੁਆਰਿਆਂ ਦਾ ਇਤਿਹਾਸ, ਪਿੰਡ/ਨਗਰ ਦਾ ਨਕਸ਼ਾ ਅਤੇ ਰੰਗੀਨ ਤਸਵੀਰਾਂ ਦੀ ਇੱਕੋ-ਇਕ ਕਿਤਾਬ।

ਦਰਅਸਲ ਇਹ ਸਾਰੇ ਇਤਿਹਾਸਕ ਗੁਰਦੁਆਰਿਆਂ ਦਾ ਐਨਸਾਈਕਲੋਪੀਡੀਆ ਹੈ।

ਇਹੋ ਜਿਹੀ ਕਿਤਾਬ ਨਾ ਪਹਿਲਾਂ ਛਪੀ ਹੈ ਤੇ ਇਹ ਐਡੀਸ਼ਨ ਖ਼ਤਮ ਹੋਣ ਮਗਰੋਂ ਦੋਬਾਰਾ ਛਪਣ ਦਾ ਕੋਈ ਪਤਾ ਨਹੀਂ।

ਇਸ ਕਰ ਕੇ ਅੱਜ ਹੀ ਇਸ ਦਾ ਆਰਡਰ ਦਿਓ ਤੇ ਆਪਣੇ ਘਰ ਬੈਠੇ ਹਾਸਿਲ ਕਰੋ।

ਇਹ ਕਿਤਾਬ ਆਰਟ ਪੇਪਰ 'ਤੇ ਚਾਰ ਰੰਗੀ ਛਪਾਈ ਵਿਚ ਛਪੀ ਹੈ। ਇਸ ਦੀ ਬਹੁਤ ਵਧੀਆ ਜਿਲਦ ਹੈ ਅਤੇ ਇਹ ਇਕ ਖ਼ੂਬਸੂਰਤ ਮਜ਼ਬੂਤ ਡੱਬੇ ਵਿਚ ਭੇਜੀ ਜਾਂਦੀ ਹੈ। ਇਹ ਏਡੀ ਵੱਡੀ ਕਿਤਾਬ ਹੈ ਕਿ ਇਸ ਦੀ ਇਕ ਕਾਪੀ ਦਾ ਭਾਰ 4 ਕਿਲੋ ਹੈ। ਇਸ ਨੂੰ ਕੋਰੀਅਰ ਰਾਹੀਂ ਭੇਜਣ ਦਾ ਖ਼ਰਚ 3500 ਰੁਪੈ ਹੈ। ਅਮਰੀਕਾ ਵਿਚ ਇਹ ਤੁਹਾਨੂੰ ਸਿਰਫ਼ 125 ਡਾਲਰ ਵਿਚ ਮਿਲੇਗੀ


### ਨਵਾਂ ਤੇ ਵੱਡਾ ਮਹਾਨ ਕੋਸ਼

ਚਾਰ ਜਿਲਦਾਂ ਵਿਚ, 2748 ਸਫ਼ੇ ਦੀ ਇਹ ਮਹਾਨ ਰਚਨਾ ਇਸ ਸਦੀ ਦੀ ਸਭ ਤੋਂ ਵੱਡੀ ਤੇ ਮਹੱਤਵਪੂਰਨ ਕਿਤਾਬ ਹੈ। ਇਸ ਵਿਚ ਗੁਰੂ ਗ੍ਰੰਥ ਸਾਹਿਬ ਦੇ ਇਕ-ਇਕ ਲਫ਼ਜ਼ ਤੇ ਸ਼ਬਦ ਦੇ ਅਰਥ ਅਤੇ ਉਸ ਲਫ਼ਜ਼ ਦਾ ਪ੍ਰਾਕ੍ਰਿਤ, ਅਪਭ੍ਰੰਸ਼, ਪਾਲੀ, ਸੰਸਕ੍ਰਿਤ, ਫ਼ਾਰਸੀ ਤੇ ਅਰਬੀ ਬੋਲੀਆਂ ਦਾ ਪਿਛੋਕੜ ਵੀ ਦੱਸਿਆ ਗਿਆ ਹੈ।

ਇਸ ਵਿਚ 2500 ਦੇ ਕਰੀਬ ਜੀਵਨੀਆਂ ਹਨ। ਇਸ ਵਿਚ 1000 ਤੋਂ ਵਧ ਗੁਰਦੁਆਰਿਆਂ, ਮੰਦਰਾਂ, ਸ਼ਹਿਰਾਂ ਅਤੇ ਦੇਸ਼ਾਂ ਬਾਰੇ ਜਾਣਕਾਰੀ ਮਿਲਦੀ ਹੈ। ਇਸ ਵਿਚ ਹਰ ਇਕ ਸਿੱਖ ਸਿਧਾਂਤ (ਫ਼ਿਲਾਸਫ਼ੀ) ਬਾਰੇ ਤਫ਼ਸੀਲ ਨਾਲ ਬਿਆਨ ਕੀਤਾ ਹੋਇਆ ਮਿਲਦਾ ਹੈ। ਇਸ ਸੈਟ ਦਾ ਭਾਰ ਸਾਢੇ 8 ਕਿਲੋ ਹੈ। ਇਸ ਨੂੰ ਕੋਰੀਅਰ ਰਾਹੀਂ ਭੇਜਣ ਦਾ ਖ਼ਰਚ 7000 ਰੁਪੈ ਹੈ। ਅਮਰੀਕਾ ਵਿਚ ਇਹ ਤੁਹਾਨੂੰ ਸਿਰਫ਼ 135 ਡਾਲਰ ਵਿਚ ਮਿਲੇਗੀ (ਸਣੇ ਕੋਰੀਅਰ ਖ਼ਰਚ)।

### ਗੁਰੂ ਗ੍ਰੰਥ ਸਾਹਿਬ (English translation)

ਗੁਰੂ ਗ੍ਰੰਥ ਸਾਹਿਬ (ਅੰਗ੍ਰੇਜ਼ੀ ਟਰਾਂਸਲੇਸ਼ਨ): ਗੁਰੂ ਗ੍ਰੰਥ ਸਾਹਿਬ ਦਾ ਇੱਕੋ ਇਕ ਅੰਗ੍ਰੇਜ਼ੀ ਟਰਾਂਸਲੇਸ਼ਨ ਜਿਸ ਨੂੰ ਅਜਿਹੀ ਬੋਲੀ ਵਿਚ ਲਿਖਿਆ ਹੈ ਕਿ ਹਰ ਇਕ ਨੂੰ ਸੌਖਿਆਂ ਸਮਝ ਆ ਜਾਵੇ। ਇਸ ਵਿਚ ਗੁਰਮੁਖੀ ਵਿਚ ਗੁਰਬਾਣੀ ਦੇ ਸ਼ਬਦ, ਅੰਗ੍ਰੇਜ਼ੀ (ਰੋਮਨ) ਵਿਚ ਗੁਰਬਾਣੀ (ਟਰਾਂਸਲਿਟਰੇਸ਼ਨ), ਅਤੇ ਅੰਗ੍ਰੇਜ਼ੀ ਵਿਚ ਟੀਕਾ (ਟਰਾਂਸਲੇਸ਼ਨ) ਸ਼ਾਮਿਲ ਹੈ। ਸੱਤ ਜਿਲਦਾਂ ਵਿਚ ਸੰਪੂਰਨ। ਇਸ ਨੂੰ ਕੋਰੀਅਰ ਰਾਹੀਂ ਭੇਜਣ ਦਾ ਖ਼ਰਚ 8000 ਰੁਪੈ ਹੈ। ਸਿਰਫ਼ 150 ਡਾਲਰ ਵਿਚ (ਸਣੇ ਕੋਰੀਅਰ ਖ਼ਰਚ)।




ਕਿਸੇ ਵੀ ਕਿਤਾਬ/ਕਿਤਾਬਾਂ ਨੂੰ ਖ਼ਰੀਦਣਾ ਚਾਹੁਣ ਵਾਲੇ ਹੇਠ ਲਿਖੇ ਪਤੇ 'ਤੇ ਰਕਮ ਜਮ੍ਹਾਂ ਕਰਵਾ ਕੇ ਕਿਤਾਬਾਂ ਹਾਸਲ ਕਰ ਸਕਦੇ ਹਨ:

**ਜਸਪ੍ਰੀਤ ਕੌਰ, ਫੋਨ: 224-422-4773**

**Punjab Times**
**Established in 2000**
**26th Year in Publication**

Published every Saturday
by **A B Publication Inc.**
20451 N Plum Grove Rd.
Palatine, IL 60074-2018
**Ph:847-359-0746**
**Fax:847-705-9388**
Email:punjabtimes1@gmail.com
www.punjabtimesusa.com
**Founder Editor:**
Amolak Singh Jammu
**Managing Editor**
Jaspreet Kaur
**Editor**
Lakhvinder S. Johal
**Astt. Editor**
Amrit Pal Kaur

**Photographer**
Kamaljit Singh Virdi
Ph. 847-502-2703
**Our Columnists**
Gurbakhsh Singh Bhandal
Buta Singh
Tarlochan Singh Dupalpur
**Corrspondents**
**California**
Ashok Bhaura
**New York**
Iqbal S. Jabowalia
917-375-6395

Postmaster: Please send address changes to Punjab Times, 20451 N. Plum Grove Rd., Palatine, IL 60074

**Distributed in:**
California, Illinois, Indiana, Ohio, Michigan, Wisconsin, Mississippi, Iowa, Arkansas, Massachusetts, Texas, Virginia, Nevada, Washington, Oregon, Arizona, Georgia, Florida, New York, New Jersey, Connecticut, Oklahoma, Pennsylvania, Missouri, Kentucky, Kansas.

**ਡਾਕ ਰਾਹੀਂ ਪਰਚਾ ਮੰਗਵਾਉਣ ਲਈ ਸਾਲਾਨਾ ਚੰਦਾ: 135 ਡਾਲਰ**

**ਨੋਟ:** ਪੰਜਾਬ ਟਾਈਮਜ਼ ਵਿਚ ਛਪੇ ਲੇਖਾਂ ਵਿਚਲੇ ਵਿਚਾਰਾਂ ਨਾਲ ਅਦਾਰਾ ਪੰਜਾਬ ਟਾਈਮਜ਼ ਦਾ ਸਹਿਮਤ ਹੋਣਾ ਜਰੂਰੀ ਨਹੀਂ ਹੈ। ਇਹ ਪਾਠਕਾਂ ਦੀ ਮਹਿਜ ਜਾਣਕਾਰੀ ਹਿੱਤ ਛਾਪੇ ਜਾਂਦੇ ਹਨ। ਉਨ੍ਹਾਂ ਦੇ ਸਹੀ ਜਾਂ ਗਲਤ ਹੋਣ ਬਾਰੇ ਫੈਸਲਾ ਪਾਠਕਾਂ ਦੇ ਹੱਥ ਵਿਚ ਹੈ।

ਪੰਜਾਬ ਟਾਈਮਜ਼ ਵਿਚ ਛਪੇ ਇਸ਼ਤਿਹਾਰ ਵਿਚ ਕੀਤੇ ਗਏ ਦਾਅਵੇ ਦੀ ਜ਼ਰੂਰੀ ਨਹੀਂ ਕਿ ਅਦਾਰਾ ਪੰਜਾਬ ਟਾਈਮਜ਼ ਤਾਈਦ ਕਰਦਾ ਹੋਵੇ। ਪਾਠਕ ਕਿਸੇ ਵੀ ਇਸ਼ਤਿਹਾਰ ਦੇ ਦਾਅਵੇ ਦੀ ਪੁਸ਼ਟੀ ਆਪ ਕਰ ਲੈਣ।

**Disclaimer**

The views expressed in the articles published in the columns of Punjab Times are that of their writers, and it is not implied that Punjab Times endorses them.

Sameway Punjab Times does not necessarily endorses the claim made in the advertisement published in Punjab Times.

**All disputes subject to Chicago jurisdiction.**

# ਇਰਾਨ 'ਚ ਅਸੀਂ ਜਿੱਤਣ ਲਈ ਲੜ ਰਹੇ ਹਾਂ: ਹੇਗਸੇਥ

**ਵਾਸ਼ਿੰਗਟਨ:** ਅਮਰੀਕਾ ਦੇ ਰੱਖਿਆ ਮੰਤਰੀ ਪੀਟ ਹੇਗਸੇਥ ਨੇ ਕਿਹਾ ਕਿ ਅਸੀਂ ਇਹ ਜੰਗ ਜਿੱਤਣ ਲਈ ਲੜ ਰਹੇ ਹਾਂ। ਉਨ੍ਹਾਂ ਨੇ ਇਹ ਬਿਆਨ ਈਰਾਨ 'ਚ ਅਮਰੀਕਾ-ਇਜ਼ਰਾਈਲ ਦੇ ਹਮਲਿਆਂ ਦੇ ਇਕ ਲੰਬੇ ਖੇਤਰੀ ਸੰਘਰਸ਼ 'ਚ ਬਦਲਣ ਦੀਆਂ ਵਧਦੀਆਂ ਚਿੰਤਾਵਾਂ 'ਤੇ ਦਿੱਤਾ ਹੈ। ਅਮਰੀਕੀ ਰੱਖਿਆ ਮੰਤਰੀ ਨੇ ਹਵਾਈ ਫ਼ੌਜ ਦੇ ਜਨਰਲ ਤੇ ਜਵਾਇੰਟ ਚੀਫ ਆਫ ਸਟਾਫ ਦੇ ਚੇਅਰਮੈਨ ਡੈਨ ਕੇਨ ਨਾਲਈਰਾਨ 'ਤੇ ਸ਼ਨਿਚਰਵਾਰ ਨੂੰ ਹਮਲੇ ਤੋਂ ਬਾਅਦ ਟਰੰਪ ਪ੍ਰਸ਼ਾਸਨ ਦੀ ਪਹਿਲੀ ਪ੍ਰੈੱਸ ਵਾਰਤਾ ਕੀਤੀ। ਹਾਲਾਂਕਿ ਅਮਰੀਕੀ ਰਾਸ਼ਟਰਪਤੀ ਡੋਨਾਲਡ ਟਰੰਪ ਨੇ ਕੁਝ ਪੱਤਰਕਾਰਾਂ ਨੂੰ ਨਿੱਜੀ ਤੌਰ 'ਤੇ ਫੋਨ ਇੰਟਰਵਿਊ ਦਿੱਤੀ, ਪਰ ਕੈਮਰੇ ਦੇ ਸਾਹਮਣੇ ਕੋਈ



ਗੱਲਬਾਤ ਨਹੀਂ ਕੀਤੀ। ਈਰਾਨ ਖ਼ਿਲਾਫ਼ ਮੁਹਿੰਮ ਸ਼ੁਰੂ ਹੋਣ ਤੋਂ ਬਾਅਦ ਸਿਰਫ਼ ਦੋ ਵੀਡੀਓ ਜਾਰੀ ਕੀਤੇ ਗਏ ਹਨ। ਹੇਗਸੇਥ ਨੇ ਕਿਹਾ ਕਿ ਆਪ੍ਰੇਸ਼ਨ ਈਰਾਨ ਦੇ ਮਿਜ਼ਾਈਲ ਖ਼ਤਰ ਤੇ ਉਸ ਦੀ ਨੇਵੀ ਨੂੰ ਨਸ਼ਟ ਕਰਨ ਦੇ ਨਾਲ ਹੀ ਪਰਮਾਣੂ ਖ਼ਤਰੇ ਨੂੰ ਖ਼ਤਮ ਕਰਨ ਦੇ ਲਿਹਾਜ਼ ਨਾਲ ਸਪਸ਼ਟ ਤਾਬਹਕੁੰਨ ਤੇ ਫ਼ੈਸਲਾਕੁੰਨ ਹੈ। ਉਨ੍ਹਾਂ ਕਿਹਾ ਕਿ ਅਸੀਂ ਜਿੱਤਣ ਲਈ ਲੜਦੇ ਹਾਂ ਤੇ ਅਸੀਂ ਸਮਾਂ ਜਾਂ ਜੀਵਨ ਬਰਬਾਦ ਨਹੀਂ ਕਰਦੇ।

# ਅਮਰੀਕੀ ਏਜੰਸੀ ਨੇ ਸਾਈਬਰ ਅਟੈਕ ਦਾ ਖ਼ਦਸ਼ਾ ਪ੍ਰਗਟਾਇਆ

**ਵਾਸ਼ਿੰਗਟਨ:** ਈਰਾਨ 'ਚ ਜਾਰੀ ਅਮਰੀਕੀ ਫ਼ੌਜੀ ਕਾਰਵਾਈ ਦੇ ਮੱਦੇਨਜ਼ਰ ਅਮਰੀਕੀ ਹੋਮਲੈਂਡ ਸਕਿਓਰਿਟੀ ਨੇ ਦੇਸ਼ 'ਚ ਸੰਭਾਵਿਤ ਲੋਨ ਵੂਲਫ (ਕਿਸੇ ਹਮਲੇ ਨੂੰ ਇਕੱਲੇ ਅੰਜਾਮ ਦੇਣਾ) ਹਮਲਿਆਂ ਤੇ ਸਾਈਬਰ ਅਟੈਕ ਨੂੰ ਲੈ ਕੇ ਚਿਤਾਵਨੀ ਜਾਰੀ ਕੀਤੀ ਹੈ। ਏਬੀਸੀ ਨਿਊਜ਼ ਦੇ ਮੁਤਾਬਕ, ਜਾਰੀ ਬੁਲੇਟਿਨ 'ਚ ਕਿਹਾ ਗਿਆ ਹੈ ਕਿ ਹਾਲਾਂਕਿ ਵੱਡੇ ਪੱਧਰ 'ਤੇ ਹਮਲੇ ਦਾ ਸ਼ੱਕ ਘੱਟ ਹੈ, ਫਿਰ ਵੀ ਈਰਾਨ ਤੇ ਉਸਦੇ ਸਹਿਯੋਗੀ ਨਿਸ਼ਾਨਾ ਬਣਾ ਕੇ ਹਮਲੇ ਕਰ ਸਕਦੇ ਹਨ। ਚਿਤਾਵਨੀ 'ਚ ਕਿਹਾ ਗਿਆ ਹੈ ਕਿ ਸਾਨੂੰ ਸਭ ਤੋਂ ਜ਼ਿਆਦਾ ਚਿੰਤਾ ਇਸਦੀ ਹੈ ਕਿ ਈਰਾਨ ਸਮਰਥਿਤ ਹੈਕਰ ਅਮਰੀਕੀ ਨੈੱਟਵਰਕ 'ਤੇ ਸਾਈਬਰ ਹਮਲੇ ਕਰਨਗੇ। ਨਾਲ ਹੀ ਈਰਾਨ 'ਤੇ ਵਧਦੇ ਹਮਲੇ ਨਿਰਧਾਰਤ ਅਪਰਾਧ ਨੂੰ ਇਕੱਲੇ ਅੰਜਾਮ ਦੇਣ ਵਾਲਿਆਂ ਨੂੰ ਉਨ੍ਹਾਂ ਥਾਵਾਂ 'ਤੇ ਹਮਲੇ ਕਰਨ ਲਈ ਪ੍ਰੇਰਿਤ ਕਰ ਸਕਦੇ ਹਨ ਜਿਨ੍ਹਾਂ ਨੂੰ ਯਹੂਦੀ, ਇਜ਼ਰਾਈਲ ਸਮਰਥਕ ਜਾਂ ਅਮਰੀਕੀ ਸਰਕਾਰ ਜਾਂ ਫ਼ੌਜ ਨਾਲ ਜੁੜਿਆ ਹੋਇਆ ਮੰਨਿਆ ਜਾਂਦਾ




ਹੈ। ਏਬੀਸੀ ਨਿਊਜ਼ ਮੁਤਾਬਕ, ਅਧਿਕਾਰੀ ਇਸ ਗੱਲ ਦੀ ਜਾਂਚ ਕਰ ਰਹੇ ਹਨ ਕਿ ਕੀ ਸ਼ੱਕੀ, ਜਿਸਨੇ ਅਮਰੀਰ ਦੇ ਟੈਕਸਾਸ ਸੂਬੇ ਦੇ ਆਸਟਿਨ ਸ਼ਹਿਰ 'ਚ ਗੋਲੀਬਾਰੀ ਕੀਤੀ ਸੀ, ਉਹ ਈਰਾਨ 'ਤੇ ਹਮਲੇ ਤੋਂ ਖ਼ਫ਼ਾ ਤਾਂ ਨਹੀਂ ਸੀ।

## ਈਰਾਨ ਨੇ ਸਸਤੇ ...

(ਪਹਿਲੇ ਸਫ਼ੇ ਦਾ ਬਾਕੀ)

ਈਰਾਨ ਦੇ ਫ਼ੌਜੀ ਟਿਕਾਣਿਆਂ 'ਤੇ ਸਿਲਸਿਲੇਵਾਰ ਹਮਲੇ ਕੀਤੇ ਜਿਨ੍ਹਾਂ 'ਚ ਦੇਸ਼ ਦੇ ਸਰਬ ਉੱਚ ਨੇਤਾ ਅਯਾਤੁੱਲਾ ਅਲੀ ਖਾਮਨੇਈ ਦੀ ਮੌਤ ਹੋ ਗਈ। ਈਰਾਨ ਨੇ ਪੱਛਮੀ ਏਸ਼ੀਆ 'ਚ ਮਿਜ਼ਾਈਲਾਂ ਤੇ ਡ੍ਰੋਨਾਂ ਨਾਲ ਹਮਲਾ ਕਰ ਕੇ ਜਵਾਬੀ ਕਾਰਵਾਈ ਕੀਤੀ। ਵੀਡੀਓ 'ਚ ਸ਼ਾਹੇਦ-136 ਡ੍ਰੋਨ ਬਹਿਰੀਨ, ਕੁਵੈਤ ਤੇ ਸੰਯੁਕਤ ਅਰਬ ਅਮੀਰਾਤ 'ਚ ਇਮਾਰਤਾਂ ਨਾਲ ਟਕਰਾਉਂਦੇ ਦਿਖਾਈ ਦੇ ਰਹੇ



ਹਨ। ਸੰਯੁਕਤ ਅਰਬ ਅਮੀਰਾਤ ਦੇ ਦੁਬਈ ਦੇ ਜੁਮੇਰਾਹ ਇਲਾਕੇ ਦੇ ਵੀਡੀਓ ਫੁਟੇਜ 'ਚ ਸ਼ਾਹੇਦ-136 ਫੇਅਰਮੋਂਟ ਪਾਮ ਨਾਂ ਦੇ ਆਲੀਸ਼ਾਨ ਹੋਟਲ ਨਾਲ ਟਕਰਾਉਂਦੇ ਹੋਏ ਦਿਖਾਈ ਦੇ ਰਿਹਾ ਹੈ। ਐਤਵਾਰ ਨੂੰ ਈਰਾਨ ਦੇ ਸੀਨੀਅਰ ਅਧਿਕਾਰੀ ਅਲੀ ਲਾਰੀਜਾਨੀ ਨੇ ਇੰਟਰਨੈੱਟ ਮੀਡੀਆ 'ਤੇ ਲਿਖਿਆ ਕਿ ਈਰਾਨ ਅਰਬ ਦੇਸ਼ਾਂ 'ਤੇ ਹਮਲਾ ਨਹੀਂ ਕਰ ਰਿਹਾ, ਬਲਕਿ ਅਮਰੀਕੀ ਫ਼ੌਜ ਵਲੋਂ ਇਸਤੇਮਾਲ ਕੀਤੇ ਜਾਣ ਵਾਲੇ ਟਿਕਾਣਿਆਂ 'ਤੇ ਹਮਲਾ ਕਰ ਰਿਹਾ ਹੈ।

### ਰਵਾਇਤੀ ਮਿਜ਼ਾਈਲਾਂ ਦੇ ਮੁਕਾਬਲੇ ਡਰੋਨਾਂ ਦੇ ਕਈ ਫ਼ਾਇਦੇ

ਮਿਜ਼ਾਈਲਾਂ ਦੇ ਮੁਕਾਬਲੇ ਡ੍ਰੋਨਾਂ ਦੇ ਕਈ ਫ਼ਾਇਦੇ ਹਨ, ਜਿਨ੍ਹਾਂ 'ਚ ਸਭ ਤੋਂ ਪ੍ਰਮੁੱਖ ਹੈ ਇਨ੍ਹਾਂ ਦੀ ਕਿਫ਼ਾਇਤੀ ਕੀਮਤ, ਜਿਹੜੀ ਲਗਪਗ 35 ਹਜ਼ਾਰ ਡਾਲਰ ਪ੍ਰਤੀ ਡ੍ਰੋਨ ਹੈ। ਨਾਲ ਹੀ ਇਨ੍ਹਾਂ ਦੀ ਮਾਰਕ ਸਮਰੱਥਾ ਵੀ 2,000 ਕਿਲੋਮੀਟਰ (ਲਗਪਗ 1,200 ਮੀਲ) ਹੈ। ਡ੍ਰੋਨ ਜੰਗ ਦੇ ਮਾਹਿਰ ਸੇਥ ਫ੍ਰਾਂਤਜਮੈਨ ਨੇ ਕਿਹਾ ਕਿ ਸ਼ਾਹੇਦ ਡ੍ਰੋਨ ਕਦੇ-ਕਦੇ ਮਹਿੰਗੀਆਂ ਹਵਾਈ ਰੱਖਿਆ ਪ੍ਰਣਾਲੀਆਂ ਨੂੰ ਝਕਾਣੀ ਦੇ ਸਕਦੇ ਹਨ।

# ਪੁਰਾਣੀ ਹਕੂਮਤ ਦਾ ਹੋ ਗਿਆ ਅੰਤ: ਪਹਿਲਵੀ

**ਵਾਸ਼ਿੰਗਟਨ:** ਇਸਲਾਮਿਕ ਗਣਰਾਜ ਦੇ ਸਰਬਉੱਚ ਆਗੂ ਅਯਾਤੁੱਲਾ ਖਾਮਨੇਈ ਦੀ ਮੌਤ ਦਾ ਕਾਰਨ ਬਣੇ ਅਮਰੀਕਾ-ਇਜ਼ਰਾਈਲ ਦੇ ਸੰਯੁਕਤ ਫ਼ੌਜੀ ਹਮਲੇ ਮਗਰੋਂ ਈਰਾਨ ਦੇ ਜਲਾਵਤਨ ਕ੍ਰਾਊਨ ਪ੍ਰਿੰਸ ਨੇ ਪ੍ਰਗਟਾਵਾ ਕੀਤਾ ਹੈ। ਪ੍ਰਿੰਸ ਰਜ਼ਾ ਪਹਿਲਵੀ ਮੁਤਾਬਕ 'ਪੁਰਾਣੇ ਰਾਜ ਪ੍ਰਬੰਧ ਤੇ ਅੰਤ ਦੀ ਸ਼ੁਰੂਆਤ ਹੋ ਚੁੱਕੀ ਹੈ। ਉਨ੍ਹਾਂ ਕਿਹਾ ਕਿ ਇਹ ਘਟਨਾਵਾਂ ਈਰਾਨੀ ਲੋਕਾਂ ਨੂੰ ਆਪਣਾ ਮੁਲਕ ਮੁੜ ਪ੍ਰਾਪਤ ਕਰਨ ਦਾ ਰਾਹ ਪੱਧਰਾ ਕਰ ਸਕਦੀਆਂ ਹਨ। ਫਾਕਸ ਨਿਊਜ਼ ਦੇ 'ਸੰਡੇ ਮਾਰਨਿੰਗ ਫਿਊਚਰਜ਼' ਨੂੰ ਦਿੱਤੀ ਇੰਟਰਵਿਊ ਵਿਚ 1 ਪਹਿਲਵੀ ਨੇ ਇਸਲਾਮਿਕ ਗਣਰਾਜ ਵਿਰੁੱਧ ਅਮਰੀਕਾ ਦੀ ਫ਼ੌਜੀ ਕਾਰਵਾਈ ਨੂੰ 'ਗੇਮ ਚੇਂਜਰ' ਦੱਸਿਆ ਹੈ। ਉਨ੍ਹਾਂ ਦਾਅਵਾ ਕੀਤਾ ਹੈ ਕਿ ਮੁਲਕ ਦੇ ਅੰਦਰ ਤੇ ਪਰਵਾਸੀ ਭਾਈਚਾਰੇ ਵਿਚ ਕਈ ਈਰਾਨੀਆਂ ਨੇ ਇਸ ਕਦਮ ਦਾ ਸਵਾਗਤ ਕੀਤਾ ਹੈ। ਉਨ੍ਹਾਂ ਜੋ ਕਿਹਾ ਕਿ ਇਸ ਵਿਚ ਕੋਈ ਸ਼ੱਕ ਨਹੀਂ ਹੈ ਕਿ ਇਹੀ ਉਹ ਗੇਮ ਚੇਂਜਰ ਅਰਥਾਤ ਵਰਤਾਰਾ ਤਬਦੀਲੀ ਦਾ ਸਮਾਂ ਹੈ, ਜਿਸ ਦੀ ਉਡੀਕ ਅਸੀਂ ਸਾਰੇ ਲੰਮੇ ਸਮੇਂ ਤੋਂ ਕਰ ਰਹੇ ਸੀ। ਘਰ ਤੇ ਵਿਦੇਸ਼ ਵਿਚ ਈਰਾਨੀਆਂ ਦੀ ਖ਼ੁਸ਼ੀ ਇਸ ਪਲ



ਨੂੰ ਦਰਸਾਉਂਦੀ ਹੈ ਕਿ ਲੋਕ ਕਿੰਨੀ ਬੇਸਬਰੀ ਨਾਲ ਇਸ ਵਰਤਾਰੇ ਦੀ ਉਡੀਕ ਕਰ ਰਹੇ ਸਨ। ਪਹਿਲਵੀ ਨੇ ਦੱਸਿਆ ਕਿ ਈਰਾਨੀ ਲੋਕਾਂ ਨੇ ਬਹੁਤ ਕੁਝ ਬਰਦਾਸ਼ਤ ਕੀਤਾ ਹੈ ਪਰ ਉਹ ਹੁਣ 'ਸਮਝੌਤਾ ਨਾ ਕਰਨ। ਉਨ੍ਹਾਂ ਕਿਹਾ ਕਿ ਉਹ ਈਰਾਨ ਵਿਚ ਸੰਭਾਵੀ ਸਿਆਸੀ ਤਬਦੀਲੀ ਲਈ ਤਿਆਰੀ ਕਰ ਰਹੇ ਹਨ। ਉਹ ਵਿਆਪਕ ਈਰਾਨੀ ਗੱਠਜੋੜ ਵੱਲੋਂ ਸਮਰਥਤ ਤਬਦੀਲੀ ਦੀ ਪ੍ਰਕਿਰਿਆ ਦੀ ਅਗਵਾਈ ਕਰਨ ਲਈ ਤਿਆਰ ਹਨ।

ਅਸਥਿਰ ਮਾਹੌਲ ਨਾਲ ਮਨੁੱਖਤਾ ਨੂੰ ਵੱਡਾ ਖ਼ਤਰਾ ਦਰਪੇਸ਼ ਰਹਿੰਦਾ ਹੈ। ਮੋਦੀ ਅਤੇ ਕਾਰਨੀ ਨੇ ਪੱਛਮੀ ਏਸ਼ੀਆ 'ਚ ਖ਼ਰਾਬ ਸੁਰੱਖਿਆ ਸਥਿਤੀ 'ਤੇ ਵੀ ਵਿਚਾਰ-ਵਟਾਂਦਰਾ ਕੀਤਾ। ਪ੍ਰਧਾਨ ਮੰਤਰੀ ਮੋਦੀ ਨੇ ਜ਼ੋਰ ਦੇ ਕੇ ਕਿਹਾ ਕਿ ਭਾਰਤ ਗੱਲਬਾਤ ਅਤੇ ਕੂਟਨੀਤੀ ਰਾਹੀਂ ਸਾਰੇ ਵਿਵਾਦਾਂ ਦੇ ਹੱਲ ਦਾ ਸਮਰਥਨ ਕਰਦਾ ਹੈ। ਮੋਦੀ-ਕਾਰਨੀ ਗੱਲਬਾਤ ਦੇ ਮੁੱਖ ਨਤੀਜੇ ਵਪਾਰਕ ਸੰਬੰਧਾਂ ਨੂੰ ਵਧਾਉਣ ਦਾ ਉਨ੍ਹਾਂ ਦਾ ਫ਼ੈਸਲਾ ਸੀ, ਇਹ ਕਦਮ ਟਰੰਪ ਪ੍ਰਸ਼ਾਸਨ ਨਾਲ ਕੈਨੇਡਾ ਦੇ ਵਧਦੇ ਠੰਢੇ ਆਰਥਿਕ ਸੰਬੰਧਾਂ ਦਰਮਿਆਨ ਆਇਆ ਹੈ। ਮਾਰਕ ਕਾਰਨੀ ਨੇ ਕਿਹਾ ਕਿ ਬੀਤੇ ਸਾਲ ਕੁ ਦੇ ਸਮੇਂ ਦੌਰਾਨ ਕੈਨੇਡਾ ਅਤੇ ਭਾਰਤ ਦੇ ਸੰਬੰਧਾਂ 'ਚ ਨੇੜਤਾ ਪੈਦਾ ਕਰਨ ਲਈ ਜੋ ਕੰਮ ਕੀਤੇ ਗਏ ਹਨ ਉਸ ਦੀ ਬੀਤੇ 20 ਸਾਲਾਂ ਦੇ ਸਮੇਂ 'ਚ ਕਿਤੇ ਮਿਸਾਲ ਨਹੀਂ ਮਿਲਦੀ। ਇਹ ਵੀ ਕਿ ਕੈਨੇਡਾ ਸਰਕਾਰ ਦੇ ਨੁਮਾਇੰਦਿਆਂ ਅਤੇ ਕਾਰੋਬਾਰਾਂ ਦੇ ਪ੍ਰਬੰਧਕਾਂ ਵਲੋਂ ਲਗਾਤਾਰ ਸੰਪਰਕ ਸਥਾਪਿਤ ਕੀਤੇ ਜਾ ਰਹੇ ਹਨ ਤੇ ਸਹਿਯੋਗ ਵਧਾਇਆ ਜਾ ਰਿਹਾ ਹੈ, ਜਿਸ ਨਾਲ-ਨਿਵੇਸ਼ ਅਤੇ ਰੋਜ਼ਗਾਰ ਦੇ ਮੌਕੇ ਪੈਦਾ ਹੁੰਦੇ ਹਨ। ਕੈਨੇਡਾ ਦਾ ਭਾਰਤ ਨਾਲ 2030 ਤੱਕ 70 ਅਰਬ ਡਾਲਰ ਦਾ ਵਪਾਰ ਕਰਨ ਦਾ ਟੀਚਾ ਹਾਸਿਲ ਕਰਨ ਦੀ ਯੋਜਨਾ ਹੈ। ਮੋਦੀ ਨੇ ਕਿਹਾ ਕਿ ਆਰਥਿਕ ਸਹਿਯੋਗ ਦੀ ਪੂਰੀ ਸੰਭਾਵਨਾ ਨੂੰ ਖੋਲ੍ਹਣਾ ਸਾਡੀ ਤਰਜੀਹ ਹੈ। ਇਸ ਲਈ, ਅਸੀਂ ਜਲਦੀ ਹੀ ਵਿਆਪਕ ਆਰਥਿਕ ਭਾਈਵਾਲੀ ਸਮਝੌਤੇ ਨੂੰ ਅੰਤਿਮ ਰੂਪ ਦੇਣ ਦਾ ਫ਼ੈਸਲਾ ਕੀਤਾ ਹੈ। ਇਸ ਨਾਲ ਦੋਵਾਂ ਦੇਸ਼ਾਂ 'ਚ ਨਵੇਂ ਨਿਵੇਸ਼ ਤੋਂ ਰੁਜ਼ਗਾਰ ਦੇ

## ਕੈਨੇਡਾ ਅਤੇ ਭਾਰਤ ...

(ਪਹਿਲੇ ਸਫ਼ੇ ਦਾ ਬਾਕੀ)

ਮੌਕੇ ਪੈਦਾ ਹੋਣਗੇ। ਉਨ੍ਹਾਂ ਕਿਹਾ ਕਿ ਕੈਨੇਡਾ ਦੇ ਪੈਨਸ਼ਨ ਫੰਡਾਂ ਨੇ ਭਾਰਤ 'ਚ 100 ਅਰਬ ਡਾਲਰ ਦਾ ਨਿਵੇਸ਼ ਕੀਤਾ ਹੈ। ਇਹ ਭਾਰਤ ਦੀ ਵਿਕਾਸ ਕਹਾਣੀ 'ਚ ਉਨ੍ਹਾਂ ਦੇ ਡੂੰਘੇ ਵਿਸ਼ਵਾਸ ਨੂੰ ਦਰਸਾਉਂਦਾ ਹੈ। ਦਿੱਲੀ 'ਚ ਦੋਵਾਂ ਦੇਸ਼ਾਂ ਦੇ ਪ੍ਰਧਾਨ ਮੰਤਰੀਆਂ ਦੀ ਹਾਜ਼ਰੀ 'ਚ ਆਪਸੀ ਸਹਿਯੋਗ ਦੇ ਅਹਿਦ ਵਜੋਂ 5 ਸਮਝੌਤੇ ਸਹੀਬੱਧ ਕੀਤੇ ਗਏ, ਜਿਸ 'ਚ ਉਪਰੋਕਤ ਖੇਤਰਾਂ ਅਨੁਸਾਰ ਦੁਰਲੱਭ ਖਣਿਜ, ਏ.ਆਈ., ਰੱਖਿਆ, ਤਕਨੀਕ, ਸੱਭਿਆਚਾਰ ਤੇ ਮਾਹਿਰਾਂ ਦੇ ਅਦਾਨ-ਪ੍ਰਦਾਨ 'ਚ ਸਹਿਯੋਗ ਕਰਨਾ ਸ਼ਾਮਿਲ ਹੈ। ਇਸ ਮੌਕੇ ਕੈਨੇਡਾ ਦੇ ਵਿਦੇਸ਼ ਮੰਤਰੀ ਅਨੀਤਾ ਆਨੰਦ, ਅੰਤਰਰਾਸ਼ਟਰੀ ਵਪਾਰ ਮੰਤਰੀ ਮਨਿੰਦਰ ਸਿੱਧੂ, ਸਸਕਾਚਵਾਨ ਦੇ ਮੁੱਖ ਮੰਤਰੀ ਸਕਾਟ ਮੋਅ ਅਤੇ ਭਾਰਤ ਦੇ ਵਿਦੇਸ਼ ਮੰਤਰੀ ਡਾ. ਐੱਸ. ਜੈਸ਼ੰਕਰ ਅਤੇ ਦੋਵਾਂ ਦੇ ਦੇਸ਼ਾਂ ਦੇ ਰਾਜਦੂਤ ਵੀ ਹਾਜ਼ਰ ਸਨ। ਕਾਰਨੀ ਨੇ ਮੋਦੀ ਨੂੰ ਕੈਨੇਡਾ ਆਉਣ ਦਾ ਸੱਦਾ ਵੀ ਦਿੱਤਾ ਤੇ ਆਖਿਆ ਕਿ ਕੈਨੇਡਾ ਅਤੇ ਭਾਰਤ 'ਚ ਨੇੜਤਾ ਪੈਦਾ ਕਰਨ ਲਈ ਸਾਨੂੰ ਮਿਲ ਕੇ ਲਗਾਤਾਰ ਕੰਮ ਕਰਦੇ ਰਹਿਣਾ ਚਾਹੀਦਾ ਹੈ।

### ਭਾਰਤ 'ਚ ਜਾਸੂਸੀ ਦੀ ਸੰਭਾਵਨਾ ਬਾਰੇ ਪੱਤਰਕਾਰਾਂ ਨੂੰ ਸਾਵਧਾਨ ਕੀਤਾ

ਕੈਨੇਡਾ ਤੋਂ ਭਾਰਤ 'ਚ ਪਹੁੰਚਣ ਤੋਂ ਪਹਿਲਾਂ ਪ੍ਰਧਾਨ ਮੰਤਰੀ ਮਾਰਕ ਕਾਰਨੀ ਦੇ ਦਹਰ 'ਚ ਸ਼ਾਮਿਲ ਸਰਕਾਰੀ ਅਧਿਕਾਰੀਆਂ ਅਤੇ ਪੱਤਰਕਾਰਾਂ ਨੂੰ ਜਾਸੂਸੀ ਦੀ ਸੰਭਾਵਨਾ ਪ੍ਰਤੀ ਸੁਚੇਤ ਕੀਤਾ ਗਿਆ ਤੇ ਦੱਸਿਆ ਗਿਆ ਕਿ ਸਮਾਰਟ ਫੋਨ, ਘੜੀਆਂ, ਕੰਪਿਊਟਰਾਂ (ਲੈਪਟਾਪ) ਨੂੰ ਸੁਰੱਖਿਅਤ ਰੱਖਣਾ ਤੇ ਦਿਨ 'ਚ ਕਈ ਵਾਰੀ ਰੀ-ਸਟਾਰਟ ਕਰਨ ਨਾਲ ਡਾਟਾ ਦੀ ਚੋਰੀ ਅਤੇ ਕਾਪੀ (ਹੈਕ) ਹੋ ਜਾਣ ਦੇ ਖ਼ਤਰੇ ਨੂੰ ਸੀਮਤ ਕੀਤਾ ਜਾ ਸਕਦਾ ਹੈ, ਕਿਉਂਕਿ ਸਮਾਗਮਾਂ ਅਤੇ ਸੰਮੇਲਨਾਂ ਦੌਰਾਨ ਡਾਟਾ ਉੱਪਰ ਹਮਲੇ ਹੋਣ ਦੀ ਸੰਭਾਵਨਾ ਰਹਿੰਦੀ ਹੈ। ਇਕ ਵਿਸ਼ੇਸ਼ ਮੀਟਿੰਗ ਕਰਕੇ ਅਧਿਕਾਰੀਆਂ ਨੇ ਪੱਤਰਕਾਰਾਂ ਨੂੰ ਦੱਸਿਆ ਕਿ ਸੁਰੱਖਿਆ ਅਤੇ ਜਾਸੂਸੀ ਬਾਰੇ ਕੈਨੇਡਾ ਨੂੰ (ਚੀਨ ਤੋਂ ਬਾਅਦ) ਸੰਸਾਰ 'ਚ ਦੂਸਰੇ ਨੰਬਰ 'ਤੇ ਭਾਰਤ ਤੋਂ ਸਭ ਤੋਂ ਵੱਧ ਖ਼ਤਰਾ ਰਹਿੰਦਾ ਹੈ। ਇਹ ਵੀ ਕਿ ਬੀਤੇ ਸਮੇਂ 'ਚ ਕੈਨੇਡਾ 'ਚ ਵਾਪਰੀਆਂ ਕੁਝ ਹਿੰਸਕ ਘਟਨਾਵਾਂ 'ਚ ਭਾਰਤੀ ਅਧਿਕਾਰੀਆਂ ਦਾ ਤਕੜਾ ਹੱਥ ਹੋਣ ਦਾ ਪੱਕਾ ਸ਼ੱਕ ਰਿਹਾ। ਵਫ਼ਦ 'ਚ ਜਾਣ ਵਾਲੇ ਪੱਤਰਕਾਰਾਂ ਨੂੰ ਇਹ ਵੀ ਸਲਾਹ ਦਿੱਤੀ ਗਈ ਕਿ ਜਨਤਕ ਥਾਵਾਂ 'ਤੇ ਆਪਣੇ ਕੰਪਿਊਟਰ ਤੇ ਸੈੱਲਫੋਨ ਰਿਚਾਰਜ ਨਾ ਕੀਤੇ ਜਾਣ। ਇਹ ਵੀ ਕਿ ਜਨਤਕ ਵਾਈਫਾਈ ਵੀ ਨਾ ਵਰਤਿਆ ਜਾਵੇ, ਕਿਉਂਕਿ ਇਸ ਤਰ੍ਹਾਂ 'ਸਪੈਮ ਅਟੈਕ' ਤੇ ਡਾਟਾ ਚੋਰੀ ਹੋਣ ਦੀ ਸੰਭਾਵਨਾ ਵੱਧ ਹੁੰਦੀ ਹੈ। ਆਪਣੇ ਸਮਾਰਟ ਯੰਤਰ ਪ੍ਰਧਾਨ ਮੰਤਰੀ ਦੇ ਜਹਾਜ਼ 'ਚ ਵੀ ਛੱਡ ਕੇ ਜਾ ਸਕਦੇ ਹਨ ਤੇ ਕਿਸੇ ਦੂਤਘਰ 'ਚ ਜਾਣ ਤੋਂ ਪਹਿਲਾਂ ਜੇਕਰ ਸੈੱਲਫੋਨ ਬਾਹਰ ਰੱਖਣ ਨੂੰ ਕਿਹਾ ਜਾਵੇ ਤਾਂ ਕੋਸ਼ਿਸ਼ ਕਰੋ ਕਿ ਫੋਨ ਨਾਲ ਨਾ ਲਿਜਾਇਆ ਜਾਵੇ।

## ਪੰਜਾਬ ਟਾਈਮਜ਼ ਦਾ ਆਨਰੇਰੀ ਸਲਾਹਕਾਰ ਬੋਰਡ

(ਡਾ.) ਨਵਦੀਪ ਕੌਰ
ਬਲਵਿੰਦਰ (ਨਿੱਕੀ) ਕੌਰ ਸੇਖੋਂ
ਜਸਬੀਰ ਕੌਰ ਢਿੱਲੋਂ
ਡਾ. ਇਨਕਲਾਬੀ ਬਾਂਦੀ
ਦਰਸ਼ਨ ਸਿੰਘ ਗਰੇਵਾਲ
ਹਰਦਿਆਲ ਸਿੰਘ ਢਿੱਲੋਂ
ਡਾ. ਗੁਰਦਿਆਲ ਸਿੰਘ ਬਸਰਾਨ
ਹਰਜੀਤ ਸਿੰਘ ਸਾਹੀ
ਸਰਵਣ ਸਿੰਘ ਟਿਵਾਣਾ
ਜੈਦੇਵ ਸਿੰਘ ਭੱਠਲ
ਪਰਮਿੰਦਰ ਸਿੰਘ ਵਾਲੀਆ
ਡਾ. ਹਰਗੁਰਮੁਖਪਾਲ ਸਿੰਘ
ਡਾ. ਤੇਜਿੰਦਰ ਸਿੰਘ ਮੰਡੇਰ
ਜਗਦੀਸ਼ਰ ਸਿੰਘ ਕਲੇਰ
ਰਘਬੀਰ ਸਿੰਘ ਘੁੰਨ
ਦਰਸ਼ਨ ਸਿੰਘ ਦਰੜ
ਡਾ. ਗੁਰਚਰਨ ਸਿੰਘ ਗਰੇਵਾਲ
ਗੁਰਦੇਵ ਸਿੰਘ ਜੌੜਾ
ਮਨਦੀਪ ਸਿੰਘ ਭੁਰਾ
ਗੁਲਜ਼ਾਰ ਸਿੰਘ ਮੁਲਤਾਨੀ
ਅਵਤਾਰ ਸਿੰਘ ਸਪਰਿੰਗਫੀਲਡ
ਗੁਰਵੀਰ ਸਿੰਘ ਗਿੱਲ
ਜਸਕਰਨ ਸਿੰਘ ਧਾਲੀਵਾਲ
ਅਮਰੀਕ ਸਿੰਘ (ਅਮਰ ਕਾਰਪੇਟ)
ਅੰਮ੍ਰਿਤਪਾਲ ਸਿੰਘ ਸੰਘਾ
ਭੁਪਿੰਦਰ ਸਿੰਘ ਧਾਲੀਵਾਲ
ਹਰਵਿੰਦਰਪਾਲ ਸਿੰਘ ਲੈਲ
ਜਗਜੀਤ ਸਿੰਘ ਢੀਂਡਸਾ
ਸੁਖਮੇਲ ਸਿੰਘ ਅਟਵਾਲ
ਮੁਖਤਿਆਰ ਸਿੰਘ (ਹੈਪੀ ਹੀਰ)
ਆਗਿਆਪਾਲ ਸਿੰਘ ਬਾਠ
ਪਰਮਵੀਰ ਸਿੰਘ ਬੈਂਸ
ਮਨਮਿੰਦਰ ਸਿੰਘ ਹੀਰ
ਅਮੋਲਕ ਸਿੰਘ ਗਾਖਲ
ਜਸਵਿੰਦਰ ਸਿੰਘ (ਜੱਸੀ) ਗਿੱਲ

# ਖਾਮਨੇਈ ਦੀ ਮੌਤ ਤੋਂ ਬਾਅਦ ਇਰਾਨ ਨੇ ਹਮਲੇ ਕੀਤੇ ਤੇਜ਼

## ਅਮਰੀਕੀ ਬੇੜੇ 'ਤੇ ਦਾਗੀਆਂ ਮਿਜ਼ਾਈਲਾਂ

**ਨਵੀਂ ਦਿੱਲੀ:** ਈਰਾਨ ਬਨਾਮ ਇਜ਼ਰਾਈਲ- ਅਮਰੀਕਾ ਜੰਗ ਕਾਰਨ ਪੂਰੇ ਪੱਛਮੀ ਏਸ਼ੀਆ 'ਚ ਮਹਾਯੁੱਧ ਵਰਗੇ ਹਾਲਾਤ ਬਣ ਗਏ ਹਨ। ਸ਼ਨਿਚਰਵਾਰ ਨੂੰ ਇਜ਼ਰਾਈਲ ਦੇ' ਸਟੀਕ ਹਮਲੇ 'ਚ ਈਰਾਨ ਦੇ ਸੁਪਰੀਮ ਲੀਡਰ ਅਯਾਤੁੱਲਾ ਅਲੀ ਖਾਮਨੇਈ ਦੀ ਮੌਤ ਹੋ ਗਈ। ਇਸ ਹਮਲੇ ਵਿਚ ਖਾਮਨੇਈ ਦੀ ਧੀ, ਜਵਾਈ, ਨੂੰਹ ਤੇ ਉਨ੍ਹਾਂ ਦਾ ਪੋਤਾ ਵੀ ਮਾਰਿਆ ਗਿਆ ਹੈ। ਇਸ ਦੀ ਦੁਨੀਆ ਭਰ ਵਿਚ ਤਿੱਖੀ ਪ੍ਰਤੀਕਿਰਿਆ ਹੋਈ ਹੈ। ਖਾਮਨੇਈ ਦੇ ਨਾਲ ਸੱਤ ਸਿਖਰਲੇ ਕਮਾਂਡਰ ਵੀ ਮਾਰੇ ਗਏ ਹਨ ਜਦਕਿ ਇਜ਼ਰਾਈਲ ਨੇ ਦਾਅਵਾ ਕੀਤਾ ਕਿ ਈਰਾਨ ਦੇ 40 ਸਿਖਰਲੇ ਅਧਿਕਾਰੀ ਮਾਰੇ ਗਏ। ਤਾਜ਼ਾ ਹਮਲੇ ਵਿਚ ਫ਼ੌਜ ਮੁਖੀ ਅਬਦੋਲਰਹੀਮ ਮੁਸਾਵੀ ਅਤੇ ਸਾਬਕਾ ਰਾਸ਼ਟਰਪਤੀ ਅਹਿਮਦੀਨੇਜਾਦ ਦੀ ਵੀ ਮੌਤ ਹੋਈ ਹੈ। ਇਸੇ ਦੌਰਾਨ ਯੂਏਈ ਸਥਿਤ ਭਾਰਤੀ ਅੰਬੈਸੀ ਨੇ ਦੱਸਿਆ ਹੈ ਕਿ ਈਰਾਨੀ ਹਮਲਿਆਂ 'ਚ ਜ਼ਖ਼ਮੀ ਹੋਏ 58 ਲੋਕਾਂ 'ਚ ਭਾਰਤੀ ਵੀ ਸ਼ਾਮਲ ਹਨ। ਖਾਮਨੇਈ ਦੇ ਮਾਰੇ ਜਾਣ ਤੋਂ ਬੌਖਲਾਏ ਈਰਾਨ ਨੇ ਐਤਵਾਰ ਨੂੰ ਇਜ਼ਰਾਈਲ, ਸਾਊਦੀ ਅਰਬ, ਕਤਰ, ਸੰਯੁਕਤ ਅਰਬ ਅਮੀਰਾਤ, ਓਮਾਨ, ਕੁਵੈਤ ਸਣੇ ਕਈ ਦੇਸ਼ਾਂ 'ਤੇ ਤਾਬੜਤੋੜ ਮਿਜ਼ਾਈਲ ਅਤੇ ਡ੍ਰੋਨ ਹਮਲੇ ਕੀਤੇ। ਇਜ਼ਰਾਈਲ ਦੀ ਰਾਜਧਾਨੀ ਤਲ ਅਵੀਵ ਵਿਚ ਕਈ ਧਮਾਕੇ ਹੋਏ। ਇਜ਼ਰਾਈਲ ਦੇ ਬੇਤ ਸ਼ੇਮੇਸ਼ ਸ਼ਹਿਰ ਵਿਚ ਈਰਾਨੀ ਹਮਲਿਆਂ ਵਿਚ ਹੁਣ ਤੱਕ 10 ਲੋਕ ਮਾਰੇ ਗਏ ਹਨ। ਸਮੁੱਚੇ ਇਜ਼ਰਾਈਲ ਵਿਚ ਪੂਰੇ ਦਿਨ ਸਾਇਰਨ ਵੱਜਦੇ ਰਹੇ ਅਤੇ. ਭਗਦੜ ਦੇ ਹਾਲਾਤ ਦੇਖੇ ਗਏ। ਈਰਾਨੀ ਰੈਵੋਲਿਊਸ਼ਨਰੀ ਗਾਰਡਸ ਨੇ ਦਾਅਵਾ ਕੀਤਾ " ਕਿ ਅਮਰੀਕਾ ਦੇ ਜੰਗੀ ਬੇੜੇ ਇਬਰਾਹੀਮ ਲਿੰਕਨ 'ਤੇ ਚਾਰ ਬੈਲਿਸਟਿਕ ਮਿਜ਼ਾਈਲਾਂ ਨਾਲ ਹਮਲੇ ਕੀਤੇ ਗਏ। ਈਰਾਨ ਨੇ ਹੁਣ ਤੱਕ ਹਮਲੇ ਦੀ ਜਦ ਤੋਂ ਬਚੇ ਓਮਾਨ ਨੂੰ ਵੀ ਨਹੀਂ ਬਖਸ਼ਿਆ ਅਤੇ ਉੱਥੇ ਵੀ ਮਿਜ਼ਾਈਲਾਂ ਦਾਗੀਆਂ। ਉੱਧਰ, ਇਜ਼ਰਾਈਲ ਤੇ ਅਮਰੀਕਾ ਨੇ ਵੀ ਈਰਾਨ 'ਤੇ ਹਮਲੇ ਤੇਜ਼ ਕਰਦੇ ਹੋਏ ਰਾਜਧਾਨੀ ਤਹਿਰਾਨ 'ਤੇ ਜ਼ੋਰਦਾਰ ਬੰਬਾਰੀ ਕੀਤੀ। ਇਜ਼ਰਾਇਲੀ ਡਿਫੈਂਸ ਫੋਰਸ ਨੇ ਦਾਅਵਾ ਕੀਤਾ ਹੈ ਕਿ ਉਸ ਨੇ ਈਰਾਨ ਦੇ ਦੋ ਫਾਈਟਰ ਜੈੱਟ ਸੁੱਟ ਲਏ ਹਨ ਜਿਹੜੇ ਹਮਲੇ ਦੀ ਤਿਆਰੀ ਕਰ ਰਹੇ ਸਨ। ਦੂਜੇ ਪਾਸੇ ਅਮਰੀਕੀ ਸੈਂਟਰਲ ਕਮਾਂਡ ਨੇ ਚਾਬਹਾਰ ਪੋਰਟ ਨੇੜੇ ਖੜ੍ਹੇ ਜਮਰਾਨ ਸ਼੍ਰੇਣੀ ਦੇ ਜੰਗੀ ਬੇੜੇ ਨੂੰ ਡੁਬੋਣ ਦਾ ਦਾਅਵਾ ਕੀਤਾ ਹੈ। ਈਰਾਨੀ ਹਮਲੇ ਵਿਚ ਤਿੰਨ ਅਮਰੀਕੀ ਫ਼ੌਜੀ ਮਾਰੇ ਗਏ ਜਦਕਿ 5 ਗੰਭੀਰ ਜ਼ਖ਼ਮੀ ਹੋਏ ਹਨ। ਸਮੁੱਚੇ ਪੱਛਮੀ ਏਸ਼ੀਆ ਵਿਚ ਤਣਾਅ ਕਾਰਨ ਹਵਾਈ ਖੇਤਰ ਦੂਜੇ ਦਿਨ ਵੀ ਬੰਦ ਰਿਹਾ ਅਤੇ ਦੁਬਈ ਸਣੇ ਕਈ ਦੇਸ਼ਾਂ ਦੇ ਹਵਾਈ ਅੱਡੇ ਬੰਦ ਰਹੇ। ਦੁਬਈ ਅਤੇ ਦੋਹਾ ਵਿਚ ਦਿਨ ਭਰ ਬੰਬ ਧਮਾਕੇ ਸੁਣੇ ਗਏ।

ਈਰਾਨੀ ਡ੍ਰੋਨ ਹਮਲੇ ਵਿਚ ਦੋ ਲੋਕਾਂ ਦੇ ਜ਼ਖ਼ਮੀ ਹੋਣ ਦੀ ਖ਼ਬਰ ਹੈ। ਦੁਬਈ ਵਿਚ ਦੋ ਘਰਾਂ ਉੱਪਰ ਲੱਗੇ ਏਅਰ ਡਿਫੈਂਸ ਸਿਸਟਮ ਨਾਲ ਈਰਾਨ ਦੇ ਸਾਰੇ ਡ੍ਰੋਨ ਹਮਲਿਆਂ ਨੂੰ ਨਾਕਾਮ ਕਰ ਦਿੱਤਾ ਗਿਆ। ਈਰਾਨ ਨੇ ਹੋਰਮੁਜ਼ ਜਲਡਮਰੂਮੱਧ ਵਿਚ ਤਿੰਨ ਤੇਲ ਟੈਂਕਰਾਂ 'ਤੇ ਵੀ ਹਮਲਾ ਕੀਤਾ। ਤਣਾਅ ਕਾਰਨ ਇਸ ਖੇਤਰ ਵਿਚ 200 ਤੋਂ ਵੱਧ ਤੇਲ ਟੈਂਕਰ ਲੰਗਰ ਪਾ ਕੇ ਜਿੱਥੇ ਸਨ, ਉੱਥੇ ਹੀ ਖੜ੍ਹੇ ਹਨ। ਨਿਊਯਾਰਕ ਟਾਈਮਜ਼ ਮੁਤਾਬਕ, ਸੀਆਈਏ ਦੀ ਸਟੀਕ ਖ਼ੁਫ਼ੀਆ ਜਾਣਕਾਰੀ ਦੇ ਆਧਾਰ 'ਤੇ ਇਜ਼ਰਾਈਲ ਨੇ ਸ਼ਨਿਚਰਵਾਰ ਸਵੇਰੇ ਸਭ ਤੋਂ ਪਹਿਲਾ ਹਮਲਾ ਈਰਾਨੀ ਸੁਪਰੀਮ ਲੀਡਰ ਅਯਾਤੁੱਲਾ ਅਲੀ ਖਾਮਨੇਈ ਦੇ ਰਿਹਾਇਸ਼ੀ ਕੰਪਲੈਕਸ 'ਤੇ ਕੀਤਾ।



ਨਿਊਯਾਰਕ ਟਾਈਮਜ਼ ਮੁਤਾਬਕ, ਸੀਆਈਏ ਨੂੰ ਪੁਖਤਾ ਸੂਚਨਾ ਮਿਲੀ ਸੀ ਕਿ ਖਾਮਨੇਈ ਆਪਣੇ ਸਿਖਰਲੇ ਕਮਾਂਡਰਾਂ ਨਾਲ ਬੈਠਕ ਕਰ ਰਹੇ ਹਨ। ਸ਼ਨਿਚਰਵਾਰ ਸਵੇਰੇ 9:40 ਵਜੇ (ਸਥਾਨਕ ਸਮੇਂ ਮੁਤਾਬਕ) ਇਜ਼ਰਾਇਲੀ ਲੜਾਕੂ ਜਹਾਜ਼ਾਂ ਦੇ ਤਾਬੜਤੋੜ ਮਿਜ਼ਾਈਲ ਹਮਲੇ ਵਿਚ ਖਾਮਨੇਈ ਸਣੇ ਸੱਤ ਕਮਾਂਡਰ ਅਤੇ ਉਨ੍ਹਾਂ ਦੇ ਪਰਿਵਾਰ ਦੇ ਮੈਂਬਰ ਮਾਰੇ ਗਏ।

ਖਾਮਨੇਈ ਦੀ ਮੌਤ ਦੀ ਪੁਸ਼ਟੀ ਹੁੰਦੇ ਹੀ ਈਰਾਨ ਵਿਚ ਮਾਤਮ ਛਾ ਗਿਆ। ਹਜ਼ਾਰਾਂ ਲੋਕ ਤਹਿਰਾਨ ਦੀਆਂ ਸੜਕਾਂ 'ਤੇ ਉਤਰ ਆਏ। ਦੇਸ਼ ਵਿਚ ਰਾਸ਼ਟਰੀ ਝੰਡਾ ਅੱਧਾ ਝੁਕਾ ਦਿੱਤਾ ਗਿਆ ਹੈ। 40 ਦਿਨਾਂ ਦੇ ਸੋਗ ਦੇ ਨਾਲ-ਨਾਲ ਸੱਤ ਦਿਨਾਂ ਦੀ ਰਾਸ਼ਟਰੀ ਛੁੱਟੀ ਐਲਾਨੀ ਗਈ ਹੈ। ਰਾਇਟਰ ਮੁਤਾਬਕ, ਖਾਮਨੇਈ ਦੇ ਮਾਰੇ ਜਾਣ 'ਤੇ ਰੂਸ ਦੇ ਰਾਸ਼ਟਰਪਤੀ ਵਲਾਦੀਮੀਰ ਪੁਤਿਨ ਨੇ ਸਖ਼ਤ ਪ੍ਰਤੀਕਿਰਿਆ ਪ੍ਰਗਟ ਕਰਦਿਆਂ ਹਮਲੇ ਦੀ ਨਿੰਦਾ ਕੀਤੀ ਹੈ। ਉਨ੍ਹਾਂ ਕਿਹਾ ਕਿ ਮਨੁੱਖੀ ਨੈਤਿਕਤਾ ਤੇ ਅੰਤਰਰਾਸ਼ਟਰੀ ਕਾਨੂੰਨ ਦੀਆਂ ਧੱਜੀਆਂ ਉਡਾਈਆਂ ਜਾ ਰਹੀਆਂ ਹਨ। ਉੱਧਰ, ਇਰਾਕ ਦੇ ਸਿਖਰਲੇ ਸ਼ੀਆ ਧਰਮਗੁਰੂ ਅਯਾਤੁੱਲਾ ਅਲੀ ਅਲ ਸਿਸਤਾਨੀ ਨੇ ਸੰਵੇਦਨਾ ਪ੍ਰਗਟਾਈ ਹੈ। ਖਾਮਨੇਈ ਦੀ ਮੌਤ 'ਤੇ ਪਾਕਿਸਤਾਨ ਵਿਚ ਹੰਗਾਮਾ ਹੋ ਗਿਆ। ਨਾਰਾਜ਼ ਲੋਕਾਂ ਨੇ ਕਰਾਚੀ ਸਥਿਤ ਅਮਰੀਕੀ ਵਣਜ ਦੂਤਘਰ 'ਤੇ ਹਿੰਸਕ ਮੁਜ਼ਾਹਰੇ ਕੀਤੇ ਅਤੇ ਅੰਦਰ ਵੜਨ ਦੀ ਕੋਸ਼ਿਸ਼ ਕੀਤੀ। ਮੁਜ਼ਾਹਰਾਕਾਰੀਆਂ ਨੂੰ ਰੋਕਣ ਲਈ ਪੁਲਿਸ ਨੂੰ ਫਾਇਰਿੰਗ ਕਰਨੀ ਪਈ ਜਿਸ ਵਿਚ 21 ਲੋਕਾਂ ਦੀ ਮੌਤ ਹੋ ਗਈ। ਉੱਧਰ, ਇਰਾਕ ਵਿਚ ਵੀ ਪ੍ਰਦਰਸ਼ਨ ਹੋਏ। ਭੀੜ ਨੂੰ ਖਦੇੜਨ ਲਈ ਪੁਲਿਸ ਨੂੰ ਹੰਝੂ ਗੈਸ ਦੇ ਗੋਲੇ ਅਤੇ ਸਟਨ ਗ੍ਰਨੇਡ ਛੱਡਣੇ ਪਏ। ਈਰਾਨ ਵਿਚ ਨਵੇਂ ਸੁਪਰੀਮ ਲੀਡਰ ਦੀ ਚੋਣ ਲਈ ਤਿੰਨ ਮੈਂਬਰੀ ਕਮੇਟੀ ਗਠਿਤ ਕੀਤੀ ਗਈ ਹੈ ਜਿਸ ਵਿਚ ਰਾਸ਼ਟਰਪਤੀ ਮਸੂਦ ਪੇਜੇਸ਼ਕੀਅਨ, ਚੀਫ ਜਸਟਿਸ ਗੁਲਾਮਹੁਸੈਨ ਮੋਹਸੇਨੀ ਏਜਈ ਅਤੇ ਲੀਡਰਸ਼ਿਪ ਕੌਂਸਲ ਦੇ ਜੁਡੀਸ਼ੀਅਲ ਮੈਂਬਰ ਵਜੋਂ ਅਯਾਤੁੱਲਾ ਅਲੀਰੇਜ਼ਾ ਅਰਾਫੀ ਨੂੰ ਸ਼ਾਮਲ ਕੀਤਾ ਗਿਆ ਹੈ। ਵਿਦੇਸ਼ ਮੰਤਰੀ ਅੱਬਾਸ ਅਰਾਘਚੀ ਨੇ ਕਿਹਾ ਹੈ ਕਿ ਇਕ-ਦੋ ਦਿਨਾਂ ਵਿਚ ਸੁਪਰੀਮ ਲੀਡਰ ਚੁਣ ਲਿਆ ਜਾਵੇਗਾ। ਈਰਾਨ ਦੇ ਸੰਵਿਧਾਨ ਮੁਤਾਬਕ, ਸੁਪਰੀਮ ਲੀਡਰ ਦੀ ਨਿਯੁਕਤੀ ਮਾਹਰਾਂ ਦੀ ਕਮੇਟੀ ਕਰਦੀ ਹੈ। ਇਹ ਕਮੇਟੀ 88 ਮੈਂਬਰੀ ਧਾਰਮਿਕ ਬਾਡੀ ਹੈ ਜਿਹੜੀ ਉਸ ਵਿਅਕਤੀ ਦੀ ਨਿਗਰਾਨੀ ਕਰਦੀ ਹੈ ਅਤੇ ਸਿਧਾਂਤਿਕ ਤੌਰ 'ਤੇ ਉਸ ਨੂੰ ਅਹੁਦੇ ਤੋਂ ਹਟਾ ਵੀ ਸਕਦੀ ਹੈ। ਜ਼ਿਕਰਯੋਗ ਹੈ ਕਿ ਦੇਸ਼ ਦਾ ਸੁਪਰੀਮ ਲੀਡਰ ਹਥਿਆਰਬੰਦ ਬਲਾਂ ਦਾ ਕਮਾਂਡਰ ਇਨ ਚੀਫ ਹੁੰਦਾ ਹੈ ਅਤੇ ਵਿਦੇਸ਼ ਨੀਤੀ ਵੀ ਉਹੀ ਤੈਅ ਕਰਦਾ ਹੈ।

# ਪੰਜਾਬ ਦੇ ਲੋਕ ਘਰਾਂ 'ਚੋਂ ਨਿਕਲਣ ਤੋਂ ਵੀ ਡਰਨ ਲੱਗੇ: ਨਾਇਬ ਸੈਣੀ

**ਗੁਰਦਾਸਪੁਰ:** ਇਥੇ ਬੀਤੇ ਦਿਨ ਸੈਣੀ ਸਮਾਜ ਵੱਲੋਂ ਰਾਜ ਪੱਧਰੀ ਸਮਾਗਮ ਕੀਤਾ ਗਿਆ ਜਿਸ ਵਿੱਚ ਹਰਿਆਣਾ ਦੇ ਮੁੱਖ ਮੰਤਰੀ ਨਾਇਬ ਸਿੰਘ ਸੈਣੀ ਵਿਸ਼ੇਸ਼ ਮਹਿਮਾਨ ਸਨ। ਇਸ ਮੌਕੇ ਸੈਣੀ ਨੇ ਪੰਜਾਬ ਵਿੱਚ ਵਿਗੜਦੀ ਕਾਨੂੰਨ ਵਿਵਸਥਾ ਦੀ ਸਥਿਤੀ 'ਤੇ ਚਿੰਤਾ ਜ਼ਾਹਰ ਕਰਦਿਆਂ ਕਿਹਾ ਕਿ ਇਸ ਸਮੇਂ ਰਾਜ ਦੇ ਲੋਕਾਂ ਦੇ ਮਨਾਂ ਵਿੱਚ ਬਹੁਤ ਡਰ ਹੈ।ਉਨ੍ਹਾਂ ਕਿਹਾ ਕਿ ਹਾਲਾਤ ਅਜਿਹੇ ਹਨ ਕਿ ਲੋਕ ਆਪਣੇ ਘਰਾਂ 'ਚੋਂ ਬਾਹਰ ਨਿਕਲਣ ਤੋਂ ਵੀ ਡਰਨ ਲੱਗੇ ਹਨ। 'ਆਪ' ਸਰਕਾਰ ਨੇ ਸੱਤਾ ਵਿੱਚ ਆਉਣ 'ਤੇ ਕਾਨੂੰਨ ਵਿਵਸਥਾ ਅਤੇ ਨਸ਼ੇ ਨੂੰ ਖਤਮ ਕਰਨ ਸੰਬੰਧੀ ਕਈ ਵਾਅਦੇ ਕੀਤੇ ਸਨ ਪਰ ਉਨ੍ਹਾਂ ਵਿੱਚੋਂ ਕੋਈ ਵੀ ਪੂਰਾ ਨਹੀਂ ਕੀਤਾ ਗਿਆ। ਸੈਣੀ ਨੇ ਕਿਹਾ ਕਿ ਪੰਜਾਬ ਵਿੱਚ ਕਾਨੂੰਨ ਵਿਵਸਥਾ ਦੀ ਹਾਲਤ ਬਹੁਤ ਮਾੜੀ ਹੋ ਚੁੱਕੀ ਹੈ ਅਤੇ ਨਸ਼ਾ ਵੀ ਵਧਿਆ ਹੈ। ਸਰਕਾਰ ਨੇ ਰੁਜ਼ਗਾਰ ਦੇਣ ਦਾ ਵਾਅਦਾ ਕੀਤਾ ਸੀ ਪਰ ਕੁਝ ਨਹੀਂ ਹੋਇਆ। ਹੜ੍ਹਾਂ ਦੌਰਾਨ ਸੂਬੇ ਦੇ ਕਿਸਾਨਾਂ ਨੂੰ ਢੁੱਕਵਾਂ ਮੁਆਵਜ਼ਾ ਨਹੀਂ ਮਿਲਿਆ। ਉਨ੍ਹਾਂ ਦੱਸਿਆ ਕਿ ਭਾਰੀ ਬਾਰਿਸ਼ ਕਾਰਨ ਹਰਿਆਣਾ ਦੇ ਕਿਸਾਨਾਂ ਨੂੰ ਵੀ ਕਾਫ਼ੀ ਨੁਕਸਾਨ ਹੋਇਆ ਹੈ। ਹਰਿਆਣਾ ਸਰਕਾਰ ਨੇ ਕਿਸਾਨਾਂ ਦੇ ਖਾਤਿਆਂ ਵਿੱਚ 116 ਕਰੋੜ ਰੁਪਏ ਜਮ੍ਹਾਂ ਕਰਵਾਏ ਹਨ। ਇਸ ਤੋਂ ਇਲਾਵਾ ਘਰਾਂ ਅਤੇ ਪਸ਼ੂਆਂ ਦੇ ਨੁਕਸਾਨ ਲਈ 5 ਕਰੋੜ ਰੁਪਏ ਦੀ ਸਹਾਇਤਾ ਦਿੱਤੀ ਗਈ ਹੈ। ਪਿਛਲੇ 11 ਸਾਲਾਂ ਵਿੱਚ ਸਰਕਾਰ ਨੇ ਹਰਿਆਣਾ ਵਿੱਚਕਿਸਾਨਾਂ ਦੀਆਂ ਫਸਲਾਂ ਦੇ ਨੁਕਸਾਨ ਲਈ - 15,500 ਕਰੋੜ ਰੁਪਏ ਦਾ ਮੁਆਵਜ਼ਾ ਦਿੱਤਾ' ਹੈ. ਸੈਣੀ ਨੇ ਕਿਹਾ ਕਿ ਪੰਜਾਬ ਵਿੱਚ ਸਿਰਫ਼ ਗੱਲਾਂ ਹੋ ਰਹੀਆਂ ਹਨ। ਸਰਕਾਰ ਨੇ ਆਪਣਾ ਕੋਈ ਵੀ ਵਾਅਦਾ ਪੂਰਾ ਨਹੀਂ ਕੀਤਾ ਹੈ। ਲੋਕ ਸਰਕਾਰ ਤੋਂ ਨਾਰਾਜ਼ ਹਨ, ਜਿਸ ਕਰ ਕੇ ਉਹ ਉਨ੍ਹਾਂ ਨੂੰ ਵਾਰ-ਵਾਰ ਪੰਜਾਬ ਬੁਲਾ ਰਹੇ ਹਨ। ਉਨ੍ਹਾਂ ਕਿਹਾ ਕਿ ਹਰਿਆਣਾ ਸਰਕਾਰ ਨੇ ਚੋਣਾਂ ਦੌਰਾਨ ਲੋਕਾਂ ਨਾਲ ਕੀਤੇ ਵਾਅਦੇ ਪੂਰੇ ਕਰਨੇ ਸ਼ੁਰੂ ਕਰ ਦਿੱਤੇ ਹਨ। ਹੁਣ ਤੱਕ 60 ਵਾਅਦੇ ਪੂਰੇ ਕੀਤੇ ਜਾ ਚੁੱਕੇ ਹਨ। ਉਨ੍ਹਾਂ ਦਾਅਵਾ ਕੀਤਾ ਕਿ ਪੰਜਾਬ ਦੇ ਲੋਕਾਂ ਨੇ ਆਪਣਾ ਮਨ ਬਣਾ ਲਿਆ ਹੈ ਕਿ ਆਉਣ ਵਾਲੀਆਂ ਚੋਣਾਂ ਵਿੱਚ ਸੂਬੇ ਵਿੱਚ ਭਾਜਪਾ ਦੀ ਸਰਕਾਰ ਬਣੇਗੀ। ਇਸ ਮੌਕੇ ਸੂਬਾ ਭਾਜਪਾ ਕਾਰਜਕਾਰੀ ਪ੍ਰਧਾਨ ਅਸ਼ਵਨੀ ਸ਼ਰਮਾ ਅਤੇ ਸੈਣੀ ਭਾਈਚਾਰੇ ਦੇ ਅਧਿਕਾਰੀ ਮੌਜੂਦ ਸਨ।



## ਭਾਰਤ 'ਚ ਫਸੇ ਵਿਦੇਸ਼ੀਆਂ ਨੂੰ ਵੀਜ਼ਾ ਰਾਹਤ ਦਾ ਭਰੋਸਾ

ਨਵੀਂ ਦਿੱਲੀ: ਭਾਰਤ ਨੇ ਪੱਛਮੀ ਏਸ਼ੀਆ ਸੰਕਟ 'ਚ ਵਧਦੇ ਖ਼ਤਰੇ ਦੇ ਮੱਦੇਨਜ਼ਰ ਅੰਤਰਰਾਸ਼ਟਰੀ ਉਡਾਣਾਂ ਰੱਦ ਹੋਣ ਕਾਰਨ ਦੇਸ਼ 'ਚ ਫਸੇ ਵਿਦੇਸ਼ੀ ਨਾਗਰਿਕਾਂ ਨੂੰ ਕਿਹਾ ਹੈ ਕਿ ਉਹ ਭਾਰਤ 'ਚ ਆਪਣੇ ਵੀਜ਼ਾ ਵਿਸਥਾਰ ਲਈ ਸਬੰਧਤ ਅਧਿਕਾਰੀਆਂ ਨਾਲ ਸੰਪਰਕ ਕਰਨ। ਵਿਦੇਸ਼ ਮੰਤਰਾਲੇ ਨੇ ਭਾਰਤ 'ਚ ਆਏ ਵਿਦੇਸ਼ੀ ਨਾਗਰਿਕਾਂ ਦੇ ਯਾਤਰਾ ਪ੍ਰੋਗਰਾਮਾਂ 'ਚ ਆਈ ਰੁਕਾਵਟ ਕਾਰਨ ਸਲਾਹ ਜਾਰੀ ਕੀਤੀ ਹੈ।




ਵਿਦੇਸ਼ ਮੰਤਰਾਲੇ (ਐੱਮਈਏ) ਨੇ ਵਿਦੇਸ਼ੀ ਨਾਗਰਿਕਾਂ ਨੂੰ ਅਪੀਲ ਕੀਤੀ ਕਿ ਜੇ ਉਨ੍ਹਾਂ ਨੂੰ ਵੀਜ਼ਾ ਵਿਸਥਾਰ 'ਚ ਮਦਦ ਦੀ ਲੋੜ ਹੈ ਜਾਂ ਉਹ ਆਪਣੀ ਹਾਲਤ ਨੂੰ ਰੈਗੂਲਰ ਕਰਨਾ ਚਾਹੁੰਦੇ ਹਨ ਤਾਂ ਉਹ ਆਪਣੇ ਨੇੜਲੇ ਵਿਦੇਸ਼ੀ ਖੇਤਰੀ ਰਜਿਸਟ੍ਰੇਸ਼ਨ ਦਫ਼ਤਰ (ਐੱਫਆਰਆਰਓ) ਨਾਲ ਸੰਪਰਕ ਕਰਨ। ਇਸ ਵਿਚ ਕਿਹਾ ਗਿਆ ਹੈ ਕਿ ਭਾਰਤ 'ਚ ਸਾਰੇ ਵਿਦੇਸ਼ੀ ਨਾਗਰਿਕ, ਜਿਨ੍ਹਾਂ ਨੂੰ ਪੱਛਮੀ ਏਸ਼ੀਆ ਖੇਤਰ 'ਚ ਚੱਲ ਰਹੀਆਂ ਘਟਨਾਵਾਂ ਕਾਰਨ ਆਪਣੀਆਂ ਯਾਤਰਾ ਯੋਜਨਾਵਾਂ 'ਚ ਬਦਲਾਅ ਕਰਨਾ ਪਿਆ ਹੈ ਤੇ ਜਿਨ੍ਹਾਂ ਨੂੰ ਆਪਣੇ ਵੀਜ਼ੇ ਦੇ ਵਿਸਥਾਰ ਜਾਂ ਆਪਣੀ ਹਾਲਤ ਨੂੰ ਰੈਗੂਲਰ ਕਰਨ 'ਚ ਮਦਦ ਦੀ ਲੋੜ ਹੈ, ਉਹ ਕ੍ਰਿਪਾ ਆਪਣੇ ਨੇੜਲੇ ਵਿਦੇਸ਼ੀ ਖੇਤਰੀ ਰਜਿਸਟ੍ਰੇਸ਼ਨ ਦਫ਼ਤਰ ਨਾਲ ਸੰਪਰਕ ਕਰਨ। ਐੱਮਈਏ ਨੇ ਕਿਹਾ ਕਿ ਸਬੰਧਤ ਐੱਫਆਰਆਰਓ ਮਦਦ ਦੇਵੇਗਾ। ਇਹ ਸਪੱਸ਼ਟ ਨਹੀਂ ਹੈ ਕਿ ਉਡਾਣਾਂ ਰੱਦ ਹੋਣ ਕਾਰਨ ਭਾਰਤ 'ਚ ਕਿੰਨੇ ਵਿਦੇਸ਼ੀ ਸੈਲਾਨੀ ਫਸੇ ਹੋਏ ਹਨ। ਪੱਛਮੀ ਏਸ਼ੀਆ ਹਵਾਈ ਖੇਤਰ ਦੀਆਂ ਪਾਬੰਦੀਆਂ ਕਾਰਨ ਹੁਣ ਤੱਕ 444 ਤੋਂ ਵੱਧ ਅੰਤਰਰਾਸ਼ਟਰੀ ਉਡਾਣਾਂ ਰੱਦ ਕੀਤੀਆਂ ਜਾ ਚੁੱਕੀਆਂ ਹਨ।

# ਤਾਨਾਸ਼ਾਹ ਸਰਕਾਰ ਨੂੰ ਪੁੱਟ ਸੁੱਟਣਗੇ 140 ਕਰੋੜ ਲੋਕ: ਕੇਜਰੀਵਾਲ

**ਨਵੀਂ ਦਿੱਲੀ:** ਆਮ ਆਦਮੀ ਪਾਰਟੀ ਦੇ ਰਾਸ਼ਟਰੀ ਕਨਵੀਨਰ ਅਰਵਿੰਦ ਕੇਜਰੀਵਾਲ ਨੇ ਐਤਵਾਰ ਨੂੰ ਦਿੱਲੀ ਦੇ ਜੰਤਰ-ਮੰਤਰ 'ਤੇ "ਵਿਸ਼ਾਲ ਰੈਲੀ ਕਰ ਕੇ ਦੇਸ਼ ਨੂੰ ਸੰਬੋਧਨ ਕੀਤਾ। ਉਨ੍ਹਾਂ ਕਿਹਾ ਕਿ 140 ਕਰੋੜ ਲੋਕ ਮਿਲ ਕੇ ਦੇਸ਼ 'ਚੋਂ ਤਾਨਾਸ਼ਾਹ ਸਰਕਾਰ ਪੁੱਟ ਸੁੱਟਣਗੇ। ਇਹ ਲੋਕ ਸੱਤਾ ਦੀ ਸਿਆਸਤ ਕਰਨ ਤੇ ਅਸੀ ਜਨਤਾ ਲਈ ਕੰਮ ਕਰਾਂਗੇ। ਅੱਜ ਤੋਂ ਇਹ ਬਦਲਾਅ ਦੀ ਗਿਣਤੀ ਸ਼ੁਰੂ ਹੋ ਗਈ ਹੈ। ਉਨ੍ਹਾਂ ਕਿਹਾ ਕਿ ਪਿਛਲੇ ਚਾਰ ਸਾਲਾਂ ਤੋਂ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਤੇ ਅਮਿਤ ਸ਼ਾਹ ਸਾਜ਼ਿਸ਼ ਤਹਿਤ ਕਹਿੰਦੇ ਰਹੇ ਕਿ ਕੇਜਰੀਵਾਲ ਚੋਰ ਹੈ, ਭ੍ਰਿਸ਼ਟਾਚਾਰੀ ਹੈ, ਸ਼ਰਾਬ ਘੁਟਾਲਾ ਕੀਤਾ ਹੈ, 100 ਕਰੋੜ ਖਾ ਗਿਆ। ਦੋਵੇ ਇਹ ਯਤਨ ਕਰਦੇ ਰਹੇ ਕਿ ਕੇਜਰੀਵਾਲ, ਮਨੀਸ਼ ਸਿਸੋਦੀਆ, ਸਤੇਂਦਰ ਜੈਨ, ਸੰਜੇ ਸਿੰਘ ਛੁੱਟਣੇ ਨਹੀਂ ਚਾਹੀਦੇ। ਜੱਜ ਸਾਹਿਬ ਨੇ ਫ਼ੈਸਲਾ ਸੁਣਾਇਆ ਕਿ ਪੂਰਾ ਕੇਸ ਫ਼ਰਜ਼ੀ ਹੈ, ਕੋਈ ਸਬੂਤ ਨਹੀਂ ਹੈ। ਕੋਰਟ ਨੇ ਸਾਫ਼ ਕਰ ਦਿੱਤਾ ਕਿ ਕੇਜਰੀਵਾਲ ਕੱਟੜ ਈਮਾਨਦਾਰ ਸੀ, ਹੈ ਤੇ ਰਹੇਗਾ।

ਪ੍ਰਧਾਨ ਮੰਤਰੀ ਪਤਾ ਨਹੀਂ ਕਿਉਂ ਮੇਰੇ ਨਾਲ ਨਫ਼ਰਤ ਕਰਦੇ ਹਨ? ਮੈਂ ਤਾਂ ਉਨ੍ਹਾਂ ਦਾ ਕੁਝ ਨਹੀਂ ਵਿਗਾੜਿਆ। ਕੇਜਰੀਵਾਲ ਨੇ ਕਿਹਾ ਕਿ ਮੈਂ ਆਪਣੇ ਦੇਸ਼ ਨਾਲ ਬਹੁਤ ਪਿਆਰ ਕਰਦਾ ਹਾਂ। ਚਾਹੁੰਦਾ ਤਾਂ ਨੌਕਰੀ ਕਰਨ ਅਮਰੀਕਾ ਜਾ ਸਕਦਾ ਸੀ। ਉਦੋਂ ਮੇਰੇ ਮਨ 'ਚ ਖਿਆਲ ਆਇਆ ਕਿ ਜੇਕਰ ਵੱਡੇ-ਵੱਡੇ ਅਦਾਰਿਆਂ ਤੋਂ ਪੜ੍ਹ ਕੇ ਸਾਰੇ ਲੋਕ ਵਿਦੇਸ਼ ਚਲੇ ਜਾਣਗੇ ਤਾਂ ਆਪਣੇ ਦੇਸ਼ ਨੂੰ ਕੌਣ ਸੰਭਾਲੇਗਾ। ਕਿਸਮਤ ਨੇ ਮੈਨੂੰ ਦੱਸ 10 ਸਾਲ ਤੱਕ ਦਿੱਲੀ ਦਾ ਮੁੱਖ ਮੰਤਰੀ ਬਣਾਇਆ। ਕੋਈ ਇਕ ਠੇਕੇਦਾਰ ਖੜ੍ਹਾ ਹੋ ਕੇ ਕਹਿ ਦੇਵੇ ਕਿ ਕੇਜਰੀਵਾਲ ਨੇ ਪੈਸੇ ਮੰਗੇ ਸਨ, ਮੈਂ ਸਿਆਸਤ ਛੱਡ ਦੇਵਾਂਗਾ। ਮੈਂ ਆਪਣੇਂ ਜੀਵਨ 'ਚ ਸਿਰਫ਼ ਈਮਾਨਦਾਰੀ ਕਮਾਈ ਹੈ। ਕੇਜਰੀਵਾਲ ਨੇ ਕਿਹਾ ਕਿ ਕਾਂਗਰਸ ਦੀ ਸਰਕਾਰ 'ਚ ਟੂਜੀ, ਕਾਮਨਵੈਲਥ, ਕੋਲਾ ਸਮੇਤ ਹੋਰ ਘੁਟਾਲਿਆਂ ਤੋਂ ਲੋਕ ਪਰੇਸ਼ਾਨ ਹੋ ਗਏ ਸਨ।2014 'ਚ ਲੋਕਾਂ ਨੇ ਬੜੀਆਂ ਉਮੀਦਾਂ ਨਾਲ ਭਾਜਪਾ ਦੀ ਪੂਰਨ ਬਹੁਮਤ ਵਾਲੀ ਸਰਕਾਰ ਬਣਾਈ। ਸੂਈ ਨੂੰ ਬਣੇ 12 ਸਾਲ ਹੋ ਗਏ, ਪਰ ਜਨਤਾ ਨੂੰ ਕੁਝ ਨਹੀਂ ਮਿਲਿਆ। ਇਨ੍ਹਾਂ ਲੋਕਾਂ ਨੇ ਦੇਸ਼ ਦਾ ਬੇੜਾ ਗਰਕ ਕਰ ਦਿੱਤਾ। ਉਨ੍ਹਾਂ ਕਿਹਾ ਕਿ ਦੇਸ਼ ਭਰ 'ਚ ਪੇਪਰ ਲੀਕ ਹੋ ਰਹੇ ਹਨ ਤੇ ਪ੍ਰਧਾਨ ਮੰਤਰੀ ਪ੍ਰੀਖਿਆ 'ਤੇ ਚਰਚਾ ਦੀ ਨੌਟੰਕੀ ਕਰ ਰਹੇ ਹਨ। ਸ੍ਰੀਲੰਕਾ ਭੂ ਮਲੇਸ਼ੀਆ, ਰਵਾਂਡਾ, ਵਿਅਤਨਾਮ ਵਰਗੇ ਗ਼ਰੀਬ ਦੇਸ਼ਾਂ ਦੀਆਂ ਸੜਕਾਂ ਸ਼ਾਨਦਾਰ ਹਨ ਪਰ ਗੁਜਰਾਤ ਦੀਆਂ ਸੜਕਾਂ 'ਚ ਫੋਨ ਟੋਏ ਹਨ ਕਿ ਉੱਥੇ 30 ਕਿਲੋ ਪ੍ਰਤੀ ਘੰਟੇ ਦੀ ਰਫ਼ਤਾਰ ਨਾਲ ਕੀੜੀਆਂ ਦੌੜਦੀਆਂ ਹਨ। ਇਹੀ ਨਹੀਂ, ਅੱਜ ਪੂਰੇ ਉੱਤਰ ਭਾਰਤ ਦੇ ਅੰਦਰ ਸਾਹ ਲੈਣਾ ਮੁਸ਼ਕਲ ਹੋ ਰਿਹਾ ਹੈ। ਇਹ ਲੋਕ ਕਹਿੰਦੇ ਹਨ ਕਿ ਵਿਕਸਤ ਭਾਰਤ ਬਣਾਵਾਂਗੇ। ਵਿਕਸਤ ਭਾਰਤ ਛੱਡੋ ਰਹਿਣ ਲਾਇਕ ਭਾਰਤ ਬਣਾ ਦਿਓ।



### ਹਿੰਮਤ ਹੈ ਤਾਂ ਅਸਲੀ ਭ੍ਰਿਸ਼ਟਾਰੀਆਂ 'ਤੇ ਕਾਰਵਾਈ ਕਰ ਕੇ ਦਿਖਾਉਣ

ਕੇਜਰੀਵਾਲ ਨੇ ਕਿਹਾ ਕਿ ਪ੍ਰਧਾਨ ਮੰਤਰੀ ਜੇਕਰ ਭ੍ਰਿਸ਼ਟਾਚਾਰ ਖ਼ਤਮ ਕਰਨਾ ਚਾਹੁੰਦੇ ਹਨ ਤੇ ਉਨ੍ਹਾਂ 'ਚ ਹਿੰਮਤ ਹੈ ਤਾਂ ਅਸਲੀ ਭ੍ਰਿਸ਼ਟਾਚਾਰੀਆ 'ਤੇ ਕਾਰਵਾਈ ਕਰ ਕੇ ਦਿਖਾਉਣਾ ਗੁਜਰਾਤ 'ਚ 20 ਹਜ਼ਾਰ ਕਰੋੜ ਰੁਪਏ ਦੀ ਕੋੌੜੀਨ ਫੜੀ ਗਈ ਹਰ ਸਾਲ 30 ਹਜ਼ਾਰ ਕਰੋੜ ਰੁਪਏ ਦੀ ਨਕਲੀ ਸ਼ਰਾਬ ਵਿਕਦੀ ਹੈ। ਇਨ੍ਹਾਂ ਨੇ ਆਪਣੇ ਇਕ ਦੋਸਤ ਨੂੰ ਅਰਬਾਂ ਸ਼ਰਧਾ ਰੁਪਏ ਵੀ ਇਕ ਹਜ਼ਾਰ ਏਕੜ ਜ਼ਮੀਨ ਇਕ ਰੁਪਏ 'ਚ ਦੇ ਦਿੱਤੀ। ਉਹ ਪੁਲਾਂ ਦਾ ਉਦਘਾਟਨ ਕਰ ਕੇ ਆਉਂਦੇ ਹਨ ਤੇ ਇਕ ਮਹੀਨਾ ਨਹੀਂ ਹੁੰਦਾ ਕਿ ਪੁਲ ਡਿੱਗ ਜਾਂਦਾ ਹੈ, ਸੜਕ ਟੁੱਟ ਜਾਂਦੀ ਹੈ। ਮੋਦੀ ਜੀ 'ਚ ਹਿੰਮਤ ਹੈ ਤਾਂ ਉੱਥੇ ਐਕਸ਼ਨ ਲੈ ਕੇ ਦਿਖਾਉਣਾ। ਉਹ ਅਸਲ 'ਚ ਭ੍ਰਿਸ਼ਟਾਚਰ ਕਰਨ ਵਾਇਆ ਨੂੰ ਜੇਲ੍ਹ ਨਹੀਂ ਲਿਜਾਣਗੇ, ਬਲਕਿ ਸੋਨਮ ਵਾਂਗਚੁਕ, ਮੇਰਾਜ ਮਲਿਕ, ਨਰੇਸ਼ ਬਾਲਿਆਨ, ਕੇਜਰੀਵਾਲ, ਮਨੀਸ਼ ਸਿਸਦੀਆ, ਸੰਜੇ ਸਿੰਘ ਨੂੰ ਜੇਲ 'ਚ ਸੁੱਟਣਗੇ। ਉਨ੍ਹਾਂ ਨੇ ਕਿਹਾ ਕਿ ਜਦੋਂ ਕੋਈ ਤਾਨਾਸ਼ਾਹ ਪੜ੍ਹੇ ਲਿਖੇ ਵਿਗਿਆਨੀ ਤੇ ਡਰਨਾ ਚਾਲੂ ਕਰ ਦੇਵੇ ਤਾ ਸਮਝ ਲੈਣਾ ਕਿ ਉਸ ਦਾ ਅੰਤ ਆ ਗਿਆ ਹੈ।

**ਜੇਕਰ ਦੇਸ਼ ਦਾ ਪ੍ਰਧਾਨ ਮੰਤਰੀ ਹੀ ਝੂਠਾ ਹੋਵੇ ਤਾਂ ਦੇਸ਼ ਦੀ ਤਰੱਕੀ ਕਿਵੇਂ ਹੋਵੇਗੀ? :** ਇਕ ਸਾਲ ਪਹਿਲਾਂ ਭਾਜਪਾ ਦੀ ਦਿੱਲੀ 'ਚ ਸਰਕਾਰ ਬਣੀ ਸੀ। ਪ੍ਰਧਾਨ ਮੰਤਰੀ ਖ਼ੁਦ ਦਿੱਲੀ 'ਚ ਕਹਿ ਰਹੇ ਸਨ ਕਿ 8 ਮਾਰਚ 2025 ਤੋਂ ਦਿੱਲੀ ਦੀ ਹਰ ਮਹਿਲਾ ਦੇ ਖ਼ਾਤੇ 'ਚ 2500 ਰੁਪਏ ਆਉਣਗੇ, ਪਰ ਨਹੀਂ ਆਏ। ਜੇਕਰ ਦੇਸ਼ ਦਾ ਪ੍ਰਧਾਨ ਮੰਤਰੀ ਹੀ ਝੂਠਾ ਹੋਵੇ ਤਾਂ ਦੇਸ਼ ਦੀ ਤਰੱਕੀ ਕਿਵੇਂ ਹੋ ਸਕਦੀ ਹੈ। ਇਸ ਇਕ ਸਾਲ 'ਚ ਇਸ ਸਰਕਾਰ ਦੇ ਭੁਗਤਭੋਗੀ ਹਜ਼ਾਰਾਂ ਲੋਕ ਹਨ। ਇਥੇ ਦੇਹਾੜੀਦਾਰ ਨੌਜਵਾਨਾਂ ਦੀ ਨੌਕਰੀ ਦੇ ਲਈ। ਸੜਕਾਂ ਟੁੱਟੀਆਂ ਪਈਆਂ ਹਨ। ਹਰ ਪਾਸੇ ਰਦਗੀ ਹੈ। ਲੋਕਾਂ ਦੇ ਘਰਾਂ 'ਚ ਕਾਲਾ ਪਾਣੀ ਆ ਰਿਹਾ ਹੈ। ਸਾਡੀ ਸਰਕਾਰ 'ਚ ਦਿੱਲੀ ਨੂੰ 24 ਘੰਟੇ ਬਿਜਲੀ ਮਿਲਦੀ ਸੀ। ਹੁਣ ਲੰਬੇ-ਲੰਬੇ ਪਾਵਰ ਕੱਟ ਲੱਗ ਰਹੇ ਹਨ। ਅੱਜ ਦਿੱਲੀ ਵਾਲੇ ਯਾਦ ਕਰ ਰਹੇ ਹਨ ਕਿ ਇਨ੍ਹਾਂ ਨਾਲ ਚੰਗਾ ਤਾਂ ਕੇਜਰੀਵਾਲ ਹੀ ਸੀ। ਅੱਜ ਦਿੱਲੀ 'ਚ ਚੋਣ ਕਰਵਾ ਲਓ ਭਾਜਪ ਦੀਆਂ 10 ਸੀਟਾਂ ਨਹੀਂ ਆਉਣਗੀਆਂ।

**ਮੋਦੀ ਸਿਰਫ਼ ਸੱਤਾ ਦੇ ਭੁੱਖੇ :** ਅਰਵਿੰਦ ਕੇਜਰੀਵਾਲ ਨੇ ਕਿਹਾ ਕਿ ਮੇਰਾ ਮੰਨਣਾ ਹੈ ਕਿ ਪ੍ਰਧਾਨ ਮੰਤਰੀ ਮੋਦੀ ਦੀ ਦਿਲਚਸਪੀ ਨਾ ਤਾਂ ਦੇਸ਼ ਚਲਾਉਣ 'ਚ ਹੈ ਤੇ ਨਾ ਹੀ ਸਰਕਾਰ ਚਲਾਉਣ 'ਚ। ਸੱਚ ਇਹ ਹੈ ਕਿ ਉਨ੍ਹਾਂ ਨੂੰ ਦੇਸ਼ ਨਾਲ ਕੋਈ ਲੈਣਾ-ਦੇਣਾ ਨਹੀਂ ਹੈ। ਦੇਸ਼ ਭਾੜ 'ਚ ਜਾਵੇ। ਉਨ੍ਹਾਂ ਨੂੰ ਸਿਰਫ ਸੱਤਾ ਦੀ ਭੁੱਖ ਹੈ। ਸਵੇਰ ਤੋਂ ਸ਼ਾਮ ਤੱਕ ਉਹ ਤੇ ਅਮਿਤ ਸ਼ਾਹ ਇਹੀ ਸੋਚਦੇ ਹਨ ਕਿ ਸੱਤਾ 'ਚ ਕਿਵੇਂ ਰਹੀਏ। ਇਸੇ ਲਈ ਉਹ ਤਰ੍ਹਾਂ-ਤਰ੍ਹਾਂ ਦੀਆਂ ਸਾਜ਼ਿਸ਼ਾਂ ਰਚਦੇ ਹਨ।

ਇਸੇ ਲਈ ਐਸਆਈਆਰ, ਵੋਟਰ ਲਿਸਟ 'ਚ ਨਾਂ ਕੱਟਣ, ਜੋੜਣ, ਪੈਸੇ-ਸਾੜੀਆਂ ਵੰਡਣੀਆਂ ਪੈਣ ਜਾਂ ਫਿਰ ਲੋਕਾਂ ਨੂੰ ਵੀ ਕਿਉਂ ਨਾ ਮਰਵਾਉਣਾ ਪਵੇ, ਜੋ ਕਰਨਾ ਪਵੇ, ਪਰ ਇਨ੍ਹਾਂ ਨੂੰ ਸਿਰਫ ਸੱਤਾ ਚਾਹੀਦੀ ਹੈ।

# ਰਾਜਨੀਤਕ ਅਸਥਿਰਤਾ ਅਤੇ ਬੇਯਕੀਨੀ ਵਿਚ ਘਿਰਿਆ ਇਰਾਨ

**ਤਹਿਰਾਨ:** ਈਰਾਨ ਵਿਰੁੱਧ ਇਜ਼ਰਾਈਲ ਅਤੇ ਅਮਰੀਕਾ ਦੀ ਸਾਂਝੀ ਫ਼ੌਜੀ ਕਾਰਵਾਈ 'ਚ ਈਰਾਨ ਦੇ ਸੁਪਰੀਮ ਲੀਡਰ ਅਤੇ ਮਜ਼ਹਬੀ ਆਗੂ ਅਯਾਤੁੱਲ੍ਹਾ ਅਲੀ ਖਾਮਨੇਈ ਦੀ ਮੌਤ ਤੋਂ ਬਾਅਦ ਉਥੇ ਭਾਵੇਂ ਲੀਡਰਸ਼ਿਪ ਤਬਦੀਲੀ ਹੋ ਗਈ, ਪਰ ਇਹ ਕਹਿਣਾ ਮੁਸ਼ਕਲ ਹੈ ਕਿ ਸੱਤਾ ਤਬਦੀਲੀ ਵੀ ਹੋ ਜਾਵੇਗੀ, ਜੋ ਕਿ ਅਮਰੀਕੀ ਰਾਸ਼ਟਰਪਤੀ ਦਾ ਟੀਚਾ ਹੈ। ਇਕ ਤਾਂ ਈਰਾਨ ਵੈਨੇਜ਼ੁਏਲਾ ਨਹੀਂ ਹੈ ਤੇ ਨਾ ਹੀ ਉਥੇ ਸ਼ਾਸਨ ਅਤੇ ਫ਼ੌਜ ਨੂੰ ਕੰਟਰੋਲ ਕਰਨ ਵਾਲੇ ਤੰਤਰ 'ਚ ਫ਼ਿਲਹਾਲ ਕਿਸੇ ਅਸਹਿਮਤੀ ਤੇ ਵਿਦਰੋਹ ਦੇ ਆਸਾਰ ਦਿਖਾਈ ਦੇ ਰਹੇ ਹਨ।

ਇਸ ਦਾ ਨਤੀਜਾ ਇਹ ਹੈ ਕਿ ਖਾਮਨੇਈ ਦੀ ਥਾਂ 'ਤੇ ਅੰਤ੍ਰਿਮ ਲੀਡਰ ਦੇ ਨਾਂ ਦਾ ਐਲਾਨ ਕਰ ਦਿੱਤਾ ਗਿਆ ਹੈ ਅਤੇ ਈਰਾਨੀ ਫ਼ੌਜ ਤੇ ਵਿਸ਼ੇਸ਼ ਰੂਪ ਨਾਲ ਰਿਵੋਲਿਊਸ਼ਨਰੀ ਗਾਰਡਜ਼ ਦੇ ਕਮਾਂਡਰ ਇਜ਼ਰਾਈਲ- ਅਮਰੀਕਾ ਦੇ ਹਮਲੇ ਦਾ ਜਵਾਬ ਦੇਣ ਦੇ ਨਾਲ ਹੀ ਖਾਮਨੇਈ ਦੀ ਮੌਤ ਦਾ ਬਦਲਾ ਲੈਣ ਦੀ ਧਮਕੀ ਵੀ ਦੇ ਰਹੇ ਹਨ। ਈਰਾਨੀ ਫ਼ੌਜ ਜਿਸ ਤਰ੍ਹਾਂ ਇਜ਼ਰਾਈਲ ਨੂੰ ਨਿਸ਼ਾਨਾ ਬਣਾਉਣ ਦੇ ਨਾਲ ਸਾਊਦੀ ਅਰਬ, ਕਤਰ, ਜਾਰਡਨ, ਓਮਾਨ, ਬਹਿਰੀਨ, ਕੁਵੈਤ, ਸੰਯੁਕਤ ਅਰਬ ਅਮੀਰਾਤ ਆਦਿ ਥਾਂਵਾਂ 'ਤੇ ਅਮਰੀਕੀ ਫ਼ੌਜੀ ਟਿਕਾਣਿਆਂ ਦੇ ਨਾਲ ਨਾਗਰਿਕ ਖੇਤਰਾਂ ਨੂੰ ਨਿਸ਼ਾਨਾ ਬਣਾ ਰਹੀ ਹੈ, ਉਸ ਨਾਲ ਇਹੀ ਸਪੱਸ਼ਟ ਹੁੰਦਾ ਹੈ ਕਿ ਉਹ ਆਸਾਨੀ ਨਾਲ ਹਾਰ ਨਹੀਂ ਮੰਨਣ ਵਾਲੀ। ਈਰਾਨੀ ਫ਼ੌਜ ਨੇ ਜਿਸ ਤਰ੍ਹਾਂ ਗੁਆਂਢੀ ਦੇਸ਼ਾਂ 'ਚ ਨਾਗਰਿਕ ਟਿਕਾਣਿਆਂ 'ਤੇ ਹਮਲੇ ਕੀਤੇ, ਉਸ ਨਾਲ ਪੱਛਮੀ ਏਸ਼ੀਆ 'ਚ ਤਣਾਅ ਹੋਰ ਵਧੇਗਾ। ਇਸ ਦਾ ਅਸਰ ਭਾਰਤ ਸਮੇਤ ਪੂਰੀ ਦੁਨੀਆ 'ਤੇ ਪਵੇਗਾ, ਕਿਉਂਕਿ ਇਹ ਖੇਤਰ ਵਿਸ਼ਵ ਨੂੰ ਊਰਜਾ ਦੀ ਸਪਲਾਈ ਦਾ ਵੱਡਾ ਸ੍ਰੋਤ ਹੈ। ਈਰਾਨੀ ਫ਼ੌਜ ਦੀ ਪ੍ਰਤੀਕਿਰਿਆ ਦੇ ਬਾਵਜੂਦ ਤੱਥ ਇਹੀ ਹੈ ਕਿ ਉਹ ਇਜ਼ਰਾਈਲ ਤੇ ਅਮਰੀਕਾ ਦੀ ਫ਼ੌਜੀ ਸਮਰੱਥਾ ਦਾ ਲੰਬੇ ਸਮੇਂ ਤੱਕ ਸਾਹਮਣਾ ਨਹੀਂ ਕਰ ਸਕਦੀ। ਇਸ 'ਤੇ ਹੈਰਾਨੀ ਨਹੀਂ ਕਿ ਖਾਮਨੇਈ ਦੀ ਮੌਤ ਤੋਂ ਬਾਅਦ ਜਿੱਥੇ ਆਮ ਤੌਰ 'ਤੇ ਸ਼ੀਆ ਜਗਤ 'ਚ ਗੁੱਸਾ ਹੈ, ਉਥੇ ਈਰਾਨ 'ਚ ਜਨਤਾ ਦਾ ਇਕ ਵਰਗ ਖ਼ੁਸ਼ ਹੈ। ਇਸ ਦਾ ਕਾਰਨ ਇਹੀ ਹੈ ਕਿ ਕਰੀਬ 40 ਸਾਲਾਂ ਤੋਂ ਸੱਤਾ 'ਤੇ ਕਾਬਜ ਰਹਿਣ ਦੌਰਾਨ ਉਨ੍ਹਾਂ ਨੇ ਜ਼ੁਲਮ ਨਾਲ ਸ਼ਾਸਨ ਕੀਤਾ ਤੇ ਆਪਣੇ ਲੋਕਾਂ 'ਤੇ ਸਖ਼ਤ ਮਜ਼ਹਬੀ ਮਾਨਤਾਵਾਂ ਥੋਪੀਆਂ। ਇਸ ਤੋਂ ਇਲਾਵਾ ਉਨ੍ਹਾਂ ਨੇ ਹਿਜ਼ਬੁੱਲ੍ਹਾ, ਹਮਾਸ ਤੇ ਰਾਊਤੀ ਵਰਗੇ ਸੰਗਠਨਾਂ ਦੀ ਹਰ ਤਰ੍ਹਾਂ ਦੀ ਮਦਦ ਕੀਤੀ। ਇਸ ਨਾਲ ਇਜ਼ਰਾਈਲ ਤੇ ਅਮਰੀਕਾ ਦਾ ਈਰਾਨ ਨਾਲ ਵੈਰ ਵਧਿਆ। ਇਸ 'ਚ ਸ਼ੱਕ ਨਹੀਂ ਕਿ ਈਰਾਨ 'ਤੇ ਇਜ਼ਰਾਈਲ ਤੇ ਅਮਰੀਕਾ ਦਾ ਹਮਲਾ ਸਹੀ ਨਹੀਂ। ਇਹ ਹਮਲਾ ਕੁੱਲ ਮਿਲਾ ਕੇ ਅਮਰੀਕਾ ਦੀ ਮਨਮਰਜ਼ੀ ਨੂੰ ਵੀ ਵਰਸਾਉਂਦਾ ਹੈ, ਪਰ ਜੋ ਹਾਲਾਤ ਬਣੇ ਉਸ ਲਈ ਈਰਾਨੀ ਸੱਤਾ ਦੀ ਜ਼ਿਦ ਵੀ ਜ਼ਿੰਮੇਵਾਰ ਹੈ। ਈਰਾਨ ਪਰਮਾਣੂ ਹਥਿਆਰ ਬਣਾਉਣ ਦੀ ਜੁਗਤ 'ਚ ਲੱਗਾ ਹੋਇਆ ਸੀ। ਜੇ ਈਰਾਨੀ ਸੱਤਾ ਨੇ ਪਰਮਾਣੂ ਹਥਿਆਰ ਪ੍ਰੋਗਰਾਮ ਨੂੰ ਲੈ ਕੇ ਅੜੀਅਲ ਰੁਖ਼ ਤੋਂ ਜਾਣੂ ਨਾ ਕਰਵਾਇਆ ਹੁੰਦਾ ਤਾਂ ਸੰਭਵ ਤੌਰ 'ਤੇ ਕੂਟਨੀਤਕ ਗੱਲਬਾਤ ਰਾਹੀਂ ਕੋਈ ਹੱਲ ਨਿਕਲ ਸਕਦਾ ਸੀ। ਕਹਿਣਾ ਮੁਸ਼ਕਲ ਹੈ ਕਿ ਈਰਾਨ ਦਾ ਭਵਿੱਖ ਕੀ ਹੈ, ਪਰ ਇਸ ਦੀ ਅਣਦੇਖੀ ਨਹੀਂ ਕੀਤੀ ਜਾ ਸਕਦੀ ਕਿ ਇਕ ਸਮਾਂ ਆਧੁਨਿਕਤਾ ਨੂੰ ਪਸੰਦ ਕਰਨ ਵਾਲਾ ਇਹ ਦੇਸ਼ ਮਜ਼ਹਬੀ ਕੱਟੜਤਾ 'ਚ ਜਕੜਿਆ ਗਿਆ ਸੀ ਤੇ ਇਸੇ ਕਾਰਨ ਈਰਾਨੀ ਜਨਤਾ ਦੇ ਇਕ ਵਰਗ ਦੇ ਨਾਲ ਪੱਛਮੀ ਜਗਤ 'ਚ ਈਰਾਨੀ ਸ਼ਾਸਨ ਦੇ ਪ੍ਰਤੀ ਵਿਰੋਧ ਵਧਦਾ ਜਾ ਰਿਹਾ ਸੀ।



# ਭਗਵੰਤ ਮਾਨ ਨੇ ਜੇਲ੍ਹ ਜਾਣ ਦੇ ਡਰੋਂ ਕੋਈ ਕੰਮ ਹੀ ਨਹੀਂ ਕੀਤਾ: ਰਵਨੀਤ ਬਿੱਟੂ

**ਲੁਧਿਆਣਾ:** ਪੰਜਾਬ ਦੀ ਸਿਆਸਤ ਵਿੱਚ ਇਕ ਵਾਰ ਫਿਰ ਤਿੱਖੇ ਸ਼ਬਦੀ ਤੀਰ ਚੱਲਦੇ ਨਜ਼ਰ ਆਏ ਜਦੋਂ ਸੂਬੇ ਦੇ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਵੱਲੋਂ ਦਿੱਤੀ ਗਈ ਇੱਕ ਸਟੇਟਮੈਂਟ ਉੱਤੇ ਕੇਂਦਰੀ ਰਾਜ ਮੰਤਰੀ ਰਵਨੀਤ ਸਿੰਘ ਬਿੱਟੂ ਨੇ ਤੰਜ਼ ਕੱਸਿਆ। ਉਨ੍ਹਾਂ ਕਿਹਾ ਕਿ ਮੁੱਖ ਮੰਤਰੀ ਭਗਵੰਤ ਮਾਨ ਨੇ ਟੀਵੀ ਚੈਨਲ 'ਤੇ ਆਪਣੀ ਇੰਟਰਵਿਊ ਦੌਰਾਨ ਕਿਹਾ ਕਿ ਆਮ ਆਦਮੀ ਪਾਰਟੀ ਦੇ ਸੀਨੀਅਰ ਆਗੂ ਸਤਿੰਦਰ ਜੈਨ, ਮਨੀਸ਼ ਸਿਸੋਦੀਆ ਅਤੇ ਦਿੱਲੀ ਦੇ ਸਾਬਕਾ ਮੁੱਖ ਮੰਤਰੀ ਅਰਵਿੰਦ ਕੇਜਰੀਵਾਲ ਨੂੰ ਵੀ ਜੇਲ੍ਹ ਵਿੱਚ ਰੱਖਿਆ ਗਿਆ ਪਰ ਇਹ ਕੇਸ ਇੱਕ ਰਾਜਨੀਤਕ ਮਾਮਲਾ ਸੀ ਅਤੇ ਇਸ ਦਾ ਕੋਈ ਅਸਲ ਆਧਾਰ ਨਹੀਂ ਸੀ। ਉਨ੍ਹਾਂ ਕਿਹਾ ਕਿ ਭਗਵੰਤ ਮਾਨ ਦੇ ਕਹਿਣ ਅਨੁਸਾਰ ਕਿ ਆਮ ਆਦਮੀ ਪਾਰਟੀ ਸੱਚ ਦੀ ਰਾਜਨੀਤੀ ਕਰਦੀ ਹੈ ਅਤੇ ਵਿਰੋਧੀਆਂ ਵੱਲੋਂ ਰਾਜਨੀਤਿਕ ਬਦਲੇ ਦੀ ਭਾਵਨਾ ਨਾਲ ਝੂਠ ਦੀ ਕਾਰਵਾਈ ਕੀਤੀ ਜਾਂਦੀ ਹੈ। ਇਸ ਬਿਆਨ 'ਤੇ ਪ੍ਰਤੀਕਿਰਿਆ ਦਿੰਦਿਆਂ ਕੇਂਦਰੀ ਰਾਜ ਮੰਤਰੀ ਰਵਨੀਤ ਸਿੰਘ ਬਿੱਟੂ ਨੇ ਕਿਹਾ ਕਿ ਲੱਗਦਾ ਹੈ ਮੁੱਖ ਮੰਤਰੀ ਭਗਵੰਤ ਮਾਨ ਨੇ ਜੇਲ੍ਹ ਜਾਣ ਦੇ ਡਰ ਕਰ ਕੇ ਕੋਈ ਕੰਮ ਹੀ ਨਹੀਂ ਕੀਤਾ। ਉਨ੍ਹਾਂ ਤੰਜ਼ ਕੱਸਦਿਆਂ ਕਿਹਾ ਕਿ ਮਾਨ ਦੇ ਪਿਛਲੇ ਚਾਰ ਸਾਲਾਂ ਦੇ ਕਾਰਜਕਾਲ ਵਾਲੀ ਸਲੇਟ ਖਾਲੀ ਦੀ ਖਾਲੀ ਪਈ ਹੈ ਅਤੇ ਉਸ 'ਤੇ ਕੁਝ ਵੀ ਲਿਖਿਆ ਨਹੀਂ ਗਿਆ। ਬਿੱਟੂ ਨੇ ਕਿਹਾ ਕਿ ਪੰਜਾਬ ਦੇ ਲੋਕ ਵਿਕਾਸ ਅਤੇ ਸੁਧਾਰ ਦੀ ਉਮੀਦ ਕਰ ਰਹੇ ਸਨ ਪਰ ਮੌਜੂਦਾ ਸੂਬਾ ਸਰਕਾਰ ਵੱਲੋਂ ਵੱਡੇ ਦਾਅਵਿਆਂ ਤੋਂ ਇਲਾਵਾ ਜ਼ਮੀਨੀ ਪੱਧਰ 'ਤੇ ਕੀਤੇ ਕੰਮਾਂ ਦੀ ਕੋਈ ਠੋਸ ਪ੍ਰਗਤੀ ਦਿਖਾਈ ਨਹੀਂ ਦੇ ਰਹੀ।



ਇਸ ਦੌਰਾਨ ਰਵਨੀਤ ਬਿੱਟੂ ਨੇ ਕਿਹਾ ਕਿ ਸੂਬੇ ਦੀ ਵਿੱਤੀ ਹਾਲਤ, ਕਾਨੂੰਨ-ਵਿਵਸਥਾ ਅਤੇ ਨੌਜਵਾਨਾਂ ਦੇ ਰੋਜ਼ਗਾਰ ਵਰਗੇ ਮੁੱਦਿਆਂ 'ਤੇ ਸਰਕਾਰ ਪੂਰੀ ਤਰ੍ਹਾਂ ਨਾਕਾਮ ਰਹੀ ਹੈ। ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੇ ਐਹੋ ਜਹੇ ਬਿਆਨਾਂ ਨਾਲ ਰਾਜਨੀਤਿਕ ਗਰਮਾਹਟ ਵਧਦੀ ਨਜ਼ਰ ਆ ਰਹੀ ਹੈ ਅਤੇ ਆਉਣ ਵਾਲੇ ਸਮੇਂ ਵਿੱਚ ਇਹ ਬਿਆਨਬਾਜ਼ੀ ਹੋਰ ਤੇਜ਼ ਹੋਣ ਦੀ ਸੰਭਾਵਨਾ ਹੈ।

# ਪੁੱਤਰ ਨੂੰ ਵਿਦੇਸ਼ ਭੇਜਣ ਦੀ ਲਾਲਸਾ 'ਚ ਪੁਲਿਸ ਮੁਲਾਜ਼ਮ ਨੇ ਗੁਆਏ 40 ਲੱਖ

**ਤਰਨਤਾਰਨ:** ਆਈਲੈਟਸ ਦਾ ਟੈਸਟ ਪਾਸ ਨਾ ਕਰ ਸਕਣ ਵਾਲੇ ਪੁੱਤਰ ਨੂੰ ਵਿਦੇਸ਼ ਭੇਜਣ ਦੀ ਚਾਹਤ 'ਚ ਪੰਜਾਬ ਪੁਲਿਸ ਦਾ ਕਰਮਚਾਰੀ 40 ਲੱਖ ਦੀ ਠੱਗੀ ਦਾ ਸ਼ਿਕਾਰ ਹੋ ਗਿਆ। ਇੰਨਾ ਹੀ ਨਹੀਂ ਵਿਦੇਸ਼ ਤੋਂ ਪਰਤੀ ਪੁੱਤ ਦੀ ਪਤਨੀ ਕਿਸੇ ਵਿਆਹ 'ਚ ਜਾਣ ਦਾ ਕਹਿ ਕੇ ਕਥਿਤ ਤੌਰ 'ਤੇ ਪੰਜ ਤੋਲੇ ਸੋਨੇ ਦੇ ਗਹਿਣੇ ਵੀ ਲੈ ਗਈ। ਉਕਤ ਪੁਲਿਸ ਕਰਮਚਾਰੀ ਨੇ ਮਾਮਲੇ ਦੀ ਉੱਚ ਅਧਿਕਾਰੀਆਂ ਨੂੰ ਸ਼ਿਕਾਇਤ ਕਰ ਦਿੱਤੀ ਅਤੇ ਜਾਂਚ ਤੋਂ ਬਾਅਦ ਪੁਲਿਸ ਨੇ ਠੱਗੀ ਮਾਰਨ ਦੇ ਦੋਸ਼ ਹੇਠ ਲੜਕੀ ਤੇ ਉਸ ਦੇ ਮਾਤਾ ਪਿਤਾ ਵਿਰੁੱਧ ਕੇਸ ਦਰਜ ਕਰ ਲਿਆ ਹੈ। ਸਤਰਨਤਾਰਨ ਦੀ ਪੁਲਿਸ ਲਾਈਨ ਦੇ ਕੁਵਾਟਰ ਵਿਚ ਰਹਿੰਦੇ ਪਿੰਡ ਸ਼ਹਾਬਾਜਪੁਰ ਵਾਸੀ ਪੁਲਿਸ ਕਰਮਚਾਰੀ ਮਨਜਿੰਦਰ ਸਿੰਘ ਨੇ 10 ਜੁਲਾਈ 2025 ਨੂੰ ਸ਼ਿਕਾਇਤ ਦਿੱਤੀ ਸੀ ਕਿ ਉਸ ਦਾ ਲੜਕਾ ਰਮਨੀਕ ਸਿੰਘ 12ਵੀਂ ਤੱਕ ਪੜ੍ਹਿਆ ਹੈ ਤੇ ਉਹ ਵਿਦੇਸ਼ ਜਾਣਾ ਚਾਹੁੰਦਾ ਸੀ। ਸੋਸ਼ਲ ਮੀਡੀਆ 'ਤੇ ਉਸ ਦੀ ਦੋਸਤੀ ਸੰਜਮਪ੍ਰੀਤ ਕੌਰ ਨਾਲ ਹੋ ਗਈ। ਸੰਜਮਪ੍ਰੀਤ ਕੌਰ ਜਾਣਦੀ ਸੀ ਕਿ ਰਮਨੀਕ ਸਿੰਘ ਵਿਦੇਸ਼ ਜਾਣਾ ਚਾਹੁੰਦਾ ਹੈ ਪਰ ਉਸ ਦੇ ਬੈਂਡ ਨਹੀਂ ਆਏ ਜਿਸ ਕਰ ਕੇ ਉਹ ਵਿਦੇਸ਼ ਨਹੀਂ ਜਾ ਪਾ ਰਿਹਾ ਸੀ। ਇਸੇ ਦਾ ਫਾਇਦਾ ਚੁੱਕਣ ਦੀ ਨੀਅਤ ਨਾਲ ਸੰਜਮਪ੍ਰੀਤ ਕੌਰ ਨੇ ਆਪਣੇ ਪਿਤਾ ਜਸਬੀਰ ਸਿੰਘ ਅਤੇ ਮਾਤਾ ਕੁਲਦੀਪ ਕੌਰ ਨਾਲ ਮਿਲ ਕੇ ਸਾਜ਼ਿਸ਼ ਰਚੀ ਅਤੇ ਉਸ ਦੇ ਲੜਕੇ ਨੂੰ 'ਕੰਟਰੈਕਟ ਮੈਰਿਜ' ਰਾਹੀਂ ਵਿਦੇਸ਼ ਲਿਜਾਣ ਵਾਸਤੇ ਖਰਚਾ ਕਰਨ ਦੀ ਪੇਸ਼ਕਸ਼ ਕੀਤੀ। ਸੰਜਮਪ੍ਰੀਤ ਕੌਰ ਰਮਨੀਕ ਸਿੰਘ ਨਾਲ ਕੰਟਰੈਕਟ ਮੈਰਿਜ ਕਰ ਕੇ ਵਿਦੇਸ਼ ਚਲੀ ਗਈ ਜਿਸ ਤੋਂ ਬਾਅਦ ਵੀ ਉਨ੍ਹਾਂ ਨੇ ਵੱਖ- ਵੱਖ ਖਾਤਿਆਂ ਵਿੱਚੋਂ ਉਸ ਦੀ ਫੀਸ ਤੇ ਹੋਰ ਖਰਚਿਆਂ ਲਈ ਪੈਸੇ ਭੇਜੇ। ਉਸ ਨੂੰ ਵਿਦੇਸ਼ ਭੇਜਣ ਲਈ ਸਾਰਾ ਖਰਚਾ ਵੀ ਉਨ੍ਹਾਂ ਨੇ ਹੀ ਕੀਤਾ ਸੀ। ਫਿਰ ਉਹ ਵਾਪਸ ਆ ਗਈ ਤਾਂ ਵਾਪਸੀ ਦਾ ਸਾਰਾ ਖਰਚਾ ਵੀਉਨ੍ਹਾਂ ਨੇ ਕੀਤਾ। ਫਿਰ ਇਕ ਦਿਨ ਉਹ ਕਿਸੇ ਵਿਆਹ 'ਤੇ ਜਾਣ ਦਾ ਕਹਿ ਕੇ ਪੰਜ ਡੋਲੇ ਸੋਨੇ ਦੇ ਗਹਿਣੇ ਲੈ ਗਈ ਅਤੇ ਫਿਰ ਵਾਪਸ ਨਾ ਪਰਤੀ। ਉਨ੍ਹਾਂ ਨੇ ਉਸ ਦਾ ਪਾਸਪੋਰਟ ਤੇ ਹੋਰ ਦਸਤਾਵੇਜ਼ ਮੰਗੇ ਤਾਂ ਉਸ ਨੇ ਦੱਸਿਆ ਕਿ ਉਹ ਪੜ੍ਹਾਈ ਛੱਡ ਆਈ ਹੈ।ਉਨ੍ਹਾਂ ਆਪਣੇ ਪੈਸੇ ਵਾਪਸ ਮੰਗੇ ਤੇ ਕਈ ਵਾਰ ਪੰਚਾਇਤਾਂ ਬੈਠਣ 'ਤੇ ਵੀ ਕੋਈ ਸਹਿਮਤੀ ਨਾ ਬਣੀ। ਇਸੇ ਵਿਚ ਹੀ ਉਕਤ ਲੋਕਾਂ ਨੇ ਪੈਸੇ ਹੜੱਪਣ ਦੀ ਨੀਯਤ ਨਾਲ ਅਦਾਲਤ ਵਿਚ ਤਲਾਕ ਦਾ ਕੇਸ ਪਾ ਦਿੱਤਾ। ਉਨ੍ਹਾਂ ਸ਼ਿਕਾਇਤ ਵਿਚ ਦੋਸ਼ ਲਗਾਇਆ ਕਿ ਸ਼ੁਰੂ ਤੋਂ ਹੀ ਉਨ੍ਹਾਂ ਦੀ ਨੀਅਤ ਠੱਗੀ ਮਾਰਨ ਦੀ ਸੀ ਅਤੇ ਉਕਤ ਲੋਕ ਉਨ੍ਹਾਂ ਨਾਲ 40 ਲੱਖ ਤੋਂ ਵੱਧ ਦੀ ਠੱਗੀ ਕਰ ਗਏ ਹਨ। ਉਕਤ ਸ਼ਿਕਾਇਤ ਦੀ ਪੜਤਾਲ ਉਪਰੰਤ ਥਾਣਾ ਸਿਟੀ ਤਰਨਤਾਰਨ ਵਿਖੇ ਦਰਜ ਕੀਤੇ ਗਏ ਕੇਸ 'ਚ ਸੰਜਮਪ੍ਰੀਤ ਕੌਰ, ਉਸ ਦੇ ਪਿਤਾ ਜਸਬੀਰ ਸਿੰਘ ਅਤੇ ਮਾਤਾ ਕੁਲਦੀਪ ਕੌਰ ਵਾਸੀ ਪਿੰਡ ਜਮਾਲਪੁਰ ਨੂੰ ਨਾਮਜ਼ਦ ਕਰ ਲਿਆ ਗਿਆ ਹੈ ਤੇ ਮਾਮਲੇ ਦੀ ਅਗਲੀ ਜਾਂਚ ਏਐੱਸਆਈ ਕਿਰਪਾਲ ਸਿੰਘ ਵੱਲੋਂ ਕੀਤੀ ਜਾ ਰਹੀ ਹੈ।



# ਮੁੱਖ ਮੰਤਰੀ ਦੇ ਚਿਹਰੇ ਤੋਂ ਬ਼ਗੈਰ ਚੋਣਾਂ ਲੜੇਗੀ ਕਾਂਗਰਸ

**ਚੰਡੀਗੜ੍ਹ:** ਕਾਂਗਰਸ ਨੇ ਡੇਢ ਦਹਾਕੇ ਬਾਅਦ ਮੁੱਖ ਮੰਤਰੀ ਦੇ ਚਿਹਰੇ ਨੂੰ ਲੈ ਕੇ ਨੀਤੀਗਤ ਬਦਲਾਅ ਕੀਤਾ ਹੈ। ਕਾਂਗਰਸ ਦੇ ਸੂਬਾ ਇੰਚਾਰਜ ਤੇ ਛੱਤੀਸਗੜ੍ਹ ਦੇ ਮੁੱਖ ਮੰਤਰੀ ਭੁਪੇਸ਼ ਬਘੇਲ ਨੇ ਪਹਿਲਾਂ ਹੀ ਸਪੱਸ਼ਟ ਕਰ ਦਿੱਤਾ ਸੀ ਕਿ ਪਾਰਟੀ ਇਸ ਵਾਰ ਵਿਧਾਨ ਸਭਾ ਚੋਣਾਂ 'ਚ ਮੁੱਖ ਮੰਤਰੀ ਦਾ ਚਿਹਰਾ ਅੱਗੇ ਨਹੀਂ ਕਰੇਗੀ।

ਜ਼ਿਕਰਯੋਗ ਹੈ ਕਿ ਬਰਨਾਲਾ ਵਿਚ ਪਾਰਟੀ ਦੇ ਰਾਸ਼ਟਰੀ ਪ੍ਰਧਾਨ ਮੱਲਿਕਾਰਜੁਨ ਖੜਗੇ ਅਤੇ ਲੋਕ ਸਭਾ ਵਿਚ ਵਿਰੋਧੀ ਧਿਰ ਦੇ ਨੇਤਾ ਰਾਹੁਲ ਗਾਂਧੀ ਨੇ ਇਸ 'ਤੇ ਮੋਹਰ ਲਗਾ ਦਿੱਤੀ ਹੈ। 2012 ਤੋਂ ਪਹਿਲਾਂ ਕਾਂਗਰਸ ਕਦੇ ਵੀ ਮੁੱਖ ਮੰਤਰੀ ਦੇ ਚਿਹਰੇ 'ਤੇ ਚੋਣ ਨਹੀਂ ਲੜੀ ਸੀ। 2012 ਤੋਂ ਬਾਅਦ ਕਾਂਗਰਸ ਤਿੰਨ ਵਾਰ ਮੁੱਖ ਮੰਤਰੀ ਦਾ ਚਿਹਰਾ ਅੱਗੇ ਕਰ ਕੇ ਚੋਣ ਲੜੀ ਜਿਸ ਵਿਚ ਉਸ ਨੂੰ ਦੋ ਵਾਰ ਹਾਰ ਅਤੇ ਇਕ ਵਾਰ ਜਿੱਤ ਹਾਸਲ ਹੋਈ। ਮੁੱਖ ਮੰਤਰੀ ਅਹੁਦੇ ਲਈ ਉਭਰੀ ਧੜੇਬਾਜ਼ੀ ਨੂੰ ਰੋਕਣ ਲਈ ਕਾਂਗਰਸ ਨੇ ਆਪਣੀ ਨੀਤੀ ਵਿਚ ਇਹ ਬਦਲਾਅ ਕੀਤਾ ਹੈ।

ਮੰਨਿਆ ਜਾ ਰਿਹਾ ਹੈ ਕਿ ਆਪਣੀ ਪੁਰਾਣੀ 'ਨੀਤੀ ਵੱਲ ਵਾਪਸ ਆ ਕੇ ਕਾਂਗਰਸ ਨੇ ਇੱਕ ਤੀਰ ਨਾਲ ਦੋ ਨਿਸ਼ਾਨੇ ਸਾਧਣ ਦੀ ਕੋਸ਼ਿਸ਼ ਕੀਤੀ ਹੈ। ਮੁੱਖ ਮੰਤਰੀ ਦੇ ਚਿਹਰੇ ਦੀ ਅਣਹੋਂਦ ਪਾਰਟੀ ਦੇ ਅੰਦਰ ਅੰਦਰੂਨੀ ਲੜਾਈ ਨੂੰ ਘਟਾ ਦੇਵੇਗੀ ਅਤੇ ਸਾਰੇ ਚਾਹਵਾਨ ਉਮੀਦਵਾਰਾਂ 'ਤੇ ਆਪਣੇ ਸਮਰਥਕਾਂ ਦੀ ਜਿੱਤ ਨੂੰ ਯਕੀਨੀ ਬਣਾਉਣ ਲਈ ਵਧੇਰੇ ਦਬਾਅ ਹੋਵੇਗਾ।

ਬਰਨਾਲਾ ਵਿੱਚ ਰੈਲੀ ਵਿੱਚ ਰਾਹੁਲ ਗਾਂਧੀ ਨੇ ਮੁੱਖ ਮੰਤਰੀ ਦੇ ਚਾਹਵਾਨ ਨੇਤਾਵਾਂ ਨੂੰ ਸਪੱਸ਼ਟ ਤੌਰ 'ਤੇ ਕਿਹਾ ਸੀ, 'ਟੀਮ ਪਲੇਅਰ ਬਣੋ, ਨਹੀਂ ਤਾਂਲ ਰਿਜ਼ਰਵ ਸੀਟ 'ਤੇ ਬਿਠਾ ਦਿਆਂਗੇ।' ਇਹ ਆਪਣੇ ਆਪ ਵਿੱਚ ਪਾਰਟੀ ਦੇ ਮੁੱਖ ਮੰਤਰੀ ਦੇ ਚਾਹਵਾਨ ਨੇਤਾਵਾਂ ਦੀ ਸ਼ਕਤੀ ਦੀ ਸਕਾਰਾਤਮਕ ਵਰਤੋਂ ਕਰਨ ਦੇ ਇਰਾਦੇ ਨੂੰ ਦਰਸਾਉਂਦਾ ਹੈ। 2022 ਵਿੱਚ ਰਾਹੁਲ ਗਾਂਧੀ ਨੇ ਤਤਕਾਲੀ ਮੁੱਖ ਮੰਤਰੀ ਚਰਨਜੀਤ ਸਿੰਘ ਚੰਨੀ ਨੂੰ ਪਾਰਟੀ ਦਾ ਚਿਹਰਾ ਬਣਾਇਆ ਸੀ। ਇਸ ਤੋਂ ਬਾਅਦ ਪ੍ਰਮੁੱਖ ਨੇਤਾਵਾਂ ਨੇ ਉਨ੍ਹਾਂ ਤੋਂ ਪਿੱਛੇ ਹਟਣਾ ਸ਼ੁਰੂ ਕਰ ਦਿੱਤਾ ਸੀ ਜਿਸ ਨਾਲ ਚੰਨੀ ਅਲੱਗ-ਥਲੱਗ - ਪੈ ਗਏ ਸਨ।ਕਾਂਗਰਸ ਪਾਰਟੀ ਮੁਸ਼ਕਲ ਵਿੱਚ ਇਹ ਵੀ ਰਹੀ ਸੀ ਕਿ ਚੋਣਾਂ ਦੇ ਆਖਰੀ ਸਮੇਂ 'ਤੇ ਚੋਣ ਮੈਨੀਫੈਸਟੋ ਜਾਰੀ ਕਰ ਸਕੀ ਸੀ। ਪਾਰਟੀ ਸੂਤਰਾਂ ਦਾ ਕਹਿਣਾ ਹੈ ਕਿ ਕਿਉਂਕਿ ਇਸ ਵਾਰ ਕੋਈ ਮੁੱਖ ਮੰਤਰੀ ਦਾ ਚਿਹਰਾ ਨਹੀਂ ਹੋਵੇਗਾ, ਇਸ ਲਈ ਅੰਦਰੂਨੀ ਲੜਾਈ ਘੱਟ ਹੋਵੇਗੀ। ਆਪਣੀ ਤਾਕਤ ਵਧਾਉਣ ਲਈ ਮੁੱਖ ਮੰਤਰੀ ਦੇ ਚਾਹਵਾਨ ਉਮੀਦਵਾਰਾਂ ਨੂੰ ਆਪਣੇ ਵੱਧ ਤੋਂ ਵੱਧ ਉਮੀਦਵਾਰਾਂ ਦੀ ਜਿੱਤ ਯਕੀਨੀ ਬਣਾਉਣੀ ਪਵੇਗੀ, ਜਿਸ ਦਾ ਪਾਰਟੀ ਨੂੰ ਫਾਇਦਾ ਹੋਵੇਗਾ, ਕਿਉਂਕਿ ਇਸ ਸਮੇਂ ਪਾਰਟੀ ਦੇ ਅੰਦਰ ਕੈਪਟਨ ਅਮਰਿੰਦਰ ਸਿੰਘ ਦੇ ਕੱਦ ਦੇ ਬਰਾਬਰ ਕੋਈ ਆਗੂ ਨਹੀਂ ਹੈ। 2012 ਵਿੱਚ ਜਦੋਂ ਪਾਰਟੀ ਨੇ ਕੈਪਟਨ ਅਮਰਿੰਦਰ ਸਿੰਘ ਨੂੰ ਆਪਣਾ ਮੁੱਖ ਮੰਤਰੀ ਚਿਹਰਾ ਐਲਾਨਿਆ ਸੀ ਤਾਂ ਉਨ੍ਹਾਂ ਦੇ ਕੱਦ ਨੇ ਸਾਰਿਆਂ ਨੂੰ ਉਨ੍ਹਾਂ ਦਾ ਸਾਥ ਦੇਣ ਲਈ ਮਜਬੂਰ ਕਰ ਦਿੱਤਾ। ਭਾਵੇਂ ਕਾਂਗਰਸ ਚੋਣ ਹਾਰ ਗਈ ਪਰ ਕੈਪਟਨ ਅਮਰਿੰਦਰ ਸਿੰਘ ਨੇ 2017 ਵਿੱਚ ਹੂੰਝਾ-ਫੇਰ ਜਿੱਤ ਨਾਲ ਸਰਕਾਰ ਬਣਾਈ ਸੀ।



ਧਿਆਨ ਦੇਣ ਯੋਗ ਹੈ ਕਿ 2007 ਵਿੱਚ ਪਾਰਟੀ ਨੇ ਕੈਪਟਨ ਅਮਰਿੰਦਰ ਸਿੰਘ ਨੂੰ ਆਪਣਾ ਅਗਲਾ ਮੁੱਖ ਮੰਤਰੀ ਚਿਹਰਾ ਐਲਾਨ ਨਹੀਂ ਕੀਤਾ ਸੀ, ਭਾਵੇਂ ਉਹ ਉਸ ਸਮੇਂ ਮੁੱਖ ਮੰਤਰੀ ਸਨ। 2022 ਵਿੱਚ ਰਾਹੁਲ ਗਾਂਧੀ ਨੇ ਚੰਨੀ ਨੂੰ ਆਪਣਾ ਉਮੀਦਵਾਰ ਐਲਾਨਿਆ ਪਰ ਕਾਂਗਰਸ 77 ਤੋਂ ਘਟ ਕੇ 18 ਸੀਟਾਂ 'ਤੇ ਆ ਗਈ। ਵਰਤਮਾਨ ਵਿੱਚ ਕਾਂਗਰਸ ਕੋਲ ਸੰਭਾਵੀ ਮੁੱਖ ਮੰਤਰੀ ਉਮੀਦਵਾਰਾਂ ਦੀ ਲੰਬੀ ਲਾਈਨ ਹੈ, ਜਿਸ ਵਿੱਚ ਸਾਬਕਾ ਮੁੱਖ ਮੰਤਰੀ ਚਰਨਜੀਤ ਸਿੰਘ ਚੰਨੀ, ਸੂਬਾ ਪ੍ਰਧਾਨ ਅਮਰਿੰਦਰ ਸਿੰਘ ਰਾਜਾ ਵੜਿੰਗ, ਸੁਖਜਿੰਦਰ ਸਿੰਘ ਰੰਧਾਵਾ, ਰਾਣਾ ਗੁਰਜੀਤ ਸਿੰਘ ਆਦਿ ਸ਼ਾਮਲ ਹਨ।

# ਪੰਜਾਬੀਆਂ ਦੀ ਵਾਪਸੀ ਲਈ ਪੀ.ਐੱਮ. ਨਾਲ ਕਰਾਂਗੇ ਮੁਲਾਕਾਤ: ਸੁਖਬੀਰ

**ਸਮਰਾਲਾ:** ਸੁਖਬੀਰ ਬਾਦਲ ਨੇ ਕਿਹਾ ਕਿ ਅਮਰੀਕਾ-ਈਰਾਨ ਤਣਾਅ ਕਾਰਨ ਅਰਬ ਦੇਸ਼ਾਂ ਵਿੱਚ ਕੰਮ ਕਰਨ ਵਾਲੇ ਪੰਜਾਬੀਆਂ ਦੀ ਸੁਰੱਖਿਆ ਚਿੰਤਾ ਦਾ ਵਿਸ਼ਾ ਹੈ। ਉਹ ਜਲਦੀ ਹੀ ਇਸ ਸੰਬੰਧ ਵਿੱਚ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੂੰ ਮਿਲਣਗੇ ਅਤੇ ਵਿਸ਼ੇਸ਼ ਉਡਾਣਾਂ ਦਾ ਪ੍ਰਬੰਧ ਕਰ ਕੇ ਉੱਥੇ ਫਸੇ ਲੋਕਾਂ ਦੀ ਸੁਰੱਖਿਅਤ ਵਾਪਸੀ ਦੀ ਮੰਗ ਕਰਨਗੇ। ਉਹ ਸਮਰਾਲਾ ਵਿੱਚ ਜਨਤਕ ਮੀਟਿੰਗ ਨੂੰ ਸੰਬੋਧਨ ਕਰ ਰਹੇ ਸਨ। ਉਨ੍ਹਾਂ ਕਿਹਾ ਕਿ ਪੰਜਾਬ, ਜਿਸ ਨੂੰ ਕਦੇ ਦੇਸ਼ ਦਾ ਮੋਹਰੀ ਸੂਬਾ ਮੰਨਿਆ ਜਾਂਦਾ ਸੀ, ਹੁਣ ਗਲਤ ਨੀਤੀਆਂ ਕਾਰਨ ਪਿੱਛੇ ਰਹਿ ਗਿਆ ਹੈ। ਉਨ੍ਹਾਂ ਦੋਸ਼ ਲਾਇਆ ਕਿ ਹਾਲ ਹੀ ਦੇ ਸਾਲਾਂ ਵਿੱਚ 'ਕਾਂਗਰਸ ਅਤੇ ਆਮ ਆਦਮੀ ਪਾਰਟੀ ਦੀਆਂ ਸਰਕਾਰਾਂ ਨੇ ਪੰਜਾਬ ਦੀ ਆਰਥਿਕ ਸਥਿਤੀ ਨੂੰ ਕਮਜ਼ੋਰ ਕੀਤਾ ਹੈ, ਜਿਸ ਕਾਰਨ ਬੇਰੁਜ਼ਗਾਰੀ ਵਧੀ ਹੈ ਅਤੇ ਉਦਯੋਗਾਂ ਨੂੰ ਨੁਕਸਾਨ ਹੋਇਆ ਹੈ।



## ਸ. ਇੰਦਰਜੀਤ ਸਿੰਘ ਉੱਭੀ ਦੇ ਅਕਾਲ ਚਲਾਣੇ 'ਤੇ ਪੱਤਰਕਾਰ ਕੁਲਵੰਤ ਧਾਲੀਆਂ ਅਤੇ ਉੱਭੀ ਪਰਿਵਾਰ ਨੂੰ ਸਦਮਾ

**ਫਰਿਜ਼ਨੋ (ਨੀਟਾ ਮਾਛੀਕੇ):** ਇੱਥੇ ਸਮਾਜਿਕ ਅਤੇ ਸੱਭਿਆਚਾਰਕ ਸੇਵਾਵਾਂ ਨਿਭਾ ਰਹੇ ਪੱਤਰਕਾਰ ਕੁਲਵੰਤ ਧਾਲੀਆਂ ਅਤੇ ਸਮੂਹ ਉੱਭੀ ਪਰਿਵਾਰ ਨੂੰ ਉਸ ਸਮੇਂ ਭਾਰੀ ਸਦਮਾ ਲੱਗਾ ਜਦੋਂ ਬੀਤੇ ਦਿਨੀਂ ਉਨ੍ਹਾਂ ਦੇ ਪਿਤਾ ਸ. ਇੰਦਰਜੀਤ ਸਿੰਘ ਉੱਭੀ ਆਪਣੀ ਸੰਸਾਰਕ ਯਾਤਰਾ ਪੂਰੀ ਕਰਦੇ ਹੋਏ ਅਚਾਨਕ ਅਕਾਲ ਚਲਾਣਾ ਕਰ ਗਏ। ਉਹ 79 ਸਾਲਾਂ ਦੇ ਸਨ। ਉਹ ਆਪਣੇ ਪਿੱਛੇ ਭਰਾਵਾਂ ਦੇ ਸਾਂਝੇ ਪਰਿਵਾਰ ਤੋਂ ਇਲਾਵਾ ਪਤਨੀ, ਦੋ ਪੁੱਤਰ ਅਤੇ ਇੱਕ ਧੀ ਛੱਡ ਗਏ ਹਨ।



ਸ. ਇੰਦਰਜੀਤ ਸਿੰਘ ਕਈ ਸਾਲ ਆਪਣੀ ਪਤਨੀ ਜੋਗਿੰਦਰ ਕੌਰ ਉੱਭੀ ਸਮੇਤ ਆਪਣੇ ਪੁੱਤਰ ਕੁਲਵੰਤ ਧਾਲੀਆਂ ਕੋਲ ਕੈਲੇਫੋਰਨੀਆ ਰਹੇ। ਪਰ ਪਿਛੋਕੜ ਜਨਮ ਭੂਮੀ ਅਤੇ ਆਪਣੇ ਪਰਿਵਾਰ ਨਾਲ ਪਿਆਰ ਸਦਕਾ ਪੱਕੇ ਰਹਿਣ ਲਈ ਆਪਣੇ ਜੱਦੀ ਪਿੰਡ ਧਾਲੀਆਂ ਨੂੰ ਤਰਜੀਹ ਦਿੱਤੀ, ਜਿੱਥੇ ਉਨ੍ਹਾਂ ਜ਼ਿੰਦਗੀ ਦਾ ਅੰਤਲਾ ਸਮਾਂ ਗੁਜ਼ਾਰਿਆ। ਉਹ ਨੇਕ, ਸਾਫ ਦਿਲ, ਸੇਵਾ ਭਾਵਨਾ ਵਾਲੇ ਸਮਾਜ ਸੇਵੀ ਇਨਸਾਨ ਸਨ, ਜਿਨ੍ਹਾਂ ਨੇ ਆਪਣੇ ਹੱਕਾਂ ਜਾਂ ਲੋੜਾਂ ਦੀ ਪੂਰਤੀ ਤੋਂ ਪਹਿਲਾਂ ਦੂਜਿਆਂ ਦਾ ਹਮੇਸ਼ਾ ਖਿਆਲ ਰੱਖਿਆ। ਉਹ ਚਾਰ ਭਰਾਵਾਂ ਦੇ ਸੰਯੁਕਤ ਪਰਿਵਾਰ ਵਿਚ ਜਨਮੇ ਅਤੇ ਪਲੇ ਸਨ। ਪਿਤਾ ਸਮਾਜਸੇਵੀ ਅਤੇ ਗੁਰਸਿੱਖ ਆਗੂ ਸਵ. ਸ. ਹਰਨਾਮ ਸਿੰਘ ਉੱਭੀ ਦੀ ਪ੍ਰੇਰਨਾ ਸਦਕਾ ਆਪਣੇ ਪਰਿਵਾਰ ਨੂੰ ਅੰਤਲੇ ਸਮੇਂ ਤੱਕ ਜੋੜੀ ਰੱਖਿਆ ਅਤੇ ਇਹੀ ਪ੍ਰੇਰਨਾ ਆਪਣੇ ਬੱਚਿਆਂ ਨੂੰ ਵੀ ਦਿੱਤੀ ਕਿ ਆਪਣੇ ਪਰਿਵਾਰ ਦੀ ਏਕਤਾ ਅਤੇ ਸਮਾਜ ਭਲਾਈ ਲਈ ਬਹੁਤ ਕੁਝ ਨਿਰਸਵਾਰਥ ਕਰਨਾ ਪੈਂਦਾ ਹੈ।

ਉਨ੍ਹਾਂ ਦਾ ਅੰਤਿਮ ਸੰਸਕਾਰ ਲੰਘੀ 26 ਫਰਵਰੀ ਨੂੰ ਉਨ੍ਹਾਂ ਦੇ ਪਿੰਡ ਧਾਲੀਆਂ ਕਰ ਦਿੱਤਾ ਗਿਆ ਸੀ। ਹੁਣ ਉਨ੍ਹਾਂ ਦੀ ਆਤਮਾ ਦੀ ਸ਼ਾਂਤੀ ਲਈ ਰੱਖੇ ਪਾਠ ਦਾ ਭੋਗ ਅਤੇ ਸ਼ਰਧਾਂਜਲੀਆ ਦੀ ਰਸਮ 5 ਮਾਰਚ ਨੂੰ 'ਗੁਰਦੁਆਰਾ ਕੈਂਬਾਂ ਸਾਹਿਬ" ਪਾਤਸ਼ਾਹੀ ਛੇਵੀਂ ਪਿੰਡ ਧਾਲੀਆਂ, ਜ਼ਿਲ੍ਹਾ ਲੁਧਿਆਣਾ, ਵਿਖੇ 11 ਵਜੇ ਤੋਂ ਹੋਵੇਗੀ। ਇਸ ਦੁੱਖ ਦੀ ਘੜੀ ਵਿਚ ਪਰਿਵਾਰ ਨਾਲ ਸ਼ਾਮਲ ਹੋਣ ਜਾਂ ਹੋਰ ਜਾਣਕਾਰੀ ਲਈ ਉਨ੍ਹਾਂ ਦੇ ਪੁੱਤਰਾਂ ਕੁਲਵੰਤ ਧਾਲੀਆਂ ਨੂੰ ਫੋਨ ਨੰਬਰ +1 (559) 473-9264, ਕੁਲਦੀਪ ਉੱਭੀ +1 (559) 755-8038 ਜਾਂ ਭਤੀਜੇ ਤੇਜਿੰਦਰ ਸਿੰਘ ਨੂੰ ਫੋਨ ਨੰਬਰ +91 94172 64577 'ਤੇ ਸੰਪਰਕ ਕੀਤਾ ਜਾ ਸਕਦਾ ਹੈ।

## ਇਰਾਨ ਉੱਤੇ ਅਮਰੀਕੀ ਹਮਲੇ ਖ਼ਿਲਾਫ਼ ਬਠਿੰਡਾ ਵਿਚ ਲੋਕ ਮੋਰਚਾ ਪੰਜਾਬ ਅਤੇ ਇਨਕਲਾਬੀ ਕੇਂਦਰ ਪੰਜਾਬ ਵੱਲੋਂ ਰੋਸ ਵਿਖਾਵਾ

ਬਠਿੰਡਾ: ਅਮਰੀਕਾ ਅਤੇ ਇਜ਼ਰਾਇਲ ਵੱਲੋਂ ਈਰਾਨ ਉੱਤੇ ਕੀਤੇ ਧੱਕੜ ਹਮਲੇ ਦੇ ਖ਼ਿਲਾਫ਼ 1 ਮਾਰਚ ਨੂੰ ਲੋਕ ਮੋਰਚਾ ਪੰਜਾਬ ਅਤੇ ਇਨਕਲਾਬੀ ਕੇਂਦਰ ਪੰਜਾਬ ਵੱਲੋਂ ਤੁਰੰਤ ਬਠਿੰਡਾ ਸ਼ਹਿਰ ਅੰਦਰ ਵੱਡਾ ਰੋਸ ਮਾਰਚ ਕੀਤਾ ਗਿਆ ਅਤੇ ਇਸ ਜੰਗ ਦੇ ਖ਼ਿਲਾਫ਼ ਜ਼ੋਰਦਾਰ ਆਵਾਜ਼ ਉਠਾਈ ਗਈ। ਇਸ ਪ੍ਰਦਰਸ਼ਨ ਤੋਂ ਪਹਿਲਾਂ ਟੀਚਰ ਹੋਮ ਬਠਿੰਡਾ ਵਿਖੇ ਇਕੱਤਰਤਾ ਕੀਤੀ ਗਈ ਜਿਹਦੇ ਵਿਚ ਵੱਖ-ਵੱਖ ਤਬਕਿਆਂ ਵੱਲੋਂ ਭਰਵੀਂ ਗਿਣਤੀ ਵਿਚ ਸ਼ਮੂਲੀਅਤ ਕੀਤੀ ਗਈ।

ਇਕੱਤਰਤਾ ਨੂੰ ਸੰਬੋਧਨ ਕਰਦਿਆਂ ਲੋਕ ਮੋਰਚਾ ਪੰਜਾਬ ਦੇ ਸੂਬਾਈ ਸਕੱਤਰ ਜਗਮੇਲ ਸਿੰਘ ਅਤੇ ਇਨਕਲਾਬੀ ਕੇਂਦਰ ਪੰਜਾਬ ਦੇ ਸੂਬਾਈ ਆਗੂ ਮੁਖਤਿਆਰ ਪੂਹਲਾ ਨੇ ਕਿਹਾ ਕਿ ਇਰਾਨ ਅਮਰੀਕੀ ਧੌਂਸ ਮੰਨਣ ਤੋਂ ਨਾਬਰ ਹੈ ਅਤੇ ਇਸ ਕਰਕੇ ਇਹ ਅਮਰੀਕਾ ਨੂੰ ਮੱਧ ਪੂਰਬ ਅੰਦਰ ਆਪਣੀ ਸਾਮਰਾਜੀ ਲੁੱਟ ਦੀਆਂ ਸਕੀਮਾਂ ਵਿਚ ਵੱਡਾ ਅੜਿੱਕਾ ਜਾਪ ਰਿਹਾ ਹੈ। ਤੇਲ ਭੰਡਾਰਾਂ ਵਿਚ ਨਾਲ ਭਰਪੂਰ ਮੱਧ ਪੂਰਬ ਦੇ ਖੇਤਰ ਅੰਦਰ ਅਮਰੀਕਾ ਬੇਰੋਕ ਟੋਕ ਲੁੱਟ ਜਾਰੀ ਰੱਖਣਾ ਚਾਹੁੰਦਾ ਹੈ ਅਤੇ ਇਜ਼ਰਾਇਲ ਇਸ ਖੇਤਰ ਅੰਦਰ ਉਸਦਾ ਵੱਡਾ ਹੱਥ ਠੋਕਾ ਹੈ। ਈਰਾਨ ਦੀ ਖਮੇਨੇਈ ਹਕੂਮਤ ਉਨ੍ਹਾਂ ਚੁਣਵੀਆਂ ਹਕੂਮਤਾਂ ਵਿਚੋਂ ਸੀ ਜਿਸਨੇ ਆਪਣੇ ਦੇਸ਼ਾਂ ਅੰਦਰ ਅਮਰੀਕੀ ਧੌਂਸ ਮੰਨਣ ਤੋਂ ਇਨਕਾਰ ਕਰਨ ਦੀ ਦਲੇਰੀ ਦਿਖਾਈ ਹੈ। ਟਰੰਪ ਹਕੂਮਤ ਪਿਛਲੇ ਲੰਬੇ ਸਮੇਂ ਤੋਂ ਇਸ ਉੱਤੇ ਆਰਥਕ ਰੋਕਾਂ ਲਾਉਂਦੀ ਆ ਰਹੀ ਹੈ, ਪਰ ਇਨ੍ਹਾਂ ਆਰਥਕ ਪਾਬੰਦੀਆਂ ਦੇ ਬਾਵਜੂਦ ਇਰਾਨ ਡਟਿਆ ਰਿਹਾ ਹੈ। ਹੁਣ ਆਰਥਕ ਪਾਬੰਦੀਆਂ ਦਾ ਹਥਿਆਰ ਫੇਲ੍ਹ ਹੋ ਜਾਣ ਤੋਂ ਬਾਅਦ ਅਮਰੀਕਾ ਨੰਗੇ-ਚਿੱਟੇ ਹਮਲੇ ਤੇ ਉੱਤਰ ਆਇਆ ਹੈ। ਪਿਛਲੇ ਸਾਲ ਵੀ ਅਮਰੀਕੀ ਅਤੇ ਇਜ਼ਰਾਇਲੀ ਹਾਕਮਾਂ ਨੇ ਈਰਾਨ ਉੱਤੇ ਹਮਲੇ ਕੀਤੇ ਸਨ ਪਰ ਉਹ ਇਸਦੇ ਬਾਵਜੂਦ ਖਮੇਨੇਈ ਹਕੂਮਤ ਨੂੰ ਝੁਕਾ ਨਹੀਂ ਸਕੇ ਸਨ। ਹੁਣ ਉਨ੍ਹਾਂ ਨੇ ਵੱਡੀ ਪੱਧਰ ਉੱਤੇ ਹਵਾਈ ਹਮਲਿਆਂ ਨਾਲ ਇਸਦੇ ਚੋਟੀ ਦੇ ਆਗੂਆਂ ਨੂੰ ਮਾਰ ਕੇ ਇਸ ਦੇਸ਼ ਅੰਦਰ ਅਮਰੀਕਾ ਪੱਖੀ ਸਰਕਾਰ ਖੜ੍ਹੀ ਕਰਨ ਦੀਆਂ ਕੋਸ਼ਿਸ਼ਾਂ ਕੀਤੀਆਂ ਹਨ।



ਜੰਗਬਾਜ਼ ਅਮਰੀਕਾ ਅਤੇ ਇਜ਼ਰਾਇਲ ਨੇ ਇਸ ਹਮਲੇ ਰਾਹੀਂ ਨਿਰਦੋਸ਼ ਲੋਕਾਂ ਨੂੰ ਨਿਸ਼ਾਨਾ ਬਣਾਇਆ ਹੈ। ਇੱਕ ਸਕੂਲ 'ਤੇ ਹਮਲਾ ਕਰਕੇ 100 ਤੋਂ ਵਧੇਰੇ ਲੜਕੀਆਂ ਨੂੰ ਕਤਲ ਕੀਤਾ ਹੈ ਤੇ ਕੁਲ ਮਿਲਾ ਕੇ 200 ਤੋਂ ਵੱਧ ਇਰਾਨੀ ਮਾਰ ਸੁੱਟੇ ਹਨ। ਟਰੰਪ ਨੇ ਇਹ ਜੰਗ ਅੱਗੇ ਵੀ ਜਾਰੀ ਰੱਖਣ ਦਾ ਐਲਾਨ ਕੀਤਾ ਹੈ। ਇਹ ਹਮਲਾ ਸਾਰੇ ਕੌਮਾਂਤਰੀ ਕਾਨੂੰਨ ਉਲੰਘ ਕੇ ਅਤੇ ਸਾਰੀਆਂ ਕੌਮਾਂਤਰੀ ਸੰਸਥਾਵਾਂ ਨੂੰ ਦਰਕਿਨਾਰ ਕਰਕੇ ਕੀਤਾ ਗਿਆ ਹੈ। ਇਸ ਪ੍ਰਦਰਸ਼ਨ ਦੌਰਾਨ ਜਿੱਥੇ ਇਕੱਠ ਨੇ ਅਮਰੀਕੀ ਅਤੇ ਇਜ਼ਰਾਇਲੀ ਜੰਗਬਾਜ਼ ਹਾਕਮਾਂ ਦੇ ਖ਼ਿਲਾਫ਼ ਆਵਾਜ਼ ਉਠਾਈ ਅਤੇ ਇਹ ਜੰਗ ਤੁਰੰਤ ਬੰਦ ਕਰਨ ਦੀ ਮੰਗ ਕੀਤੀ, ਉਥੇ ਇਕੱਠ ਨੇ ਮੋਦੀ ਹਕੂਮਤ ਵੱਲੋਂ ਪਿਛਲੇ ਸਮੇਂ ਦੌਰਾਨ ਇਨ੍ਹਾਂ ਜੰਗਬਾਜ਼ ਹਕੂਮਤਾਂ ਨਾਲ ਗੂੜ੍ਹੀ ਕੀਤੀ ਗਈ ਜੋਟੀ ਦਾ ਵੀ ਵਿਰੋਧ ਕੀਤਾ ਅਤੇ ਅਮਰੀਕਾ ਤੇ ਇਜ਼ਰਾਇਲ ਨਾਲ ਕੀਤੇ ਸਾਰੇ ਸਮਝੌਤੇ ਸੰਧੀਆਂ ਰੱਦ ਕਰਨ ਦੀ ਮੰਗ ਕੀਤੀ। ਉਨ੍ਹਾਂ ਨੇ ਲੋਕਾਂ ਨੂੰ ਇਸ ਨਿਹੱਕੀ ਜੰਗ ਖ਼ਿਲਾਫ਼ ਜੋਰਦਾਰ ਆਵਾਜ਼ ਉਠਾਉਣ ਲਈ ਅੱਗੇ ਆਉਣ ਦਾ ਸੱਦਾ ਦਿੱਤਾ। ਇਸ ਇਕੱਠ ਵੱਲੋਂ ਇਕ ਮਤੇ ਰਾਹੀਂ ਗੁਰਦਾਸਪੁਰ ਵਿਚ ਪੁਲਿਸ ਵੱਲੋਂ ਨੌਜਵਾਨ ਰਣਜੀਤ ਸਿੰਘ ਦੇ ਕੀਤੇ ਗਏ ਪੁਲਿਸ ਮੁਕਾਬਲੇ ਦੀ ਉੱਚ ਪੱਧਰੀ ਜਾਂਚ ਦੀ, ਪੁਲਿਸ ਨੂੰ ਦਿੱਤੇ ਜਾਬਰ ਅਧਿਕਾਰ ਖ਼ਤਮ ਕਰਨ ਦੀ ਅਤੇ ਦੋਸ਼ੀ ਪੁਲਿਸ ਅਫ਼ਸਰਾਂ ਨੂੰ ਸਖ਼ਤ ਸਜ਼ਾਵਾਂ ਦੇਣ ਦੀ ਵੀ ਮੰਗ ਕੀਤੀ ਗਈ।

ਜ਼ਿਕਰਯੋਗ ਹੈ ਕਿ ਇਸ ਮੁਜ਼ਾਹਰੇ ਵਿਚ ਲੋਕ ਮੋਰਚਾ ਪੰਜਾਬ ਅਤੇ ਇਨਕਲਾਬੀ ਕੇਂਦਰ ਪੰਜਾਬ ਦੇ ਆਗੂਆਂ ਤੋਂ ਇਲਾਵਾ ਇਸ ਮੌਕੇ ਦੇਸ਼ ਭਗਤ ਯਾਦਗਾਰ ਕਮੇਟੀ ਜਲੰਧਰ ਦੇ ਸੀਨੀਅਰ ਟਰੱਸਟੀ ਸੁਰਿੰਦਰ ਕੁਮਾਰੀ ਕੋਛੜ ਵੀ ਮੁਜ਼ਾਹਰੇ ਵਿਚ ਉਚੇਚੇ ਤੌਰ 'ਤੇ ਸ਼ਾਮਲ ਹੋਏ।

## ਐੱਸ ਅਸ਼ੋਕ ਭੌਰਾ ਦੀ ਪੁਸਤਕ ਪੰਜਾਬ ਚੇਤਨਾ ਮੰਚ ਵੱਲੋਂ ਲੋਕ ਅਰਪਣ

**ਫਗਵਾੜਾ:** ਪੱਤਰਕਾਰ ਅਤੇ ਲੇਖਕ ਐੱਸ ਅਸ਼ੋਕ ਭੌਰਾ ਦੀ ਪੁਸਤਕ 'ਪੰਜਾਬੀ ਰੂਟਸ ਅਮੈਰੀਕਨ ਡਰੀਮਜ਼' ਦਾ ਰਿਲੀਜ਼ ਸਮਾਰੋਹ ਪੰਜਾਬ ਚੇਤਨਾ ਮੰਚ, ਵੱਲੋਂ ਜਲੰਧਰ ਵਿਖੇ ਕਰਵਾਇਆ ਗਿਆ।




*ਲੇਖਕ ਐੱਸ ਅਸ਼ੋਕ ਭੌਰਾ ਦੀ ਪੁਸਤਕ 'ਪੰਜਾਬੀ ਰੂਟਸ ਅਮੈਰੀਕਨ ਡਰੀਮਜ਼' ਲੋਕ ਅਰਪਣ ਕਰਦੇ ਹੋਏ ਐੱਮ.ਪੀ. ਮਨੀਸ਼ ਤਿਵਾੜੀ, ਬਹਾਦਰ ਸਿੰਘ ਯੂ.ਐੱਸ.ਏ., ਐੱਸ. ਪੀ. ਸਿੰਘ ਓਬਰਾਏ, ਅਮੋਲਕ ਸਿੰਘ ਗਾਖਲ ਯੂ.ਐੱਸ.ਏ., ਪੱਤਰਕਾਰ ਸਤਨਾਮ ਸਿੰਘ ਮਾਣਕ, ਕਹਾਣੀਕਾਰ ਵਰਿਆਮ ਸਿੰਘ ਸੰਧੂ, ਪ੍ਰਿੰ: ਗੁਰਮੀਤ ਸਿੰਘ ਪਲਾਹੀ, ਡਾ: ਲਖਵਿੰਦਰ ਸਿੰਘ ਜੌਹਲ ਪ੍ਰਧਾਨ ਪੰਜਾਬ ਚੇਤਨਾ ਮੰਚ।*

ਪ੍ਰਧਾਨਗੀ ਮੰਡਲ ਵਿਚ ਪੱਤਰਕਾਰ ਤੇ ਸਾਹਿਤਕਾਰ ਸਤਨਾਮ ਸਿੰਘ ਮਾਣਕ, ਪੰਜਾਬ ਚੇਤਨਾ ਮੰਚ ਦੇ ਪ੍ਰਧਾਨ ਲਖਵਿੰਦਰ ਸਿੰਘ ਜੌਹਲ, ਕਹਾਣੀਕਾਰ ਵਰਿਆਮ ਸਿੰਘ ਸੰਧੂ ਅਤੇ ਲੇਖਕ ਅਸ਼ੋਕ ਭੌਰਾ ਸ਼ਾਮਲ ਸਨ। ਸਮਾਰੋਹ ਵਿਚ ਮੈਂਬਰ ਪਾਰਲੀਮੈਂਟ, ਚੰਡੀਗੜ੍ਹ ਮਨੀਸ਼ ਤਿਵਾੜੀ ਮੁੱਖ ਮਹਿਮਾਨ ਵਜੋਂ ਹਾਜ਼ਰ ਸਨ। ਦੀਪਕ ਬਾਲੀ, ਬਹਾਦਰ ਸਿੰਘ ਯੂ.ਐੱਸ.ਏ., ਅਮੋਲਕ ਸਿੰਘ ਗਾਖਲ ਯੂ.ਐੱਸ.ਏ. ਅਤੇ ਹੋਰ ਪ੍ਰਮੁੱਖ ਮਹਿਮਾਨ ਵੀ ਸ਼ਾਮਲ ਸਨ। ਪੰਜਾਬ ਚੇਤਨਾ ਮੰਚ ਵੱਲੋਂ ਅਸ਼ੋਕ ਭੌਰਾ ਦਾ ਉਨ੍ਹਾਂ ਦੀਆਂ ਸਾਹਿਤਕ ਤੇ ਪੱਤਰਕਾਰੀ ਖੇਤਰ 'ਚ ਪ੍ਰਾਪਤੀਆਂ ਲਈ ਸਨਮਾਨ ਕੀਤਾ ਗਿਆ। ਕਮਲੇਸ਼ ਸੰਧੂ ਵੱਲੋਂ ਮਾਣ ਪੱਤਰ ਪੜ੍ਹਿਆ ਗਿਆ ਅਤੇ ਸਟੇਜ ਸੰਚਾਲਨ ਗੁਰਮੀਤ ਸਿੰਘ ਪਲਾਹੀ ਨੇ ਬਾਖ਼ੂਬੀ ਕੀਤਾ।

ਅਸ਼ੋਕ ਭੌਰਾ ਨੇ ਪੁਸਤਕ ਬਾਰੇ ਕਿਹਾ ਕਿ ਇਹ ਕਿਤਾਬ ਪੰਜਾਬੀਆਂ ਦੀਆਂ ਵਿਸ਼ਵ ਪੱਧਰੀ ਪ੍ਰਾਪਤੀਆਂ ਦਾ ਵਿਸ਼ਾਲ ਦਸਤਾਵੇਜ਼ ਹੈ ਅਤੇ 50 ਪ੍ਰਮੁੱਖ ਪੰਜਾਬੀਆਂ ਦੇ ਉੱਚੇ ਅਹੁਦਿਆਂ ਅਤੇ ਉਪਲੱਬਧੀਆਂ ਦਾ ਜ਼ਿਕਰ ਕਰਦੀ ਹੈ। ਉਨ੍ਹਾਂ ਦੱਸਿਆ ਕਿ ਇਹ ਸਿਰਫ਼ ਸੰਗ੍ਰਹਿ ਨਹੀਂ, ਸਗੋਂ ਪੰਜਾਬੀ ਕੌਮ ਦੇ ਮਾਣਯੋਗ ਇਤਿਹਾਸ ਦੀ ਮਹੱਤਵਪੂਰਨ ਕੜੀ ਹੈ, ਜੋ ਕੇਂਦਰ ਸਰਕਾਰ ਅਤੇ ਸੰਬੰਧਿਤ ਵਿਭਾਗਾਂ ਵੱਲੋਂ ਪ੍ਰਮਾਣਿਕ ਰੈਫਰੈਂਸ ਵਜੋਂ ਵਰਤੀ ਜਾ ਸਕਦੀ ਹੈ। ਸਤਨਾਮ ਸਿੰਘ ਮਾਣਕ ਨੇ ਕਿਹਾ ਕਿ ਇਹ ਪੁਸਤਕ ਨਵੀਂ ਪੀੜ੍ਹੀ ਲਈ ਪ੍ਰੇਰਨਾ ਸਰੋਤ ਹੈ ਅਤੇ ਮਿਹਨਤ, ਲਗਨ ਅਤੇ ਇਮਾਨਦਾਰੀ ਦੀ ਤਾਕਤ ਨੂੰ ਰੌਸ਼ਨ ਕਰਦੀ ਹੈ। ਮੈਂਬਰ ਪਾਰਲੀਮੈਂਟ ਮਨੀਸ਼ ਤਿਵਾੜੀ ਨੇ ਪੁਸਤਕ ਤੋਂ ਪ੍ਰੇਰਿਤ ਹੋ ਕੇ ਪੰਜਾਬ ਦੀ ਤਰੱਕੀ ਤੇ ਸਮਾਜਿਕ ਜਾਗਰੂਕਤਾ ਬਾਰੇ ਸਵਾਲ ਉਠਾਏ। ਕਹਾਣੀਕਾਰ ਵਰਿਆਮ ਸੰਧੂ ਨੇ ਨੌਜਵਾਨਾਂ ਨੂੰ ਆਪਣੇ ਸੱਭਿਆਚਾਰ, ਭਾਸ਼ਾ ਅਤੇ ਮੂਲ ਸਿੱਖ ਸੰਦੇਸ਼ਾਂ ਨਾਲ ਜੁੜੇ ਰਹਿਣ ਲਈ ਪ੍ਰੇਰਿਤ ਕੀਤਾ।

ਇਸ ਮੌਕੇ ਐੱਸ. ਪੀ. ਸਿੰਘ ਓਬਰਾਏ, ਪਰਵਿੰਦਰ ਕੌਰ ਯੂ.ਐੱਸ.ਏ., ਸ਼ਿੰਗਾਰਾ ਸਿੰਘ, ਕਰਨੈਲ ਸਿੰਘ, ਨੱਥਾ ਸਿੰਘ ਗਾਖਲ ਅਤੇ ਹੋਰ ਕਈ ਮਹਿਮਾਨਾਂ ਨੂੰ ਸਨਮਾਨਿਤ ਕੀਤਾ ਗਿਆ। ਸਮਾਰੋਹ ਵਿਚ ਸਾਹਿਤ, ਕਲਾ ਅਤੇ ਪੱਤਰਕਾਰਤਾ ਨਾਲ ਸਬੰਧਤ ਸ਼ਖਸੀਅਤਾਂ ਹਾਜ਼ਰ ਸਨ।

## 'ਜਿਨ੍ਹਾਂ ਸੰਨ ਸੰਤਾਲੀ ਡਿੱਠੀ' ਤਹਿਤ ਲੇਖਿਕਾ ਜਸਬੀਰ ਕੌਰ ਨਾਲ ਮੁਲਾਕਾਤ



*ਜਸਬੀਰ ਕੌਰ ਆਪਣੀ ਪੁਸਤਕ ਦੀਪ ਦੇਵਿੰਦਰ ਸਿੰਘ ਅਤੇ ਮਨਮੋਹਨ ਢਿੱਲੋਂ ਨੂੰ ਭੇਟ ਕਰਦੇ ਹੋਏ।*

**ਅੰਮ੍ਰਿਤਸਰ:** ਸਾਹਿਤਕ ਸੰਸਥਾ ਜਨਵਾਦੀ ਲੇਖਕ ਸੰਘ ਵਲੋਂ 'ਜਿਨ੍ਹਾਂ ਸੰਨ ਸੰਤਾਲੀ ਡਿੱਠੀ' ਸਿਲਸਿਲੇ ਤਹਿਤ ਅਰੰਭੀ ਬਜ਼ੁਰਗ ਸਾਹਿਤਕਾਰਾਂ ਨਾਲ ਮੁਲਾਕਾਤਾਂ ਦੀ ਲੜੀ ਦੇ ਅੰਤਰਗਤ ਬਜ਼ੁਰਗ ਸਾਹਿਤਕਾਰਾ ਜਸਬੀਰ ਕੌਰ ਨਾਲ ਗੁਫ਼ਤਗੂ ਕੀਤੀ ਗਈ।

ਇਸ ਸਿਲਸਲੇ ਦੇ ਕਨਵੀਨਰ ਕਹਾਣੀਕਾਰ ਦੀਪ ਦੇਵਿੰਦਰ ਸਿੰਘ ਨੇ ਦਸਿਆ ਕਿ ਸਾਡਾ ਮਨੋਰਥ ਸੰਨ ਸੰਤਾਲੀ ਦੇ ਉਜਾੜਿਆਂ ਵੇਲੇ ਵਾਪਰੇ ਗੈਰ ਮਨੁੱਖੀ ਵਰਤਾਰਿਆਂ ਦੀ ਹਕੀਕਤ ਨੂੰ ਨੇੜਿਉਂ ਸਮਝਣ ਅਤੇ ਸੰਭਾਲਣਾ ਹੈ ਕਿਉਂਕਿ ਜਿਸ ਪੀੜ੍ਹੀ ਨੇ ਕਾਫਲਿਆਂ ਨੂੰ ਆਉਂਦੇ ਜਾਂਦੇ ਤੇ ਲੁੱਟਦੇ ਵੇਖਿਆ ਉਹ ਪੀੜ੍ਹੀ ਸਾਡੇ ਕੋਲੋਂ ਹੌਲੀ-ਹੌਲੀ ਖੁਰਦੀ ਜਾ ਰਹੀ ਹੈ।

ਡੇਢ ਦਰਜਨ ਪੁਸਤਕਾਂ ਦੀ ਲੇਖਕਾ ਜਸਬੀਰ ਕੌਰ ਹੁਰਾਂ ਸੰਤਾਲੀ ਦੇ ਖੌਫ਼ਨਾਕ ਮੰਜ਼ਰ ਨੂੰ ਚੇਤੇ ਕਰਦਿਆਂ ਦਸਿਆ ਕਿ ਗੁਰੂ ਪੀਰਾਂ ਦੀ ਇਸ ਧਰਤੀ 'ਤੇ ਜਿਵੇਂ ਧੀਆਂ ਧਿਆਣੀਆਂ ਦੀਆਂ ਅਸਮਤਾਂ ਲੀਰੋ ਲੀਰ ਹੋਈਆਂ, ਸਰਹੱਦ ਦੇ ਉਰਵਾਰ-ਪਾਰ ਹਜ਼ਾਰਾਂ ਔਰਤਾਂ ਨੂੰ ਧਰਮ, ਪਰਿਵਾਰ ਅਤੇ ਬੱਚਿਆਂ ਤੋਂ ਦੂਰ ਕਰਕੇ ਉਮਰ ਭਰ ਮਾਨਸਿਕ ਅਤੇ ਸਰੀਰਕ ਸੰਤਾਪ ਭੋਗਿਆ, ਸੋਚ ਕੇ ਰੂਹ ਕੰਬਦੀ ਹੈ। ਲੇਖਕਾ ਦੇ ਹਮਸਫ਼ਰ ਪ੍ਰੋ. ਮੋਹਣ ਸਿੰਘ ਨੇ ਦਸਿਆ ਕਿ ਜਸਬੀਰ ਕੌਰ ਦਾਜ ਵਿਚ ਕੇਵਲ ਗਿਆਰਾਂ ਕਿਤਾਬਾਂ ਦਾ ਸੈੱਟ ਲੈ ਕੇ ਆਏ ਸਨ।

ਇਸ ਲੜੀ ਦੇ ਕੋ-ਕਨਵੀਨਰ ਮਨਮੋਹਨ ਸਿੰਘ ਢਿਲੋਂ ਨੇ ਧੰਨਵਾਦ ਕਰਦਿਆਂ ਦਸਿਆ ਕਿ ਇਨ੍ਹਾਂ ਮੁਲਾਕਾਤਾਂ ਦੇ ਯਾਦਗਾਰੀ ਦਸਤਾਵੇਜ਼ ਨੂੰ ਕਿਤਾਬ ਦੇ ਰੂਪ ਵਿਚ ਵੀ ਸਾਂਭਿਆ ਜਾਵੇਗਾ।

## ਸ਼ਰਾਬ ਨੀਤੀ ਮਾਮਲੇ ਵਿਚ ਸੀ.ਬੀ.ਆਈ. ਵਲੋਂ ਵਿਸ਼ੇਸ਼ ਅਦਾਲਤ ਦੇ ਆਦੇਸ਼ ਨੂੰ ਹਾਈ ਕੋਰਟ 'ਚ ਚੁਣੌਤੀ

**ਨਵੀਂ ਦਿੱਲੀ:** ਸ਼ਰਾਬ ਨੀਤੀ ਮਾਮਲੇ 'ਚ ਦਿੱਲੀ ਦੇ ਸਾਬਕਾ ਮੁੱਖ ਮੰਤਰੀ ਅਰਵਿੰਦ ਕੇਜਰੀਵਾਲ ਤੇ ਹੋਰਾਂ ਨੂੰ ਬਰੀ ਕਰਨ ਦੇ ਵਿਸ਼ੇਸ਼ ਅਦਾਲਤ ਦੇ ਆਦੇਸ਼ ਨੂੰ ਚੁਣੌਤੀ ਦਿੰਦੇ ਹੋਏ ਸੀ.ਬੀ.ਆਈ. ਨੇ ਦਿੱਲੀ ਹਾਈ ਕੋਰਟ 'ਚ ਕਿਹਾ ਕਿ ਇਹ ਆਦੇਸ਼ ਇਸਤਗਾਸਾ ਪੱਖ ਦੇ ਕੇਸ ਨੂੰ ਚੋਣਵੇਂ ਤਰੀਕੇ ਨਾਲ ਪੜ੍ਹਨ 'ਤੇ ਆਧਾਰਿਤ ਸੀ, ਜਿਸ 'ਚ ਦੋਸ਼ੀ ਦੀ ਗਲਤੀ ਵਿਖਾਉਣ ਵਾਲੇ ਤੱਥਾਂ ਨੂੰ ਨਜ਼ਰਅੰਦਾਜ ਕੀਤਾ ਗਿਆ ਸੀ ਤੇ ਇਹ ਪੂਰੀ ਤਰ੍ਹਾਂ ਨਾਲ ਗੈਰ-ਕਾਨੂੰਨੀ ਸੀ। ਹਾਈ ਕੋਰਟ 'ਚ 974 ਸ ਫ਼ਿਆਂ ਦੀ ਪਟੀਸ਼ਨ 'ਚ ਸੀ.ਬੀ.ਆਈ. ਨੇ ਕਿਹਾ ਕਿ ਵਿਸ਼ੇਸ਼ ਜੱਜ ਨੇ ਦੋਸ਼ੀਆਂ ਦੇ ਕੰਮਾਂ ਦਾ ਕੁਲ ਮਿਲਾ ਕੇ ਮੁਲਾਂਕਣ ਕਰਨ ਦੀ ਬਜਾਏ, ਅਸਲ 'ਚ ਸਾਜ਼ਿਸ਼ ਦੇ ਵੱਖ ਵੱਖ ਹਿੱਸਿਆਂ ਨਾਲ ਨਜਿੱਠਣ ਲਈ ਇਕ ਮਿਨੀ-ਟ੍ਰਾਇਲ ਕੀਤਾ। ਆਦੇਸ਼ ਨੂੰ ਉਲਟਾ ਦੱਸਦੇ ਹੋਏ ਏਜੰਸੀ ਨੇ ਕਿਹਾ ਕਿ ਇਸ 'ਚ ਸਾਫ਼ ਦਿੱਸਣ ਵਾਲੀਆਂ ਗਲਤੀਆਂ ਹਨ, ਇਹ ਤੱਥਾਂ ਨੂੰ ਗਲਤ ਪੜ੍ਹਨ 'ਤੇ ਆਧਾਰਿਤ ਹੈ ਅਤੇ ਦੋਸ਼ ਤੈਅ ਕਰਨ ਦੇ ਪੜਾਅ ਨਾਲ ਜੁੜੇ ਸੁਪਰੀਮ ਕੋਰਟ ਦੇ ਦਾਅਵਿਆਂ ਦੀ ਉਲੰਘਣਾ ਕਰਦਾ ਹੈ। ਵਿਸ਼ੇਸ਼ ਅਦਾਲਤ ਨੇ ਸ਼ੁੱਕਰਵਾਰ ਨੂੰ ਕੇਜਰੀਵਾਲ, ਸਿਸੋਦੀਆ ਤੇ 21 ਹੋਰ ਲੋਕਾਂ ਖਿਲਾਫ਼ ਸੀ.ਬੀ.ਆਈ. ਦੇ ਦੋਸ਼ ਪੱਤਰ 'ਤੇ ਨੋਟਿਸ ਲੈਣ ਤੋਂ ਇਨਕਾਰ ਕਰਕੇ ਬਰੀ ਕਰ ਦਿੱਤਾ ਸੀ।

ਪੰਜਾਬ ਟਾਈਮਜ਼

7 ਮਾਰਚ, ਸ਼ਨਿਚਰਵਾਰ

# ਧੌਂਸ, ਧਮਕੀ ਅਤੇ ਤਬਾਹੀ...

ਅਮਰੀਕਾ ਤੇ ਇਜ਼ਰਾਈਲ ਵਲੋਂ ਇਰਾਨ 'ਤੇ ਕੀਤੇ ਗਏ ਹਮਲੇ ਨਾਲ ਸੰਸਾਰ ਭਰ ਵਿਚ ਤਣਾਅ ਭਰਪੂਰ ਹਾਲਾਤ ਪੈਦਾ ਹੋ ਗਏ ਹਨ। ਇਰਾਨ ਦੇ ਸੁਪਰੀਮੋ ਆਇਤੁੱਲਾ ਖਾਮੇਨੇਈ, ਰੱਖਿਆ ਮੰਤਰੀ ਅਜ਼ੀਜ਼ ਨਾਸਿਰਜ਼ਾਦੇਹ ਅਤੇ ਸੈਨਾ ਪ੍ਰਮੁੱਖ ਜਨਰਲ ਅਬਦੁਲ ਰਹੀਮ ਮੁਸਾਬੀ ਸਮੇਤ ਫ਼ੌਜ ਦੇ ਹੋਰ ਵੱਡੇ ਅਧਿਕਾਰੀ ਮਾਰੇ ਜਾ ਚੁੱਕੇ ਹਨ। ਅਮਰੀਕਾ ਦੇ ਰਾਸ਼ਟਰਪਤੀ ਡੋਨਲਡ ਟਰੰਪ ਨੇ ਇਰਾਨ ਦੇ ਲੋਕਾਂ ਨੂੰ ਇਕ ਵਾਰ ਫਿਰ ਇਹ ਸੱਦਾ ਦਿੱਤਾ ਹੈ ਕਿ ਉਹ ਆਪਣੀ ਸਰਕਾਰ ਦੇ ਖ਼ਿਲਾਫ਼ ਬਗ਼ਾਵਤ ਕਰਦੇ ਹੋਏ ਦੇਸ਼ ਦਾ ਕੰਟਰੋਲ ਆਪਣੇ ਹੱਥ ਲੈ ਲੈਣ। ਉਨ੍ਹਾਂ ਨੇ ਇਹ ਵੀ ਕਿਹਾ ਹੈ ਕਿ ਆਉਣ ਵਾਲੇ ਇਕ ਹਫ਼ਤੇ ਤੱਕ ਅਮਰੀਕਾ ਤੇ ਇਜ਼ਰਾਈਲ ਵਲੋਂ ਇਰਾਨ 'ਤੇ ਲਗਾਤਾਰ ਹਮਲੇ ਕੀਤੇ ਜਾਂਦੇ ਰਹਿਣਗੇ। ਦੂਜੇ ਪਾਸੇ ਇਰਾਨ ਦੇ ਹੁਕਮਰਾਨਾਂ ਨੇ ਜਿੱਥੇ ਆਪਣੇ ਸੁਪਰੀਮੋ ਦੀ ਮੌਤ 'ਤੇ ਗਹਿਰਾ ਦੁੱਖ ਪ੍ਰਗਟ ਕਰਦਿਆਂ 40 ਦਿਨ ਦੇ ਸ਼ੋਕ ਦਾ ਐਲਾਨ ਕੀਤਾ ਹੋਇਆ ਹੈ, ਉਥੇ ਆਪਣੀ ਇਹ ਦ੍ਰਿੜ੍ਹਤਾ ਫਿਰ ਦੁਹਰਾਈ ਹੈ ਕਿ ਉਹ ਅਮਰੀਕਾ ਅਤੇ ਇਜ਼ਰਾਈਲ ਦੇ ਹਮਲਿਆਂ ਦਾ ਡਟ ਕੇ ਸਾਹਮਣਾ ਕਰਨਗੇ ਅਤੇ ਕਰ ਵੀ ਰਹੇ ਹਨ। ਇਸੇ ਦੌਰਾਨ ਆਇਤੁੱਲਾ ਅਲੀਰੇਜ਼ਾ ਅਰਾਫੀ ਨੇ ਅੰਤਰਿਮ ਤੌਰ 'ਤੇ ਇਰਾਨ ਦੀ ਅਗਵਾਈ ਸੰਭਾਲ ਲਈ ਹੈ। ਅਮਰੀਕਾ ਅਤੇ ਇਜ਼ਰਾਈਲ ਵਲੋਂ ਇਰਾਨ 'ਤੇ ਕੀਤੇ ਗਏ ਇਸ ਤਾਜ਼ਾ ਹਮਲੇ ਬਾਰੇ ਨਿਰਪੱਖ ਰਾਜਨੀਤਕ ਵਿਸ਼ਲੇਸ਼ਕਾਂ ਦਾ ਮਤ ਹੈ ਕਿ ਓਮਾਨ ਦੀ ਵਿਚੋਲਗੀ ਰਾਹੀਂ ਜੇਨੇਵਾ ਵਿਚ ਇਰਾਨ, ਅਮਰੀਕਾ ਤੇ ਇਜ਼ਰਾਈਲ ਦੇ ਪ੍ਰਤੀਨਿਧੀਆਂ ਵਿਚਕਾਰ ਗੱਲਬਾਤ ਦੇ ਤਿੰਨ ਦੌਰ ਹੋਏ ਸਨ ਅਤੇ ਇਰਾਨ ਆਪਣੇ ਪ੍ਰਮਾਣੂ ਹਥਿਆਰਾਂ ਨੂੰ ਸੀਮਤ ਕਰਨ ਅਤੇ ਪ੍ਰਮਾਣੂ ਊਰਜਾ ਦੀ ਵਰਤੋਂ ਸਿਰਫ਼ ਨਾਗਰਿਕ ਵਿਕਾਸ ਦੇ ਮੰਤਵਾਂ ਲਈ ਕਰਨ ਵਾਸਤੇ ਸਹਿਮਤ ਹੋ ਗਿਆ ਸੀ ਅਤੇ ਇਸੇ ਕਰਕੇ ਓਮਾਨ ਨੇ ਇਹ ਆਸ ਪ੍ਰਗਟ ਕੀਤੀ ਸੀ ਕਿ ਸੰਬੰਧਿਤ ਧਿਰਾਂ ਦਰਮਿਆਨ ਗੱਲਬਾਤ ਵਿਚ ਕਾਫ਼ੀ ਪ੍ਰਗਤੀ ਹੋਈ ਹੈ ਅਤੇ ਕੋਈ ਮੁਨਾਸਿਬ ਸਮਝੌਤਾ ਹੋ ਸਕਦਾ ਹੈ। ਨਿਰਪੱਖ ਰਾਜਨੀਤਕ ਸੂਤਰਾਂ ਦਾ ਕਹਿਣਾ ਹੈ ਕਿ ਇਸ ਦੇ ਬਾਵਜੂਦ ਅਮਰੀਕਾ ਅਤੇ ਇਜ਼ਰਾਈਲ ਨੇ ਆਪਣੀ ਧੌਂਸ, ਧਮਕੀ ਅਤੇ ਤਬਾਹੀ ਵਾਲੀ ਨੀਤੀ ਨੂੰ ਅਗੇ ਵਧਾਉਂਦਿਆਂ ਇਰਾਨ 'ਤੇ ਹਮਲਾ ਕਰਨ ਦਾ ਰਸਤਾ ਅਪਣਾਇਆ, ਕਿਉਂਕਿ ਉਹ ਮੱਧ ਪੂਰਬ ਦੇ ਖਾੜੀ ਦੇਸ਼ਾਂ ਵਿਚ ਇਰਾਨ ਦੇ ਪ੍ਰਭਾਵ ਨੂੰ ਬਿਲਕੁਲ ਖ਼ਤਮ ਕਰਨਾ ਚਾਹੁੰਦੇ ਹਨ ਅਤੇ ਇਰਾਨ ਦੇ ਪ੍ਰਮਾਣੂ ਹਥਿਆਰਾਂ ਅਤੇ ਖ਼ਾਸ ਕਰਕੇ ਲੰਬੀ ਦੂਰੀ ਤੱਕ ਮਾਰ ਕਰਨ ਵਾਲੀਆਂ ਮਿਜ਼ਾਈਲਾਂ ਨੂੰ ਵੀ ਪੂਰੀ ਤਰ੍ਹਾਂ ਤਬਾਹ ਕਰਨ ਲਈ ਬਜ਼ਿੱਦ ਹਨ। ਉਹ ਖਾੜੀ ਵਿਚ ਤੇਲ ਦੇ ਸਾਰੇ ਸਰੋਤਾਂ 'ਤੇ ਵੀ ਆਪਣਾ ਕਬਜ਼ਾ ਚਾਹੁੰਦੇ ਹਨ। ਰਾਜਨੀਤਕ ਹਲਕੇ ਇਰਾਨ 'ਤੇ ਕੀਤੇ ਗਏ ਤਾਜ਼ਾ ਹਮਲੇ ਨੂੰ ਅਮਰੀਕਾ ਵਲੋਂ ਪਿਛਲੇ ਸਾਲ ਜੂਨ ਵਿਚ ਉਸ ਦੇ ਕੀਤੇ ਗਏ ਹਮਲੇ ਦੀ ਕੜੀ ਵਜੋਂ ਹੀ ਦੇਖ ਰਹੇ ਹਨ।

ਇਰਾਨ ਪ੍ਰਤੀ ਅਮਰੀਕਾ ਦੀ ਨੀਤੀ ਆਰਥਿਕ ਰੋਕਾਂ, ਕੂਟਨੀਤਕ ਦਬਾਅ ਤੇ ਫੌਜੀ ਦਾਬੇ ਵਾਲੀ ਰਹੀ ਹੈ। ਇਰਾਕ, ਸੀਰੀਆ, ਲੀਬੀਆ, ਯਮਨ ਤੇ ਲਿਬਨਾਨ ਸਮੇਤ ਪੂਰਾ ਅਰਬ ਸੰਸਾਰ ਬੌਕਸੀ ਜੰਗਾਂ-ਟਕਰਾਵਾਂ ਰਾਹੀਂ ਮੁਕਾਬਲੇਬਾਜ਼ ਪੂੰਜੀਵਾਦੀ ਤੇ ਸਾਮਰਾਜਵਾਦੀ ਹਿੱਤਾਂ ਦੀ ਭੇਟ ਚੜ੍ਹਦਾ ਆ ਰਿਹਾ ਹੈ। ਸ਼ੀਤ ਯੁੱਧ ਤੋਂ ਬਾਅਦ ਅਮਰੀਕਾ ਅਤੇ ਇਜ਼ਰਾਈਲ ਮੱਧ ਪੂਰਬ 'ਚ ਮੁੱਖ ਬਾਹਰੀ ਸ਼ਕਤੀ ਵਜੋਂ ਉੱਭਰੇ ਹਨ। ਇਸ ਵਕਤ ਇਰਾਨ ਅਮਰੀਕਾ-ਇਜ਼ਰਾਈਲ ਨਾਲ ਸਿੱਧੀ ਜੰਗੀ ਟੱਕਰ 'ਚ ਇਕ ਕਮਜ਼ੋਰ ਤਾਕਤ ਜ਼ਰੂਰ ਹੈ ਪਰ ਉਹ ਇਸ ਜੰਗ 'ਚ ਅਮਰੀਕਾ-ਇਜ਼ਰਾਈਲ ਗੁੱਟ ਸਮੇਤ ਅਮਰੀਕੀ ਭਾਈਵਾਲ ਖਾੜੀ ਮੁਲਕਾਂ ਲਈ ਵੱਡੀ ਚੁਣੌਤੀ ਖੜ੍ਹੀ ਕਰ ਰਿਹਾ ਹੈ। ਇਰਾਨ ਅਰਬ ਮੁਲਕਾਂ ਵਿਚ ਸਥਿਤ ਅਮਰੀਕੀ ਫੌਜੀ ਟਿਕਾਣਿਆਂ 'ਤੇ ਹਮਲਾ ਕਰਕੇ ਅਤੇ ਹਾਰਮੂਜ਼ ਜਲਡਮਰੂ ਨੂੰ ਬੰਦ ਕਰਕੇ ਕੌਮਾਂਤਰੀ ਵਪਾਰਕ ਗਤੀਵਿਧੀਆਂ ਨੂੰ ਬੁਰੇ ਰੁਖ਼ ਪ੍ਰਭਾਵਿਤ ਕਰ ਕੇ ਕਰਜ਼ ਸੰਕਟ 'ਚ ਘਿਰੇ ਅਮਰੀਕਾ ਨੂੰ ਚੁਣੌਤੀ ਪੇਸ਼ ਕਰ ਰਿਹਾ ਹੈ। ਮੱਧ ਪੂਰਬ, ਯੂਰਪ ਤੇ ਏਸ਼ੀਆ ਨੂੰ ਇਸ ਦਾ ਅਸਰ ਖੇਤਰੀ ਅਸ਼ਾਂਤੀ, ਤੇਲ ਕੀਮਤਾਂ 'ਚ ਵਾਧੇ ਤੇ ਮਹਿੰਗਾਈ ਦੇ ਰੂਪ 'ਚ ਹੰਢਾਉਣਾ ਪਵੇਗਾ। ਇਰਾਨ ਦੇ ਸਰਵਉੱਚ ਨੇਤਾ ਖਾਮਨੇਈ ਦੀ ਮੌਤ ਤੋਂ ਬਾਅਦ 'ਇਸਲਾਮੀ ਰੈਵੋਲਿਊਸ਼ਨਰੀ ਗਾਰਡ ਕੋਰ' ਅਤੇ ਸਿਖਲਾਈ ਯਾਫ਼ਤਾ ਪ੍ਰੌਕਸੀ ਗਰੁੱਪਾਂ ਜਿਵੇਂ ਕਿ ਲਿਬਨਾਨ 'ਚ ਹਿਜਬੁੱਲਾ, ਯਮਨ ਦੇ ਹੂਤੀ, ਇਰਾਕ, ਸੀਰੀਆ 'ਚ ਇਰਾਨ ਗੱਠਜੋੜ ਵਾਲੇ ਸ਼ੀਆ ਮਿਲੀਸ਼ੀਆ ਵੀ ਅਮਰੀਕੀ ਫੌਜੀ ਟਿਕਾਣਿਆਂ, ਸਮੁੰਦਰੀ ਵਪਾਰਕ ਲਾਂਘਿਆਂ ਅਤੇ ਸਹਿਯੋਗੀਆਂ ਨੂੰ ਨਿਸ਼ਾਨਾ ਬਣਾਉਣ ਦੇ ਰੌਂਅ 'ਚ ਹਨ। ਚੀਨ ਤੇ ਰੂਸ ਵੀ ਹਥਿਆਰ, ਹਵਾਈ ਰੱਖਿਆ ਪ੍ਰਣਾਲੀ ਅਤੇ ਸਮੁੰਦਰੀ ਮਿਜ਼ਾਈਲ ਤਕਨਾਲੌਜੀ ਰਾਹੀਂ ਇਰਾਨ ਦੀ ਸਿੱਧੀ-ਅਸਿੱਧੀ ਮਦਦ ਕਰ ਕੇ ਅਮਰੀਕੀ ਸਾਮਰਾਜ ਦੇ ਰਾਹ 'ਚ ਔਕੜਾਂ ਪੈਦਾ ਕਰ ਰਹੇ ਹਨ। ਖਾਮਨੇਈ ਦੀ ਮੌਤ ਤੋਂ ਬਾਅਦ ਇਰਾਨ ਹਮਲੇ ਨੂੰ ਹੋਰ ਵੱਧ ਤਿੱਖਾ ਕਰ ਕੇ ਜੰਗ ਨੂੰ ਲੰਬੀ ਖਿੱਚ ਸਕਦਾ ਹੈ, ਦੂਜੇ ਪਾਸੇ ਟਰੰਪ ਇਸ ਨੂੰ ਇਕੋ ਝਟਕੇ ਵੱਡੇ ਹਮਲੇ ਰਾਹੀਂ ਛੇਤੀ ਖ਼ਤਮ ਕਰਨ ਦੀ ਤਾਕ ਵਿਚ ਹੈ। ਇਰਾਨੀ ਲੋਕਾਂ ਨੂੰ ਆਪਣੀ ਖ਼ੁਦਮੁਖਤਿਆਰੀ ਵਾਲਾ ਰਾਜ-ਸਮਾਜ ਸਿਰਜਣ ਦਾ ਹੱਕ ਹੋਣਾ ਚਾਹੀਦਾ ਹੈ ਅਤੇ ਸਮਝ ਲੈਣਾ ਚਾਹੀਦਾ ਹੈ ਕਿ ਅਮਰੀਕਾ-ਇਜ਼ਰਾਈਲ ਸ਼ਾਂਤੀ ਤੇ ਸੁਰੱਖਿਆ ਲਈ ਨਹੀਂ ਲੜ ਰਹੇ। ਆਪਣੇ ਉਦੇਸ਼ਾਂ ਦੀ ਪੂਰਤੀ ਲਈ ਹੀ ਡੋਨਲਡ ਟਰੰਪ ਨੇ ਇਜ਼ਰਾਈਲ ਦੇ ਸਹਿਯੋਗ ਨਾਲ ਇਰਾਨ 'ਤੇ ਮੁੜ ਹਮਲਾ ਕਰਨ ਦਾ ਰਾਹ ਚੁਣਿਆ ਹੈ। ਇਸ ਸਮੇਂ ਕੌਮਾਂਤਰੀ ਸੰਸਥਾਵਾਂ, ਖ਼ਾਸ ਕਰਕੇ ਸੰਯੁਕਤ ਰਾਸ਼ਟਰ ਸੰਘ ਇਸ ਭਿਆਨਕ ਜੰਗ ਨੂੰ ਰੋਕਣ ਵਿਚ ਆਪਣੀ ਪ੍ਰਭਾਵੀ ਭੂਮਿਕਾ ਨਿਭਾਉਣ ਦੇ ਸਮਰੱਥ ਨਹੀਂ ਹੋ ਰਿਹਾ। ਪਿਛਲੇ ਦਿਨੀਂ ਫਰਾਂਸ ਦੀ ਪਹਿਲ 'ਤੇ ਸੰਯੁਕਤ ਰਾਸ਼ਟਰ ਸੰਘ ਦੀ ਸੁਰੱਖਿਆ ਕੌਂਸਲ ਦੀ ਮੀਟਿੰਗ ਜ਼ਰੂਰ ਹੋਈ ਸੀ, ਉਸ ਵਿਚ ਅਮਰੀਕਾ ਤੇ ਇਜ਼ਰਾਈਲ ਵਲੋਂ ਇਹ ਪੱਖ ਦੁਹਰਾਇਆ ਗਿਆ ਕਿ ਉਨ੍ਹਾਂ ਨੇ ਹਮਲਾ ਇਸ ਲਈ ਕੀਤਾ ਹੈ, ਕਿਉਂਕਿ ਅਮਰੀਕਾ ਅਤੇ ਇਜ਼ਰਾਈਲ ਨੂੰ ਇਰਾਨ ਤੋਂ ਹੋਂਦ ਦਾ ਗੰਭੀਰ ਖ਼ਤਰਾ ਹੈ। ਦੂਜੇ ਪਾਸੇ ਇਰਾਨ ਨੇ ਇਸ ਮੀਟਿੰਗ ਵਿਚ ਅਮਰੀਕਾ ਅਤੇ ਇਜ਼ਰਾਈਲ ਦੀ ਸਖ਼ਤ ਆਲੋਚਨਾ ਕੀਤੀ ਅਤੇ ਇਸ ਹਮਲੇ ਨੂੰ ਆਪਣੀ ਪ੍ਰਭੂਸੱਤਾ ਦੀ ਘੋਰ ਉਲੰਘਣਾ ਕਰਾਰ ਦਿੱਤਾ। ਵਿਸ਼ਵ ਦੀ ਅਜੋਕੀ ਸਥਿਤੀ ਅਤੇ ਖ਼ਾਸ ਕਰਕੇ ਖਾੜੀ ਦੇਸ਼ਾਂ ਵਿਚ ਵਧ ਰਹੇ ਤਣਾਅ ਨੂੰ ਮੁੱਖ ਰੱਖਦਿਆਂ ਇਸ ਗੱਲ ਦੀ ਬੇਹੱਦ ਲੋੜ ਹੈ ਕਿ ਭਾਰਤ ਸਮੇਤ ਸਾਰੇ ਦੇਸ਼ ਇਸ ਜੰਗ ਨੂੰ ਰੁਕਵਾਉਣ ਲਈ ਵੱਧ ਤੋਂ ਵੱਧ ਯਤਨ ਕਰਨ, ਤਾਂ ਜੋ ਦੁਨੀਆ ਨੂੰ ਇਕ ਹੋਰ ਭਿਆਨਕ ਜੰਗ ਤੋਂ ਬਚਾਇਆ ਜਾ ਸਕੇ।

## ਠਾਹ-ਸੋਟਾ

-ਚਾਚਾ ਬੇਲਿਹਾਜ਼

### ਰੈਲੀਆਂ ਦੇ ਆਸਰੇ

ਚੜ੍ਹਦਾ ਚਾਅ ਬਿਅੰਤ ਹੈ ਚਮਚਿਆਂ ਨੂੰ, ਮਾਲਕ ਖੋਲ੍ਹਦੇ ਮੂੰਹ ਜਦ 'ਥੈਲੀਆਂ' ਦੇ।
'ਕੱਠੇ ਕਰਕੇ ਲਿਆਇਓ ਜੀ ਯਾਰ ਬੇਲੀ, ਘਰੇ ਗੱਡੀਆਂ ਭੇਜਦੇ 'ਟਹਿਲੀਆਂ' ਦੇ।
ਜੋ ਮੂੰਹ ਆਵੇ ਸੋ 'ਕੱਠਾਂ ਵਿਚ ਬੋਲਦੇ ਨੇ, 'ਦਰਦੀ' ਬਣਦੇ ਨੇ ਜੈਲੇ ਤੇ ਜੈਲੀਆਂ ਦੇ।
'ਗੱਫੇ' ਦਿੰਦੇ ਨੇ 'ਛਕਣ ਛਕਾਉਣ' ਵਾ.ਲੇ, ਚਿਹਰੇ ਖਿੜ ਜਾਂਦੇ ਸ੍ਰੋਤਿਆਂ ਵੈਲੀਆਂ ਦੇ।
ਲੋਕ-ਹਿਤਾਂ ਲਈ ਸੀਗੇ ਸੰਘਰਸ਼ ਕਰਦੇ, ਲੀਡਰ ਰਹੇ ਨਾ ਉਹ ਹੁਣ ਪਹਿਲੀਆਂ ਦੇ।
ਜਨਤਾ ਵਿਚ 'ਬਣਾਉਣੀ' ਮੁੜ ਲੋਚਦੇ ਨੇ, 'ਟੌਹਰ' ਆਪਣੀ 'ਆਸਰੇ' ਰੈਲੀਆਂ ਦੇ !

# ਵਗੀ ਪੂਰੇ ਦੀ 'ਵਾ ਪੰਜਾਬੇ

ਇੱਕੋ ਸਾਲ ਰਹਿ ਗਿਆ ਪੰਜਾਬ ਦੇ ਹਾਕਮਾਂ ਦੀ ਮੁੜ ਚੋਣ ਲਈ। ਹੁਣੇ ਤੋਂ ਸਿਆਸੀ ਧਿਰਾਂ ਨੇ ਕਮਰਕੱਸੇ ਕਰ ਲਏ ਹਨ, ਉਨ੍ਹਾਂ ਪਰ ਤੋਲਣੇ ਸ਼ੁਰੂ ਕਰ ਲਏ ਹਨ। ਰਾਸ਼ਟਰੀ ਧਿਰਾਂ ਕਾਂਗਰਸ, ਭਾਜਪਾ, ਹਾਕਮ ਧਿਰ ਆਮ ਆਦਮੀ ਪਾਰਟੀ, ਖੇਤਰੀ ਧਿਰਾਂ-ਅਕਾਲੀ ਦਲ, ਬਸਪਾ ਅਤੇ ਖੱਬੀਆਂ ਧਿਰਾਂ ਸਮਾਂ ਰਹਿੰਦਿਆਂ ਹੀ ਸਰਗਰਮ ਦਿਸਣ ਲੱਗ ਪਈਆਂ ਹਨ। ਪੰਜਾਬ ਦੀ ਡੋਰ ਸੰਭਾਲਣ ਵਾਲੀ ਮਜ਼ਬੂਤ ਧਿਰ 'ਕਾਂਗਰਸ' ਦੇ ਨੇਤਾ ਰਾਹੁਲ ਗਾਂਧੀ ਨੇ ਬਰਨਾਲਾ 'ਚ ਚੋਣ ਬਿਗਲ ਵਜਾਉਂਦਿਆਂ ਦੇਸ਼ ਦੇ ਪ੍ਰਧਾਨ ਮੰਤਰੀ ਨਰੇਂਦਰ ਮੋਦੀ ਉੱਤੇ ਦੇਸ਼ ਦੇ ਕਿਸਾਨਾਂ, ਮਜ਼ਦੂਰਾਂ, ਵਪਾਰੀਆਂ ਦੇ ਹਿੱਤ ਅਮਰੀਕਾ ਕੋਲ ਗਹਿਣੇ ਰੱਖਣ ਦੇ ਦੋਸ਼ ਲਾਏ। ਉੱਥੇ ਕਾਂਗਰਸ ਪ੍ਰਧਾਨ ਨੇ ਦੋਸ਼



ਗੁਰਮੀਤ ਸਿੰਘ ਪਲਾਹੀ
ਫੋਨ: 9815802070

ਲਾਇਆ ਕਿ ਆਮ ਆਦਮੀ ਪਾਰਟੀ 'ਭਾਜਪਾ' ਦੀ 'ਬੀ' ਟੀਮ ਵਜੋਂ ਕੰਮ ਕਰ ਰਹੀ ਹੈ।

ਨਰੇਂਦਰ ਮੋਦੀ ਕੁਝ ਦਿਨ ਪਹਿਲਾਂ ਜਲੰਧਰ ਲਾਗਲੇ ਡੇਰਾ ਬੱਲਾਂ ਪਧਾਰੇ। ਇੱਕ ਨਵੀਂ ਇਬਾਰਤ ਲਿਖ ਗਏ। ਇੱਕ ਸ਼ਕਤੀਸ਼ਾਲੀ ਧਿਰ ਨੂੰ ਆਪਣੇ ਹੱਕ 'ਚ ਕਰਨ ਲਈ ਕੁਝ ਇਹੋ ਜਿਹੇ 'ਬਚਨ-ਵਿਲਾਸ' ਕਰ ਗਏ, ਜਿਨ੍ਹਾਂ ਨੇ 'ਡਬਲ ਇੰਜਣ' ਸਰਕਾਰ ਬਣਾਉਣ ਦਾ ਰਾਹ ਪੱਧਰਾ ਕਰਨਾ ਹੈ।

ਹਾਕਮ ਧਿਰ ਆਮ ਆਦਮੀ ਪਾਰਟੀ ਦਾ ਰਾਸ਼ਟਰੀ ਕਨਵੀਨਰ ਕੇਜਰੀਵਾਲ ਅਤੇ ਪੰਜਾਬ ਸਰਕਾਰ 'ਯੁੱਧ ਨਸ਼ਿਆਂ ਵਿਰੁੱਧ' ਦੇ ਦੂਜੇ ਪੜਾਅ 'ਚ ਲੋਕਾਂ ਨੂੰ ਸ਼ਾਮਲ ਕਰਨ ਲਈ ਪੱਬਾਂ ਭਾਰ ਹੈ। ਖੇਤਰੀ ਧਿਰਾਂ ਸ਼੍ਰੋਮਣੀ ਅਕਾਲੀ ਦਲ ਦੇ ਨੇਤਾ, ਥਾਂ-ਥਾਂ ਪੁੱਜ ਕੇ ਆਪਣੇ 'ਇਲਾਕਾ ਉਮੀਦਵਾਰ' ਹੁਣੇ ਤੋਂ ਐਲਾਨਣ ਲੱਗ ਪਏ ਹਨ। ਪਿਛਲੇ ਦਿਨੀਂ ਕਰਵਾਈਆਂ ਗਈਆਂ ਬਲਾਕ ਸੰਮਤੀ ਚੋਣਾਂ 'ਚ ਲੋਕਾਂ ਦੇ ਚੰਗੇ ਹੁੰਗਾਰੇ ਤੋਂ ਉਹ ਵਾਹਵਾ ਉਤਸ਼ਾਹਿਤ ਹਨ। ਇਸੇ ਸਭ ਕੁਝ ਦਰਮਿਆਨ ਕੱਲ੍ਹ ਖ਼ਬਰ ਛਪੀ ਰਾਮਾਮੰਡੀ (ਬਠਿੰਡਾ) ਨੇੜਲੇ ਪਿੰਡ ਕਮਾਲੂ ਦੇ 20 ਵਰ੍ਹਿਆਂ ਦਾ ਨੌਜਵਾਨ ਚਿੱਟੇ ਵੀ ਭੇਟ ਚੜ੍ਹ ਗਿਆ। ਪਿੰਡ ਪ੍ਰੇਸ਼ਾਨ ਹੈ।

ਫਿਰੋਜ਼ਪੁਰ ਦੇ ਬਲਾਕ ਮਖੂ ਦੇ ਪਿੰਡ ਨਿਜ਼ਾਮਵਾਲਾ ਦਾ 25 ਸਾਲ ਦਾ ਨੌਜਵਾਨ ਨਸ਼ੇ ਦੀ ਵੱਧ ਮਾਤਰਾ ਲੈਣ ਨਾਲ ਮਰ ਗਿਆ। ਮਰਨ ਵਾਲਾ ਪਿਛੇ ਪਤਨੀ, ਪੁੱਤਰ, ਦੋ ਪੁੱਤਰੀਆਂ ਛੱਡ ਗਿਆ। ਮਾਪੇ ਤੇ ਪੂਰਾ ਸਮਾਜ ਉਦਾਸ ਹੈ। ਹਾਲੇ ਦੋ ਕੁ ਦਿਨ ਪਹਿਲਾਂ ਪੰਜਾਬ ਪੁਲਸ ਦਾ ਇੱਕ ਸਿਪਾਹੀ ਤੇ ਇੱਕ ਹੋਮ ਗਾਰਡ ਗੋਲੀਆਂ ਨਾਲ ਬੈਠੇ-ਸੁੱਤੇ ਭੁੰਨ ਦਿੱਤੇ ਗਏ। ਨੌਜਵਾਨ ਕਰਨੈਲ ਸਿੰਘ ਦਾ ਇਸੇ ਘਟਨਾ ਦੇ ਸਿੱਟੇ ਵਜੋਂ ਪੁਲਿਸ ਮੁਕਾਬਲਾ ਹੋਇਆ ਦੱਸਿਆ ਜਾਂਦਾ ਹੈ।

ਗੈਂਗਸਟਰ ਸਰਗਰਮੀਆਂ ਜ਼ੋਰਾਂ 'ਤੇ ਹਨ। ਪੰਜਾਬੀ ਗਾਇਕ ਪਰਮੀਸ਼ ਵਰਮਾ ਤੋਂ ਗੈਂਗਸਟਰਾਂ ਨੇ 10 ਕਰੋੜ ਦੀ ਫ਼ਿਰੌਤੀ ਮੰਗੀ ਹੈ। ਕੁਝ ਦਿਨ ਪਹਿਲਾਂ ਕਿਸਾਨ ਜਥੇਬੰਦੀ ਉਗਰਾਹਾਂ ਵਲੋਂ ਕੀਤੇ ਜਾ ਰਹੇ ਅੰਦੋਲਨ ਨੂੰ ਨਜਿੱਠਣ ਲਈ ਇੱਕ ਪੂਰੇ ਪਿੰਡ ਦੇ ਬਾਸ਼ਿੰਦਿਆਂ ਨੂੰ ਸਬਕ ਸਿਖਾਉਣ ਲਈ ਅੱਥਰੂ ਗੈਸ ਦੇ ਗੋਲੇ ਪੰਜਾਬ ਪੁਲਿਸ ਵੱਲੋਂ ਛੱਡੇ ਗਏ। ਇੱਕ ਕਿਸਾਨ ਦੀਆਂ ਲੱਤਾਂ ਬੁਰੀ ਤਰ੍ਹਾਂ ਤੋੜ ਦਿੱਤੀਆਂ ਗਈਆਂ। ਪੂਰੇ ਪੰਜਾਬ 'ਚ ਇਹੋ ਜਿਹਾ ਮਾਹੌਲ ਸਿਰਜਿਆ ਗਿਆ ਕਿ ਹਾਕਮ ਧਿਰ, ਪਰਜਾ ਤੋਂ ਉੱਪਰ ਹੈ। ਉਸ ਉੱਤੇ ਚੁੱਕੇ ਗਏ ਸਵਾਲ ਬਰਦਾਸ਼ਤ ਕਰਨ ਯੋਗ ਨਹੀਂ। ਸੂਬੇ 'ਚ ਕਿਸਾਨ ਅੰਦੋਲਨ ਕਰ ਰਹੇ ਹਨ, ਉਨ੍ਹਾਂ ਦੀਆਂ ਹੱਕੀ ਮੰਗਾਂ ਮੰਨੀਆਂ ਨਹੀਂ ਜਾ ਰਹੀਆਂ। ਮੁਲਾਜ਼ਮਾਂ ਦੀਆਂ ਉਹ ਮੰਗਾਂ ਜਿਨ੍ਹਾਂ ਨੂੰ ਮੰਨਣ ਦਾ ਵਾਇਦਾ 'ਆਮ ਆਦਮੀ ਪਾਰਟੀ' ਨੇ ਆਪਣੇ ਚੋਣ ਪ੍ਰਚਾਰ ਸਮੇਂ ਕੀਤਾ ਸੀ, ਉਸ ਤੋਂ ਮੁਕਰਿਆ ਜਾ ਰਿਹਾ ਹੈ।

ਗੱਲ ਉਸ ਵਾਰ ਦੀ ਕਰ ਲੈਂਦੇ ਹਾਂ, ਜਦੋਂ ਅਕਾਲੀ-ਭਾਜਪਾ ਇਕੱਠੇ ਪ੍ਰਕਾਸ਼ ਸਿੰਘ ਬਾਦਲ ਦੀ ਸਰਕਾਰ ਬਣਾਈ ਬੈਠੇ ਸਨ। ਗੱਲ ਉਸ ਵੇਲੇ ਦੀ ਵੀ ਕਰ ਲੈਂਦੇ ਹਾਂ ਜਦੋਂ ਕਾਂਗਰਸ ਦਾ ਕੈਪਟਨ ਅਮਰਿੰਦਰ ਸਿੰਘ ਮੁੱਖ ਮੰਤਰੀ ਬਣਿਆ ਰਿਹਾ ਅਤੇ ਗੱਲ ਤਾਂ ਆਮ ਆਦਮੀ ਪਾਰਟੀ ਦੇ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੀ ਵੀ ਕਰਨੀ ਬਣਦੀ ਹੈ। ਗੱਲ ਇਨ੍ਹਾਂ ਦੀਆਂ ਸ਼ਖ਼ਸੀਅਤਾਂ ਦੀ ਕਿਉਂ ਕਰੀਏ ਕਿ ਉਹ ਕੀ ਸਨ, ਕੀ ਹਨ, ਗੱਲ ਤਾਂ ਉਨ੍ਹਾਂ ਦੇ ਕਾਰਜ ਕਾਲ ਦੌਰਾਨ 'ਪੰਜਾਬ' ਨੂੰ ਦਿੱਤੇ ਯੋਗਦਾਨ ਦੀ ਕਰਨੀ ਚਾਹੀਦੀ ਹੈ। ਉਸ ਪੰਜਾਬ ਦੀ ਜਿਹੜਾ ਆਜ਼ਾਦੀ ਤੋਂ ਬਾਅਦ ਲਗਾਤਾਰ ਕੋਹਿਆ ਗਿਆ, ਕੁੱਟਿਆ ਗਿਆ, ਭੰਨਿਆ ਗਿਆ ਅਤੇ ਜਿਸ ਦਾ ਪੋਟਾ-ਪੋਟਾ ਨਪੀੜਿਆ, ਲਿਤਾੜਿਆ ਗਿਆ ਅਤੇ ਜਿਸਦੇ ਬਾਸ਼ਿੰਦੇ ਇਨ੍ਹਾਂ ਵਰ੍ਹਿਆਂ 'ਚ ਦੇਸੋਂ-ਪਰਦੇਸੀ ਹੋਏ, ਓਪਰੇ ਹੋਏ, ਪਰਾਏ ਕਰ ਦਿੱਤੇ ਗਏ ਅਤੇ ਜਿਨ੍ਹਾਂ ਪੰਜਾਬੀਆਂ ਇੱਥੇ ਰਹਿ ਕੇ ਹੱਕ-ਸੱਚ ਲਈ ਅਵਾਜ਼ ਉਠਾਈ, ਉਹ ਇਸ ਜਹਾਨ ਤੋਂ ਹੀ ਤੋਰ ਦਿੱਤੇ ਗਏ।

ਇਨ੍ਹਾਂ ਵਰ੍ਹਿਆਂ 'ਚ ਪੰਜਾਬ ਨੂੰ ਨਾ '47 ਭੁਲਿਆ, ਨਾ ਚੌਰਾਸੀ। ਨਾ ਪੰਜਾਬ ਨੂੰ ਗਰਮ ਲਹਿਰਾਂ 'ਚ ਬੇਦੋਸ਼ੇ ਮਾਰੇ ਗਏ ਨੌਜਵਾਨ ਭੁਲੇ, ਨਾ ਬੱਸਾਂ 'ਚੋਂ ਕੱਢ-ਕੱਢ ਕੇ ਮਾਰੇ ਗਏ ਬੇਕਸੂਰੇ। ਨਾ ਪੰਜਾਬ ਨੂੰ ਇਹ ਭੁਲਿਆ ਕਿ ਪੰਜਾਬ ਦੇ ਪਾਣੀ ਖੋਹੇ ਗਏ, ਅਤੇ ਨਾ ਹੀ ਭੁਲਿਆ ਕਿ 1966 'ਚ ਪੁਨਰਗਠਨ ਸਮੇਂ ਉਸ ਦੀ ਉਹ ਰਾਜਧਾਨੀ ਖੋਹ ਲਈ ਗਈ, ਜਿਹੜੀ ਪੰਜਾਬ ਦੇ ਪਿੰਡਾਂ ਨੂੰ ਉਜਾੜ ਕੇ ਬਣਾਈ ਗਈ। ਨਾ ਹੀ ਪੰਜਾਬ ਇਹ ਭੁਲ ਸਕਿਆ ਕਿ ਦਿੱਲੀ ਦੇ ਹਾਕਮ ਨਿਤ-ਦਿਹਾੜੇ, ਉਸ ਨਾਲ ਦੁਪਰਿਆਰਾ ਸਲੂਕ ਕਰਦੇ ਹਨ, ਬਾਵਜੂਦ ਇਸ ਗੱਲ ਦੇ ਕਿ ਉਹ ਦੇਸ਼ ਦਾ ਅੰਨਦਾਤਾ ਹੈ। ਬਾਵਜੂਦ ਇਸ ਗੱਲ ਦੇ ਕਿ ਹਰੀ ਕ੍ਰਾਂਤੀ ਨੇ ਉਸਦੀ ਉਪਜਾਊ ਧਰਤੀ ਖੋਹ ਲਈ, ਖੋਖਲੀ ਕਰ ਦਿੱਤੀ, ਜ਼ਹਿਰਾਂ ਨਾਲ ਭਰ ਦਿੱਤੀ ਤੇ ਸਿੱਟੇ ਵਜੋਂ ਪੰਜਾਬ ਦਾ ਪਾਣੀ ਮੁਕਾ ਦਿੱਤਾ। ਪੱਲੇ ਕੈਂਸਰ ਪਾ ਦਿੱਤਾ। ਖੁਦਕੁਸ਼ੀਆਂ ਕਰਨ ਵਾਲੇ ਜੀਵਨ ਦੇ ਰਾਹ ਪਾ ਦਿੱਤਾ।

ਪੰਜ ਦਰਿਆਵਾਂ ਦੀ ਧਰਤੀ, ਵੱਢ-ਟੁੱਕ ਕੇ ਢਾਈ ਦਰਿਆਵਾਂ ਤੱਕ ਸੀਮਤ ਕਰ ਦਿੱਤੀ ਗਈ। ਕਿਸਾਨ ਮਜ਼ਦੂਰ ਔਖੇ ਰਾਹੀਂ ਪਾ ਦਿੱਤੇ ਗਏ। ਕਿਸਾਨਾਂ ਦੀਆਂ ਜ਼ਮੀਨਾਂ ਦੇ ਛੋਟੇ-ਛੋਟੇ ਟੁੱਕੜੇ ਹਥਿਆਉਣ ਲਈ ਵੀ ਪਹਿਲਾਂ ਕੇਂਦਰ ਨੇ ਤਿੰਨ ਕਾਲੇ ਕਾਨੂੰਨ ਪਾਸ ਕੀਤੇ ਅਤੇ ਫਿਰ ਮੌਜੂਦਾ ਸੂਬਾ ਸਰਕਾਰ ਨੇ ਕਿਸਾਨਾਂ ਦੀ ਜ਼ਮੀਨ ਹਥਿਆਉਣ ਲਈ ਨਵੀਆਂ ਤਰਕੀਬਾਂ ਕੱਢ ਮਾਰੀਆਂ। ਵੱਡੇ-ਵੱਡੇ ਮਾਰਗ ਪੰਜਾਬ ਦੀ ਛਾਤੀ ਚੀਰ ਕੇ ਬਣਾਏ ਜਾਣ ਲੱਗੇ ਹਨ। ਹਾਈਵੇ ਥਾਂ-ਥਾਂ ਬਣਾ ਕੇ ਕਿਸਾਨਾਂ ਦੀ ਜ਼ਮੀਨ ਕਿਧਰੇ ਟੋਟਿਆਂ 'ਚ ਵੰਡੀ ਜਾ ਰਹੀ ਹੈ। ਪਰ ਇਨ੍ਹਾਂ ਹਾਈਵੇਜ਼ ਦਾ ਫ਼ਾਇਦਾ ਕਿਸਨੂੰ ਹੋਏਗਾ? ਕੀ ਪੰਜਾਬ ਨੂੰ? ਕੀ ਪੰਜਾਬੀਆਂ ਨੂੰ? ਜਾਂ ਫਿਰ ਕਾਰਪੋਰੇਟਾਂ ਨੂੰ, ਜੋ ਇਥੋਂ ਅਤੇ ਲਾਗਲੇ ਸੂਬਿਆਂ 'ਚੋਂ ਕੱਚਾ ਮਾਲ ਢੋਅ ਕੇ ਵੱਧ ਮੁਨਾਫ਼ਾ ਕਮਾਉਣਗੇ। 'ਤੇ ਕਿਸਾਨ ਜਿਨ੍ਹਾਂ ਦੀ ਜ਼ਮੀਨ ਖੋਈ ਜਾਣੀ ਹੈ, ਦਿਹਾੜੀਆਂ ਕਰਨ 'ਤੇ ਮਜ਼ਬੂਰ ਹੋ ਜਾਣਗੇ। ਕੀ ਇਸ ਨਾਲ ਪੰਜਾਬ ਖੁਸ਼ਹਾਲ ਹੋਏਗਾ? ਕੀ ਇਥੋਂ ਦੇ ਨੌਜਵਾਨਾਂ ਨੂੰ ਇਸ ਨਾਲ ਕੋਈ ਰੁਜ਼ਗਾਰ ਮਿਲੇਗਾ?

ਪੰਜਾਬ ਦੀ ਸਥਿਤੀ ਗੰਭੀਰ ਹੈ! ਨੌਜਵਾਨ ਹਰ ਹੀਲੇ ਸੂਬੇ 'ਚੋਂ ਭੱਜਣਾ ਚਾਹੁੰਦੇ ਹਨ, ਕਿਉਂਕਿ ਉਨ੍ਹਾਂ ਨੂੰ ਆਪਣਾ ਭਵਿੱਖ ਇੱਥੇ ਸਾਵਾਂ, ਸੁਖਾਵਾਂ ਨਹੀਂ ਦਿਸਦਾ। ਪੰਜਾਬ ਦੇ ਪਿੰਡ ਅਤੇ ਹੁਣ ਤਾਂ ਸ਼ਹਿਰਾਂ 'ਚ ਵੀ ਨਸ਼ਿਆਂ ਦਾ ਅਤਿਅੰਤ ਬੋਲਬਾਲਾ ਹੈ। ਵਿਦੇਸ਼ ਗਏ ਨੌਜਵਾਨਾਂ ਦੇ ਮਾਪੇ ਇਕੱਲਤਾ ਦਾ ਜੀਵਨ ਬਿਤਾ ਰਹੇ ਹਨ। ਵਿਦੇਸ਼ ਵਸਦੇ ਪੰਜਾਬੀ ਆਪਣੀ ਜ਼ਮੀਨ ਜਾਇਦਾਦ ਵੇਚਣ ਲਈ ਪੰਜਾਬ ਆਉਂਦੇ, ਇਹ ਕਹਿੰਦੇ ਸੁਣੀਂਦੇ ਹਨ ਕਿ ਉਨ੍ਹਾਂ ਦੀ ਔਲਾਦ ਨੇ ਪੰਜਾਬ ਨਹੀਂ ਪਰਤਣਾ, ਹੁਣ ਪੰਜਾਬ 'ਰਹਿਣਯੋਗ' ਨਹੀਂ ਰਿਹਾ। ਆਪਣੀ ਜਨਮ ਭੂਮੀ ਨੂੰ ਅੰਤਾਂ ਦਾ ਪਿਆਰ ਕਰਨ ਵਾਲੇ ਇਹ ਪੰਜਾਬੀ ਆਖ਼ਿਰ ਸਾਡੇ ਹਾਕਮਾਂ, ਸਾਡੀਆਂ ਸਰਕਾਰਾਂ ਨੇ ਇੰਨੇ ਉਪਰਾਮ ਕਿਉਂ ਕਰ ਦਿੱਤੇ ਹਨ? ਕੀ ਦੋਸ਼ ਇਨ੍ਹਾਂ ਸਿਆਸਤਦਾਨਾਂ, ਹਾਕਮਾਂ ਦਾ ਨਹੀਂ ਹੈ, ਜਿਨ੍ਹਾਂ ਪੰਜਾਬ ਦੀ ਸੱਤਾ ਹਥਿਆਉਣ ਲਈ ਤਾਂ ਹਰ ਹੀਲਾ ਵਰਤਿਆ, ਪਰ ਇੱਥੇ ਅਮਨ ਕਾਨੂੰਨ ਦੀ ਸਥਿਤੀ ਸੁਖਾਵਾਂ ਕਰਨ, ਇੱਥੇ ਬੇਰੁਜ਼ਗਾਰੀ ਰੋਕਣ, ਇੱਥੇ ਦੇ ਵਾਤਾਵਰਨ ਨੂੰ ਸੁੰਦਰ ਪ੍ਰਦੂਸ਼ਣ ਰਹਿਤ ਬਣਾਉਣ ਲਈ ਢਿੱਡੋਂ ਯਤਨ ਨਹੀਂ ਕੀਤਾ। ਕੀਤਾ ਹੁੰਦਾ ਤਾਂ ਅੱਜ ਪੰਜਾਬ ਦੇ ਵਿਦੇਸ਼ ਵਸਦੇ ਪੰਜਾਬੀ ਆਪਣੇ ਪੰਜਾਬ ਨੂੰ ਹਿੱਕ ਨਾਲ ਲਾਉਂਦੇ।

ਅਜ਼ਾਦੀ ਦੇ 78 ਵਰ੍ਹਿਆਂ ਬਾਅਦ ਪੰਜਾਬ ਅੱਜ ਵੀ ਵਿਕਾਸ ਪੱਖੋਂ ਊਣਾ ਹੈ। ਸਿੱਖਿਆ ਪੱਖੋਂ ਪਿਛੇ ਹੈ। ਉਦਯੋਗ ਵਿਚ ਤਾਂ ਇਸਦਾ ਥਾਂ ਹੀ ਕੋਈ ਨਹੀਂ। ਤੇ ਫੇਰ ਰੁਜ਼ਗਾਰ ਕਿੱਥੋਂ ਮਿਲੂ? ਆਮ ਸਿਹਤ ਸੁਵਿਧਾਵਾਂ, ਕਹਿਣ ਲਈ ਵੱਡੀਆਂ ਦਿਸ ਰਹੀਆਂ ਹੋਣਗੀਆਂ, ਪਰ ਕੀ ਇਹ ਆਮ ਆਦਮੀ ਦੀ ਪਹੁੰਚ 'ਚ ਹਨ? ਕੀ ਸਿੱਖਿਆ, ਸਿਹਤ, ਵਾਤਾਵਰਨ ਅਤੇ ਪੰਜਾਬ ਦੇ ਪਾਣੀਆਂ ਅਤੇ ਹੋਰ ਹੱਕਾਂ ਦੀ ਰਾਖੀ, ਉਦਯੋਗਿਕ ਵਿਕਾਸ ਲਈ ਪਿਛਲੀਆਂ ਤਿੰਨ ਸਰਕਾਰਾਂ ਦੇ ਉੱਦਮ ਉਪਰਾਲੇ ਜਾਂ ਕੋਸ਼ਿਸ਼ਾਂ ਸਾਰਥਕ ਸਨ। ਬਾਦਲ ਦੀ ਅਗਵਾਈ ਵਾਲੀ (2012-17) ਦੀ ਸਰਕਾਰ ਕੇਂਦਰ ਸਰਕਾਰ 'ਚ ਭਾਜਪਾ ਸਰਕਾਰ ਹੋਣ ਦੇ ਬਾਵਜੂਦ 'ਨਾ ਕੋਈ ਵੱਡਾ ਪ੍ਰਾਜੈਕਟ' ਪੰਜਾਬ ਲਿਆ ਸਕੀ ਅਤੇ ਨਾ ਹੀ ਚੰਡੀਗੜ੍ਹ ਪੰਜਾਬ ਨੂੰ ਦੁਆ ਸਕੀ। ਭਾਸ਼ਾ ਦੇ ਆਧਾਰ 'ਤੇ ਬਣੇ ਸੂਬੇ ਪੰਜਾਬ ਲਈ ਸੰਘਰਸ਼ ਕਰਨ ਵਾਲੀ ਪਾਰਟੀ ਪੰਜਾਬੀ ਨੂੰ ਵੀ ਦਫ਼ਤਰਾਂ, ਅਦਾਲਤਾਂ 'ਚ ਲਾਗੂ ਨਾ ਕਰ ਸਕੀ। ਦਰਿਆਈ ਪਾਣੀਆਂ ਦਾ ਮਸਲਾ ਦਿੱਲੀ ਹਾਕਮਾਂ ਤੋਂ ਹੱਲ ਨਾ ਕਰਵਾ ਸਕੀ। ਨਸ਼ਿਆਂ ਦਾ ਚਲਣ ਇਸ ਸਰਕਾਰ ਵੇਲੇ ਵਧਿਆ। ਨੌਜਵਾਨਾਂ 'ਚ ਨਿਰਾਸ਼ਤਾ ਵਧੀ। ਸੂਬਾ ਕਰਜ਼ਾਈ ਹੋਇਆ ਅਤੇ ਨਸ਼ਿਆਂ ਤੋਂ ਮੁਕਤੀ ਕੁਝ ਦਿਨਾਂ 'ਚ ਦੇਣ ਦੇ ਨਾਹਰੇ ਦੇ ਕੇ ਕੈਪਟਨ ਅਮਰਿੰਦਰ ਸਿੰਘ ਅਤੇ ਕਾਂਗਰਸ ਦੀ ਸਰਕਾਰ (2017-2022) ਪੰਜੇ ਵਰ੍ਹੇ ਨਸ਼ਾ ਮੁਕਤ ਪੰਜਾਬ, ਦਾ ਨਾਹਰਾ ਦਿੰਦੀ ਰਹੀ। ਗੱਲੀਂ-ਬਾਤੀ ਭਾਜਪਾ ਦੀ ਕੇਂਦਰ ਸਰਕਾਰ ਨਾਲ ਲੜਦੀ ਰਹੀ, ਅਸੰਬਲੀ 'ਚ ਮਤੇ ਵੀ ਪਾਉਂਦੀ ਰਹੀ, ਪਰ ਨਾ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਬੇਹੁਰਮਤੀ ਦਾ ਮਸਲਾ ਹੱਲ ਕਰ ਸਕੀ, ਨਾ ਪੰਜਾਬ ਦੇ ਪਾਣੀਆਂ ਦਾ। ਨੌਜਵਾਨਾਂ ਦੀ ਬੇਰੁਜ਼ਗਾਰੀ, ਨਸ਼ਿਆਂ ਦੀ ਦਲਦਲ 'ਚ ਫਸਣ ਅਤੇ ਵਿਦੇਸ਼ਾਂ ਵੱਲ ਭੱਜਣ ਦਾ ਰੁਝਾਨ ਉਨ੍ਹਾਂ ਦੇ ਸਮੇਂ ਚਰਮ ਸੀਮਾਂ 'ਤੇ ਪੁੱਜਿਆ।

ਮੌਜੂਦਾ ਸਰਕਾਰ (2022 ਤੋਂ ਹੁਣ ਤੱਕ) ਇਨ੍ਹਾਂ ਮਸਲਿਆਂ 'ਚ ਵੱਡੇ ਨਾਹਰੇ ਲਾਉਂਦੀ ਰਹੀ। ਨਸ਼ਾ ਮੁਕਤੀ ਲਈ ਵੱਡੇ ਪ੍ਰਾਜੈਕਟ ਉਲੀਕਦੀ ਰਹੀ, ਪਰ ਹੱਥ ਪੱਲੇ ਕੀ ਪਿਆ? ਵਿਸ਼ਲੇਸ਼ਣ ਦਾ ਵਿਸ਼ਾ ਹੈ। ਪੰਜਾਬ ਸਿਰ ਕਰਜ਼ਾ ਵਧਿਆ ਹੈ। ਬੇਰੁਜ਼ਗਾਰੀ ਦੀ ਦਰ ਨਹੀਓਂ ਘੱਟੀ। ਜ਼ਮੀਨੀ ਪੱਧਰ 'ਤੇ ਸਿਹਤ ਸਹੂਲਤਾਂ ਦੀ ਕਮੀ ਹੁਣ ਵੀ ਅਖਰਦੀ ਹੈ ਅਤੇ ਸਭ ਤੋਂ ਵੱਧ ਅੱਖੜ ਰਿਹਾ ਹੈ ਸਿਆਸਤਦਾਨਾਂ ਦਾ ਵਿਵਹਾਰ। ਇੱਕ-ਦੂਜੇ ਪ੍ਰਤੀ ਸ਼ਰੀਕੇਬਾਜ਼ੀ ਵਾਲਾ ਵਰਤਾਓ। ਨੈਤਿਕ ਕਦਰਾਂ-ਕੀਮਤਾਂ ਉਲੰਘ ਕੇ ਬੋਲੇ ਗਏ ਭੈੜੇ, ਭੜਕਾਊ, ਬੋਲ! ਸਿਆਸਤ ਵਿਚ 'ਚੱਕ ਦਿਆਂਗੇ, ਮਿੱਧ ਦਿਆਂਗੇ' ਵਰਗੇ ਬੋਲ ਕੀ ਸੱਚਮੁੱਚ ਸਿਆਸਤ ਹੈ ਜਾਂ ਹੰਕਾਰੀ ਬੋਲ?

ਪੰਜਾਬ 'ਚ ਸਿਆਸਤਦਾਨ, ਇੱਕ-ਦੂਜੇ ਵਿਰੁੱਧ ਜਿਸ ਕਿਸਮ ਦੀ ਅਭੱਦਰ ਭਾਸ਼ਾ ਬੋਲਦੇ ਹਨ, ਉਹ ਸਿਆਣਿਆਂ ਵਾਲੀ ਭਾਸ਼ਾ ਨਹੀਂ, ਜਿਸ ਕਿਸਮ ਦੀ ਨੀਵੇਂ ਦਰਜੇ ਦੀ ਉਹ ਸਿਆਸਤ ਕਰਦੇ ਹਨ, ਉਹ ਸੱਚਮੁਚ ਸਹਿਣਯੋਗ ਨਹੀਂ। ਪਾਰਟੀਆਂ ਚੋਣਾਂ ਲੜਨ, ਆਪਣਾ ਚੋਣ ਪ੍ਰੋਗਰਾਮ ਦੇਣ! ਸਿਆਸਤੀ ਧਿਰਾਂ ਪੰਜਾਬ ਦੀ ਬੇਰੁਜ਼ਗਾਰੀ ਦੀ ਗੱਲ ਕਰਨ। ਪੰਜਾਬ ਦੀ ਖੇਤੀ, ਕਿਸਾਨਾਂ, ਮਜ਼ਦੂਰਾਂ ਦੀ ਗੱਲ ਕਰਨ, ਉਨ੍ਹਾਂ ਦੀਆਂ ਸਮੱਸਿਆਵਾਂ ਹੱਲ ਕਰਨ ਦਾ ਪ੍ਰੋਗਰਾਮ ਦੇਣ। ਪੰਜਾਬ 'ਚ ਚੰਗੇ ਸ਼ਾਸ਼ਨ ਪ੍ਰਬੰਧ ਅਤੇ ਭ੍ਰਿਸ਼ਟਾਚਾਰ ਮੁਕਤੀ ਦੀ ਗੱਲ ਕਰਨ, ਜੋ ਹੁਣ ਸਾਡੀ ਨਸ-ਨਸ 'ਚ ਦੌੜ ਰਿਹਾ ਹੈ। ਪਿੰਡਾਂ ਦੇ ਸਮੂਹਿਕ ਵਿਕਾਸ ਦੀ ਗੱਲ ਕਰਨ, ਧੜੇਬੰਦੀ ਖ਼ਤਮ ਕਰਕੇ ਆਪਸੀ ਸਹਿਹੋਂਦ ਬਣਾਉਣ ਦੀ ਬਾਤ ਪਾਉਣ। ਪੰਜਾਬ 'ਚ ਖੇਤੀ ਉਦਯੋਗ ਲਿਆਉਣ ਦਾ ਖਾਕਾ ਤਿਆਰ ਕਰਨ। ਮਾਂ-ਬੋਲੀ ਪੰਜਾਬੀ ਅਤੇ ਸੱਭਿਆਚਾਰ ਦੇ ਵਿਕਾਸ ਲਈ, ਡਿਜੀਟਲ ਸਹੂਲਤਾਂ ਦੇ ਵਿਕਾਸ ਲਈ ਪ੍ਰੋਗਰਾਮ ਉਲੀਕਣ ਅਤੇ ਸਾਂਝੇ ਪਲੇਟਫਾਰਮ 'ਤੇ ਚਰਚਾ ਕਰਨ।

ਕਿਉਂ ਨਾ ਚਰਚਾ ਕਰਨ ਪੰਜਾਬ ਦੇ ਸਾਰੇ ਸਿਆਸਤਦਾਨ ਪੰਜਾਬ ਦੇ ਖੋਹੇ ਗਏ ਹੱਕਾਂ ਦੀ ਇੱਕ-ਜੁੱਟ ਹੋ ਕੇ, ਇਸ ਨਾਲ ਹੋ ਰਹੇ ਵਿਤਕਰਿਆਂ ਦੀ, ਭਾਵੇਂ ਉਹ ਕੇਂਦਰ 'ਚ ਰਾਜ ਕਰਨ ਵਾਲੀ ਪਾਰਟੀ ਦੇ ਸਰਗਰਮ ਮੈਂਬਰ ਹੀ ਕਿਉਂ ਨਾ ਹੋਣ?

ਪੰਜਾਬ ਦੇ ਭੱਦਰਪੁਰਸ਼ ਸਿਆਸਤਦਾਨੋਂ, ਕੰਧ 'ਤੇ ਲਿਖਿਆ ਪੜ੍ਹਨ ਦੀ ਲੋੜ ਹੈ। ਪੰਜਾਬ ਦੇ ਲੋਕ ਹਰ ਉਸ ਨਵੀਂ ਚੀਜ਼ ਨੂੰ ਜੀਅ ਆਇਆਂ ਆਖਦੇ ਹਨ, ਜਿਹੜੀ ਉਨ੍ਹਾਂ ਦੇ ਮਨ ਨੂੰ ਭਾਉਂਦੀ ਹੈ। ਪਰ ਹਰ ਉਸ ਚੀਜ਼ ਨੂੰ ਫਿਟਕਾਰ ਦਿੰਦੇ ਹਨ, ਜਿਹੜੇ ਇਸ ਸੂਬੇ ਦੇ ਬਾਸ਼ਿੰਦਿਆਂ 'ਚ ਪਾੜ ਪਾਉਂਦੀ ਹੈ, ਭਾਈਚਾਰਕ ਸਾਂਝ ਨੂੰ ਪਿੰਜਦੀ ਹੈ ਅਤੇ ਸੂਬੇ ਦੇ ਹਿੱਤਾਂ ਦੇ ਖ਼ਿਲਾਫ ਹੈ।

ਭਾਈ, ਨਹੀਓਂ ਚੰਗੇ ਹਾਲਾਤ ਪੰਜਾਬ ਦੇ। ਸੇਵਾ ਭਾਵਨਾ ਵਾਲੇ ਸਿਆਸਤਦਾਨ, ਬੁੱਧੀਜੀਵੀ ਸਿਆਣੇ ਹਾਲਾਤਾਂ ਨੂੰ ਸਮਝਣਗੇ, ਤਾਹੀਓਂ ਪੁਰੇ ਦੀ ਵਗਦੀ ਗਰਮ ਹਵਾ ਰੁਕੇਗੀ। ਪੱਛੋਂ ਦੀਆਂ ਠੰਢੀਆਂ ਹਵਾਵਾਂ ਆਉਣਗੀਆਂ। ਪੰਜਾਬ 'ਚ ਮੁੜ ਖੁਸ਼ਹਾਲੀ ਆਏਗੀ। ਵੇਲਾ ਭੈੜੀ ਸਿਆਸਤ ਦਾ ਨਹੀਂ, ਪੰਜਾਬ ਨੂੰ ਸੰਭਾਲਣ ਲਈ ਇੱਕ-ਮੁੱਠ ਹੋ ਕੇ ਯਤਨ ਕਰਨ ਦਾ ਹੈ। ਕਲਮਾਂ ਵਾਲਿਓ, ਰਤਾ ਆਪਣੀ ਕਲਮ ਦੇ ਬੋਲ, ਲੋਕਾਂ ਦੇ ਬੋਲਾਂ ਵਰਗੇ ਬਣਨ ਲਈ ਤੁਸੀਂ ਵੀ ਤਾਂ ਸੁਪਨਈ ਨੀਂਦ 'ਚੋਂ ਬਾਹਰ ਆਓ!

# ਸ਼ਿਕਾਰੀ ਧੌਂਸਬਾਜ਼ੀ; ਟਰੰਪ ਵੱਲੋਂ ਅਮਰੀਕੀ ਤਾਕਤ ਦੇ ਇਸਤੇਮਾਲ ਨੂੰ ਕਿਵੇਂ ਸਮਝਿਆ ਜਾਵੇ -2

***ਉੱਘੇ ਅਮਰੀਕੀ ਰਾਜਨੀਤਕ ਵਿਗਿਆਨੀ ਅਤੇ ਕੌਮਾਂਤਰੀ ਮਾਮਲਿਆਂ ਦੇ ਵਿਦਵਾਨ ਸਟੀਫਨ ਐੱਮ. ਵਾਲਟ ਹਾਰਵਰਡ ਕੈਨੇਡੀ ਸਕੂਲ ਵਿਚ ਅੰਤਰਰਾਸ਼ਟਰੀ ਮਾਮਲਿਆਂ ਦੇ ਰੌਬਰਟ ਅਤੇ ਰੇਨੀ ਬੇਲਫਰ ਪ੍ਰੋਫੈਸਰ ਹਨ। ਉਨ੍ਹਾਂ ਨੇ ਟਰੰਪ ਵਰਤਾਰੇ ਦਾ ਰਾਜਨੀਤਕ ਵਿਸ਼ਲੇਸ਼ਣ ਕਰਦਿਆਂ ਲਿਖੇ ਲੇਖ ਵਿਚ ਅਮਰੀਕੀ ਸਟੇਟ ਬਦੇਸ਼ ਨੀਤੀ ਦੇ ਪ੍ਰਸੰਗ ਵਿਚ ਇਸ ਵਰਤਾਰੇ ਬਾਰੇ ਇਕ ਸਮਝ ਪੇਸ਼ ਕੀਤੀ ਹੈ। ਇਸ ਦੀ ਰਾਜਨੀਤਕ ਪ੍ਰਸੰਗਿਕਤਾ ਦੇ ਮੱਦੇਨਜ਼ਰ ਇਸਦਾ ਪੰਜਾਬੀ ਰੂਪ ਪਾਠਕਾਂ ਨਾਲ ਲੜੀਵਾਰ ਸਾਂਝਾ ਕੀਤਾ ਜਾ ਰਿਹਾ ਹੈ ਜਿਸ ਦਾ ਅਨੁਵਾਦ ਸਾਡੇ ਕਾਲਮਨਵੀਸ ਬੂਟਾ ਸਿੰਘ ਮਹਿਮੂਦਪੁਰ ਨੇ ਉਚੇਚੇ ਤੌਰ 'ਤੇ ਕੀਤਾ ਹੈ। ਇਸ ਲੰਮੇ ਲੇਖ ਦਾ ਪਹਿਲਾ ਹਿੱਸਾ ਪਿਛਲੇ ਅੰਕ ਵਿਚ ਪੜ੍ਹਿਆ ਜਾ ਸਕਦਾ ਹੈ। ਪੇਸ਼ ਹੈ ਬਾਕੀ ਹਿੱਸਾ-ਸੰਪਾਦਕ ॥***

ਟਰੰਪ ਨੇ ਟੈਰਿਫ਼ ਦਾ ਇਸਤੇਮਾਲ ਦੂਜਿਆਂ ਨੂੰ ਉਨ੍ਹਾਂ ਦੀਆਂ ਗੈਰ-ਸੰਬੰਧਤ ਨੀਤੀਆਂ ਬਦਲਣ ਲਈ ਮਜਬੂਰ ਕਰਨ ਵਾਸਤੇ ਵੀ ਕੀਤਾ ਹੈ। ਪਿਛਲੇ ਜੁਲਾਈ ਵਿਚ ਉਸ ਨੇ ਬ੍ਰਾਜ਼ੀਲ 'ਤੇ 40 ਪ੍ਰਤੀਸ਼ਤ ਟੈਰਿਫ਼ ਲਗਾਇਆ, ਤਾਂ ਜੋ ਉਸਦੀ ਸਰਕਾਰ ਸਾਬਕਾ ਰਾਸ਼ਟਰਪਤੀ ਜਾਇਰ ਬੋਲਸੋਨਾਰੋ (ਜੋ ਟਰੰਪ ਦੇ ਸਹਿਯੋਗੀ ਹਨ) ਨੂੰ ਮਾਫ਼ ਕਰ ਦੇਵੇ—ਇਹ ਕੋਸ਼ਿਸ਼ ਅਸਫਲ ਰਹੀ। (ਨਵੰਬਰ ਵਿਚ ਉਸ ਨੇ ਕੁਝ ਟੈਰਿਫ਼ ਹਟਾਏ ਜੋ ਅਮਰੀਕੀ ਖ਼ਪਤਕਾਰਾਂ ਲਈ ਭੋਜਨ ਦੀਆਂ ਕੀਮਤਾਂ ਵਧਾਉਣ ਵਿਚ ਯੋਗਦਾਨ ਪਾ ਰਹੇ ਸਨ।) ਉਸ ਨੇ ਕੈਨੇਡਾ ਅਤੇ ਮੈਕਸੀਕੋ 'ਤੇ ਟੈਰਿਫ਼ ਵਧਾਉਣ ਨੂੰ ਇਹ ਕਹਿ ਕੇ ਜਾਇਜ਼ ਠਹਿਰਾਇਆ ਕਿ ਉਹ ਫੈਂਟਾਨਿਲ ਤਸਕਰੀ ਰੋਕਣ ਲਈ ਕਾਫ਼ੀ ਕੰਮ ਨਹੀਂ ਕਰ ਰਹੇ।



**ਸਟੀਫਨ ਐੱਮ. ਵਾਲਟ**
**ਅਨੁਵਾਦ: ਬੂਟਾ ਸਿੰਘ ਮਹਿਮੂਦਪੁਰ**

ਅਤੇ ਅਕਤੂਬਰ ਵਿਚ ਉਸ ਨੇ ਕੋਲੰਬੀਆ ਨੂੰ ਉੱਚ ਟੈਰਿਫ਼ ਦੀ ਧਮਕੀ ਦਿੱਤੀ, ਜਦੋਂ ਉਸਦੇ ਰਾਸ਼ਟਰਪਤੀ ਨੇ ਕੈਰੀਬੀਅਨ ਵਿਚ ਦੋ ਦਰਜਨ ਤੋਂ ਵੱਧ ਕਿਸ਼ਤੀਆਂ 'ਤੇ ਅਮਰੀਕੀ ਨੇਵੀ ਦੀਆਂ ਵਿਵਾਦਪੂਰਨ ਕਾਰਵਾਈਆਂ ਦੀ ਆਲੋਚਨਾ ਕੀਤੀ—ਜਿਨ੍ਹਾਂ ਨੂੰ ਟਰੰਪ ਪ੍ਰਸ਼ਾਸਨ ਦੇ ਅਨੁਸਾਰ ਗ਼ੈਰ-ਕਾਨੂੰਨੀ ਡਰੱਗ ਤਸਕਰੀ ਲਈ ਨਿਸ਼ਾਨਾ ਬਣਾਇਆ ਗਿਆ ਸੀ।

ਟਰੰਪ ਮਾਨਤਾ ਪ੍ਰਾਪਤ ਵਿਰੋਧੀਆਂ ਵਾਂਗ ਰਵਾਇਤੀ ਅਮਰੀਕੀ ਸੰਗੀਆਂ ਨੂੰ ਵੀ ਓਨੀ ਹੀ ਸੌਖ ਨਾਲ ਦਬਾਅ ਹੇਠ ਲੈਂਦਾ ਹੈ, ਅਤੇ ਉਸ ਦੀਆਂ ਧਮਕੀਆਂ ਦਾ ਵਾਰ-ਵਾਰ ਚਾਲੂ/ਬੰਦ ਹੋਣਾ ਇਹ ਦਿਖਾਉਂਦਾ ਹੈ ਕਿ ਉਹ ਵੱਧ ਤੋਂ ਵੱਧ ਰਿਆਇਤਾਂ ਬਟੋਰਨਾ ਚਾਹੁੰਦਾ ਹੈ। ਟਰੰਪ ਮੰਨਦਾ ਹੈ ਕਿ ਅਨਿਸ਼ਚਿਤਤਾ ਸ਼ਕਤੀਸ਼ਾਲੀ ਸੌਦੇਬਾਜ਼ੀ ਦਾ ਸੰਦ ਹੈ, ਅਤੇ ਉਸ ਦੀਆਂ ਲਗਾਤਾਰ ਬਦਲਦੀਆਂ ਧਮਕੀਆਂ ਅਤੇ ਮੰਗਾਂ ਦੂਜਿਆਂ ਨੂੰ ਮਜਬੂਰ ਕਰਦੀਆਂ ਹਨ ਕਿ ਉਹ ਉਨ੍ਹਾਂ ਨੂੰ ਖ਼ੁਸ਼ ਕਰਨ ਦੇ ਨਵੇਂ ਤਰੀਕੇ ਲੱਭਦੇ ਰਹਿਣ। ਜੇਕਰ ਟਾਰਗੈਟ ਛੇਤੀ ਝੁਕ ਜਾਵੇ ਤਾਂ ਟੈਰਿਫ਼ ਦੀ ਧਮਕੀ ਵਾਸ਼ਿੰਗਟਨ ਨੂੰ ਬਹੁਤ ਘੱਟ ਲਾਗਤ ਵਿਚ ਪੈਂਦੀ ਹੈ; ਪਰ ਜੇਕਰ ਟਾਰਗੈਟ ਡਟਿਆ ਰਹੇ ਜਾਂ ਮੰਡੀਆਂ ਡਰ ਜਾਣ, ਤਾਂ ਟਰੰਪ ਕਾਰਵਾਈ ਟਾਲ ਸਕਦਾ ਹੈ। ਇਹ ਤਰੀਕਾ ਟਰੰਪ 'ਤੇ ਧਿਆਨ ਵੀ ਟਿਕਾਈ ਰੱਖਦਾ ਹੈ, ਪ੍ਰਸ਼ਾਸਨ ਨੂੰ ਕਿਸੇ ਵੀ ਬਾਅਦ ਦੇ ਸਮਝੌਤੇ ਨੂੰ—ਸ਼ਰਤਾਂ ਕੋਈ ਵੀ ਹੋਣ—'ਜਿੱਤ' ਦੇ ਰੂਪ ਵਿਚ ਪੇਸ਼ ਕਰਨ ਵਿਚ ਮਦਦ ਕਰਦਾ ਹੈ, ਅਤੇ ਭ੍ਰਿਸ਼ਟਾਚਾਰ ਦੇ ਸਪੱਸ਼ਟ ਮੌਕੇ ਪੈਦਾ ਕਰਦਾ ਹੈ ਜੋ ਟਰੰਪ ਅਤੇ ਉਸ ਦੇ ਕਰੀਬੀ ਘੇਰੇ ਨੂੰ ਲਾਭ ਪਹੁੰਚਾ ਸਕਦੇ ਹਨ।

ਅਮਰੀਕੀ ਪ੍ਰਭਾਵ ਨੂੰ ਵਧਾਉਣ ਲਈ ਟਰੰਪ ਨੇ ਵਾਰ-ਵਾਰ ਆਪਣੀਆਂ ਆਰਥਕ ਮੰਗਾਂ ਨੂੰ ਆਪਣੇ ਸੰਗੀਆਂ ਦੀ ਅਮਰੀਕੀ ਫ਼ੌਜੀ ਸਹਾਇਤਾ 'ਤੇ ਨਿਰਭਰਤਾ ਨਾਲ ਜੋੜ ਦਿੱਤਾ ਹੈ—ਮੁੱਖ ਤੌਰ 'ਤੇ ਇਸ ਤਰ੍ਹਾਂ ਇਸ ਬਾਰੇ ਸ਼ੱਕ ਪੈਦਾ ਕਰਕੇ ਕਿ ਉਹ ਗੱਠਜੋੜ ਦੀਆਂ ਵਚਨਬੱਧਤਾਵਾਂ ਦਾ ਸਤਿਕਾਰ ਕਰੇਗਾ ਜਾਂ ਨਹੀਂ। ਉਸ ਨੇ ਜ਼ੋਰ ਦਿੱਤਾ ਹੈ ਕਿ ਸੰਗੀਆਂ ਨੂੰ ਅਮਰੀਕੀ ਸੁਰੱਖਿਆ ਲਈ ਭੁਗਤਾਨ ਕਰਨਾ ਚਾਹੀਦਾ ਹੈ ਅਤੇ ਸੰਕੇਤ ਦਿੱਤਾ ਹੈ ਕਿ ਅਮਰੀਕਾ ਨਾਟੋ ਛੱਡ ਸਕਦਾ ਹੈ, ਤਾਈਵਾਨ ਦੀ ਰੱਖਿਆ ਕਰਨ ਵਿਚ ਮਦਦ ਕਰਨ ਤੋਂ ਨਾਂਹ ਕਰ ਸਕਦਾ ਹੈ, ਜਾਂ ਯੂਕਰੇਨ ਨੂੰ ਪੂਰੀ ਤਰ੍ਹਾਂ ਛੱਡ ਸਕਦਾ ਹੈ। ਪਰ ਉਸ ਦਾ ਟੀਚਾ ਆਪਣੇ ਸੰਗੀਆਂ ਨੂੰ ਵਧੇਰੇ ਪ੍ਰਭਾਵਸ਼ਾਲੀ ਬਣਾਉਣਾ ਨਹੀਂ ਹੈ ਕਿ ਸੰਗੀ ਆਪਣੀ ਰੱਖਿਆ ਵਧੇਰੇ ਕਰਨ—ਅਸਲ ਵਿਚ ਟੈਰਿਫ਼ ਨੂੰ ਬਹੁਤ ਵਧਾਉਣ ਨਾਲ ਭਾਈਵਾਲਾਂ ਦੀਆਂ ਆਰਥਿਕਤਾਵਾਂ ਕਮਜ਼ੋਰ ਹੋਣਗੀਆਂ ਅਤੇ ਉਨ੍ਹਾਂ ਲਈ ਰੱਖਿਆ ਖਰਚ ਵਧਾਉਣਾ ਮੁਸ਼ਕਲ ਹੋਵੇਗਾ। ਇਸਦੀ ਬਜਾਏ, ਟਰੰਪ ਅਮਰੀਕਾ ਦੇ ਅਲੱਗ ਹੋ ਜਾਣ ਦੀ ਧਮਕੀ ਜ਼ਰੀਏ ਆਰਥਕ ਰਿਆਇਤਾਂ ਲੈ ਰਿਹਾ ਹੈ।

ਇਹ ਯੁੱਧਨੀਤੀ ਕੁਝ ਥੋੜ੍ਹ-ਚਿਰੇ ਲਾਭ ਦੇ ਚੁੱਕੀ ਹੈ, ਘੱਟੋ-ਘੱਟ ਕਾਗਜ਼ਾਂ ਵਿਚ। ਜੁਲਾਈ ਵਿਚ ਯੂਰਪੀ ਯੂਨੀਅਨ ਦੇ ਆਗੂਆਂ ਨੇ ਇੱਕਤਰਫ਼ਾ ਵਪਾਰ ਸਮਝੌਤਾ ਸਵੀਕਾਰ ਕੀਤਾ, ਇਸ ਉਮੀਦ ਨਾਲ ਕਿ ਇਸ ਨਾਲ ਟਰੰਪ ਯੂਕਰੇਨ ਦੀ ਹਮਾਇਤ ਜਾਰੀ ਰੱਖੇਗਾ; ਅਤੇ ਜਾਪਾਨ ਤੇ ਦੱਖਣੀ ਕੋਰੀਆ ਨੇ ਜੁਲਾਈ ਅਤੇ ਨਵੰਬਰ ਵਿਚ ਹੋਏ ਸੌਦਿਆਂ ਵਿਚ ਅਮਰੀਕੀ ਆਰਥਿਕਤਾ ਵਿਚ ਨਿਵੇਸ਼ ਦਾ ਵਚਨ ਦੇ ਕੇ ਆਪਣੇ ਟੈਰਿਫ਼ ਪੱਧਰ ਘੱਟ ਕਰਾਏ। ਆਸਟ੍ਰੇਲੀਆ, ਕਾਂਗੋ ਲੋਕਤੰਤਰੀ ਗਣਰਾਜ, ਪਾਕਿਸਤਾਨ ਅਤੇ ਯੂਕਰੇਨ—ਸਾਰਿਆਂ ਨੇ ਅਮਰੀਕੀ ਹਮਾਇਤ ਪੁਖ਼ਤਾ ਕਰਨ ਲਈ ਆਪਣੇ ਖੇਤਰਾਂ ਵਿਚ ਮੌਜੂਦ ਮਹੱਤਵਪੂਰਨ ਖਣਿਜਾਂ ਤੱਕ ਅਮਰੀਕਾ ਨੂੰ ਪਹੁੰਚ ਜਾਂ ਅੰਸ਼ਕ ਮਾਲਕੀ ਦੇਣ ਦੀ ਪੇਸ਼ਕਸ਼ ਕੀਤੀ ਹੈ।

ਸ਼ਿਕਾਰੀ ਧੌਂਸਬਾਜ਼ ਥਿਊਸੀਡਿਡੀਜ਼ ਦੇ ਪ੍ਰਸਿੱਧ ਕਥਨ ਵਾਲੀ ਦੁਨੀਆ ਪਸੰਦ ਕਰਦਾ ਹੈ: 'ਮਜ਼ਬੂਤ ਉਹੀ ਕਰਦੇ ਹਨ ਜੋ ਉਹ ਕਰ ਸਕਦੇ ਹਨ, ਅਤੇ ਕਮਜ਼ੋਰ ਉਹੀ ਸਹਿੰਦੇ ਹਨ ਜੋ ਉਨ੍ਹਾਂ ਨੂੰ ਸਹਿਣਾ ਪੈਂਦਾ ਹੈ।' ਇਸ ਲਈ ਅਜਿਹਾ ਮੁਲਕ ਉਨ੍ਹਾਂ ਮਾਪਦੰਡਾਂ, ਨਿਯਮਾਂ ਜਾਂ ਸੰਸਥਾਵਾਂ ਤੋਂ ਚੁਕੰਨਾ ਰਹੇਗਾ ਜੋ ਦੂਜਿਆਂ ਦਾ ਫ਼ਾਇਦਾ ਉਠਾਉਣ ਦੀ ਉਸਦੀ ਸਮਰੱਥਾ ਸੀਮਤ ਕਰ ਦੇਣ। ਹੈਰਾਨੀ ਦੀ ਗੱਲ ਨਹੀਂ ਹੈ ਕਿ ਟਰੰਪ ਦਾ ਸੰਯੁਕਤ ਰਾਸ਼ਟਰ ਪ੍ਰਤੀ ਘੱਟ ਸਤਿਕਾਰ ਰਿਹਾ ਹੈ; ਉਹ ਆਪਣੇ ਪਹਿਲੇ ਅਧਿਕਾਰੀਆਂ ਵੱਲੋਂ ਕੀਤੇ ਗਏ ਸਮਝੌਤੇ—ਜਿਵੇਂ ਪੈਰਿਸ ਜਲਵਾਯੂ ਸਮਝੌਤਾ ਅਤੇ ਈਰਾਨ ਪ੍ਰਮਾਣੂ ਸਮਝੌਤਾ—ਤੋੜਨ ਵਿਚ ਖ਼ੁਸ਼ ਹੈ; ਅਤੇ ਉਸ ਨੇ ਉਨ੍ਹਾਂ ਸਮਝੌਤਿਆਂ ਤੋਂ ਵੀ ਪਿੱਛੇ ਹਟਣ ਦੀ ਕੋਸ਼ਿਸ਼ ਕੀਤੀ ਹੈ ਜਿਨ੍ਹਾਂ ਨੂੰ ਉਸ ਨੇ ਖ਼ੁਦ ਗੱਲਬਾਤ ਕਰਕੇ ਹਾਸਲ ਕੀਤਾ ਸੀ। ਉਹ ਵਪਾਰ ਵਾਰਤਾਵਾਂ ਨੂੰ ਦੁਵੱਲੇ ਰੂਪ ਵਿਚ ਕਰਨਾ ਪਸੰਦ ਕਰਦੇ ਹਨ, ਨਾ ਕਿ ਯੂਰਪੀ ਸੰਘ ਵਰਗੀਆਂ ਸੰਸਥਾਵਾਂ ਜਾਂ ਨਿਯਮ-ਅਧਾਰਤ ਵਿਸ਼ਵ ਵਪਾਰ ਸੰਗਠਨ ਦੇ ਨਾਲ, ਕਿਉਂਕਿ ਕੱਲੇ-ਕੱਲੇ ਮੁਲਕ ਨਾਲ ਵੱਖਰੀ ਗੱਲ ਕਰਨ 'ਤੇ ਅਮਰੀਕੀ ਦਬਾਦਬਾ ਵਧਦਾ ਹੈ।

ਟਰੰਪ ਨੇ ਅੰਤਰਰਾਸ਼ਟਰੀ ਅਪਰਾਧਿਕ ਕੋਰਟ ਦੇ ਸਿਖ਼ਰਲੇ ਅਧਿਕਾਰੀਆਂ 'ਤੇ ਪਾਬੰਦੀਆਂ ਲਗਾਈਆਂ ਅਤੇ ਅੰਤਰਰਾਸ਼ਟਰੀ ਸਮੁੰਦਰੀ ਸੰਗਠਨ (ਆਈਐੱਮਓ) ਦੀ ਨਿਕਾਸੀ-ਟੈਕਸ ਯੋਜਨਾ 'ਤੇ ਤਿੱਖਾ ਹਮਲਾ ਕੀਤਾ। ਇਹ ਪ੍ਰਸਤਾਵ ਜਲਵਾਯੂ ਤਬਦੀਲੀ ਨੂੰ ਹੌਲੀ ਕਰਨ ਲਈ ਸ਼ਿਪਿੰਗ ਕੰਪਨੀਆਂ ਨੂੰ ਸਾਫ਼ ਤੇਲ ਅਪਣਾਉਣ ਲਈ ਪ੍ਰੇਰਿਤ ਕਰਦਾ ਸੀ, ਪਰ ਟਰੰਪ ਨੇ ਇਸਨੂੰ 'ਘਪਲਾ' ਕਿਹਾ ਅਤੇ ਜਾਣਬੁੱਝ ਕੇ ਇਸਨੂੰ ਲੀਹੋਂ ਲਾਹੁਣ ਦੀ ਕੋਸ਼ਿਸ਼ ਕੀਤੀ। ਉਸ ਦੇ ਪ੍ਰਸ਼ਾਸਨ ਨੇ ਇਸਨੂੰ ਹਮਾਇਤ ਦੇਣ ਵਾਲਿਆਂ ਦੇ ਖ਼ਿਲਾਫ਼ ਟੈਰਿਫ਼, ਪਾਬੰਦੀਆਂ ਅਤੇ ਹੋਰ ਕਦਮਾਂ ਦੀ ਧਮਕੀ ਦਿੱਤੀ, ਜਿਸਦੇ ਬਾਅਦ ਰਸਮੀ ਮਨਜ਼ੂਰੀ ਦਾ ਵੋਟ ਇੱਕ ਸਾਲ ਲਈ ਟਾਲ ਦਿੱਤਾ ਗਿਆ। ਅਕਤੂਬਰ ਵਿਚ ਇੱਕ ਆਈਐੱਮਓ ਨੁਮਾਇੰਦੇ ਨੇ ਕਿਹਾ, ਅਮਰੀਕੀ ਵਫ਼ਦ 'ਗੁੰਡਿਆਂ ਵਾਂਗ ਵਰਤਾਓ ਕਰ ਰਿਹਾ ਸੀ।' 'ਮੈਂ ਆਈਐੱਮਓ ਦੀ ਕਿਸੇ ਮੀਟਿੰਗ ਵਿਚ ਅਜਿਹਾ ਕੁਝ ਕਦੇ ਨਹੀਂ ਸੁਣਿਆ।'

ਵਾਸ਼ਿੰਗਟਨ ਦੀ 'ਸ਼ਿਕਾਰੀ ਧੌਂਸ' ਬਾਰੇ ਕੋਈ ਵੀ ਚਰਚਾ ਟਰੰਪ ਦੀਆਂ ਉਨ੍ਹਾਂ ਖੁੱਲ੍ਹੀਆਂ ਇੱਛਾਵਾਂ ਦਾ ਜ਼ਿਕਰ ਕੀਤੇ ਬਿਨਾਂ ਪੂਰੀ ਨਹੀਂ ਹੋ ਸਕਦੀ, ਜਿਨ੍ਹਾਂ ਵਿਚ ਉਸਨੇ ਦੂਜੇ ਮੁਲਕਾਂ ਦੇ ਖੇਤਰ ਉੱਤੇ ਦਾਅਵਾ ਕਰਨ ਦੀ ਗੱਲ ਕੀਤੀ ਹੈ ਅਤੇ ਅੰਤਰਰਾਸ਼ਟਰੀ ਕਾਨੂੰਨ ਦੀ ਉਲੰਘਣਾ ਕਰਦਿਆਂ ਹੋਰ ਮੁਲਕਾਂ ਦੀ ਘਰੇਲੂ ਰਾਜਨੀਤੀ ਵਿਚ ਦਖ਼ਲ ਦੇਣ ਲਈ ਤਤਪਰਤਾ ਦਿਖਾਈ ਹੈ। ਗ੍ਰੀਨਲੈਂਡ ਨੂੰ ਆਪਣੇ ਅਧੀਨ ਕਰਨ ਦੀ ਉਸ ਦੀ ਵਾਰ-ਵਾਰ ਪ੍ਰਗਟਾਈ ਇੱਛਾ—ਅਤੇ ਇਸ ਕਦਮ ਦਾ ਵਿਰੋਧ ਕਰਨ ਵਾਲੇ ਯੂਰਪੀ ਰਾਜਾਂ ਉੱਤੇ ਸਜ਼ਾ ਦੇਊ ਟੈਰਿਫ ਲਗਾਉਣ ਦੀਆਂ ਧਮਕੀਆਂ—ਇਸ ਪ੍ਰਵਿਰਤੀ ਦੀ ਸਭ ਤੋਂ ਸਪਸ਼ਟ ਮਿਸਾਲ ਹਨ। ਦਸੰਬਰ ਵਿਚ ਜਾਰੀ ਕੀਤੀ ਆਪਣੀ ਸਾਲਾਨਾ ਖ਼ਤਰੇ ਦਾ ਜਾਇਜ਼ਾ ਰਿਪੋਰਟ ਵਿਚ ਡੈਨਮਾਰਕ ਦੀ ਫ਼ੌਜੀ ਖ਼ੁਫ਼ੀਆ ਏਜੰਸੀ ਨੇ ਚੇਤਾਵਨੀ ਦਿੱਤੀ: 'ਸੰਯੁਕਤ ਰਾਜ ਅਮਰੀਕਾ ਆਰਥਕ ਤਾਕਤ ਦੀ ਵਰਤੋਂ—ਜਿਸ ਵਿਚ ਉੱਚੇ ਟੈਰਿਫ਼ਾਂ ਦੀਆਂ ਧਮਕੀਆਂ ਵੀ ਸ਼ਾਮਲ ਹਨ—ਆਪਣੀ ਮਰਜ਼ੀ ਥੋਪਣ ਲਈ ਕਰ ਰਿਹਾ ਹੈ, ਅਤੇ ਹੁਣ ਉਹ ਫ਼ੌਜੀ ਤਾਕਤ ਦੀ ਵਰਤੋਂ ਦੀ ਸੰਭਾਵਨਾ ਨੂੰ—ਇੱਥੋਂ ਤੱਕ ਕਿ ਮਿੱਤਰ ਮੁਲਕਾਂ ਦੇ ਖ਼ਿਲਾਫ਼ ਵੀ—ਰੱਦ ਨਹੀਂ ਕਰਦਾ।'

ਕੈਨੇਡਾ ਨੂੰ ਆਪਣਾ 51ਵਾਂ ਰਾਜ ਬਣਾਉਣ ਜਾਂ ਪਨਾਮਾ ਨਹਿਰ ਖੇਤਰ ਉੱਪਰ ਮੁੜ ਕਬਜ਼ਾ ਕਰਨ ਬਾਰੇ ਟਰੰਪ ਦੀਆਂ ਟਿੱਪਣੀਆਂ ਵੀ ਇਸੇ



ਤਰ੍ਹਾਂ ਦੀ ਭੂ-ਰਾਜਨੀਤਕ ਲਾਲਸਾ ਜਾਂ ਮੌਕਾਤਾੜੂਪਣ ਦਾ ਸੰਕੇਤ ਦਿੰਦੀਆਂ ਹਨ। ਵੈਨੇਜ਼ੁਏਲਾ ਦੇ ਰਾਸ਼ਟਰਪਤੀ ਨਿਕੋਲਸ ਮਾਦੂਰੋ ਨੂੰ ਅਗਵਾ ਕਰਨ ਦਾ ਉਸ ਦਾ ਫ਼ੈਸਲਾ—ਜੋ ਹੋਰ ਮਹਾਸ਼ਕਤੀਆਂ ਲਈ ਵੀ ਇਕ ਖ਼ਤਰਨਾਕ ਮਿਸਾਲ ਬਣ ਜਾਂਦਾ ਹੈ—ਮੌਜੂਦਾ ਮਿਆਰਾਂ ਦੀ ਅਣਦੇਖੀ ਅਤੇ ਦੂਜਿਆਂ ਦੀਆਂ ਕਮਜ਼ੋਰੀਆਂ ਦਾ ਫ਼ਾਇਦਾ ਉਠਾਉਣ ਵਾਲੀ ਸ਼ਿਕਾਰੀ ਮਨੋਬਿਰਤੀ ਨੂੰ ਦਰਸਾਉਂਦਾ ਹੈ। ਇਹ ਸ਼ਿਕਾਰੀ ਰੁਝਾਨ ਸੱਭਿਆਚਾਰਕ ਮਾਮਲਿਆਂ ਤੱਕ ਵੀ ਫੈਲਿਆ ਹੋਇਆ ਹੈ। ਪ੍ਰਸ਼ਾਸਨ ਦੀ ਰਾਸ਼ਟਰੀ ਸੁਰੱਖਿਆ ਯੁੱਧਨੀਤੀ ਵਿਚ ਕਿਹਾ ਗਿਆ ਕਿ ਯੂਰਪ 'ਸੱਭਿਅਤਾ ਦੇ ਮਿਟ ਜਾਣ' (civilizational erasure) ਦਾ ਸਾਹਮਣਾ ਕਰ ਰਿਹਾ ਹੈ ਅਤੇ ਅਮਰੀਕੀ ਨੀਤੀ ਵਿਚ 'ਯੂਰਪੀ ਮੁਲਕਾਂ ਅੰਦਰ ਯੂਰਪ ਦੀ ਮੌਜੂਦਾ ਦਿਸ਼ਾ ਦੇ ਖ਼ਿਲਾਫ਼ ਵਿਰੋਧ ਨੂੰ ਉਤਸ਼ਾਹਤ ਕਰਨਾ' ਸ਼ਾਮਲ ਹੋਣਾ ਚਾਹੀਦਾ ਹੈ। ਦੂਜੇ ਸ਼ਬਦਾਂ ਵਿਚ, ਯੂਰਪੀ ਰਾਜਾਂ ਉੱਤੇ ਦਬਾਅ ਪਾਇਆ ਜਾਵੇਗਾ ਕਿ ਉਹ ਟਰੰਪ ਪ੍ਰਸ਼ਾਸਨ ਦੀ 'ਲਹੂ ਅਤੇ ਮਿੱਟੀ' ਵਾਲੇ ਰਾਸ਼ਟਰਵਾਦ ਪ੍ਰਤੀ ਵਚਨਬੱਧਤਾ ਅਤੇ ਗ਼ੈਰ-ਗੋਰੇ ਅਤੇ ਗ਼ੈਰ-ਈਸਾਈ ਸਭਿਆਚਾਰਾਂ ਜਾਂ ਧਰਮਾਂ ਪ੍ਰਤੀ ਉਸ ਦੀ ਦੁਸ਼ਮਣੀ ਨੂੰ ਅਪਣਾਉਣ। ਸ਼ਿਕਾਰੀ ਧੌਂਸਬਾਜ਼ ਲਈ ਕੋਈ ਵੀ ਮਸਲਾ ਹੱਦ ਤੋਂ ਬਾਹਰ ਨਹੀਂ ਹੈ।

ਟਰੰਪ ਸੰਯੁਕਤ ਰਾਜ ਦੀ ਵਿਸ਼ੇਸ਼ ਅੰਤਰਰਾਸ਼ਟਰੀ ਸਥਿਤੀ ਦੀ ਵਰਤੋਂ ਆਪਣੇ ਅਤੇ ਆਪਣੇ ਪਰਿਵਾਰ ਲਈ ਲਾਭ ਹਾਸਲ ਕਰਨ ਵਾਸਤੇ ਵੀ ਕਰ ਰਿਹਾ ਹੈ। ਕਤਰ ਨੇ ਉਸ ਨੂੰ ਪਹਿਲਾਂ ਹੀ ਜਹਾਜ਼ ਤੋਹਫ਼ੇ ਵਜੋਂ ਦਿੱਤਾ ਹੈ, ਜਿਸ ਨੂੰ ਨਵੀਨਕਰਨ/ਸੁਧਾਰ ਲਈ ਅਮਰੀਕੀ ਕਰਦਾਤਿਆਂ ਨੂੰ ਸੈਂਕੜੇ ਮਿਲੀਅਨ ਡਾਲਰ ਖ਼ਰਚਣੇ ਪੈਣਗੇ ਅਤੇ ਜੋ ਉਸ ਦੇ ਅਹੁਦਾ ਛੱਡਣ ਤੋਂ ਬਾਅਦ ਉਸ ਦੇ ਰਾਸ਼ਟਰਪਤੀ ਲਾਇਬ੍ਰੇਰੀ ਵਿਚ ਵੀ ਜਾ ਸਕਦਾ ਹੈ। ਟਰੰਪ ਸੰਸਥਾ ਨੇ ਉਨ੍ਹਾਂ ਸਰਕਾਰਾਂ ਨਾਲ ਕਈ ਮਿਲੀਅਨ ਡਾਲਰ ਦੇ ਹੋਟਲਾਂ ਦੇ ਵਿਕਾਸ ਸੌਦੇ ਕੀਤੇ ਹਨ ਜੋ ਪ੍ਰਸ਼ਾਸਨ ਦੀ ਮਿਹਰਬਾਨੀ ਹਾਸਲ ਕਰਨਾ ਚਾਹੁੰਦੀਆਂ ਹਨ। ਸੰਯੁਕਤ ਅਰਬ ਅਮੀਰਾਤ ਅਤੇ ਹੋਰ ਥਾਵਾਂ ਦੇ ਰਸੂਖ਼ਵਾਨ ਸ਼ਖ਼ਸਾਂ ਨੇ ਟਰੰਪ ਦੀ 'ਵਰਲਡ ਲਿਬਰਟੀ ਫਾਇਨੈਂਸ਼ੀਅਲ' ਕ੍ਰਿਪਟੋਕਰੰਸੀ ਯੋਜਨਾ ਦੇ ਟੋਕਨਾਂ ਵਿਚ ਅਰਬਾਂ ਡਾਲਰ ਦਾ ਪੂੰਜੀ-ਨਿਵੇਸ਼ ਕੀਤਾ—ਉਸੇ ਸਮੇਂ ਦੇ ਕਰੀਬ ਜਦੋਂ ਯੂਏਈ ਨੂੰ ਉੱਚ-ਪੱਧਰੀ ਚਿੱਪਾਂ ਤੱਕ ਵਿਸ਼ੇਸ਼ ਪਹੁੰਚ ਮਿਲੀ, ਜੋ ਆਮ ਤੌਰ 'ਤੇ ਕਰੜੇ ਅਮਰੀਕੀ ਨਿਰਯਾਤ ਕੰਟਰੋਲਾਂ ਦੇ ਅਧੀਨ ਹੁੰਦੀਆਂ ਹਨ। ਅਮਰੀਕੀ ਇਤਿਹਾਸ ਵਿਚ ਕਿਸੇ ਵੀ ਰਾਸ਼ਟਰਪਤੀ ਨੇ ਇਸ ਪੱਧਰ ਤੱਕ ਜਾਂ ਇੰਨੇ ਸਪਸ਼ਟ ਸੰਭਾਵਿਤ ਹਿਤ-ਟਕਰਾਵਾਂ ਨਾਲ ਆਪਣੇ ਅਹੁਦੇ ਨੂੰ ਨਿੱਜੀ ਲਾਭ ਲਈ 'ਮੁਨਾਫ਼ਾ-ਕਮਾਊ' (monetize) ਨਹੀਂ ਬਣਾਇਆ।

ਮਾਫੀਆ ਸਰਗਣੇ ਜਾਂ ਸ਼ਾਹੀ ਸਮਰਾਟ ਵਾਂਗ, ਟਰੰਪ ਉਨ੍ਹਾਂ ਬਦੇਸ਼ੀ ਆਗੂਆਂ ਤੋਂ—ਜੋ ਉਸ ਦੀ ਕਿਰਪਾ ਹਾਸਲ ਕਰਨਾ ਚਾਹੁੰਦੇ ਹਨ—ਅਪਮਾਨਜਨਕ ਕਿਸਮ ਦੀ ਚਾਪਲੂਸੀ ਅਤੇ ਅਧੀਨਤਾ ਦੇ ਪ੍ਰਦਰਸ਼ਨ ਦੀ ਉਮੀਦ ਕਰਦਾ ਹੈ, ਜਿਵੇਂ ਉਸ ਦੇ ਕੈਬਨਿਟ ਮੈਂਬਰ ਵੀ ਕਰਦੇ ਹਨ। ਨਹੀਂ ਤਾਂ ਨਾਟੋ ਦੇ ਜਨਰਲ ਸਕੱਤਰ ਮਾਰਕ ਰੂਟੇ ਦੇ ਉਸ ਵਿਹਾਰ ਦੀ ਵਿਆਖਿਆ ਕਿਵੇਂ ਹੋ ਸਕਦੀ ਹੈ ਜਦੋਂ ਉਸ ਨੇ ਟਰੰਪ ਨੂੰ ਕਿਹਾ ਕਿ ਨਾਟੋ ਮੁਲਕਾਂ ਵੱਲੋਂ ਰੱਖਿਆ ਖ਼ਰਚ ਵਧਾਉਣ ਲਈ ਉਹ 'ਕੁਲ ਪ੍ਰਸ਼ੰਸਾ ਦੇ ਹੱਕਦਾਰ' ਹਨ, ਜਦਕਿ ਇਹ ਵਾਧਾ ਟਰੰਪ ਦੇ ਮੁੜ ਚੁਣੇ ਜਾਣ ਤੋਂ ਪਹਿਲਾਂ ਹੀ ਚੱਲ ਰਿਹਾ ਸੀ ਅਤੇ ਯੂਕਰੇਨ 'ਤੇ ਰੂਸ ਦੇ ਹਮਲੇ ਨੇ ਵੀ ਇਸ ਨੂੰ ਤੇਜ਼ ਕੀਤਾ ਸੀ? ਮਾਰਚ 2025 ਵਿਚ ਰੂਟੇ ਨੇ ਇਹ ਵੀ ਕਿਹਾ ਕਿ ਟਰੰਪ ਨੇ ਰੂਸ-ਯੂਕਰੇਨ ਖੜੋਤ 'ਤੋੜ ਦਿੱਤੀ' (ਜੋ ਸਪਸ਼ਟ ਤੌਰ 'ਤੇ ਸੱਚ ਨਹੀਂ ਸੀ), ਜੂਨ ਵਿਚ ਇਰਾਨ 'ਤੇ ਅਮਰੀਕੀ ਹਵਾਈ ਹਮਲਿਆਂ ਦੀ ਸ਼ਲਾਘਾ ਇਹ ਕਹਿ ਕੇ ਕੀਤੀ ਕਿ 'ਕੋਈ ਹੋਰ ਇਹ ਕਰਨ ਦੀ ਹਿੰਮਤ ਨਹੀਂ ਕਰਦਾ,' ਅਤੇ ਮੱਧ-ਪੂਰਬ ਵਿਚ ਟਰੰਪ ਦੇ ਸ਼ਾਂਤੀ ਯਤਨਾਂ ਦੀ ਤੁਲਨਾ ਸਮਝਦਾਰ ਅਤੇ ਦਿਆਲੂ 'ਬਾਪ' ਨਾਲ ਕੀਤੀ।

ਰੂਟੇ ਅਜਿਹਾ ਇਕੱਲਾ ਨਹੀਂ ਹੈ। ਇਜ਼ਰਾਈਲ, ਗਿਨੀ-ਬਿਸਾਉ, ਮੌਰੀਟਾਨੀਆ ਅਤੇ ਸੈਨੇਗਲ ਸਮੇਤ ਕਈ ਆਲਮੀ ਆਗੂਆਂ ਨੇ ਜਨਤਕ ਤੌਰ 'ਤੇ ਟਰੰਪ ਨੂੰ ਨੋਬੇਲ ਸ਼ਾਂਤੀ ਪੁਰਸਕਾਰ ਦੇਣ ਦੀ ਹਮਾਇਤ ਕੀਤੀ—ਸੈਨੇਗਲ ਦੇ ਰਾਸ਼ਟਰਪਤੀ ਨੇ ਤਾਂ ਉਸ ਦੇ ਗੋਲਫ਼ ਖੇਡਣ ਦੀ ਵੀ ਬੇਲੋੜੀ ਤਾਰੀਫ਼ ਜੋੜ ਦਿੱਤੀ। ਦੱਖਣੀ ਕੋਰੀਆ ਦੇ ਰਾਸ਼ਟਰਪਤੀ ਲੀ ਜੇ-ਮਿਉਂਗ ਨੇ ਸਿਓਲ ਦੌਰੇ ਸਮੇਂ ਟਰੰਪ ਨੂੰ ਸੋਨੇ ਦਾ ਵੱਡਾ ਤਾਜ ਭੇਟ ਕੀਤਾ ਅਤੇ ਸਰਕਾਰੀ ਦਾਅਵਤ ਦੇ ਅਖ਼ੀਰ ਵਿਚ ਉਸ ਨੂੰ ਵਿਸ਼ੇਸ਼ 'ਪੀਸਮੇਕਰ ਦਾ ਡੈਜ਼ਰਟ' ਵੀ ਪੇਸ਼ ਕੀਤਾ। ਇੱਥੋਂ ਤੱਕ ਕਿ ਵਿਸ਼ਵ ਫੁਟਬਾਲ ਸੰਸਥਾ ਫੀਫਾ ਦੇ ਪ੍ਰਧਾਨ ਜਿਆਨੀ ਇਨਫੈਂਟੀਨੋ ਨੇ ਵੀ 'ਫੀਫਾ ਪੀਸ ਪ੍ਰਾਈਜ਼' ਨਾਂ ਦਾ ਇੱਕ ਬੇਮਤਲਬ ਇਨਾਮ ਬਣਾ ਕੇ ਦਸੰਬਰ 2025 ਵਿਚ ਟਰੰਪ ਨੂੰ ਉਸ ਦਾ ਪਹਿਲਾ ਪ੍ਰਾਪਤਕਰਤਾ ਐਲਾਨਿਆ।

ਇਸ ਤਰ੍ਹਾਂ ਦੀ ਵਫ਼ਾਦਾਰੀ ਦੇ ਨੁਮਾਇਸ਼ ਦੀ ਮੰਗ ਸਿਰਫ਼ ਟਰੰਪ ਦੀ ਬੇਅੰਤ ਪ੍ਰਸ਼ੰਸਾ-ਭੁੱਖ ਦਾ ਨਤੀਜਾ ਨਹੀਂ ਹੈ; ਇਹ ਪਾਲਣਾ ਯਕੀਨੀ ਬਣਾਉਣ ਅਤੇ ਹਲਕੇ-ਫੁਲਕੇ ਵਿਰੋਧ ਦੇ ਹੌਂਸਲੇ ਪਸਤ ਕਰਨ ਦਾ ਢੰਗ ਵੀ ਹੈ। ਜੋ ਆਗੂ ਟਰੰਪ ਨੂੰ ਚੁਣੌਤੀ ਦਿੰਦੇ ਹਨ, ਉਨ੍ਹਾਂ ਨੂੰ ਜਨਤਕ ਡਾਂਟ-ਫਿਟਕਾਰ ਅਤੇ ਹੋਰ ਸਖ਼ਤ ਕਦਮਾਂ ਦੀਆਂ ਧਮਕੀਆਂ ਮਿਲਦੀਆਂ ਹਨ—ਜਿਵੇਂ ਯੂਕਰੇਨ ਦੇ ਰਾਸ਼ਟਰਪਤੀ ਵੋਲੋਦਿਮੀਰ ਜ਼ੇਲੈਂਸਕੀ ਨੇ ਕਈ ਵਾਰ ਅਨੁਭਵ ਕੀਤਾ—ਜਦਕਿ ਜੋ ਆਗੂ ਖੁੱਲ੍ਹ ਕੇ ਚਾਪਲੂਸੀ ਕਰਦੇ ਹਨ, ਉਨ੍ਹਾਂ ਨਾਲ ਘੱਟੋ-ਘੱਟ ਵਕਤੀ ਤੌਰ 'ਤੇ ਨਰਮੀ ਨਾਲ ਪੇਸ਼ ਆਇਆ ਜਾਂਦਾ ਹੈ। ਮਿਸਾਲ ਲਈ, ਅਕਤੂਬਰ 2025 ਵਿਚ ਅਮਰੀਕੀ ਟਰੈਜ਼ਰੀ ਨੇ ਅਰਜਨਟੀਨਾ ਦੀ ਮੁਦਰਾ ਨੂੰ ਸਹਾਰਾ ਦੇਣ ਲਈ 20 ਅਰਬ ਡਾਲਰ ਦੀ ਸਵੈਪ ਲਾਈਨ ਵਧਾਈ, ਹਾਲਾਂਕਿ ਅਰਜਨਟੀਨਾ ਅਮਰੀਕਾ ਦਾ ਵੱਡਾ ਵਪਾਰਕ ਭਾਈਵਾਲ ਨਹੀਂ ਹੈ ਅਤੇ ਜੋ ਅਮਰੀਕੀ ਸੋਇਆਬੀਨ ਨਿਰਯਾਤ ਦੀ ਥਾਂ ਚੀਨ ਨੂੰ ਲੈ ਰਿਹਾ ਸੀ। ਪਰ ਕਿਉਂਕਿ ਅਰਜਨਟੀਨਾ ਦੇ ਰਾਸ਼ਟਰਪਤੀ ਜੇਵੀਅਰ ਮਿਲੇਈ ਦੇ ਖ਼ਿਆਲ ਟਰੰਪ ਨਾਲ ਮੇਲ ਖਾਂਦੇ ਹਨ ਅਤੇ ਉਸ ਨੂੰ ਆਪਣਾ ਆਦਰਸ਼ ਮੰਨਦਾ ਹੈ, ਇਸ ਲਈ ਉਸ ਨੂੰ ਮੰਗਾਂ ਦੀ ਸੂਚੀ ਦੀ ਥਾਂ ਮਦਦ ਮਿਲੀ। ਇੱਥੋਂ ਤੱਕ ਕਿ ਦੋਸ਼ੀ ਠਹਿਰਾਏ ਗਏ ਨਸ਼ਾ-ਤਸਕਰਾਂ—ਜਿਵੇਂ ਹਾਂਡੂਰਾਸ ਦੇ ਸਾਬਕਾ ਰਾਸ਼ਟਰਪਤੀ ਜੁਆਨ ਔਰਲੈਂਡੋ ਹਰਨਾਂਦੇਜ਼—ਨੂੰ ਵੀ ਰਾਸ਼ਟਰਪਤੀ ਮਾਫ਼ੀ ਮਿਲ ਸਕਦੀ ਹੈ ਜੇ ਉਹ ਟਰੰਪ ਦੇ ਏਜੰਡੇ ਨਾਲ ਖੜ੍ਹਾ ਦਿਸੇ।

ਟਰੰਪ ਦੀ ਮਿਹਰਬਾਨੀ ਹਾਸਲ ਕਰਨ ਲਈ ਚਾਪਲੂਸੀ ਦੀ ਇਹ ਹੋੜ ਇਕ ਤਰ੍ਹਾਂ ਦੀ 'ਹਥਿਆਰਾਂ ਦੀ ਦੌੜ' ਬਣ ਗਈ ਹੈ, ਜਿੱਥੇ ਬਦੇਸ਼ੀ ਆਗੂ ਘੱਟ ਸਮੇਂ ਵਿਚ ਵੱਧ ਤਾਰੀਫ਼ ਪਰੋਸਣ ਦੀ ਮੁਕਾਬਲੇਬਾਜ਼ੀ ਕਰਦੇ ਹਨ। ਜੋ ਆਗੂ ਲਿਖੀ-ਲਿਖਾਈ 'ਸਕ੍ਰਿਪਟ' ਤੋਂ ਪਾਸੇ ਜਾਂਦੇ ਹਨ, ਟਰੰਪ ਤੁਰੰਤ ਪ੍ਰਤੀਕ੍ਰਮ ਦਿੰਦਾ ਹੈ। ਭਾਰਤੀ ਪ੍ਰਧਾਨ ਮੰਤਰੀ ਨਰੇਂਦਰ ਮੋਦੀ ਨੇ ਇਹ ਉਸ ਵੇਲੇ ਮਹਿਸੂਸ ਕੀਤਾ ਜਦੋਂ ਉਸ ਨੇ ਟਰੰਪ ਦੇ ਉਸ ਦਾਅਵੇ ਨੂੰ ਰੱਦ ਕਰ ਦਿੱਤਾ ਕਿ ਉਸ ਨੇ ਭਾਰਤ-ਪਾਕਿਸਤਾਨ ਸਰਹੱਦੀ ਝੜਪਾਂ ਰੋਕੀਆਂ ਸਨ; ਕੁਝ ਹੀ ਹਫ਼ਤਿਆਂ ਬਾਅਦ ਭਾਰਤ ਉੱਤੇ 25 ਫ਼ੀਸਦ ਟੈਰਿਫ਼ ਲਾਇਆ ਗਿਆ (ਜਿਸ ਨੂੰ ਬਾਅਦ ਵਿਚ ਰੂਸੀ ਤੇਲ ਖ਼ਰੀਦਣ ਦੀ ਸਜ਼ਾ ਵਜੋਂ 50 ਫ਼ੀਸਦ ਤੱਕ ਵਧਾ ਦਿੱਤਾ ਗਿਆ)। ਜਦੋਂ ਓਂਟਾਰੀਓ ਦੀ ਸੂਬਾ ਸਰਕਾਰ ਨੇ ਟਰੰਪ ਦੀ ਟੈਰਿਫ਼ ਨੀਤੀ ਦੀ ਆਲੋਚਨਾ ਕਰਨ ਵਾਲਾ ਟੀਵੀ ਇਸ਼ਤਿਹਾਰ ਚਲਾਇਆ ਤਾਂ ਟਰੰਪ ਨੇ ਕੈਨੇਡਾ ਉੱਤੇ ਟੈਰਿਫ਼ 10 ਫ਼ੀਸਦ ਹੋਰ ਵਧਾ ਦਿੱਤਾ। ਕੈਨੇਡੀਅਨ ਪ੍ਰਧਾਨ ਮੰਤਰੀ ਮਾਰਕ ਕਾਰਨੀ ਨੇ ਤੁਰੰਤ ਮਾਫ਼ੀ ਮੰਗੀ ਅਤੇ ਇਸ਼ਤਿਹਾਰ ਤੁਰੰਤ ਪ੍ਰਸਾਰਣ ਤੋਂ ਹਟਾ ਦਿੱਤਾ ਗਿਆ। ਅਜਿਹੇ ਅਪਮਾਨਜਨਕ ਹਾਲਾਤ ਤੋਂ ਬਚਣ ਲਈ ਕਈ ਆਗੂਆਂ ਨੇ ਪਹਿਲਾਂ ਹੀ ਗੋਡੇ ਟੇਕਣਾ ਹੀ ਬਿਹਤਰ ਸਮਝਿਆ ਹੈ - ਘੱਟੋ-ਘੱਟ ਇਸ ਵਕਤ।

### ਹੁਣ ਬਹੁਤ ਹੋ ਗਿਆ

ਟਰੰਪ ਅਤੇ ਉਸ ਦੇ ਹਮਾਇਤੀ ਅਧੀਨਤਾ ਦੀਆਂ ਇਨ੍ਹਾਂ ਨੁਮਾਇਸ਼ਾਂ ਨੂੰ ਇਸ ਗੱਲ ਦੇ ਸਬੂਤ ਵਜੋਂ ਦੇਖਦੇ ਹਨ ਕਿ ਸਖ਼ਤ ਰੁਖ਼ ਅਪਣਾਉਣ ਨਾਲ ਸੰਯੁਕਤ ਰਾਜ ਅਮਰੀਕਾ ਨੂੰ ਠੋਸ ਲਾਭ ਮਿਲਦੇ ਹਨ। ਜਿਵੇਂ ਵ੍ਹਾਈਟ ਹਾਊਸ ਦੀ ਤਰਜ਼ਮਾਨ ਐਨਾ ਕੇਲੀ ਨੇ ਅਗਸਤ ਵਿਚ ਕਿਹਾ: 'ਨਤੀਜੇ ਆਪਣੇ ਆਪ ਬੋਲਦੇ ਹਨ: ਰਾਸ਼ਟਰਪਤੀ ਦੇ ਵਪਾਰ ਸਮਝੌਤੇ ਸਾਡੇ ਕਿਸਾਨਾਂ ਅਤੇ ਮਜ਼ਦੂਰਾਂ ਲਈ ਸਾਵਾਂ ਮੈਦਾਨ ਬਣਾ ਰਹੇ ਹਨ, ਖਰਬਾਂ ਡਾਲਰ ਦਾ ਪੂੰਜੀ-ਨਿਵੇਸ਼ ਸਾਡੇ ਮੁਲਕ ਵਿਚ ਆ ਰਿਹਾ ਹੈ, ਅਤੇ ਦਹਾਕਿਆਂ ਪੁਰਾਣੇ ਯੁੱਧ ਖ਼ਤਮ ਹੋ ਰਹੇ ਹਨ.... ਬਦੇਸ਼ੀ ਨੇਤਾ ਰਾਸ਼ਟਰਪਤੀ ਟਰੰਪ ਨਾਲ ਹਾਂ-ਪੱਖੀ ਰਿਸ਼ਤਾ ਅਤੇ ਵਧਦੀ-ਫੁਲਦੀ ਟਰੰਪ ਆਰਥਿਕਤਾ ਵਿਚ ਹਿੱਸੇਦਾਰੀ ਦੇ ਇੱਛੁਕ ਹਨ।' ਪ੍ਰਸ਼ਾਸਨ ਨੂੰ ਲੱਗਦਾ ਹੈ ਕਿ ਉਹ ਹੋਰ ਮੁਲਕਾਂ ਦਾ ਅਣਮਿਆਦੀ ਸਮੇਂ ਤੱਕ ਸ਼ੋਸ਼ਣ ਕਰ ਸਕਦਾ ਹੈ ਅਤੇ ਇਸ ਨਾਲ ਅਮਰੀਕਾ ਹੋਰ ਮਜ਼ਬੂਤ ਹੋਵੇਗਾ ਅਤੇ ਉਸਦਾ ਦਬਦਬਾ ਵਧੇਗਾ। ਉਹ ਗ਼ਲਤ ਹਨ: ਸ਼ਿਕਾਰੀ ਧੌਂਸ ਆਪਣੇ ਅੰਦਰ ਹੀ ਆਪਣੇ ਵਿਨਾਸ਼ ਦੇ ਬੀਜ ਪਏ ਹੁੰਦੇ ਹਨ।

ਪਹਿਲੀ ਸਮੱਸਿਆ ਇਹ ਹੈ ਕਿ ਪ੍ਰਸ਼ਾਸਨ ਵੱਲੋਂ ਦੱਸੇ ਲਾਭ ਵਧਾ-ਚੜ੍ਹਾ ਕੇ ਪੇਸ਼ ਕੀਤੇ ਗਏ ਹਨ। ਜਿਨ੍ਹਾਂ ਜ਼ਿਆਦਾਤਰ ਯੁੱਧਾਂ ਨੂੰ ਟਰੰਪ ਖ਼ਤਮ ਕਰਨ ਦਾ ਦਾਅਵਾ ਕਰਦਾ ਹੈ, ਉਹ ਅਜੇ ਵੀ ਜਾਰੀ ਹਨ। ਅਮਰੀਕਾ ਵਿਚ ਨਵਾਂ ਵਿਦੇਸ਼ੀ ਪੂੰਜੀ-ਨਿਵੇਸ਼ ਖਰਬਾਂ ਡਾਲਰ ਤੋਂ ਕਾਫ਼ੀ ਘੱਟ ਹੈ ਅਤੇ ਸੰਭਵ ਹੈ ਕਿ ਪੂਰੀ ਤਰ੍ਹਾਂ ਸਾਕਾਰ ਹੀ ਨਾ ਹੋਵੇ। ਮਨਸੂਈ ਬੁੱਧੀਮਾਨੀ (AI) ਦੇ ਜੋਸ਼ ਨਾਲ ਚੱਲ ਰਹੇ ਡੇਟਾ ਸੈਂਟਰਾਂ ਤੋਂ ਇਲਾਵਾ, ਅਮਰੀਕੀ ਆਰਥਿਕਤਾ ਅਜੇ 'ਬੂਮ' (ਤੇਜ਼ ਰਫ਼ਤਾਰ ਤਰੱਕੀ ਵਾਲੀ) ਵਿਚ ਨਹੀਂ ਹੈ—ਅੰਸ਼ਕ ਤੌਰ 'ਤੇ ਟਰੰਪ ਦੀਆਂ ਆਰਥਕ ਨੀਤੀਆਂ ਨਾਲ ਬਣੇ ਅੜਿੱਕਿਆਂ ਕਾਰਨ। ਟਰੰਪ, ਉਸ ਦਾ ਟੱਬਰ ਅਤੇ ਉਸ ਦੇ ਰਾਜਨੀਤਕ ਸਾਥੀ ਸ਼ਾਇਦ ਇਨ੍ਹਾਂ ਸ਼ਿਕਾਰੀ ਨੀਤੀਆਂ ਤੋਂ ਲਾਭ ਉਠਾ ਰਹੇ ਹੋਣ, ਪਰ ਮੁਲਕ ਦੇ ਵੱਡੇ ਹਿੱਸੇ ਨੂੰ ਕੋਈ ਲਾਭ ਨਹੀਂ ਹੋ ਰਿਹਾ।

ਦੂਜੀ ਸਮੱਸਿਆ ਇਹ ਹੈ ਕਿ ਚੀਨ ਦੀ ਆਰਥਿਕਤਾ ਹੁਣ ਕਈ ਪੱਖਾਂ ਤੋਂ ਸੰਯੁਕਤ ਰਾਜ ਅਮਰੀਕਾ ਦੀ ਸ਼ਰੀਕ ਬਣ ਚੁੱਕੀ ਹੈ। ਨਾਮਨਿਹਾਦਰੂਪ ਵਿਚ ਚੀਨ ਦੀ ਜੀਡੀਪੀ ਛੋਟੀ ਹੈ, ਪਰ ਖ਼ਰੀਦ-ਸ਼ਕਤੀ ਸਮਰੱਥਾ (ਪੀਪੀਪੀ) ਦੇ ਅਧਾਰ 'ਤੇ ਇਹ ਵੱਡੀ ਹੈ; ਉਸਦੀ ਵਿਕਾਸ ਦਰ ਉੱਚੀ ਹੈ; ਅਤੇ ਉਹ ਲਗਭਗ ਓਨਾ ਹੀ ਆਯਾਤ ਕਰਦਾ ਹੈ ਜਿੰਨਾ ਅਮਰੀਕਾ ਕਰਦਾ ਹੈ। 1950 ਵਿਚ ਵਿਸ਼ਵ ਵਸਤੂ-ਨਿਰਯਾਤ ਵਿਚ ਉਸਦਾ ਹਿੱਸਾ ਇੱਕ ਫ਼ੀਸਦ ਤੋਂ ਵੀ ਘੱਟ ਸੀ, ਜੋ ਅੱਜ ਲਗਭਗ 15 ਫ਼ੀਸਦ ਹੋ ਗਿਆ ਹੈ; ਜਦਕਿ ਅਮਰੀਕਾ ਦਾ ਹਿੱਸਾ 1950 ਦੇ 16 ਫ਼ੀਸਦ ਤੋਂ ਘਟ ਕੇ ਲਗਭਗ 8 ਫ਼ੀਸਦ ਰਹਿ ਗਿਆ ਹੈ। ਸੋਧੇ ਹੋਏ rare-earth elements (ਹਾਈ-ਟੈੱਕ ਇੰਡਸਟਰੀ

*(ਬਾਕੀ ਅਗਲੇ ਸਫੇ 'ਤੇ)*

# ਇਜ਼ਰਾਈਲ ਦਾ ਇਰਾਨ 'ਤੇ ਹਮਲਾ: ਇਰਾਨ ਦੀ ਸੁਰੱਖਿਆ ਅਤੇ ਏਕੇ ਲਈ ਵੱਡਾ ਝਟਕਾ

ਇਜ਼ਰਾਈਲ ਦਾ ਇਰਾਨ 'ਤੇ ਹਮਲਾ ਸਿਰਫ਼ ਆਮ ਬੰਬਾਰੀ ਨਹੀਂ ਸੀ, ਸਗੋਂ ਬਹੁਤ ਹੀ ਸਟੀਕ ਅਤੇ ਯੋਜਨਾਬੱਧ ਕਾਰਵਾਈ ਸੀ ਜਿਸ ਵਿਚ ਇਜ਼ਰਾਈਲ (ਅਤੇ ਅਮਰੀਕਾ ਨਾਲ ਮਿਲ ਕੇ) ਨੇ ਇਰਾਨ ਦੀ ਉੱਚ ਲੀਡਰਸ਼ਿਪ ਨੂੰ ਨਿਸ਼ਾਨਾ ਬਣਾਇਆ। ਖ਼ੁਫ਼ੀਆ ਜਾਣਕਾਰੀ ਅਤੇ ਲੰਬੇ ਸਮੇਂ ਦੀ ਨਿਗਰਾਨੀ ਤੋਂ ਬਾਅਦ, ਹਮਲਾ ਉਸ ਵੇਲੇ ਕੀਤਾ ਗਿਆ ਜਦੋਂ ਇਰਾਨ ਦੇ ਸੁਪਰੀਮ ਲੀਡਰ ਅਤੇ ਹੋਰ ਵੱਡੇ ਅਫਸਰ ਇੱਕੋ ਥਾਂ ਮੀਟਿੰਗ ਵਿਚ ਸਨ।

ਮੁੱਖ ਤੱਥ (ਤਾਜ਼ਾ ਰਿਪੋਰਟਾਂ ਅਨੁਸਾਰ, ਫਰਵਰੀ 28, 2026 ਨੂੰ ਹੋਏ ਹਮਲੇ ਬਾਰੇ)

**- ਹਮਲੇ ਦਾ ਸਮਾਂ ਅਤੇ ਤਰੀਕਾ:** ਹਮਲਾ ਸਵੇਰੇ (ਦਿਨ ਦਿਹਾੜੇ) ਕੀਤਾ ਗਿਆ, ਜੋ ਇਰਾਨ ਦੀ ਸੁਰੱਖਿਆ ਪ੍ਰਣਾਲੀ ਲਈ ਅਣਉਮੀਦ ਸੀ। ਆਮ ਤੌਰ 'ਤੇ ਰਾਤ ਨੂੰ ਹਮਲੇ ਹੁੰਦੇ ਹਨ, ਪਰ ਇਸ ਵਾਰ ਖਾਸ ਮੌਕੇ ਦਾ ਫਾਇਦਾ ਲਿਆ ਗਿਆ ਜਦੋਂ ਲੀਡਰਸ਼ਿਪ ਇਕੱਠੀ ਸੀ। ਇਹ ਜੁਆਇੰਟ ਯੂ.ਐਸ.-ਇਜ਼ਰਾਈਲ ਕਾਰਵਾਈ ਸੀ, ਜਿਸ ਵਿਚ ਸਟੀਕ ਮਿਜ਼ਾਈਲਾਂ ਅਤੇ ਏਅਰਸਟ੍ਰਾਈਕਸ ਵਰਤੀਆਂ ਗਈਆਂ।

**- ਨਿਸ਼ਾਨੇ:** ਸੁਪਰੀਮ ਲੀਡਰ ਖਾਮੇਨਈ ਨੂੰ ਮਾਰ ਦਿੱਤਾ ਗਿਆ। ਇਸ ਤੋਂ ਇਲਾਵਾ ਲਗਭਗ 40 ਹੋਰ ਸੀਨੀਅਰ ਅਫਸਰ, ਜਿਵੇਂ ਕਿ ਰੈਵੋਲਿਊਸ਼ਨਰੀ ਗਾਰਡ ਦੇ ਹੈਡ ਅਤੇ ਡਿਫੈਂਸ ਮੰਤਰੀ ਵਰਗੇ ਵੱਡੇ ਨੇਤਾ ਵੀ ਮਾਰੇ ਗਏ। ਇਰਾਨੀ ਪ੍ਰਧਾਨ ਮੰਤਰੀ ਮਸਊਦ ਪੇਜ਼ੇਸ਼ਕੀਅਨ ਨੂੰ ਵੀ ਨਿਸ਼ਾਨਾ ਬਣਾਇਆ ਗਿਆ ਸੀ, ਪਰ ਰਿਪੋਰਟਾਂ ਅਨੁਸਾਰ ਉਹ ਸੁਰੱਖਿਅਤ ਰਹੇ ਅਤੇ ਬਾਅਦ ਵਿਚ ਇੰਟਰਿਮ ਲੀਡਰਸ਼ਿਪ ਵਿਚ ਸ਼ਾਮਲ ਹੋਏ।

**-ਯੋਜਨਾ ਅਤੇ ਖ਼ੁਫ਼ੀਆ ਜਾਣਕਾਰੀ:** ਮਹੀਨਿਆਂ ਦੀ ਪਲੈਨਿੰਗ ਅਤੇ ਸੀਆਈਏ (ਅਮਰੀਕੀ ਖ਼ੁਫ਼ੀਆ ਏਜੰਸੀ) ਦੀ ਮਦਦ ਨਾਲ ਲੀਡਰਸ਼ਿਪ ਦੀ ਲੋਕੇਸ਼ਨ ਟਰੈਕ ਕੀਤੀ ਗਈ। ਤਹਿਰਾਨ ਵਿਚ ਇੱਕ ਕੰਪਾਊਂਡ ਵਿਚ ਮੀਟਿੰਗ ਹੋ ਰਹੀ ਸੀ, ਜਿੱਥੇ ਤਿੰਨ ਵੱਖ-ਵੱਖ ਸਾਈਟਾਂ 'ਤੇ ਲਗਭਗ ਇੱਕੋ ਸਮੇਂ ਹਮਲੇ ਕੀਤੇ ਗਏ। ਇਹ ਇੱਕ 'ਡੈਕੈਪੀਟੇਸ਼ਨ ਸਟ੍ਰਾਈਕ' ਵਰਗਾ ਸੀ, ਜਿਸ ਨਾਲ ਇਰਾਨ ਦੀ ਲੀਡਰਸ਼ਿਪ ਵਿਚ ਵੱਡਾ ਖਾਲੀਪਨ ਪੈਦਾ ਹੋ ਗਿਆ।

**-ਪ੍ਰਸ਼ਨ ਅਤੇ ਅਸਰ:** ਖਾਮੇਨਈ ਦੀ ਮੌਤ ਤੋਂ ਪਹਿਲਾਂ ਜਾਂ ਬਾਅਦ ਵਿਚ ਨਿਕਲਣ ਬਾਰੇ ਪੁਸ਼ਟੀ ਨਹੀਂ ਹੋਈ, ਪਰ ਇਹ ਸਾਫ਼ ਹੈ ਕਿ ਇਰਾਨ ਦੇ ਅੰਦਰੂਨੀ ਸਿਸਟਮ ਵਿਚ ਭਰੋਸਾ ਡਿੱਗ ਗਿਆ ਹੈ। ਹੁਣ ਹਰ ਅਫਸਰ ਨੂੰ ਡਰ ਰਹੇਗਾ ਕਿ ਮੀਟਿੰਗਾਂ ਵਿਚ ਜਾਣਾ ਖਤਰਨਾਕ ਹੋ ਸਕਦਾ ਹੈ। ਇਹ ਇਰਾਨ ਦੀ ਸੁਰੱਖਿਆ ਅਤੇ ਏਕੇ ਲਈ ਵੱਡਾ ਝਟਕਾ ਹੈ।

**ਇਰਾਨ ਦਾ ਜਵਾਬ:**

ਇਰਾਨ ਨੇ ਬਦਲਾ ਲੈਂਦੇ ਹੋਏ ਇਜ਼ਰਾਈਲ ਅਤੇ ਖਾੜੀ ਦੇ ਕਈ ਦੇਸ਼ਾਂ (ਸੰਭਾਵਿਤ ਤੌਰ 'ਤੇ 6 ਜਾਂ ਇਸ ਤੋਂ ਵੱਧ) 'ਤੇ ਮਿਜ਼ਾਈਲਾਂ ਦਾਗੀਆਂ। ਜ਼ਿਆਦਾਤਰ ਮਿਜ਼ਾਈਲਾਂ ਨੂੰ ਰੋਕ ਲਿਆ ਗਿਆ, ਪਰ ਇਸ ਨਾਲ ਖੇਤਰ ਵਿਚ ਤਣਾਅ ਵਧ ਗਿਆ ਹੈ। ਸਾਊਦੀ ਅਰਬ ਅਤੇ ਹੋਰ ਖਾੜੀ ਦੇਸ਼ ਇਰਾਨ ਵਿਰੁੱਧ ਵਧੇਰੇ ਇੱਕਜੁੱਟ ਹੋ ਗਏ ਹਨ।

**ਸਮੁੱਚਾ ਅਸਰ:**

ਇਹ ਹਮਲਾ ਜੂਨ 2025 ਵਿਚ ਹੋਏ ਪਹਿਲਾਂ ਵਾਲੇ ਹਮਲਿਆਂ (ਜਿੱਥੇ 30 ਜਨਰਲ ਮਾਰੇ ਗਏ ਸਨ) ਤੋਂ ਵੱਡਾ ਅਤੇ ਵਧੇਰੇ ਸਫਲ ਸਾਬਤ ਹੋਇਆ। ਇਹ ਸਿਰਫ਼ ਫੌਜੀ ਕਾਰਵਾਈ ਨਹੀਂ, ਸਗੋਂ ਇਰਾਨ ਦੇ ਸਿਸਟਮ ਅਤੇ ਲੀਡਰਸ਼ਿਪ ਵਿਚ ਡਰ ਪੈਦਾ ਕਰਨ ਵਾਲੀ ਰਣਨੀਤੀ ਹੈ। ਇਰਾਨ ਨੂੰ ਹੁਣ ਨਵਾਂ ਸੁਪਰੀਮ ਲੀਡਰ ਚੁਣਨਾ ਪਿਆ ਹੈ। ਇਹ ਖੇਤਰੀ ਅਸਥਿਰਤਾ ਵਧਾ ਸਕਦਾ ਹੈ ਅਤੇ ਵੱਡੀ ਜੰਗ ਵੱਲ ਲੈ ਜਾ ਸਕਦਾ ਹੈ।



ਇਹ ਇੱਕ 'ਸ਼ਤਰੰਜ ਦੀ ਮਾਸਟਰ ਚਾਲ' ਵਰਗਾ ਲੱਗਦਾ ਹੈ, ਜਿਸ ਨਾਲ ਇਜ਼ਰਾਈਲ ਨੇ ਇਰਾਨ ਨੂੰ ਗੰਭੀਰ ਝਟਕਾ ਦਿੱਤਾ ਹੈ। ਪਰ ਇਸ ਦੇ ਨਤੀਜੇ ਅਜੇ ਪੂਰੇ ਤੌਰ 'ਤੇ ਸਾਹਮਣੇ ਨਹੀਂ ਆਏ।

## ਇਰਾਨ ਵਿਚ ਵਾਪਰੀਆਂ ਹਾਲੀਆ ਘਟਨਾਵਾਂ ਅਤੇ ਉੱਥੋਂ ਦੇ ਮੌਜੂਦਾ ਮਾਹੌਲ ਨੂੰ ਬਿਆਨ ਕਰਦਾ ਸ਼ਬਦਿਕ ਪੋਟਰੇਟ

"ਅੱਜ ਈਰਾਨ ਦੀਆਂ ਹਵਾਵਾਂ ਵਿਚ ਇੱਕ ਅਜੀਬ ਜਿਹਾ ਭਾਰ ਹੈ। ਤੇਹਰਾਨ ਦੀਆਂ ਗਲੀਆਂ ਵਿਚ ਅਜਿਹੀ ਖ਼ਾਮੋਸ਼ੀ ਪਸਰੀ ਹੈ, ਜੋ ਬੋਲਦੀ ਤਾਂ ਨਹੀਂ, ਪਰ ਬਹੁਤ ਕੁਝ ਕਹਿ ਰਹੀ ਹੈ। ਕਿਸੇ ਦੀਆਂ ਅੱਖਾਂ ਵਿੱਚੋਂ ਆਪਣੇ 'ਰਹਿਬਰ' ਦੇ ਜਾਣ ਦਾ ਗ਼ਮ ਵਹਿ ਰਿਹਾ ਹੈ ਅਤੇ ਕਿਸੇ ਦੀਆਂ ਨਜ਼ਰਾਂ ਵਿਚ ਇੱਕ ਅਣਦੱਸੀ ਜਿਹੀ ਚਮਕ ਹੈ। ਇੱਕ ਉਮੀਦ ਕਿ ਸ਼ਾਇਦ ਕੱਲ੍ਹ ਦਾ ਸੂਰਜ ਕਿਸੇ ਵੱਖਰੇ ਰੰਗ ਦਾ ਹੋਵੇ।

ਚਿਹਰੇ ਵੱਖੋ-ਵੱਖਰੇ ਹਨ, ਪਰ ਸਵਾਲ ਸਭ ਦੀਆਂ ਬਰੂਹਾਂ 'ਤੇ ਇੱਕੋ ਖੜ੍ਹਾ ਹੈ 'ਹੁਣ ਅੱਗੇ ਕੀ?'

ਇਹ ਸਿਰਫ਼ ਇੱਕ ਰੂਹ ਦਾ ਰੁਖ਼ਸਤ ਹੋਣਾ ਨਹੀਂ, ਸਗੋਂ ਇੱਕ ਪੂਰੇ ਯੁੱਗ ਦਾ ਅੰਤ ਹੈ। ਇੱਥੇ ਜਿੱਤ ਜਾਂ ਹਾਰ ਦੀ ਗੱਲ ਪਿੱਛੇ ਰਹਿ ਗਈ ਹੈ। ਹੁਣ ਤਾਂ ਹਰ ਸ਼ਖ਼ਸ ਆਪਣੇ ਅੰਦਰਲੇ ਖ਼ੌਫ਼ ਅਤੇ ਖ਼ੁਆਬਾਂ ਦੀ ਜੰਗ ਲੜ ਰਿਹਾ ਹੈ। ਸਿਆਸਤ, ਅਕੀਦਤ (ਸ਼ਰਧਾ) ਅਤੇ ਇਨਸਾਨੀਅਤ ਦੇ ਚੌਰਾਹੇ 'ਤੇ ਖੜ੍ਹਾ ਈਰਾਨ ਅੱਜ ਕੁਝ ਬੋਲ ਨਹੀਂ ਰਿਹਾ। ਬਸ ਆਪਣੇ ਇਤਿਹਾਸ ਦੀ ਅਗਲੀ ਕਰਵਟ ਨੂੰ ਮਹਿਸੂਸ ਕਰ ਰਿਹਾ ਹੈ।"

*-ਗੁਰਪ੍ਰੀਤ ਸਿੰਘ ਬਿਲਿੰਗ*

## ਸ਼ਿਕਾਰੀ ਧੌਂਸਬਾਜ਼ੀ

*(ਪਿਛਲੇ ਸਫੇ ਦਾ ਬਾਕੀ)*

ਵਿਚ ਵਰਤੀਆਂ ਜਾਣ ਵਾਲੀਆਂ 17 ਵਿਸ਼ੇਸ਼ ਧਾਤਾਂ) ਦੀ ਮੰਡੀ ਉੱਪਰ ਚੀਨ ਦੀ ਪਕੜ ਹੈ, ਜਿਨ੍ਹਾਂ 'ਤੇ ਅਮਰੀਕਾ ਸਮੇਤ ਕਈ ਮੁਲਕ ਨਿਰਭਰ ਹਨ; ਉਹ ਕਈ ਵਿਗਿਆਨਕ ਖੇਤਰਾਂ ਵਿਚ ਤੇਜ਼ੀ ਨਾਲ ਅਗਵਾਈ ਕਰ ਰਿਹਾ ਹੈ; ਅਤੇ ਕਈ ਹੋਰ ਪੱਖ— ਅਮਰੀਕੀ ਕਿਸਾਨ ਵੀ—ਉਨ੍ਹਾਂ ਮੰਡੀਆਂ ਤੱਕ ਪਹੁੰਚ ਚਾਹੁੰਦੇ ਹਨ। ਹਾਲੀਆ ਮਹੀਨਿਆਂ ਵਿਚ ਟਰੰਪ ਵੱਲੋਂ ਚੀਨ ਨਾਲ ਵਪਾਰ ਜੰਗ ਨੂੰ ਰੋਕਣ ਅਤੇ ਅਮਰੀਕੀ ਅਧਿਕਾਰੀਆਂ ਨੂੰ ਨਿਸ਼ਾਨਾ ਬਣਾਉਣ ਵਾਲੀ ਸਾਈਬਰ ਜਾਸੂਸੀ ਮੁਹਿੰਮ ਲਈ ਚੀਨ ਦੇ ਮੰਤਰਾਲੇ 'ਤੇ ਪਾਬੰਦੀਆਂ ਲਗਾਉਣ ਦੀ ਯੋਜਨਾ ਨੂੰ ਟਾਲਣ ਦੇ ਫ਼ੈਸਲੇ ਤੋਂ ਇਹ ਸਪਸ਼ਟ ਹੋ ਗਿਆ ਹੈ ਕਿ ਉਹ ਹੋਰ ਮਹਾ-ਸ਼ਕਤੀਆਂ ਨੂੰ ਉਨ੍ਹਾਂ ਤਰੀਕਿਆਂ ਨਾਲ ਨਹੀਂ ਡਰਾ ਸਕਦੇ ਜਿਵੇਂ ਉਹ ਕਮਜ਼ੋਰ ਰਾਜਾਂ ਨੂੰ ਡਰਾਉਂਦੇ ਰਹੇ ਹਨ।

ਇਸ ਤੋਂ ਇਲਾਵਾ, ਹੋਰ ਮੁਲਕ ਅਜੇ ਵੀ ਅਮਰੀਕੀ ਆਰਥਿਕਤਾ ਅਤੇ ਉਸਦੇ ਧਨਾਢ ਖ਼ਪਤਕਾਰਾਂ ਤੱਕ ਪਹੁੰਚ ਚਾਹੁੰਦੇ ਹਨ, ਪਰ ਹੁਣ ਇਹ ਇਕੱਲਾ ਬਦਲ ਨਹੀਂ ਰਿਹਾ। ਅਗਸਤ 2025 ਵਿਚ ਜਦੋਂ ਟਰੰਪ ਨੇ ਭਾਰਤੀ ਸਾਮਾਨ ਉੱਤੇ 50 ਫ਼ੀਸਦ ਤੱਕ ਸਖ਼ਤ ਟੈਰਿਫ ਲਾਇਆ ਤਾਂ ਕੁਝ ਹੀ ਸਮੇਂ ਬਾਅਦ ਪ੍ਰਧਾਨ ਮੰਤਰੀ ਨਰੇਂਦਰ ਮੋਦੀ ਬੀਜਿੰਗ ਗਿਆ, ਜਿੱਥੇ ਉਸ ਨੇ ਚੀਨੀ ਆਗੂ ਸ਼ੀ ਜਿਨਪਿੰਗ ਅਤੇ ਰੂਸੀ ਰਾਸ਼ਟਰਪਤੀ ਵਲਾਦੀਮੀਰ ਪੂਤਿਨ ਨਾਲ ਸਿਖ਼ਰ ਮੀਟਿੰਗ ਵਿਚ ਹਿੱਸਾ ਲਿਆ। ਦਸੰਬਰ ਵਿਚ ਪੂਤਿਨ ਨਵੀਂ ਦਿੱਲੀ ਆਇਆ, ਜਿੱਥੇ ਮੋਦੀ ਨੇ ਰੂਸ ਨਾਲ ਮਿੱਤਰਤਾ ਨੂੰ 'ਉੱਤਰੀ ਤਾਰੇ' ਵਰਗਾ ਦੱਸਿਆ ਅਤੇ ਦੋਹਾਂ ਆਗੂਆਂ ਨੇ 2030 ਤੱਕ 100 ਅਰਬ ਡਾਲਰ ਦੇ ਦੁਵੱਲੇ ਵਪਾਰ ਦਾ ਟੀਚਾ ਰੱਖਿਆ। ਭਾਰਤ ਰਸਮੀ ਤੌਰ 'ਤੇ ਮਾਸਕੋ ਨਾਲ ਗੱਠਜੋੜ ਨਹੀਂ ਕਰ ਰਿਹਾ ਸੀ, ਪਰ ਉਹ ਵ੍ਹਾਈਟ ਹਾਊਸ ਨੂੰ ਚੇਤੇ ਕਰਾ ਰਿਹਾ ਸੀ ਕਿ ਉਸਦੇ ਕੋਲ ਬਦਲ ਹਨ।

ਕਿਉਂਕਿ ਸਪਲਾਈ ਚੇਨਾਂ ਅਤੇ ਵਪਾਰਕ ਪ੍ਰਬੰਧਾਂ ਨੂੰ ਬਦਲਣਾ ਮਹਿੰਗਾ ਅਤੇ ਸਮਾਂ-ਖਾਊ ਹੁੰਦਾ ਹੈ, ਅਤੇ ਸਹਿਯੋਗ ਤੇ ਨਿਰਭਰਤਾ ਦੀਆਂ ਆਦਤਾਂ ਰਾਤੋ-ਰਾਤ ਖ਼ਤਮ ਨਹੀਂ ਹੁੰਦੀਆਂ, ਇਸ ਲਈ ਕੁਝ ਮੁਲਕਾਂ ਨੇ ਥੋੜ੍ਹੇ ਸਮੇਂ ਲਈ ਟਰੰਪ ਨੂੰ ਰਾਜ਼ੀ ਕਰਨ ਦਾ ਰਾਹ ਚੁਣਿਆ ਹੈ। ਜਪਾਨ ਅਤੇ ਦੱਖਣੀ ਕੋਰੀਆ ਨੇ ਅਮਰੀਕੀ ਆਰਥਿਕਤਾ ਵਿਚ ਅਰਬਾਂ ਡਾਲਰ ਪੂੰਜੀ-ਨਿਵੇਸ਼ ਕਰਨ ਦੀ ਸਹਿਮਤੀ ਦੇ ਕੇ ਟੈਰਿਫ ਘਟਵਾ ਲਏ, ਪਰ ਇਹ ਭੁਗਤਾਨ ਕਈ ਸਾਲਾਂ ਵਿਚ ਫੈਲੇ ਹੋਣਗੇ ਅਤੇ ਹੋ ਸਕਦਾ ਹੈ ਪੂਰੀ ਤਰ੍ਹਾਂ ਸਾਕਾਰ ਨਾ ਹੋਣ। ਇਸੇ ਦਰਮਿਆਨ ਮਾਰਚ 2025 'ਚ ਚੀਨ, ਜਪਾਨ ਅਤੇ ਦੱਖਣੀ ਕੋਰੀਆ ਦੇ ਅਧਿਕਾਰੀਆਂ ਨੇ ਪੰਜ ਸਾਲਾਂ ਵਿਚ ਪਹਿਲੀ ਵਾਰ ਵਪਾਰ ਗੱਲਬਾਤ ਕੀਤੀ, ਅਤੇ ਤਿੰਨੋਂ ਮੁਲਕ ਇਕ ਤਿੰਨ-ਧਿਰੀ ਮੁਦਰਾ ਸਵੈਪ 'ਤੇ ਵਿਚਾਰ ਕਰ ਰਹੇ ਹਨ, ਜਿਸਦਾ ਉਦੇਸ਼, ਸਾਊਥ ਚਾਈਨਾ ਮੌਰਨਿੰਗ ਪੋਸਟ ਅਨੁਸਾਰ, 'ਅਮਰੀਕੀ ਰਾਸ਼ਟਰਪਤੀ ਡੋਨਲਡ ਟਰੰਪ ਦੀ ਵਪਾਰ ਜੰਗ ਦੇ ਦੌਰਾਨ ਖੇਤਰ ਦੇ ਵਿੱਤੀ ਸੁਰੱਖਿਆ ਜਾਲ ਨੂੰ ਮਜ਼ਬੂਤ ਕਰਨਾ ਅਤੇ ਆਰਥਕ ਸਹਿਯੋਗ ਨੂੰ ਡੂੰਘਾ ਕਰਨਾ' ਹੈ। ਪਿਛਲੇ ਵਰ੍ਹੇ 'ਚ ਵੀਅਤਨਾਮ ਨੇ ਰੂਸ ਨਾਲ ਆਪਣੇ ਫ਼ੌਜੀ ਸੰਬੰਧ ਵਧਾਏ ਹਨ, ਜੋ ਪਹਿਲਾਂ ਅਮਰੀਕਾ ਦੇ ਨੇੜੇ ਜਾਣ ਦੀਆਂ ਕੋਸ਼ਿਸ਼ਾਂ ਦੇ ਉਲਟ ਹੈ। 'ਨਿਊਯਾਰਕ ਟਾਈਮਜ਼' ਵਿਚ ਇੱਕ ਵਿਸ਼ਲੇਸ਼ਣਕਾਰ ਦੇ ਮੁਤਾਬਕ, 'ਟਰੰਪ ਦੀਆਂ ਨੀਤੀਆਂ ਦੀ ਅਨਿਸ਼ਚਿਤਤਾ (ਬੁੱਝ ਸਕਣ ਤੋਂ ਅਸਮਰੱਥਾ) ਨੇ ਵੀਅਤਨਾਮ ਨੂੰ ਅਮਰੀਕਾ ਨਾਲ ਸੌਦਾ ਕਰਨ ਬਾਰੇ ਬਹੁਤ ਸੰਸਾਗ੍ਰਸਤ ਬਣਾ ਦਿੱਤਾ ਹੈ। ਗੱਲ ਸਿਰਫ਼ ਵਪਾਰ ਦੀ ਨਹੀਂ, ਉਨ੍ਹਾਂ ਦੇ ਮਨ ਅਤੇ ਕੰਮਾਂ ਨੂੰ ਸਮਝ ਸਕਣ ਦੀ ਮੁਸ਼ਕਲ ਵੀ ਹੈ।' ਟਰੰਪ ਦੀ ਪ੍ਰਸ਼ੰਸਾ ਕੀਤੀ ਜਾਂਦੀ ਅਨਿਸ਼ਚਿਤਤਾ ਦਾ ਸਪਸ਼ਟ ਬੁਰਾ ਨਤੀਜਾ ਹੈ: ਇਹ ਹੋਰਾਂ ਨੂੰ ਵੱਧ ਭਰੋਸੇਯੋਗ ਭਾਈਵਾਲ ਲੱਭਣ ਲਈ ਪ੍ਰੇਰਿਤ ਕਰਦੀ ਹੈ।

ਹੋਰ ਮੁਲਕ ਵੀ ਅਮਰੀਕਾ ਉੱਪਰ ਆਪਣੀ ਨਿਰਭਰਤਾ ਘਟਾਉਣ ਦੀ ਦਿਸ਼ਾ 'ਚ ਕੰਮ ਕਰ ਰਹੇ ਹਨ। ਕੈਨੇਡਾ ਦੇ ਪ੍ਰਧਾਨ ਮੰਤਰੀ ਕਾਰਨੀ ਨੇ ਵਾਰ-ਵਾਰ ਕਿਹਾ ਹੈ ਕਿ ਅਮਰੀਕਾ ਨਾਲ ਲਗਾਤਾਰ ਵਧਦੀ ਨੇੜਤਾ ਦਾ ਯੁੱਗ ਖ਼ਤਮ ਹੋ ਗਿਆ ਹੈ; ਉਸ ਨੇ ਇੱਕ ਦਹਾਕੇ ਵਿਚ ਗ਼ੈਰ-ਅਮਰੀਕੀ ਨਿਰਯਾਤ ਦੁੱਗਣਾ ਕਰਨ ਦਾ ਟੀਚਾ ਰੱਖਿਆ ਹੈ; ਇੰਡੋਨੇਸ਼ੀਆ ਨਾਲ ਪਹਿਲਾ ਦੁਵੱਲਾ ਵਪਾਰ ਸਮਝੌਤਾ ਕੀਤਾ ਹੈ; ਦੱਖਣ-ਪੂਰਬੀ ਏਸ਼ਿਆਈ ਰਾਸ਼ਟਰਾਂ ਦੇ ਸੰਗਠਨ (ਆਸਿਆਨ) ਨਾਲ ਮੁਕਤ ਵਪਾਰ ਸਮਝੌਤੇ 'ਤੇ ਗੱਲਬਾਤ ਕਰ ਰਹੇ ਹਨ; ਅਤੇ ਜਨਵਰੀ ਵਿਚ ਬੀਜਿੰਗ ਦਾ ਦੌਰਾ ਕਰਕੇ ਸੰਬੰਧ ਸੁਧਾਰਨ ਦੀ ਕੋਸ਼ਿਸ਼ ਕੀਤੀ ਹੈ। ਯੂਰਪੀ ਯੂਨੀਅਨ ਨੇ ਇੰਡੋਨੇਸ਼ੀਆ, ਮੈਕਸੀਕੋ ਅਤੇ ਦੱਖਣੀ ਅਮਰੀਕੀ ਵਪਾਰ ਗਠਜੋੜ ਮਰਕੋਸੁਰ ਨਾਲ ਨਵੇਂ ਵਪਾਰ ਸਮਝੌਤੇ ਕੀਤੇ ਹਨ, ਅਤੇ ਜਨਵਰੀ ਦੇ ਅਖੀਰ ਤੱਕ ਭਾਰਤ ਨਾਲ ਵੀ ਇਕ ਨਵੇਂ ਸਮਝੌਤੇ ਨੂੰ ਅੰਤਿਮ ਰੂਪ ਦੇਣ ਦੇ ਨੇੜੇ ਸੀ। ਜੇ ਵਾਸ਼ਿੰਗਟਨ ਹੋਰ ਰਾਜਾਂ ਦੀ ਨਿਰਭਰਤਾ ਦਾ ਫ਼ਾਇਦਾ ਉਠਾਉਣ ਦੀ ਕੋਸ਼ਿਸ਼ ਜਾਰੀ ਰੱਖਦਾ ਹੈ, ਤਾਂ ਇਹ ਕੋਸ਼ਿਸ਼ਾਂ ਹੋਰ ਤੇਜ਼ ਹੋ ਜਾਣਗੀਆਂ।

### ਹੁਣ ਖ਼ਰੀਦ ਲਓ, ਅਦਾਇਗੀ ਕਦੇ ਨਾ ਕਰੋ?

ਅਮਰੀਕੀ ਮਿੱਤਰ ਮੁਲਕ ਪਹਿਲਾਂ ਕੁਝ ਹੱਦ ਤੱਕ ਧੌਂਸ ਸਹਿੰਦੇ ਰਹੇ ਕਿਉਂਕਿ ਉਹ ਅਮਰੀਕੀ ਸੁਰੱਖਿਆ 'ਤੇ ਬਹੁਤ ਨਿਰਭਰ ਸਨ। ਪਰ ਇਸ ਬਰਦਾਸ਼ਤ ਦੀਆਂ ਵੀ ਹੱਦਾਂ ਹਨ। ਟਰੰਪ ਦੇ ਪਹਿਲੇ ਕਾਰਜਕਾਲ ਵਿਚ ਸ਼ਿਕਾਰੀ ਵਾਲੇ ਵਤੀਰੇ ਦਾ ਪੱਧਰ ਸੀਮਤ ਸੀ, ਅਤੇ ਮਿੱਤਰ ਮੁਲਕਾਂ ਨੂੰ ਆਸ ਸੀ ਕਿ ਇਹ ਅਸਥਾਈ ਵਰਤਾਰਾ ਹੋਵੇਗੀ। ਹੁਣ ਇਹ ਆਸ ਟੁੱਟ ਚੁੱਕੀ ਹੈ—ਖ਼ਾਸ ਕਰਕੇ ਯੂਰਪ ਵਿਚ। ਟਰੰਪ ਪ੍ਰਸ਼ਾਸਨ ਦੀ ਰਾਸ਼ਟਰੀ ਸੁਰੱਖਿਆ ਯੁੱਧਨੀਤੀ ਕਈ ਯੂਰਪੀ ਸਰਕਾਰਾਂ ਅਤੇ ਸੰਸਥਾਵਾਂ ਪ੍ਰਤੀ ਸ਼ਰ੍ਹੇਆਮ ਵੈਰ ਨੂੰ ਦਰਸਾਉਂਦੀ ਹੈ। ਗ੍ਰੀਨਲੈਂਡ 'ਤੇ ਕਬਜ਼ੇ ਦੀਆਂ ਨਵੀਆਂ ਧਮਕੀਆਂ ਨਾਲ ਮਿਲ ਕੇ ਇਸ ਨੇ ਨਾਟੋ ਦੇ ਲੰਮੇ ਸਮੇਂ ਤੱਕ ਟਿਕਾਊਪਣ ਬਾਰੇ ਸ਼ੱਕ ਵਧਾ ਦਿੱਤਾ ਹੈ ਅਤੇ ਇਹ ਦਿਖਾਇਆ ਹੈ ਕਿ ਟਰੰਪ ਨੂੰ ਰਾਜ਼ੀ ਕਰਨ ਲਈ ਕੀਤੇ ਸਮਝੌਤੇ ਅਸਫ਼ਲ ਰਹੇ ਹਨ।

ਇਸ ਤੋਂ ਇਲਾਵਾ, ਜੇ ਫ਼ੌਜੀ ਸੁਰੱਖਿਆ ਵਾਪਸ ਲੈਣ ਦੀਆਂ ਅਮਰੀਕੀ ਧਮਕੀਆਂ ਕਦੇ ਅਮਲ ਵਿਚ ਹੀ ਨਾ ਆਉਣ, ਤਾਂ ਆਖ਼ਿਰਕਾਰ ਉਹ ਬੇਅਸਰ ਹੋ ਜਾਣਗੀਆਂ। ਅਤੇ ਜੇ ਉਨ੍ਹਾਂ ਨੂੰ ਸੱਚਮੁੱਚ ਅਮਲ ਵਿਚ ਲਿਆਂਦਾ ਗਿਆ, ਤਾਂ ਅਮਰੀਕਾ ਦਾ ਉਹ ਦਬਦਬਾ ਹੀ ਖ਼ਤਮ ਹੋ ਜਾਵੇਗਾ ਜੋ ਉਸਨੇ ਆਪਣੇ ਮਿੱਤਰਾਂ ਉੱਪਰ ਬਣਾਇਆ ਹੋਇਆ ਸੀ। ਇਸ ਲਈ ਅਮਰੀਕੀ ਸੁਰੱਖਿਆ ਦੇ ਵਾਅਦੇ ਦੀ ਵਰਤੋਂ ਅਨੰਤ ਰਿਆਇਤਾਂ ਲੈਣ ਲਈ ਕਰਨਾ ਟਿਕਾਊ ਯੁੱਧਨੀਤੀ ਨਹੀਂ ਹੈ।

ਧੌਂਸ ਵੀ ਸਦਾ ਨਹੀਂ ਚੱਲਦੀ। ਕੋਈ ਵੀ ਅਪਮਾਨਜਨਕ ਅਧੀਨਤਾ ਦੀ ਨੁਮਾਇਸ਼ ਪਸੰਦ ਨਹੀਂ ਕਰਦਾ। ਕੁਝ ਆਗੂ ਜੋ ਟਰੰਪ ਦੀ ਸੋਚ ਵਾਲੇ ਹਨ, ਉਸਦੀ ਜਨਤਕ ਤੌਰ 'ਤੇ ਤਾਰੀਫ਼ ਕਰਨ ਵਿਚ ਆਨੰਦ ਲੈ ਸਕਦੇ ਹਨ, ਪਰ ਹੋਰ ਲੋਕ ਨਿਰਸੰਦੇਹ ਇਸਨੂੰ ਅਪਮਾਨਜਨਕ ਸਮਝਦੇ ਹੋਣਗੇ। ਉਹ ਬਾਹਰੋਂ ਮੁਸਕਰਾ ਸਕਦੇ ਹਨ, ਪਰ ਅੰਦਰੋਂ ਨਾਰਾਜ਼ ਹੋ ਸਕਦੇ ਹਨ ਅਤੇ ਮੌਕਾ ਮਿਲਣ 'ਤੇ ਬਦਲਾ ਲੈਣ ਦੀ ਇੱਛਾ ਰੱਖ ਸਕਦੇ ਹਨ। ਦੂਜੇ ਮੁਲਕਾਂ ਦੇ ਆਗੂਆਂ ਨੂੰ ਆਪਣੇ ਮੁਲਕ ਵਿਚ ਜਨਤਕ ਪ੍ਰਤੀਕਰਮ ਦਾ ਸਾਹਮਣਾ ਵੀ ਕਰਨਾ ਪੈਂਦਾ ਹੈ। ਰਾਸ਼ਟਰੀ ਗੌਰਵ ਤਾਕਤਵਰ ਸ਼ਕਤੀ ਤਾਂ ਹੈ ਹੀ। ਇਹ ਚੇਤੇ ਰੱਖਣਾ ਹੋਵੇਗਾ ਕਿ ਅਪ੍ਰੈਲ 2025 'ਚ ਕਾਰਨੀ ਦੀ ਚੁਣਾਵੀ ਜਿੱਤ ਕਾਫ਼ੀ ਹੱਦ ਤੱਕ ਉਸਦੀ (ਟਰੰਪ ਵਿਰੋਧੀ) 'ਐਲਬੋਜ਼ ਅੱਪ' ਮੁਹਿੰਮ ਅਤੇ ਵੋਟਰਾਂ ਦੀ ਇਸ ਧਾਰਨਾ 'ਤੇ ਆਧਾਰਤ ਸੀ ਕਿ ਉਸਦਾ ਕਨਜ਼ਰਵੇਟਿਵ ਪਾਰਟੀ ਸ਼ਰੀਕ ਟਰੰਪ ਦਾ ਹੀ ਹਲਕਾ ਰੂਪ ਹੈ। ਬਰਾਜ਼ੀਲ ਦੇ ਰਾਸ਼ਟਰਪਤੀ ਲੁਇਜ਼ ਇਨੇਸਿਓ ਲੂਲਾ ਦਾ ਸਿਲਵਾ ਵਰਗੇ ਆਗੂਆਂ ਦੀ ਹਰਮਨਪਿਆਰਤਾ ਉਸ ਵੇਲੇ ਵਧੀ ਜਦੋਂ ਉਨ੍ਹਾਂ ਨੇ ਟਰੰਪ ਦੀਆਂ ਧਮਕੀਆਂ ਦਾ ਮੁਕਾਬਲਾ ਕੀਤਾ। ਜਿਉਂ-ਜਿਉਂ ਅਪਮਾਨ ਵਧੇਗਾ, ਹੋਰ ਆਗੂ ਵੀ ਦੇਖਣਗੇ ਕਿ ਵਿਰੋਧ ਕਰਨਾ ਘਰੇਲੂ ਰਾਜਨੀਤੀ ਵਿਚ ਲਾਭਦਾਇਕ ਹੋ ਸਕਦਾ ਹੈ।

ਸ਼ਿਕਾਰੀ ਧੌਂਸ ਅਕੁਸ਼ਲ ਵੀ ਹੈ। ਇਹ ਬਹੁਪੱਖੀ ਨਿਯਮਾਂ ਅਤੇ ਮਿਆਰਾਂ ਨੂੰ ਛੱਡ ਕੇ ਦੁਵੱਲੇ ਸੌਦਿਆਂ 'ਤੇ ਨਿਰਭਰ ਕਰਦੀ ਹੈ। ਪਰ ਲਗਭਗ 200 ਮੁਲਕਾਂ ਵਾਲੀ ਦੁਨੀਆ ਵਿਚ, ਹਰ ਇੱਕ ਨਾਲ ਅਲੱਗ-ਅਲੱਗ ਗੱਲਬਾਤ ਕਰਨੀ ਸਮਾਂ-ਖਪਾਊ ਹੈ ਅਤੇ ਕਾਹਲ ਵਿਚ ਕੀਤੇ ਮਾੜੇ ਸਮਝੌਤਿਆਂ ਨੂੰ ਜਨਮ ਦਿੰਦੀ ਹੈ। ਇੱਕਤਰਫ਼ਾ ਸਮਝੌਤਿਆਂ ਨੂੰ ਲਾਗੂ ਕਰਨਾ ਔਖਾ ਹੈ, ਕਿਉਂਕਿ ਏਨੇ ਸਾਰੇ ਸਮਝੌਤਿਆਂ ਦੀ ਨਿਗਰਾਨੀ ਕਰਨੀ ਮੁਸ਼ਕਲ ਹੁੰਦੀ ਹੈ। ਟਰੰਪ ਪ੍ਰਸ਼ਾਸਨ ਨੂੰ ਦੇਰ ਨਾਲ ਇਹ ਅਹਿਸਾਸ ਹੋਇਆ ਕਿ ਚੀਨ ਨੇ 2020 ਦੇ 'ਫੇਜ਼ ਵਨ' ਵਪਾਰ ਸਮਝੌਤੇ ਤਹਿਤ ਜਿੰਨਾ ਅਮਰੀਕੀ ਨਿਰਯਾਤ ਸਾਮਾਨ ਖ਼ਰੀਦਣ ਦਾ ਵਾਅਦਾ ਕੀਤਾ ਸੀ, ਉਹ ਨਹੀਂ ਖ਼ਰੀਦਿਆ, ਅਤੇ ਅਕਤੂਬਰ ਵਿਚ ਉਸਦੀ ਜਾਂਚ ਸ਼ੁਰੂ ਕੀਤੀ ਗਈ। ਜੇ ਦਰਜਨਾਂ ਮੁਲਕਾਂ ਨਾਲ ਅਜਿਹੇ ਸਮਝੌਤੇ ਹੋਣ, ਤਾਂ ਨਿਗਰਾਨੀ ਅਤੇ ਪਾਲਣਾ ਯਕੀਨੀ ਬਣਾਉਣਾ ਲਗਭਗ ਅਸੰਭਵ ਹੋ ਜਾਂਦਾ ਹੈ—ਜਿਸ ਨਾਲ ਹੋਰ ਮੁਲਕ ਅੱਜ ਵਾਅਦੇ ਕਰ ਸਕਦੇ ਹਨ ਅਤੇ ਕੱਲ੍ਹ ਮੁੱਕਰ ਸਕਦੇ ਹਨ।

ਅੰਤ ਵਿਚ, ਸੰਸਥਾਵਾਂ ਨੂੰ ਤਿਆਗਣਾ, ਸਾਂਝੇ ਮੁੱਲਾਂ ਨੂੰ ਘੱਟ ਤਰਜੀਹ ਦੇਣਾ ਅਤੇ ਕਮਜ਼ੋਰ ਰਾਜਾਂ ਨੂੰ ਧਮਕਾਉਣਾ ਅਮਰੀਕਾ ਦੇ ਸ਼ਰੀਕਾਂ ਨੂੰ ਵਿਸ਼ਵ ਨਿਯਮਾਂ ਨੂੰ ਆਪਣੇ ਹੱਕ ਵਿਚ ਬਦਲਣ ਦਾ ਮੌਕਾ ਦੇਵੇਗਾ। ਸ਼ੀ ਜਿਨਪਿੰਗ ਦੀ ਅਗਵਾਈ ਹੇਠ ਚੀਨ ਨੇ ਆਪਣੇ ਆਪ ਨੂੰ ਜ਼ਿੰਮੇਵਾਰ ਅਤੇ ਨਿਰਪੱਖ ਆਲਮੀ ਤਾਕਤ ਵਜੋਂ ਪੇਸ਼ ਕਰਨ ਦੀ ਕੋਸ਼ਿਸ਼ ਕੀਤੀ ਹੈ। ਕੁਝ ਸਾਲ ਪਹਿਲਾਂ ਵਾਲੀ ਹਮਲਾਵਰ 'ਵੁਲਫ ਵਾਰੀਅਰ' ਕੂਟਨੀਤੀ ਘੱਟ ਹੋ ਗਈ ਹੈ, ਅਤੇ ਹੁਣ ਚੀਨੀ ਕੂਟਨੀਤਕ ਅੰਤਰਰਾਸ਼ਟਰੀ ਮੰਚਾਂ 'ਤੇ ਵੱਧ ਸਰਗਰਮ ਅਤੇ ਪ੍ਰਭਾਵਸ਼ਾਲੀ ਦਿਸਦੇ ਹਨ।

ਚੀਨ ਦੇ ਜਨਤਕ ਬਿਆਨ ਖ਼ੁਦਗਰਜ਼ ਹੋ ਸਕਦੇ ਹਨ, ਪਰ ਕਈ ਮੁਲਕ ਇਸਨੂੰ ਵਧ ਰਹੇ ਸ਼ਿਕਾਰੀ ਅਮਰੀਕਾ ਦੇ ਬਦਲ ਵਜੋਂ ਆਕਰਸ਼ਕ ਸਮਝਦੇ ਹਨ। ਪਿਊ ਰਿਸਰਚ ਸੈਂਟਰ ਵੱਲੋਂ 24 ਵੱਡੇ ਮੁਲਕਾਂ ਵਿਚ ਕੀਤੇ ਸਰਵੇਖਣ ਵਿਚ, 8 ਮੁਲਕਾਂ ਵਿਚ ਬਹੁਮਤ ਨੇ ਅਮਰੀਕਾ ਬਾਰੇ ਚੀਨ ਨਾਲੋਂ ਵੱਧ ਹਾਂ-ਪੱਖੀ ਰਾਇ ਦਿੱਤੀ, ਜਦਕਿ 7 ਮੁਲਕਾਂ ਦੇ ਲੋਕਾਂ ਨੇ ਚੀਨ ਨੂੰ ਅਮਰੀਕਾ ਨਾਲੋਂ ਵੱਧ ਹਾਂ-ਪੱਖੀ ਸਮਝਿਆ। ਬਾਕੀ 9 ਮੁਲਕਾਂ ਵਿਚ ਦੋਹਾਂ ਬਾਰੇ ਰਾਇ ਲਗਭਗ ਇੱਕੋ ਜਿਹੀ ਸੀ। ਪਰ ਰੁਝਾਨ ਬੀਜਿੰਗ ਦੇ ਹੱਕ ਵਿਚ ਹਨ। ਰਿਪੋਰਟ ਦੇ ਅਨੁਸਾਰ, 'ਅਮਰੀਕਾ ਬਾਰੇ ਨਜ਼ਰੀਏ ਹੋਰ ਨਾਂਹ-ਪੱਖੀ ਹੋਏ ਹਨ ਜਦਕਿ ਚੀਨ ਬਾਰੇ ਨਜ਼ਰੀਏ ਹੋਰ ਹਾਂ-ਪੱਖੀ ਹੋਏ ਹਨ।' ਕਾਰਨ ਸਮਝਣਾ ਔਖਾ ਨਹੀਂ ਹੈ।

**ਨਤੀਜਾ ਸਾਫ਼ ਹੈ:** ਸ਼ਿਕਾਰੀ ਧੌਂਸ ਉਨ੍ਹਾਂ ਤਾਕਤੀ ਜਾਲਾਂ ਅਤੇ ਪ੍ਰਭਾਵ ਦੇ ਤਾਣੇ-ਬਾਣੇ ਨੂੰ ਕਮਜ਼ੋਰ ਕਰੇਗਾ, ਜਿਨ੍ਹਾਂ 'ਤੇ ਅਮਰੀਕਾ ਲੰਮੇ ਸਮੇਂ ਤੋਂ ਨਿਰਭਰ ਰਿਹਾ ਹੈ। ਕੁਝ ਮੁਲਕ ਆਪਣੀ ਨਿਰਭਰਤਾ ਘਟਾਉਣ ਲਈ ਕੰਮ ਕਰਨਗੇ, ਕੁਝ ਉਸਦੇ ਸ਼ਰੀਕਾਂ ਨਾਲ ਨਵੇਂ ਸੰਬੰਧ ਬਣਾਉਣਗੇ, ਅਤੇ ਕਈ ਮੌਕਾ ਮਿਲਣ 'ਤੇ ਅਮਰੀਕਾ ਦੀ ਸਵਾਰਥੀ ਹਰਕਤ ਦਾ ਬਦਲਾ ਲੈਣ ਦੀ ਇੱਛਾ ਰੱਖਣਗੇ। ਸ਼ਾਇਦ ਅੱਜ ਨਹੀਂ, ਸ਼ਾਇਦ ਕੱਲ੍ਹ ਨਹੀਂ—ਪਰ ਪ੍ਰਤੀਕਰਮ ਹੈਰਾਨੀਜਨਕ ਤੇਜ਼ੀ ਨਾਲ ਆ ਸਕਦਾ ਹੈ। ਅਰਨੈਸਟ ਹੇਮਿੰਗਵੇ ਦੇ ਪ੍ਰਸਿੱਧ ਕਥਨ ਅਨੁਸਾਰ, ਦਿਵਾਲੀਆਪਣ 'ਹੌਲੀ-ਹੌਲੀ ਅਤੇ ਫਿਰ ਅਚਾਨਕ' ਆਉਂਦਾ ਹੈ—ਇਸੇ ਤਰ੍ਹਾਂ ਸ਼ਿਕਾਰੀਆਂ ਵਾਲੀ ਧੌਂਸ ਦੀ ਲਗਾਤਾਰ ਨੀਤੀ ਕਾਰਨ ਅਮਰੀਕੀ ਆਲਮੀ ਰਸੂਖ਼ ਵੀ 'ਹੌਲੀ-ਹੌਲੀ ਅਤੇ ਫਿਰ ਅਚਾਨਕ' ਘਟ ਸਕਦਾ ਹੈ।

### ਹਾਰਦੀ ਹੋਈ ਰਣਨੀਤੀ

ਸਖ਼ਤ ਤਾਕਤ ਅਜੇ ਵੀ ਵਿਸ਼ਵ ਰਾਜਨੀਤੀ ਦੀ ਮੁੱਖ ਮੁਦਰਾ ਹੈ, ਪਰ ਉਹ ਕਿਹੜੇ ਮਕਸਦ ਲਈ ਵਰਤੀ ਜਾਂਦੀ ਹੈ ਅਤੇ ਕਿਵੇਂ ਵਰਤੀ ਜਾਂਦੀ ਹੈ—ਇਹੀ ਤੈਅ ਕਰਦਾ ਹੈ ਕਿ ਕੀ ਉਹ ਕਿਸੇ ਰਾਜ ਦੇ ਹਿਤਾਂ ਨੂੰ ਅੱਗੇ ਵਧਾਉਣ ਵਿਚ ਅਸਰਦਾਰ ਹੈ ਜਾਂ ਨਹੀਂ। ਅਨੁਕੂਲ ਭੂਗੋਲ, ਵੱਡੀ ਅਤੇ ਉੱਚ ਤਕਨੀਕੀ ਆਰਥਿਕਤਾ, ਬੇਮਿਸਾਲ ਬੇਮੇਚੀ ਫ਼ੌਜੀ ਤਾਕਤ, ਸੰਸਾਰ ਦੀ ਰਿਜ਼ਰਵ ਕਰੰਸੀ 'ਤੇ ਕੰਟਰੋਲ ਅਤੇ ਵਿੱਤੀ ਗੰਢਾਂ 'ਤੇ ਕਾਬੂ ਰੱਖਣ ਕਰਕੇ ਸੰਯੁਕਤ ਰਾਜ ਅਮਰੀਕਾ ਨੇ ਪਿਛਲੇ 75 ਸਾਲਾਂ ਵਿਚ ਸੰਬੰਧਾਂ ਅਤੇ ਨਿਰਭਰਤਾਵਾਂ ਦਾ ਇੱਕ ਅਸਾਧਾਰਨ ਜਾਲ ਬਣਾਇਆ ਹੋਇਆ ਹੈ ਅਤੇ ਇਹ ਹੋਰ ਬਹੁਤ ਸਾਰੇ ਮੁਲਕਾਂ ਤੋਂ ਚੋਖਾ ਫ਼ਾਇਦਾ ਉਠਾ ਰਿਹਾ ਹੈ।

ਕਿਉਂਕਿ ਇਸ ਲਾਹੇ ਦਾ ਅਤਿਅੰਤ ਖੁੱਲ੍ਹਾ ਸ਼ੋਸ਼ਣ ਉਸਨੂੰ ਆਪ ਹੀ ਕਮਜ਼ੋਰ ਕਰ ਸਕਦਾ ਸੀ, ਅਮਰੀਕੀ ਬਦੇਸ਼ ਨੀਤੀ ਓਦੋਂ ਸਭ ਤੋਂ ਵੱਧ ਸਫ਼ਲ ਰਹੀ ਜਦੋਂ ਅਮਰੀਕੀ ਆਗੂਆਂ ਨੇ ਸੰਜਮ ਨਾਲ ਤਾਕਤ ਵਰਤੀ। ਉਨ੍ਹਾਂ ਨੇ ਇੱਕੋ ਜਿਹੀ ਸੋਚ ਵਾਲੇ ਮੁਲਕਾਂ ਨਾਲ ਆਪਸੀ ਲਾਭਦਾਇਕ ਵਿਵਸਥਾਵਾਂ ਬਣਾਈਆਂ, ਇਹ ਸਮਝਦਿਆਂ ਕਿ ਜੇ ਹੋਰ ਮੁਲਕ ਅਮਰੀਕਾ ਦੀ ਹਾਬੜੀ ਭੁੱਖ ਤੋਂ ਡਰਦੇ ਨਾ ਹੋਣ ਤਾਂ ਉਹ ਉਸ ਨਾਲ ਸਹਿਯੋਗ ਕਰਨ ਲਈ ਵੱਧ ਤਿਆਰ ਹੋਣਗੇ। ਕਿਸੇ ਨੂੰ ਵੀ ਸ਼ੱਕ ਨਹੀਂ ਹੋਇਆ ਕਿ ਵਾਸ਼ਿੰਗਟਨ ਕੋਲ 'ਲੋਹੇ ਦੀ ਮੁੱਠ' ਹੈ। ਪਰ ਉਸਨੂੰ 'ਮਖ਼ਮਲੀ ਦਸਤਾਨੇ' ਵਿਚ ਲਪੇਟ ਕੇ—ਕਮਜ਼ੋਰ ਰਾਜਾਂ ਨਾਲ ਆਦਰ ਨਾਲ ਪੇਸ਼ ਆ ਕੇ ਅਤੇ ਹਰ ਸੰਭਵ ਫ਼ਾਇਦਾ ਨਾ ਨਿਚੋੜ ਕੇ—ਅਮਰੀਕਾ ਨੇ ਦੁਨੀਆ ਦੇ ਸਭ ਤੋਂ ਪ੍ਰਭਾਵਸ਼ਾਲੀ ਮੁਲਕਾਂ ਨੂੰ ਇਹ ਯਕੀਨ ਦਿਵਾਇਆ ਕਿ ਉਸਦੀ ਬਦੇਸ਼ ਨੀਤੀ ਨਾਲ ਜੁੜਨਾ ਉਸਦੇ ਮੁੱਖ ਸ਼ਰੀਕਾਂ ਨਾਲ ਸਾਥ ਬਣਾਉਣ ਨਾਲੋਂ ਬਿਹਤਰ ਹੈ।

ਸ਼ਿਕਾਰੀ ਧੌਂਸ ਇਨ੍ਹਾਂ ਲਾਭਾਂ ਨੂੰ ਥੋੜ੍ਹ-ਚਿਰੇ ਲਾਭ ਲਈ ਗਵਾ ਦਿੰਦੀ ਹੈ ਅਤੇ ਲੰਮੇ ਸਮੇਂ ਦੇ ਨਾਂਹ-ਪੱਖੀ ਨਤੀਜਿਆਂ ਨੂੰ ਨਜ਼ਰ-ਅੰਦਾਜ਼ ਕਰਦੀ ਹੈ। ਨਿਸ਼ਚਿਤ ਤੌਰ 'ਤੇ, ਸੰਯੁਕਤ ਰਾਜ ਅਮਰੀਕਾ ਨੂੰ ਕਿਸੇ ਵਿਸ਼ਾਲ ਵਿਰੋਧੀ ਗੱਠਜੋੜ ਦਾ ਸਾਹਮਣਾ ਨਹੀਂ ਕਰਨਾ ਪਵੇਗਾ ਅਤੇ ਨਾ ਹੀ ਉਹ ਆਪਣੀ ਖ਼ੁਦਮੁਖ਼ਤਿਆਰੀ ਗੁਆਏਗਾ—ਉਹ ਅਜੇ ਵੀ ਬਹੁਤ ਮਜ਼ਬੂਤ ਹੈ ਅਤੇ ਉਸ ਹੋਣੀ ਦਾ ਸਾਹਮਣਾ ਕਰਨ ਲਈ ਭੂਗੋਲਿਕ ਤੌਰ 'ਤੇ ਅਨੁਕੂਲ ਸਥਿਤੀ 'ਚ ਹੈ। ਪਰ ਉਹ ਅਮਰੀਕਾ ਦੀ ਪਿਛਲੇ ਕਈ ਦਹਾਕਿਆਂ ਦੀ ਸਥਿਤੀ ਦੇ ਮੁਕਾਬਲੇ ਬਹੁਤ ਗ਼ਰੀਬ, ਘੱਟ ਸੁਰੱਖਿਅਤ ਅਤੇ ਘੱਟ ਪ੍ਰਭਾਵਸ਼ਾਲੀ ਹੋ ਸਕਦਾ ਹੈ। ਭਵਿੱਖ ਦੇ ਅਮਰੀਕੀ ਆਗੂ ਕਮਜ਼ੋਰ ਸਥਿਤੀ ਤੋਂ ਕੰਮ ਕਰਨਗੇ ਅਤੇ ਵਾਸ਼ਿੰਗਟਨ ਦਾ ਸਵਾਰਥੀ ਪਰ ਨਿਆਂਪਸੰਦ ਭਾਈਵਾਲ ਵਾਲਾ ਅਕਸ ਮੁੜ ਬਣਾਉਣ ਲਈ ਉਨ੍ਹਾਂ ਨੂੰ ਕਾਫ਼ੀ ਜੱਦੋ-ਜਹਿਦ ਕਰਨੀ ਪਵੇਗੀ। ਸ਼ਿਕਾਰੀ ਧੌਂਸ ਇੱਕ ਹਾਰਦੀ ਹੋਈ ਯੁੱਧਨੀਤੀ ਹੈ—ਅਤੇ ਜਿੰਨੀ ਛੇਤੀ ਟਰੰਪ ਪ੍ਰਸ਼ਾਸਨ ਇਸਨੂੰ ਛੱਡ ਦੇਵੇ, ਓਨਾ ਹੀ ਬਿਹਤਰ ਹੈ। ***(ਸਮਾਪਤ)***

# ਇਰਾਨ ਉੱਪਰ ਹਮਲਾ: ਅਮਰੀਕੀ-ਇਜ਼ਰਾਇਲੀ ਹਾਕਮਾਂ ਦੀ ਧਾੜਵੀ ਅਤੇ ਯੁੱਧ ਅਪਰਾਧੀ ਖ਼ਸਲਤ ਦਾ ਮੁਜੱਸਮਾ








ਦੁਨੀਆ ਦੇ ਸਭ ਤੋਂ ਵੱਡੇ ਦਹਿਸ਼ਤਗਰਦ ਅਮਰੀਕਾ-ਇਜ਼ਰਾਇਲ ਜੰਗਬਾਜ਼ ਗੱਠਜੋੜ ਵੱਲੋਂ ਇਰਾਨ ਨਾਲ ਵਧਾਏ ਟਕਰਾਅ ਨੂੰ ਸੁਲਝਾਉਣ ਲਈ ਚਲਦੀ ਗੱਲਬਾਤ ਦਰਮਿਆਨ ਹੀ ਅੰਤਰਰਾਸ਼ਟਰੀ ਕਾਨੂੰਨਾਂ ਦੀਆਂ ਧੱਜੀਆਂ ਉਡਾ ਕੇ ਇਰਾਨ ਉੱਪਰ ਹਮਲਾ ਵਿੱਢ ਦਿੱਤਾ ਗਿਆ ਹੈ। ਇਰਾਨ ਦੇ 31 ਵਿਚੋਂ 24 ਸੂਬਿਆਂ ਅੰਦਰ ਬੱਚੀਆਂ ਦੇ ਸਕੂਲ, ਦੋ ਹਸਪਤਾਲਾਂ ਅਤੇ ਬੱਚਿਆਂ ਦੇ ਖੇਡ ਦੇ ਮੈਦਾਨ ਸਮੇਤ ਜਨਤਕ ਥਾਵਾਂ ਉੱਪਰ ਕੀਤੇ ਅੰਨ੍ਹੇਵਾਹ ਹਮਲਿਆਂ ਵਿਚ 148 ਸਕੂਲੀ ਬੱਚੀਆਂ ਸਮੇਤ 555 ਨਾਗਰਿਕਾਂ ਨੂੰ ਕਤਲ ਕੀਤਾ ਗਿਆ ਹੈ। ਦੁਨੀਆ 'ਚ ਚੱਲ ਰਹੇ ਯੁੱਧਾਂ ਨੂੰ ਖ਼ਤਮ ਕਰਨ ਦਾ ਵਾਅਦਾ ਕਰਕੇ ਸੱਤਾ ਵਿਚ ਆਏ ਫਾਸ਼ਿਸ਼ਟ ਟਰੰਪ ਨੇ ਦਾਅਵਾ ਕੀਤਾ ਹੈ ਕਿ ਨਿਜ਼ਾਮ ਬਦਲਣ ਲਈ ਇਹ ਹਮਲਾ 'ਇਰਾਨੀ ਲੋਕਾਂ ਦੀ ਮੁਕਤੀ ਲਈ' ਅਤੇ ਅਮਰੀਕਾ ਵਿਰੁੱਧ ਇਰਾਨ ਦੇ ਕਥਿਤ ਹਮਲੇ ਦਾ ਖ਼ਾਤਮਾ ਕਰਨ ਲਈ ਕੀਤਾ ਗਿਆ ਹੈ! ਅਸਲ ਵਿਚ, ਜੰਗਬਾਜ਼ ਤਾਂ ਖ਼ੁਦ ਅਮਰੀਕਾ ਅਤੇ

ਬੂਟਾ ਸਿੰਘ ਮਹਿਮੂਦਪੁਰ

ਇਸਦਾ ਪਿੱਠੂ ਇਜ਼ਰਾਇਲ ਹੈ। ਹਮਲੇ ਦਾ ਅਸਲ ਮਨੋਰਥ ਇਰਾਨ ਦੀ ਅਮਰੀਕੀ ਸਾਮਰਾਜੀ ਸਟੇਟ ਤੋਂ ਆਕੀ ਹਕੂਮਤ ਨੂੰ ਖ਼ਤਮ ਕਰਨਾ, ਉੱਥੇ ਅਮਰੀਕਾ ਦੀ ਕਠਪੁਤਲੀ ਹਕੂਮਤ ਥੋਪਣਾ, ਇਰਾਨ ਦੇ ਕੁਦਰਤੀ ਵਸੀਲਿਆਂ ਉੱਪਰ ਕਬਜ਼ਾ ਕਰਨਾ ਅਤੇ ਆਖ਼ਿਰਕਾਰ ਪੂਰੇ ਮੱਧ-ਪੂਰਬ ਉੱਪਰ ਅਮਰੀਕੀ ਸਾਮਰਾਜੀ ਦਾਬਾ ਸਥਾਪਤ ਕਰਨਾ ਹੈ, ਜੋ 1979 ਦੇ 'ਇਸਲਾਮਿਕ ਇਨਕਲਾਬ' ਦੇ ਸਮੇਂ ਤੋਂ ਹੀ ਮੱਧ-ਪੂਰਬ ਵਿਚ ਅਮਰੀਕੀ ਧੌਂਸ ਲਈ ਵੱਡੀ ਚੁਣੌਤੀ ਬਣਿਆ ਹੋਇਆ ਹੈ। ਦੁਨੀਆ ਭਰ ਦੀਆਂ ਘੋਰ ਪਿਛਾਖੜੀ ਹਕੂਮਤਾਂ ਦੀ ਸਰਪ੍ਰਸਤੀ ਕਰਨ ਵਾਲੇ ਅਮਰੀਕੀ ਸਾਮਰਾਜੀਆਂ ਨੇ ਉਸ ਮੁਲਕ ਨੂੰ ਨਿਸ਼ਾਨਾ ਬਣਾਇਆ ਹੈ, ਜੋ ਧਾਰਮਿਕ ਕੱਟੜਪੰਥੀ ਸ਼ੀਆ ਧਰਮਤੰਤਰੀ ਜਾਬਰ ਰਾਜ ਹੋਣ ਅਤੇ ਦਹਾਕਿਆਂ ਤੋਂ ਸਖ਼ਤ ਅਮਰੀਕੀ ਪਾਬੰਦੀਆਂ ਕਾਰਨ ਡੂੰਘੇ ਆਰਥਕ ਸੰਕਟ ਨਾਲ ਜੂਝ ਰਿਹਾ ਹੋਣ ਦੇ ਬਾਵਜੂਦ ਕਈ ਪੱਖਾਂ ਤੋਂ ਬਿਹਤਰ ਹੈ। ਉੱਥੇ ਔਰਤਾਂ ਦੀ ਉਭਰਵੀਂ ਸਮਾਜਿਕ ਭੂਮਿਕਾ ਹੈ ਅਤੇ ਉਨ੍ਹਾਂ ਦੀ ਸਾਖ਼ਰਤਾ ਦਰ 97% ਹੈ।

ਇਰਾਨ ਦੀ ਕੱਟੜ ਸ਼ੀਆ ਹਕੂਮਤ ਦੀਆਂ ਨੀਤੀਆਂ ਅਤੇ ਕਾਰਗੁਜ਼ਾਰੀ ਨੂੰ ਲੈ ਕੇ ਅਨੇਕਾਂ ਸਵਾਲ ਹੋ ਸਕਦੇ ਹਨ, ਪਰ ਇਸ ਦੇ ਬਹਾਨੇ ਅਮਰੀਕੀ ਸਾਮਰਾਜੀਏ ਇਰਾਨ ਜਾਂ ਕਿਸੇ ਵੀ ਮੁਲਕ ਦੀ ਪ੍ਰਭੂਸੱਤਾ ਵਿਰੁੱਧ ਆਪਣੇ ਦੁਸ਼ਟ ਮਨਸੂਬਿਆਂ ਬਾਰੇ ਦੁਨੀਆ ਨੂੰ ਗੁੰਮਰਾਹ ਨਹੀਂ ਕਰ ਸਕਦੇ। ਇਸ ਮਹਾਂ-ਝੂਠ ਨੂੰ ਕੌਣ ਮੰਨ ਲਵੇਗਾ ਕਿ ਫਾਸ਼ਿਸਟ ਸਾਮਰਾਜੀ ਗੈਂਗਸਟਰ ਟਰੰਪ ਹਕੂਮਤ ਅਤੇ ਮੱਧ ਪੂਰਬ ਵਿਚ ਅਮਰੀਕਾ ਦੀ ਫ਼ੌਜੀ ਚੌਕੀ ਜ਼ਿਓਨਵਾਦੀ ਇਜ਼ਰਾਇਲ ਕਿਸੇ ਮੁਲਕ ਦੇ ਲੋਕਾਂ ਦੇ ਮੁਕਤੀ ਦਾਤੇ ਹਨ। ਇਜ਼ਰਾਇਲ ਤਾਂ ਖ਼ੁਦ ਹੀ ਪੱਛਮੀ ਸਾਮਰਾਜੀਆਂ ਦੀ ਸਾਜ਼ਿਸ਼ ਅਤੇ ਪੁਸ਼ਤਪਨਾਹੀ ਨਾਲ ਫ਼ਲਸਤੀਨ ਦੀ ਸਰਜ਼ਮੀਨ ਉੱਪਰ ਪੂਰੀ ਤਰ੍ਹਾਂ ਨਜਾਇਜ਼ ਤੌਰ 'ਤੇ ਧੱਕੇ ਨਾਲ ਬਣਾਇਆ ਹੋਇਆ ਸਟੇਟ ਹੈ। ਦੁਨੀਆ ਵਿਚ ਟਰੰਪ ਦੀ ਅਗਵਾਈ ਹੇਠ ਅਮਰੀਕੀ ਸਾਮਰਾਜੀ ਸਟੇਟ ਦੇ ਖ਼ੂਨੀ ਮਨਸੂਬਿਆਂ ਨੂੰ ਠੱਲ੍ਹ ਪਾਉਣ ਦੇ ਸਮਰੱਥ ਮਜ਼ਬੂਤ ਲੋਕ ਤਾਕਤ ਨਾ ਹੋਣ ਕਾਰਨ ਹੀ ਅਮਰੀਕੀ-ਇਜ਼ਰਾਇਲੀ ਹੁਕਮਰਾਨ ਫ਼ਲਸਤੀਨ, ਇਰਾਨ ਸਮੇਤ ਹਰ ਮਾਮਲੇ ਵਿਚ ਮਹਾਂ-ਝੂਠ ਫੈਲਾਉਣ ਵਿਚ ਕਾਮਯਾਬ ਹੋ ਰਹੇ ਹਨ ਅਤੇ ਸਾਮਰਾਜੀ ਦੈਂਤ ਇਰਾਕ, ਫ਼ਲਸਤੀਨ, ਵੈਨਜ਼ੁਏਲਾ ਨੂੰ ਦਰੜਦਾ ਹੋਇਆ ਅਤੇ ਕਿਊਬਾ ਨੂੰ ਧਮਕੀਆਂ ਦਿੰਦਾ ਹੋਇਆ ਪੂਰੀ ਦੁਨੀਆ ਉੱਪਰ ਆਪਣੀ ਧੌਂਸ ਥੋਪਣ ਲਈ ਆਦਮ ਬੋ-ਆਦਮ ਬੋ ਕਰਦਾ ਫਿਰਦਾ ਹੈ।

ਇਰਾਨ ਦਾ ਨਿਜ਼ਾਮ ਫ਼ਲਸਤੀਨ ਦੀ ਗਹਿ-ਗੱਡਵੀਂ ਹਮਾਇਤ ਕਰਨ ਕਰਕੇ ਅਤੇ ਅਮਰੀਕੀ ਸਾਮਰਾਜ ਵਿਰੋਧੀ ਮਜ਼ਬੂਤ ਹਥਿਆਰਬੰਦ ਟਾਕਰਾ ਸ਼ਕਤੀਆਂ, ਜਿਵੇਂ ਹਿਜ਼ਬੁੱਲਾ, ਹਮਾਸ ਅਤੇ ਯਮਨ ਦੇ ਹਾਉਤੀ ਬਾਗ਼ੀ ਆਦਿ, ਦੀ ਪਿੱਠ 'ਤੇ ਖੜ੍ਹਾ ਹੋਣ ਕਾਰਨ ਵੀ ਅਮਰੀਕੀ-ਇਜ਼ਰਾਇਲੀ ਘੋਰ ਪਿਛਾਖੜੀ ਗੱਠਜੋੜ ਨੂੰ ਬਹੁਤ ਚੁੱਭਦਾ ਸੀ। ਭਾਵੇਂ ਇਰਾਨ ਨੇ ਆਪਣੇ ਅਮਰੀਕੀ ਸਾਮਰਾਜ-ਵਿਰੋਧੀ ਅਡੋਲ ਸਟੈਂਡ ਅਨੁਸਾਰ ਇਸ ਹਮਲੇ ਅੱਗੇ ਝੁਕਣ ਤੋਂ ਇਨਕਾਰ ਕਰ ਦਿੱਤਾ ਹੈ ਅਤੇ ਮੋੜਵੇਂ ਹਮਲੇ ਸ਼ੁਰੂ ਕਰਕੇ ਆਪਣੀ ਦ੍ਰਿੜਤਾ ਦਾ ਸੰਕੇਤ ਦੇ ਦਿੱਤਾ ਹੈ, ਪਰ ਇਸ ਦਰਮਿਆਨ ਇਰਾਨ ਦੇ ਪ੍ਰਮੁੱਖ ਆਗੂ ਆਇਤਉੱਲਾ ਅਲੀ ਖ਼ਾਮੇਨੇਈ ਅਤੇ ਕਈ ਹੋਰ ਚੋਟੀ ਦੇ ਫ਼ੌਜੀ ਅਧਿਕਾਰੀਆਂ ਦੇ ਅਮਰੀਕੀ-ਇਜ਼ਰਾਇਲੀ ਹਮਲੇ ਵਿਚ ਮਾਰੇ ਜਾਣ ਦੀ ਬੇਹੱਦ ਦੁਖਦਾਈ ਖ਼ਬਰ ਨਿਰਸੰਦੇਹ ਇਰਾਨੀ ਲੋਕਾਂ ਦੇ ਸਾਮਰਾਜਵਾਦ ਵਿਰੋਧੀ ਸੰਘਰਸ਼ ਲਈ ਵੱਡੀ ਸੱਟ ਹੈ। ਇਰਾਨ ਨੇ ਆਪਣੇ ਪ੍ਰਮੁੱਖ ਆਗੂ ਦੇ ਸੋਗ ਤੇ ਸਨਮਾਨ ਵਿਚ 40 ਦਿਨ ਮਾਤਮ ਮਨਾਉਣ ਦਾ ਐਲਾਨ ਕੀਤਾ ਹੈ ਅਤੇ ਆਪਣੀ ਸ਼ਹਾਦਤ ਨਾਲ ਖ਼ਾਮੇਨੇਈ ਦੁਨੀਆ ਭਰ ਦੇ ਸ਼ੀਆ ਮੁਸਲਮਾਨਾਂ ਵਿਚ ਸ਼ਹਾਦਤ ਦਾ ਉੱਚਤਮ ਪ੍ਰਤੀਕ ਬਣ ਕੇ ਸਥਾਪਤ ਹੋ ਗਿਆ ਹੈ। ਰਮਜ਼ਾਨ ਦੇ ਪਵਿੱਤਰ ਮਹੀਨੇ ਅਮਰੀਕੀ-ਇਜ਼ਰਾਇਲੀ ਹਾਕਮਾਂ ਦੀ ਇਹ ਅਤਿਅੰਤ ਬੁਜ਼ਦਿਲ ਕਾਰਵਾਈ ਦੁਨੀਆ ਭਰ ਦੇ ਸ਼ੀਆ ਮੁਸਲਮਾਨ ਫਿਰਕੇ ਵਿਚ ਅਮਰੀਕੀ-ਇਜ਼ਰਾਇਲੀ ਦੁਸ਼ਟ ਗੱਠਜੋੜ ਵਿਰੁੱਧ ਨਫ਼ਰਤ, ਰੋਹ ਤੇ ਇਕਜੁੱਟਤਾ ਵਿਚ ਇਜ਼ਾਫਾ ਹੀ ਕਰੇਗੀ। ਉਨ੍ਹਾਂ ਦੀਆਂ ਭਾਵਨਾਵਾਂ ਪੱਛਮੀ ਏਸ਼ੀਆ, ਕਸ਼ਮੀਰ ਅਤੇ ਭਾਰਤ ਦੇ ਵੱਖ-ਵੱਖ ਰਾਜਾਂ ਸਮੇਤ ਕੁਲ ਦੁਨੀਆ ਵਿਚ ਹੋ ਰਹੇ ਵੱਡੇ-ਵੱਡੇ ਸੋਗਮਈ ਇਕੱਠਾਂ ਅਤੇ ਇਰਾਨੀ ਲੋਕਾਂ ਨਾਲ ਇਕਮੁੱਠਤਾ ਵਿਚ ਦੇਖੀਆਂ ਜਾ ਸਕਦੀਆਂ ਹਨ।

ਦਹਾਕਿਆਂ ਤੋਂ ਸਖ਼ਤ ਅਮਰੀਕੀ ਪਾਬੰਦੀਆਂ ਦਾ ਬਹਾਦਰੀ ਅਤੇ ਸਿਰੜ ਨਾਲ ਮੁਕਾਬਲਾ ਕਰ ਰਿਹਾ ਇਰਾਨ ਆਪਣੇ ਅਤੇ ਮੱਧ ਪੂਰਬ ਦੇ ਹਿਤਾਂ ਲਈ ਮਿਸਾਲੀ ਦ੍ਰਿੜਤਾ ਨਾਲ ਡੱਟਿਆ ਰਿਹਾ ਹੈ। ਪਿਛਲੇ ਸਾਲ ਵੀ ਅਮਰੀਕਾ ਦੀ ਪਿੱਠੂ ਇਜ਼ਰਾਇਲੀ ਹਕੂਮਤ ਵੱਲੋਂ ਇਰਾਨ ਉੱਪਰ ਬੰਬਾਰੀ ਕਰਕੇ ਉਸਦੇ ਕਾਨੂੰਨੀ ਪ੍ਰਮਾਣੂ ਅੱਡਿਆਂ ਨੂੰ ਤਬਾਹ ਕਰਨ ਅਤੇ ਇਰਾਨੀ ਹਕੂਮਤ ਨੂੰ ਝੁਕਾਉਣ ਦੀ ਕੋਸ਼ਿਸ਼ ਕੀਤੀ ਗਈ ਸੀ ਜੋ ਨਾਕਾਮ ਰਹੀ ਸੀ। ਪਿਛਲੇ ਦਿਨੀਂ ਅਮਰੀਕਾ ਵੱਲੋਂ ਇਰਾਨ ਦੀ ਹਕੂਮਤ ਨੂੰ ਇਸ ਮਨਸੂਬੇ ਤਹਿਤ ਗੱਲਬਾਤ ਵਿਚ ਉਲਝਾ ਕੇ ਇਰਾਨ ਉੱਪਰ ਆਪਣੀਆਂ ਸ਼ਰਤਾਂ ਥੋਪਣ ਲਈ ਦਬਾਅ ਪਾਇਆ ਗਿਆ ਕਿ ਉਹ ਹਮਲੇ ਤੋਂ ਡਰ ਕੇ ਅਮਰੀਕੀ ਸ਼ਰਤਾਂ ਅੱਗੇ ਆਤਮ-ਸਮਰਪਣ ਕਰ ਦੇਣਗੇ, ਜਿਸ ਵਿਚ ਸਫ਼ਲਤਾ ਨਾ ਮਿਲਦੀ ਦੇਖ ਕੇ ਇਸ ਗੱਠਜੋੜ ਵੱਲੋਂ ਮੌਜੂਦਾ ਕਾਇਰਾਨਾ ਹਮਲਾ ਵਿੱਢ ਦਿੱਤਾ ਗਿਆ। ਇਹ ਵੀ ਸਪਸ਼ਟ ਹੈ ਕਿ ਅਮਰੀਕਾ ਦੇ ਅੰਦਰ ਫਾਸਿਸ਼ਟ ਟਰੰਪ ਜੁੰਡਲੀ ਇਸ ਨਜਾਇਜ਼ ਹਮਲੇ ਨੂੰ ਨਿਆਂਪਸੰਦ ਲੋਕਾਂ ਦੀ ਆਵਾਜ਼ ਨੂੰ ਦਬਾਉਣ ਲਈ ਵਹਿਸ਼ੀ ਜਬਰ ਤੇਜ਼ ਕਰਨ ਅਤੇ ਹੋਰ ਵੀ ਵਧੇਰੇ ਤਾਨਾਸ਼ਾਹ ਤਾਕਤਾਂ ਹਥਿਆਉਣ ਲਈ ਵਰਤੇਗੀ।

ਇਸ ਹਮਲੇ ਦੌਰਾਨ ਭਾਰਤ ਦੀ ਭਗਵਾ ਹਕੂਮਤ ਵਰਗੇ ਅਮਰੀਕਨ ਸਾਮਰਾਜ ਦੇ ਪਿੱਠੂ ਇਸਲਾਮ ਪ੍ਰਤੀ ਆਪਣੀ ਘੋਰ ਫਿਰਕੂ, ਨਸਲਵਾਦੀ ਨਫ਼ਰਤ ਕਾਰਨ ਕਿਸੇ ਮੁਲਕ ਦੀ ਪ੍ਰਭੂਸੱਤਾ ਦੀ ਉਲੰਘਣਾ ਕਰਨ ਅਤੇ ਮੁਲਕ ਦੇ ਪ੍ਰਮੁੱਖ ਆਗੂ ਤੇ ਹੋਰ ਸਰਕਾਰੀ ਅਧਿਕਾਰੀਆਂ ਨੂੰ ਕਤਲ ਕਰ ਦੇਣ ਦੇ ਅਤਿਅੰਤ ਘਿਣਾਉਣੇ ਮਾਨਵਤਾ ਵਿਰੋਧੀ ਕਾਰੇ ਬਾਰੇ ਚੁੱਪ ਰਹਿ ਕੇ ਆਪਣੀ ਸਾਮਰਾਜ ਭਗਤੀ ਦਾ ਸਬੂਤ ਦੇ ਰਹੇ ਹਨ। ਜਦੋਂ ਹਿਟਲਰ ਯਹੂਦੀਆਂ ਦੀ ਨਸਲਕੁਸ਼ੀ ਕਰ ਰਿਹਾ ਸੀ ਤਾਂ ਉਹ ਆਰਐੱਸਐੱਸ ਦੇ ਆਗੂਆਂ ਦਾ ਆਦਰਸ਼ ਸੀ। ਹੁਣ ਜਦੋਂ ਅਮਰੀਕੀ-ਇਜ਼ਰਾਇਲੀ ਜੰਗਬਾਜ਼ ਫ਼ਲਸਤੀਨੀਆਂ ਅਤੇ ਇਰਾਨੀਆਂ ਦਾ ਕਤਲੇਆਮ ਕਰ ਰਹੇ ਹਨ ਤਾਂ ਭਾਰਤ ਦੀ ਭਗਵਾ ਹਕੂਮਤ ਆਪਣੀ ਲੋਕ ਦੁਸ਼ਮਣ ਖ਼ਸਲਤ ਅਨੁਸਾਰ ਨਸਲਵਾਦੀ-ਜ਼ਿਓਨਵਾਦੀ ਜੰਗਬਾਜ਼ਾਂ ਦੀ ਬੇਸ਼ਰਮੀਂ ਨਾਲ ਚਾਕਰੀ ਕਰਦੀ ਦੇਖੀ ਜਾ ਸਕਦੀ ਹੈ।

ਇਸਲਾਮਿਕ ਰੈਵੋਲੂਸ਼ਨਰੀ ਗਾਰਡਜ਼ ਨੇ ਯੁੱਧ ਅਪਰਾਧੀ ਅਮਰੀਕਾ ਅਤੇ ਜ਼ਿਓਨਵਾਦੀ ਦਹਿਸ਼ਤਗਰਦ ਇਜ਼ਰਾਇਲ ਨੂੰ ਵੱਖਰੀ ਤਰ੍ਹਾਂ ਦੀ ਅਤੇ ਸਖ਼ਤ ਕਾਰਵਾਈ ਨਾਲ ਸਬਕ ਸਿਖਾਉਣ ਦਾ ਹਲਫ਼ ਲਿਆ ਹੈ। ਟਰੰਪ ਨੇ ਇਸਦੇ ਪ੍ਰਤੀਕਰਮ 'ਚ ਇਰਾਨ ਵਿਰੁੱਧ ਹੋਰ ਵੀ ਕਰੂਰ ਤਾਕਤ ਵਰਤਣ ਦੀ ਧਮਕੀ ਦਿੱਤੀ ਹੈ। ਆਪਣੀ ਧੜਵੈਲ ਫ਼ੌਜੀ ਤਾਕਤ ਨਾਲ ਅੰਨ੍ਹੇ ਹੋਏ ਟਰੰਪ ਨੂੰ ਉਮੀਦ ਸੀ ਕਿ ਇਰਾਨ ਵਿਰੁੱਧ ਯੁੱਧ ਛੇਤੀਂ ਹੀ ਜਿੱਤ ਲਿਆ ਜਾਵੇਗਾ। ਹੁਣ ਵੀ ਉਸ ਵੱਲੋਂ ਅਜਿਹੀਆਂ ਬੜ੍ਹਕਾਂ ਮਾਰੀਆਂ ਜਾ ਰਹੀਆਂ ਹਨ। ਮੱਧ ਪੂਰਬ ਵਿਚ ਅਮਰੀਕਾ ਦੇ ਮਜ਼ਬੂਤ ਫ਼ੌਜੀ ਅੱਡਿਆਂ ਦੇ ਜ਼ੋਰ ਟਰੰਪ ਜੁੰਡਲੀ ਨੇ ਭਰਮ ਪਾਲ਼ਿਆ ਹੋਵੇਗਾ ਕਿ ਪ੍ਰਮੁੱਖ ਇਰਾਨੀ ਲੀਡਰ ਤੇ ਫ਼ੌਜੀ ਅਧਿਕਾਰੀਆਂ ਦੇ ਕਤਲਾਂ ਨਾਲ ਇਸਲਾਮਿਕ ਰੈਵੋਲੂਸ਼ਨਰੀ ਗਾਰਡਜ਼ ਕੋਰ ਦੇ ਕਮਾਂਡਰਾਂ ਦਾ ਇਕ ਹਿੱਸਾ ਭੈਭੀਤ ਹੋ ਕੇ ਉਨ੍ਹਾਂ ਦੀ ਸ਼ਰਣ ਵਿਚ ਆ ਜਾਵੇਗਾ। ਵਿਸਾਹਘਾਤੀ ਟਰੰਪ-ਨੇਤਨਯਾਹੂ ਜੁੰਡਲੀ ਨੂੰ ਇਰਾਨ ਵੱਲੋਂ ਮੋੜਵੇਂ ਸਖ਼ਤ ਪ੍ਰਤੀਕਰਮ ਦੀ ਉਮੀਦ ਨਹੀਂ ਸੀ। ਪਰ ਇਰਾਨੀ ਹਕੂਮਤ ਨੂੰ ਵੀ ਦਹਾਕਿਆਂ ਤੋਂ ਅਮਰੀਕੀ ਹਮਲਾ ਹੋਣ ਦਾ ਖ਼ਦਸ਼ਾ ਸੀ ਅਤੇ ਉਨ੍ਹਾਂ ਨੇ ਵੀ ਲੰਮੀ ਲੜਾਈ ਦੀ ਤਿਆਰੀ ਕੀਤੀ ਹੋਈ ਹੈ। ਇਰਾਨੀ ਫ਼ੌਜ ਦੇ ਸਖ਼ਤ ਪ੍ਰਤੀਕਰਮ ਨਾਲ ਟਕਰਾਅ ਬਾਕਾਇਦਾ ਯੁੱਧ ਦੀ ਦਿਸ਼ਾ 'ਚ ਵਧਣਾ ਸ਼ੁਰੂ ਹੋ ਗਿਆ ਹੈ। ਕੱਚੇ ਤੇਲ ਦੀ ਸਪਲਾਈ ਦਾ ਵੱਡਾ ਸੰਕਟ ਸ਼ੁਰੂ ਹੋ ਗਿਆ ਹੈ। ਇਹ ਯੁੱਧ ਲੰਮਾ ਚੱਲਣ ਵਾਲਾ ਅਤੇ ਪੂਰੇ ਮੱਧ ਪੂਰਬ ਸਮੇਤ ਦੁਨੀਆ ਦੇ ਹਾਲਾਤ ਉੱਪਰ ਡੂੰਘਾ ਅਸਰ ਪਾਉਣ ਵਾਲਾ ਹੈ।

ਇਰਾਨ ਦੇ ਰੋਹ ਦਾ ਇਜ਼ਹਾਰ ਅਮਰੀਕੀ-ਇਜ਼ਰਾਇਲ ਗੱਠਜੋੜ ਅਤੇ ਇਨ੍ਹਾਂ ਦੇ ਪਿੱਠੂ ਅਰਬ ਮੁਲਕਾਂ ਵਿਚ ਅਮਰੀਕੀ ਅੱਡਿਆਂ ਨੂੰ ਨਿਸ਼ਾਨਾ ਬਣਾਉਣ ਦੇ ਰੂਪ 'ਚ ਸਾਹਮਣੇ ਆਉਣਾ ਸ਼ੁਰੂ ਹੋ ਗਿਆ ਹੈ। ਕੁਝ ਘੰਟਿਆਂ 'ਚ ਹੀ ਇਰਾਨ ਵੱਲੋਂ ਅਮਰੀਕਾ ਦੇ ਤਿੰਨ ਵਿਸ਼ੇਸ਼ ਫ਼ੌਜੀ ਜਹਾਜ਼ਾਂ ਨੂੰ ਫੁੰਡ ਲੈਣ ਦੀ ਖ਼ਬਰ ਹੈ। ਇਜ਼ਰਾਇਲ ਦੇ ਗ਼ੈਰਕਾਨੂੰਨੀ ਪ੍ਰਮਾਣੂ ਹਥਿਆਰਾਂ ਦੇ ਭੰਡਾਰਾਂ ਉੱਪਰ ਇਰਾਨ ਦੇ ਸੰਭਾਵੀ ਹਮਲਿਆਂ ਨਾਲ ਪੈਦਾ ਹੋਣ ਵਾਲੀ ਰੇਡੀਏਸ਼ਨ ਦੇ ਭਿਆਨਕ ਖ਼ਤਰੇ ਬਾਰੇ ਇੰਟਰਨੈਸ਼ਨਲ ਪ੍ਰਮਾਣੂ ਊਰਜਾ ਏਜੰਸੀ ਦੇ ਅਮਰੀਕੀ ਸਾਮਰਾਜ ਦੇ ਚਾਪਲੂਸ ਅਧਿਕਾਰੀ ਬਹੁਤ ਚਿੰਤਤ ਹਨ। ਇਹ ਡਰ ਵੀ ਅਮਰੀਕਾ-ਇਜ਼ਰਾਇਲ ਅਤੇ ਉਨ੍ਹਾਂ ਦੇ ਖਾੜੀ ਜੋਟੀਦਾਰਾਂ ਨੂੰ ਬੇਚੈਨ ਕਰ ਰਿਹਾ ਹੈ।

ਸ਼ੇਅਰ ਬਜ਼ਾਰ ਲੁੜਕ ਗਿਆ ਹੈ। ਵੱਡੇ ਆਰਥਕ ਸੰਕਟ ਦਾ ਖ਼ਤਰਾ ਮੰਡਲਾ ਰਿਹਾ ਹੈ। ਇਰਾਨ ਦੇ ਮੋੜਵੇਂ ਫ਼ੌਜੀ ਪ੍ਰਤੀਕਰਮ ਨਾਲ ਹੋ ਰਹੇ ਆਪਣੇ ਨੁਕਸਾਨ ਨੂੰ ਲੁਕੋਣ ਲਈ ਟਰੰਪ-ਨੇਤਨਯਾਹੂ ਜੁੰਡਲੀ ਤਰ੍ਹਾਂ-ਤਰ੍ਹਾਂ ਦੇ ਮਹਾਂ-ਝੂਠ ਫੈਲਾ ਕੇ ਆਪਣੀ ਅਜਿੱਤ ਤਾਕਤ ਦਾ ਭਰਮ ਬਣਾਈ ਰੱਖਣ 'ਚ ਜੁਟੀ ਹੋਈ ਹੈ। ਉਨ੍ਹਾਂ ਕੋਲ ਮਹਾਂ-ਝੂਠ ਨੂੰ ਫੈਲਾਉਣ ਲਈ ਦੁਨੀਆ ਭਰ ਦਾ ਕਾਰਪੋਰੇਟ ਮਾਲਕੀ ਵਾਲਾ ਧੜਵੈਲ ਗੋਦੀ ਮੀਡੀਆ ਹੈ। ਇਸ ਮੀਡੀਆ ਵੱਲੋਂ ਇਰਾਨ ਵੱਲੋਂ ਮੋੜਵੇਂ ਟਾਕਰੇ ਦੀਆਂ ਖ਼ਬਰਾਂ ਅਤੇ ਜੰਗਬਾਜ਼ ਅਮਰੀਕਾ-ਇਜ਼ਰਾਇਲ ਦੀ ਮੁਜਰਮਾਨਾ ਭੂਮਿਕਾ ਨੂੰ ਦਬਾਉਣਾ ਬਿਲਕੁਲ ਸੁਭਾਵਿਕ ਹੈ। ਪਰ ਟਰੰਪ ਦੀ ਬੌਖਲਾਹਟ ਅਤੇ ਉਸ ਵੱਲੋਂ ਯੁੱਧਬੰਦੀ ਦੇ ਸੰਕੇਤ ਉਸ ਦੇ ਅੰਦਰ ਵਧ ਰਹੀ ਮਾਯੂਸੀ ਵੱਲ ਇਸ਼ਾਰਾ ਕਰਦੇ ਹਨ। ਹਾਲਾਂਕਿ ਇਰਾਨ ਨੇ ਸਪਸ਼ਟ ਕਿਹਾ ਹੈ ਕਿ ਉਹ ਆਪਣੇ ਗੁਆਂਢੀ ਮੁਲਕਾਂ ਨੂੰ ਨਹੀਂ, ਸਿਰਫ਼ ਉੱਥੇ ਮੌਜੂਦ ਅਮਰੀਕੀ ਅੱਡਿਆਂ ਨੂੰ ਨਿਸ਼ਾਨਾ ਬਣਾ ਰਹੇ ਹਨ। ਪਰ ਅਮਰੀਕੀ ਸਾਮਰਾਜ ਦੇ ਫ਼ੌਜੀ ਅੱਡੇ ਬਣੀਆਂ ਅਰਬ ਹਕੂਮਤਾਂ ਵਿਚ ਸਾਊਦੀ ਤੇਲ-ਸੋਧਕ ਕਾਰਖ਼ਾਨੇ ਅਤੇ ਮੱਧ ਪੂਰਬ ਦੇ ਹਵਾਈ ਅੱਡਿਆਂ ਉੱਪਰ ਇਰਾਨੀ ਹਮਲਿਆਂ ਨਾਲ ਖਲਬਲੀ ਮਚ ਗਈ ਹੈ। ਉਨ੍ਹਾਂ ਅੰਦਰੋਂ ਰੋਸ ਉੱਠਣਾ ਸ਼ੁਰੂ ਹੋ ਗਿਆ ਹੈ ਕਿ ਅਮਰੀਕਾ ਨੇ ਸਾਰੀ ਐਂਟੀ-ਮਿਜ਼ਾਇਲ ਤੇ ਲੜਾਕੂ ਹਵਾਈ ਤਾਕਤ ਆਪਣੇ ਪਿੱਠੂ ਇਜ਼ਰਾਇਲ ਨੂੰ ਬਚਾਉਣ ਲਈ ਲਗਾ ਰੱਖੀ ਹੈ ਅਤੇ ਬਾਕੀ ਮੱਧ ਪੂਰਬੀ ਮੁਲਕਾਂ ਨੂੰ ਇਰਾਨੀ ਮਿਜ਼ਾਇਲ ਹਮਲਿਆਂ ਅੱਗੇ ਅਸੁਰੱਖਿਅਤ ਹਾਲਤ 'ਚ ਸੁੱਟ ਦਿੱਤਾ ਗਿਆ ਹੈ।

ਤੇਲ ਦੇ ਭਾਅ ਵਧਣ ਅਤੇ ਜੰਗੀ ਖ਼ਰਚਿਆਂ ਦੇ ਭਿਆਨਕ ਬੋਝ ਕਾਰਨ ਧਾੜਵੀ ਯੁੱਧ ਦਾ ਮੁੱਲ ਆਮ ਲੋਕਾਂ ਨੂੰ ਤਾਰਨਾ ਪੈਣਾ ਹੈ। ਅਮਰੀਕਾ ਦੇ ਅੰਦਰ ਵੱਡੀ ਗਿਣਤੀ ਲੋਕ ਯੁੱਧ ਦਾ ਵਿਰੋਧ ਕਰ ਰਹੇ ਹਨ। ਇੱਧਰ ਅਮਰੀਕੀ ਹਕੂਮਤ ਦੇ ਅੰਦਰ ਟਰੰਪ ਦੇ ਵੱਡੇ-ਵੱਡੇ ਦਾਅਵਿਆਂ ਬਾਰੇ ਸਵਾਲ

*(ਬਾਕੀ ਅਗਲੇ ਸਫੇ 'ਤੇ)*

## *ਇਰਾਨ ਉੱਪਰ ਅਮਰੀਕੀ-ਇਜ਼ਰਾਇਲੀ ਹਮਲੇ ਕੌਮਾਂਤਰੀ ਨੇਮਾਂ-ਕਾਨੂੰਨਾਂ ਦੀ ਖੁੱਲ੍ਹੇਆਮ ਉਲੰਘਣਾ*

ਅਮਰੀਕੀ ਅਤੇ ਇਜ਼ਰਾਈਲੀ ਹਕੂਮਤਾਂ ਨੇ ਇਨ੍ਹਾਂ ਹਮਲਿਆਂ ਨੂੰ ਇਰਾਨ ਦਾ 'ਸਿਰ ਲਾਹੁਣ ਵਾਲਾ ਹਮਲਾ' ਕਿਹਾ ਹੈ, ਉਨ੍ਹਾਂ ਨੇ ਆਪਣਾ ਉਦੇਸ਼ ਹਕੂਮਤ-ਬਦਲੀ (regime change) ਖੁੱਲ੍ਹੇਆਮ ਐਲਾਨਿਆ ਹੈ। ਇਹ ਕਾਰਵਾਈ ਸਵੈ-ਰੱਖਿਆ ਦੇ ਸਿਧਾਂਤਾਂ ਦੇ ਤਹਿਤ ਕਿਸੇ ਵੀ ਤਰ੍ਹਾਂ ਵਾਜਬ ਨਹੀਂ ਅਤੇ ਜ਼ਾਹਰਾ ਤੌਰ 'ਤੇ ਹਮਲਾਵਰ ਹੈ। ਇਰਾਨ ਵੱਲੋਂ ਕਿਸੇ ਤੁਰੰਤ ਹੋਣ ਵਾਲੇ ਹਥਿਆਰਬੰਦ ਹਮਲੇ ਦਾ ਕੋਈ ਸਬੂਤ ਨਹੀਂ ਸੀ, ਇਸ ਕਾਰਨ ਇਹ ਹਮਲੇ ਬਿਨਾਂ ਉਕਸਾਵੇ ਦੇ ਗ਼ੈਰ-ਕਾਨੂੰਨੀ ਹਨ।

**ਅੰਤਰਰਾਸ਼ਟਰੀ ਕਾਨੂੰਨ ਦੀਆਂ ਮੁੱਖ ਉਲੰਘਣਾਵਾਂ:**

1) ਯੂ.ਐੱਨ. ਚਾਰਟਰ (ਆਰਟੀਕਲ 2(4)) ਦੀ ਉਲੰਘਣਾ: ਯੂ.ਐੱਨ. ਚਾਰਟਰ ਅਨੁਸਾਰ ਸਾਰੇ ਰਾਜ ਕਿਸੇ ਵੀ ਮੁਲਕ ਦੀ ਭੂ-ਅਖੰਡਤਾ ਜਾਂ ਰਾਜਨੀਤਿਕ ਆਜ਼ਾਦੀ ਦੇ ਖ਼ਿਲਾਫ਼ ਤਾਕਤ ਦੀ ਧਮਕੀ ਜਾਂ ਵਰਤੋਂ ਨਹੀਂ ਕਰਨਗੇ। ਅਮਰੀਕਾ-ਇਜ਼ਰਾਈਲ ਨੇ ਯੂ.ਐੱਨ.ਸੁਰੱਖਿਆ ਕੌਂਸਲ ਦੀ ਮਨਜ਼ੂਰੀ ਅਤੇ ਆਰਟੀਕਲ 51 ਹੇਠ ਜਾਇਜ਼ ਸਵੈ-ਰੱਖਿਆ ਦੇ ਦਾਅਵੇ ਤੋਂ ਬਗ਼ੈਰ, ਸਿੱਧੇ ਤੌਰ 'ਤੇ ਇਰਾਨ ਦੀ ਪ੍ਰਭੂਸੱਤਾ ਦੀ ਉਲੰਘਣਾ ਕੀਤੀ।

ਐਟਲਾਂਟਿਕ ਕੌਂਸਲ ਦੇ ਵਿਦਵਾਨਾਂ ਸਮੇਤ ਕਈ ਕਾਨੂੰਨੀ ਮਾਹਿਰਾਂ ਅਤੇ ਯੂ.ਐੱਨ. ਦੇ ਜਨਰਲ ਸਕੱਤਰ ਦੇ ਬਿਆਨਾਂ ਨੇ ਇਸਨੂੰ ਚਾਰਟਰ ਦੀ 'ਬੇਕਿਰਕ ਉਲੰਘਣਾ' ਕਿਹਾ ਹੈ। ਰੂਸ ਅਤੇ ਚੀਨ ਨੇ ਵੀ ਇਸਨੂੰ ਯੂ.ਐੱਨ. ਦੇ ਮੂਲ ਸਿਧਾਂਤਾਂ ਨੂੰ 'ਦਰੜਨਾ' ਕਿਹਾ ਹੈ ਅਜਿਹੀ ਕਾਰਵਾਈ ਲਈ ਕੋਈ ਕਾਨੂੰਨੀ ਆਦੇਸ਼ ਨਹੀਂ ਸੀ।

2) ਸਵੈ-ਰੱਖਿਆ ਦੀਆਂ ਸ਼ਰਤਾਂ ਨੂੰ ਪੂਰਾ ਨਾ ਕਰਨਾ (ਆਰਟੀਕਲ 51 ਅਤੇ ਰਵਾਇਤੀ ਕਾਨੂੰਨ): ਸਵੈ-ਰੱਖਿਆ ਸਿਰਫ਼ ਚੱਲ ਰਹੇ ਹਥਿਆਰਬੰਦ ਹਮਲੇ ਦੇ ਜਵਾਬ ਵਿਚ ਹੀ ਜਾਇਜ਼ ਹੈ ਅਤੇ 'ਕੈਰੋਲਾਈਨ ਟੈਸਟ' ਅਨੁਸਾਰ ਇਹ ਲਾਜ਼ਮੀ ਅਤੇ ਅਨੁਪਾਤੀ ਹੋਣੀ ਚਾਹੀਦੀ ਹੈ। ਇੱਥੇ ਹਮਲੇ ਪਹਿਲਾਂ ਕੀਤੇ ਗਏ—ਇਰਾਨ ਦੇ ਪਰਮਾਣੂ ਪ੍ਰੋਗਰਾਮ ਜਾਂ ਉਸਦੇ ਪ੍ਰਾਕਸੀ ਗਰੁੱਪਾਂ ਦੀਆਂ ਸਰਗਰਮੀਆਂ ਵਰਗੀਆਂ ਅਸਪਸ਼ਟ ਧਮਕੀਆਂ ਦੇ ਆਧਾਰ 'ਤੇ—ਕਿਸੇ ਤੁਰੰਤ ਖ਼ਤਰੇ ਦਾ ਕੋਈ ਸਬੂਤ ਨਹੀਂ। ਅਮਰੀਕਾ-ਇਜ਼ਰਾਈਲ ਗੱਠਜੋੜ ਅਤੇ ਇਰਾਨ ਵਿਚਕਾਰ ਤਾਕਤ ਦਾ ਅਸਾਵਾਂਪਣ ਵੀ ਸਵੈ-ਰੱਖਿਆ ਦੇ ਦਾਅਵੇ ਨੂੰ ਕਮਜ਼ੋਰ ਕਰਦਾ ਹੈ, ਕਿਉਂਕਿ ਇਰਾਨ ਵੱਲੋਂ ਇਨ੍ਹਾਂ ਦੀ ਹੋਂਦ ਲਈ ਤੁਰੰਤ ਖ਼ਤਰਾ ਨਹੀਂ ਸੀ।

3) ਜ਼ਿੰਦਗੀ ਦੇ ਅਧਿਕਾਰ ਦੀ ਉਲੰਘਣਾ (ਅੰਤਰਰਾਸ਼ਟਰੀ ਨਾਗਰਿਕ ਅਤੇ ਰਾਜਨੀਤਕ ਅਧਿਕਾਰ ਸੰਧੀ ICCPR ਆਰਟੀਕਲ 6): ਇਸ ਸੰਧੀ ਤਹਿਤ ਜ਼ਿੰਦਗੀ ਤੋਂ ਮਨਮਾਨੇ ਤਰੀਕੇ ਨਾਲ ਵਾਂਝੇ ਕਰਨ ਦੀ ਮਨਾਹੀ ਹੈ। ਸ਼ਾਂਤੀ ਦੇ ਸਮੇਂ ਰਾਜਨੀਤਕ ਆਗੂਆਂ ਨੂੰ ਗਿਣ-ਮਿੱਥ ਕੇ ਮਾਰਨਾ ਕਤਲ ਦੇ ਬਰਾਬਰ ਹੈ। ਨਾਗਰਿਕਾਂ ਦੀ ਤਾਂ ਗੱਲ ਛੱਡੋ, ਗ਼ੈਰ-ਫ਼ੌਜੀ ਰਾਜਨੀਤਕ ਅਤੇ ਧਾਰਮਿਕ ਅਧਿਕਾਰੀ ਵਜੋਂ ਖ਼ੁਦ ਖ਼ਾਮੇਨੇਈ ਦੀ ਜ਼ਿੰਦਗੀ ਮਨੁੱਖੀ ਅਧਿਕਾਰ ਕਾਨੂੰਨ ਦੇ ਤਹਿਤ ਆਉਂਦੀ ਸੀ।

4) ਅੰਤਰਰਾਸ਼ਟਰੀ ਮਨੁੱਖੀ ਕਾਨੂੰਨ ਹੇਠ ਯੁੱਧ ਅਪਰਾਧ (ਜਨੇਵਾ ਕਨਵੈਨਸ਼ਨ): ਜੇਕਰ ਇਸਨੂੰ ਹਥਿਆਰਬੰਦ ਟਕਰਾਅ ਦੇ ਪ੍ਰਸੰਗ ਵਿਚ ਵੀ ਦੇਖਿਆ ਜਾਵੇ ਤਾਂ ਅੰਤਰਰਾਸ਼ਟਰੀ ਮਨੁੱਖੀ ਕਾਨੂੰਨ (IHL) ਫ਼ੌਜੀਆਂ ਅਤੇ ਨਾਗਰਿਕਾਂ ਵਿਚਕਾਰ ਸਪਸ਼ਟ ਫ਼ਰਕ, ਅਨੁਪਾਤਕਤਾ ਅਤੇ ਲਾਜ਼ਮੀਪਣ ਦੀ ਮੰਗ ਕਰਦਾ ਹੈ। ਖ਼ਾਮਨੇਈ ਦਾ ਕਤਲ ਅਤੇ ਸਕੂਲਾਂ ਵਰਗੇ ਗ਼ੈਰ-ਫ਼ੌਜੀ ਥਾਵਾਂ ਉੱਤੇ ਹਮਲੇ ਇਨ੍ਹਾਂ ਸਿਧਾਂਤਾਂ ਦੀ ਉਲੰਘਣਾ ਹਨ ਅਤੇ ਰੋਮ ਸੰਧੀ (Rome Statute) ਦੇ ਆਰਟੀਕਲ 7 ਅਤੇ 8 ਤਹਿਤ ਯੁੱਧ ਅਪਰਾਧ ਬਣਦੇ ਹਨ—ਖ਼ਾਸ ਕਰਕੇ ਜੇ ਇਹ ਨਾਗਰਿਕਾਂ 'ਤੇ ਵਿਆਪਕ ਹਮਲੇ ਦਾ ਹਿੱਸਾ ਹੋਵੇ।

5) ਹਮਲੇ ਦਾ ਅਪਰਾਧ (Rome Statute ਆਰਟੀਕਲ 8 bis)

ਇਹ ਕਾਰਵਾਈ ਯੂ.ਐੱਨ. ਚਾਰਟਰ ਦੀ ਉਲੰਘਣਾ ਕਰਦਿਆਂ ਹਮਲੇ ਦੀ ਯੋਜਨਾ ਅਤੇ ਅਮਲ ਵਜੋਂ ਯੋਗ ਹੈ ਅਤੇ ਇਸਦੇ ਪੱਧਰ ਅਤੇ ਇਰਾਨ ਦੀ ਸਰਕਾਰ ਨੂੰ ਅਸਥਿਰ ਕਰਨ ਦੇ ਇਰਾਦੇ ਕਾਰਨ 'ਜ਼ਾਹਰਾ ਉਲੰਘਣਾ' ਬਣਦੀ ਹੈ। ਹਾਲਾਂਕਿ ਅਮਰੀਕਾ ਅਤੇ ਇਜ਼ਰਾਈਲ ਅਪਰਾਧ ਸਬੰਧੀ ਇਸ ਰੋਮ ਸੰਧੀ ਦੇ ਪੂਰੇ ਹਿੱਸੇਦਾਰ ਨਹੀਂ ਹਨ, ਫਿਰ ਵੀ ਅੰਤਰਰਾਸ਼ਟਰੀ ਜ਼ਿੰਮੇਵਾਰੀ ਨੂੰ ਯਕੀਨੀ ਬਣਾਉਣ ਲਈ ਅੰਤਰਰਾਸ਼ਟਰੀ ਫ਼ੌਜਦਾਰੀ ਅਦਾਲਤ ਅਤੇ ਯੂ.ਐੱਨ. ਸੁਰੱਖਿਆ ਕੌਂਸਲ ਵਰਗੀਆਂ ਸੰਸਥਾਵਾਂ ਜੇਕਰ ਜਾਂਚ ਕਰਕੇ ਟਰੰਪ ਅਤੇ ਨੇਤਨਯਾਹੂ ਨੂੰ ਮੁਜਰਿਮ ਨਹੀਂ ਠਹਿਰਾਉਂਦੀਆਂ ਤਾਂ ਇਨ੍ਹਾਂ ਦੀ ਨਾਮਨਿਹਾਦ ਭਰੋਸੇਯੋਗਤਾ ਵੀ ਨਹੀਂ ਰਹੇਗੀ।

ਇਸ ਕਤਲ ਦੀ ਆਲਮੀ ਪੱਧਰ 'ਤੇ ਨਿੰਦਾ ਹੋਈ ਹੈ। ਇਰਾਨ ਦੇ ਸੰਗੀਆਂ (ਜਿਵੇਂ ਰੂਸ, ਚੀਨ, ਉੱਤਰੀ ਕੋਰੀਆ) ਨੇ ਇਸਨੂੰ 'ਗੈਰ-ਕਾਨੂੰਨੀ ਹਮਲਾ' ਕਿਹਾ ਹੈ, ਜਦਕਿ ਪੱਛਮੀ ਵਿਸ਼ਲੇਸ਼ਣਾਂ ਨੇ ਵੀ ਕੌਮਾਂਤਰੀ ਸਥਿਰਤਾ ਲਈ ਖ਼ਤਰੇ ਬਾਰੇ ਚੇਤਾਵਨੀ ਦਿੱਤੀ ਹੈ। ਕਤਲ ਦੇ ਹਮਾਇਤੀ ਇਰਾਨ ਦੀਆਂ ਮਿਲੀਸ਼ਿਆ ਕਾਰਵਾਈਆਂ ਜਾਂ ਪਰਮਾਣੂ ਇਰਾਦਿਆਂ ਤੋਂ ਦੂਰਗਾਮੀ ਖ਼ਤਰੇ ਦਾ ਹਵਾਲਾ ਦੇ ਸਕਦੇ ਹਨ, ਪਰ ਬਿਨਾਂ ਕਿਸੇ ਚੱਲ ਰਹੇ ਹਮਲੇ ਦੇ ਸਬੂਤ ਦੇ ਇਹ ਤਰਕ ਕਾਨੂੰਨੀ ਜਾਂਚ ਦੀ ਕਸੌਟੀ ਅੱਗੇ ਨਹੀਂ ਟਿਕਦੇ।

ਹਕੂਮਤ-ਬਦਲੀ ਦੇ ਕੁਤਰਕ ਦੀ ਵੀ ਕੋਈ ਵਾਜਬੀਅਤ ਨਹੀਂ ਹੈ ਕਿਉਂਕਿ ਅੰਤਰਰਾਸ਼ਟਰੀ ਕਾਨੂੰਨ ਯੂ.ਐੱਨ. ਦੀ ਮਨਜ਼ੂਰੀ ਤੋਂ ਬਿਨਾਂ ਤਾਕਤ ਨਾਲ ਕਿਸੇ ਸਰਕਾਰ ਨੂੰ ਤੋੜਨ ਦੀ ਇਜਾਜ਼ਤ ਨਹੀਂ ਦਿੰਦਾ। ਬਦਲੇ ਦੀ ਕਾਰਵਾਈ ਨੂੰ ਸੱਦਾ ਦੇਣ ਵਾਲਾ ਇਹ ਹਮਲਾ ਕੂਟਨੀਤਕ ਯਤਨਾਂ ਨੂੰ ਕਮਜ਼ੋਰ ਕਰਦਾ ਹੈ ਅਤੇ ਤਾਕਤਵਰ ਰਾਜਾਂ ਵੱਲੋਂ ਬੇਲਗਾਮ ਕਾਰਵਾਈਆਂ ਲਈ ਖ਼ਤਰਨਾਕ ਮਿਸਾਲ ਸਥਾਪਤ ਕਰਦਾ ਹੈ।

ਇਨ੍ਹਾਂ ਸਾਰੇ ਤੱਥਾਂ ਦੇ ਮੱਦੇਨਜ਼ਰ ਇਹ ਜ਼ਰੂਰੀ ਹੈ ਕਿ ਇੰਟਰਨੈਸ਼ਨਲ ਕ੍ਰਿਮੀਨਲ ਕੋਰਟ ਅਤੇ ਯੂ.ਐੱਨ. ਸਕਿਊਰਿਟੀ ਕੌਂਸਲ ਇਨ੍ਹਾਂ ਕਤਲਾਂ ਦੀ ਜਾਂਚ ਰੋਮ ਸੰਧੀ ਦੇ ਤਹਿਤ ਸੰਭਾਵਿਤ ਯੁੱਧ ਅਪਰਾਧ, ਮਨੁੱਖਤਾ ਵਿਰੁੱਧ ਅਪਰਾਧ ਅਤੇ ਹਮਲੇ ਦੇ ਰੂਪ ਵਿਚ ਕਰਨ ਅਤੇ ਜਾਂਚ ਵਿਚ ਜੁਰਮ ਸਾਬਤ ਹੋਣ ਉਪਰੰਤ ਟਰੰਪ ਅਤੇ ਨੇਤਨਯਾਹੂ ਵਿਰੁੱਧ ਗ੍ਰਿਫ਼ਤਾਰੀ ਵਾਰੰਟ ਜਾਰੀ ਕੀਤੇ ਜਾਣ।

# ਪੰਜਾਬ ਨੂੰ ਦਰਪੇਸ਼ ਸਮੱਸਿਆਵਾਂ ਦੇ ਢੰਗਸਾਰ ਹੱਲ ਪੇਸ਼ ਕਰਦੀ ਪੁਸਤਕ – 'ਸਹੁੰ ਪੰਜਾਬ ਦੀ'


**ਪੁਸਤਕ ਸਮੀਖਿਆ**

**ਪ੍ਰੋ. ਪ੍ਰਤਿਭਾ ਗੋਇਲ**
**ਸਾਬਕਾ ਵਾਈਸ ਚਾਂਸਲਰ**
**ਡਾ. ਰਾਮ ਮਨੋਹਰ ਲੋਹੀਆ**
**ਅਵਧ ਯੂਨੀਵਰਸਿਟੀ, ਅਯੋਧਿਆ।**

ਚਿਰਾਂ ਮਗਰੋਂ ਇੱਕ ਵਧੀਆ ਕਿਤਾਬ ਪੜ੍ਹਨ ਲਈ ਮਿਲੀ। ਸ. ਅਮਰਜੀਤ ਗਰੇਵਾਲ ਜੀ ਦੁਆਰਾ ਰਚਿਤ 'ਸਹੁੰ ਪੰਜਾਬ ਦੀ' ਨਾਂ ਦੀ ਇਹ ਪੁਸਤਕ ਪੜ੍ਹਨੀ ਸ਼ੁਰੂ ਕੀਤੀ ਤਾਂ ਪੂਰੀ ਪੜੇ ਬਿਨਾਂ ਨਾ ਰਹਿ ਸਕੀ। ਗਰੇਵਾਲ ਨੇ ਬੜੇ ਰੋਚਕ ਤੇ ਸੂਝਵਾਨ ਤਰੀਕੇ ਨਾਲ ਪੰਜਾਬ ਦੇ ਅਮੀਰ ਵਿਰਸੇ ਦੀ ਗੱਲ ਵਿਸਤਾਰ ਸਹਿਤ ਕੀਤੀ ਹੈ। ਇਸ ਦੇ ਨਾਲ-ਨਾਲ ਅਜੋਕੀਆਂ ਸਮੱਸਿਆਵਾਂ ਦਾ ਯਥਾਰਥਵਾਦੀ ਤੇ ਡੂੰਘਾ ਵਿਸ਼ਲੇਸ਼ਣ ਵੀ ਪੇਸ਼ ਕੀਤਾ ਹੈ। ਲੇਖਕ ਨੇ ਬਾਖੂਬੀ ਦੱਸਿਆ ਹੈ ਕਿ ਇਨ੍ਹਾਂ ਸਮੱਸਿਆਵਾਂ ਵਿਚ ਅਨੇਕਾਂ ਸੰਭਾਵਨਾਵਾਂ ਵੀ ਮੌਜੂਦ ਹਨ। ਕੇਵਲ ਲੋੜ ਹੈ ਉਨ੍ਹਾਂ ਨੂੰ ਪਹਿਚਾਨਣ ਦੀ ਅਤੇ ਸੂਝ-ਬੂਝ ਨਾਲ ਉਨ੍ਹਾਂ ਦਾ ਲਾਭ ਲੈਣ ਦੀ ਦਿਸ਼ਾ ਵੱਲ ਅੱਗੇ ਵਧਣ ਦੀ।

ਆਪਣੀ ਅਗ੍ਹਾਂ-ਵਧੂ ਸੋਚ ਨਾਲ ਪੰਜਾਬੀਆਂ ਨੇ ਹਮੇਸ਼ਾ ਚੈਲੰਜ ਨੂੰ ਸਵੀਕਾਰ ਕੀਤਾ ਹੈ। ਵਿਦੇਸ਼ੀ ਹਮਲਾਵਰਾਂ ਦੇ ਵਿਰੁੱਧ ਢਾਲ ਬਣ ਕੇ ਦੇਸ਼ ਦੀ ਰੱਖਿਆ ਕੀਤੀ ਹੈ। ਹਰ ਹਮਲੇ ਦਾ ਮੂੰਹ ਤੋੜ ਜਵਾਬ ਦਿੱਤਾ ਹੈ। ਸੁਤੰਤਰਤਾ ਸੰਗਰਾਮ ਵਿਚ ਵੱਧ ਚੜ ਕੇ ਕੁਰਬਾਨੀਆਂ ਦਿੱਤੀਆਂ। ਆਜ਼ਾਦੀ ਮਗਰੋਂ ਅੰਨ ਦੀ ਘਾਟ ਨੂੰ ਪੂਰਾ ਕਰਨ ਲਈ ਦੱਬ ਕੇ ਵਾਹਿਆ ਤੇ ਦੇਸ਼ ਨੂੰ ਰੱਜ ਕੇ ਖਵਾਇਆ। ਨਵੀਂ ਤਕਨੀਕਾਂ ਤੇ ਸੁਧਰੇ ਬੀਜਾਂ ਨੂੰ ਅਪਣਾ ਕੇ ਹਰੀ ਕ੍ਰਾਂਤੀ ਦਾ ਸੁਫਨਾ ਸਿੱਧ ਕੀਤਾ। ਵਿਦੇਸ਼ਾਂ ਵਿਚ ਜਾ ਕੇ ਮਿਹਨਤਾਂ ਦੇ ਝੰਡੇ ਗੱਡੇ। ਪੰਜਾਬ ਦੇ ਲੋਕ ਨਵੀਂ ਸੋਚ ਨੂੰ ਲੈ ਕੇ ਹਮੇਸ਼ਾ ਅੱਗੇ ਵਧਦੇ ਰਹੇ ਹਨ। ਜਦੋਂ ਵੀ ਕੋਈ ਔਕੜ ਦਾ ਸਾਹਮਣਾ ਕਰਨਾ ਪਿਆ ਹੈ ਤਾਂ ਮਿਹਨਤ ਅਤੇ ਸਿਦਕ ਸਦਕਾ ਹੋਰ ਵੀ ਨਿਖਰ ਕੇ, ਸੰਵਰ ਕੇ ਸਾਹਮਣੇ ਆਏ ਹਨ। ਦੁਨੀਆਂ ਵਿਚ ਆਪਣੀ ਖੁਸ਼ਹਾਲੀ, ਸੁਹਿਰਦਤਾ ਤੇ ਭਾਈਚਾਰੇ ਦਾ ਪ੍ਰਚਮ ਲਹਿਰਾਇਆ ਹੈ। ਬਕੌਲ ਲੇਖਕ, 'ਪੰਜਾਬ ਉਹ ਦਰਿਆ ਹੈ ਜੋ ਵੱਖੋ-ਵੱਖਰੀਆਂ ਧਰਤੀਆਂ ਨੂੰ ਕੇਵਲ ਸਿੰਜਦਾ ਹੀ ਨਹੀਂ ਸਗੋਂ ਉਨ੍ਹਾਂ ਤਮਾਮ ਧਰਤੀਆਂ ਦੀਆਂ ਖੁਸ਼ਬੂਆਂ ਨੂੰ ਵੀ ਆਪਣੇ ਅੰਦਰ ਲੈ ਕੇ ਤੁਰਦਾ ਹੈ। ਪੰਜਾਬ ਕਿਸੇ ਨਿਸ਼ਚਿਤ ਭੂਗੋਲਿਕ ਚੌਖਟੇ ਦਾ ਨਾਮ ਨਹੀਂ, ਸਗੋਂ ਸਮਾਜਕ ਸਭਿਆਚਾਰਕ, ਆਰਥਿਕ, ਰਾਜਨੀਤਿਕ ਤੇ ਭੂਗੋਲਿਕ ਰਿਸ਼ਤਿਆਂ ਦੇ ਅਸਥਿਰ, ਅਸਥਾਈ ਅਨਿਸ਼ਚਿਤ ਤੇ ਗਤੀਸ਼ੀਲ ਨੈਟਵਰਕ ਦਾ ਨਾਮ ਹੈ।'

ਅਜੋਕੇ ਪੰਜਾਬ ਵਿਚ ਖੇਤੀਬਾੜੀ, ਰੋਜ਼ਗਾਰ, ਨਸ਼ੇ, ਘੱਟਦੀ ਪ੍ਰਤੀ ਵਿਅਕਤੀ ਆਮਦਨ ਆਦਿ ਸਬੰਧੀ ਕਈ ਸਮੱਸਿਆਵਾਂ ਹਨ। ਨਵੀਨ ਟੈਕਨੋਲੋਜੀ ਦੇ ਵਧਣ ਨਾਲ ਮਨਾਂ ਵਿਚ ਆਸ਼ੰਕਾ ਪੈਦਾ ਹੁੰਦੀ ਹੈ ਕਿ ਇਸ ਨਾਲ ਰੋਜ਼ਗਾਰ ਘੱਟ ਜਾਵੇਗਾ। ਪੁਸਤਕ ਵਿਚ ਕਈ ਉਦਾਹਰਨਾਂ ਦੇ ਕੇ ਦੱਸਿਆ ਗਿਆ ਹੈ ਕਿ ਰੋਜ਼ਗਾਰ ਦੇ ਮੌਕੇ ਘਟਣਗੇ ਨਹੀਂ, ਸਿਰਫ ਉਨ੍ਹਾਂ ਦਾ ਪ੍ਰਕਾਰ ਹੀ ਬਦਲੇਗਾ। ਪੁਰਾਣੇ ਕਿਸਮ ਦੇ ਕੰਮਾਂ ਦੀ ਥਾਂ ਨਵੇਂ ਤੇ ਬਿਹਤਰ ਤਰੀਕੇ ਦੇ ਕੰਮ ਲੈ ਲੈਣਗੇ। ਲੇਖਕ ਨੇ ਕਿੰਨਾ ਸੋਹਣਾ ਕਿਹਾ ਹੈ, 'ਸਮੱਸਿਆ ਕਾਢ ਦੀ ਮਾਂ ਹੈ ਤੇ ਕਾਢ ਰੋਜ਼ਗਾਰ ਦੀ ਮਾਂ।'... 'ਮਾਨਵ ਸਮਾਜ ਦੀ ਖੁਸ਼ਹਾਲੀ ਉਸ ਦੀਆਂ ਸਮੱਸਿਆਵਾਂ ਦੇ ਹੱਲ ਨਾਲ ਜੁੜੀ ਹੁੰਦੀ ਹੈ। ਜਿੰਨੀਆਂ ਵੱਡੀਆਂ ਸਮੱਸਿਆਵਾਂ ਹੋਣਗੀਆਂ, ਉਸ ਵਿਚੋਂ ਉਨੇ ਹੀ ਵੱਧ ਰੋਜ਼ਗਾਰ ਦੀਆਂ ਸੰਭਾਵਨਾਵਾਂ ਜਾਗਣਗੀਆਂ। ਜਿੰਨੀ ਦੇਰ ਤੱਕ ਮਾਨਵ ਅਤੇ ਉਸਦੇ ਸਮਾਜਾਂ ਦੀਆਂ ਸਮੱਸਿਆਵਾਂ ਖਤਮ ਨਹੀਂ ਹੋ ਜਾਂਦੀਆਂ, ਉਨੀ ਦੇਰ ਤੱਕ ਰੋਜ਼ਗਾਰ ਦੀਆਂ ਨਵੀਆਂ ਤੋਂ ਨਵੀਆਂ ਸੰਭਾਵਨਾਵਾਂ ਵੀ ਜਨਮ ਲੈਂਦੀਆਂ ਰਹਿਣਗੀਆਂ।' ਗਰੇਵਾਲ ਨੇ ਕਈ ਉਦਾਹਰਨਾਂ ਦੇ ਕੇ ਸਮਝਾਇਆ ਹੈ ਕਿ ਸਮਾਜਕ ਅਤੇ ਆਰਥਿਕ ਨਾ ਬਰਾਬਰੀ, ਜਲਵਾਯੂ ਦੀ ਤਬਦੀਲੀ ਤੇ ਬੇਰੋਜ਼ਗਾਰੀ ਵਰਗੀਆਂ ਅਤਿ ਮੁਸ਼ਕਿਲ ਚੁਣੌਤੀਆਂ ਸਮੇਤ ਮਾਨਵਤਾ ਨੂੰ ਦਰਪੇਸ਼ ਤਮਾਮ ਸਮੱਸਿਆਵਾਂ ਕੇਵਲ ਟੈਕਨੋਲੋਜੀ ਦੇ ਸਹੀ ਉਪਯੋਗ ਰਾਹੀਂ ਹੀ ਹੱਲ ਕੀਤੀਆਂ ਜਾ ਸਕਦੀਆਂ ਹਨ। ਲੇਖਕ ਨੇ ਇਸ ਗੱਲ 'ਤੇ ਜ਼ੋਰ ਦਿੱਤਾ ਹੈ ਕਿ ਸਿੱਖਿਆ ਪ੍ਰਣਾਲੀ ਤੇ ਪਾਠਕਰਮਾਂ ਦਾ ਗਲੋਬਲ ਜੋਬ ਮਾਰਕੀਟ ਨਾਲ ਤਾਲਮੇਲ ਬਿਠਾਇਆ ਜਾਵੇ। ਜਰੂਰੀ ਹੈ ਕਿ ਵਿਦਿਆਰਥੀਆਂ ਵਿਚ ਲਿਖਣ-ਪੜ੍ਹਨ, ਕੋਡਿੰਗ ਗਣਿਤ ਦੀ ਮਜਬੂਤ ਸਮਝ ਦੇ ਨਾਲ ਨਾਲ ਸਿਰਜਨਾਤਮਕ ਤੇ ਆਲੋਚਨਾਤਮਕ ਸੋਚ ਦਾ ਵਿਕਾਸ ਕੀਤਾ ਜਾਵੇ। ਬੇਰੁਜ਼ਗਾਰੀ ਦੀ ਚਿੰਤਾ ਕਰਨ ਦੀ ਥਾਂ ਬੇਕਾਰੀ ਦੀ ਸਮੱਸਿਆ ਨਾਲ ਨਜਿਠਣ ਦੀ ਲੋੜ ਹੈ। ਨੌਕਰੀ ਲੱਭਣ ਦੀ ਥਾਂ ਐਂਟਰੀਪਰਨਿ''ਰਸ਼ਿਪ ਦੀ ਟ੍ਰੇਨਿੰਗ ਜਰੂਰੀ ਹੈ। 'ਇਸ ਸੰਦਰਭ ਵਿਚ ਵਿਦਿਅਕ ਅਦਾਰਿਆਂ ਦਾ ਰੋਲ ਮਹੱਤਵਪੂਰਨ ਹੋਵੇਗਾ। ਸਿੱਖਿਆ ਹੀ ਸਾਡੇ ਭਵਿੱਖ ਦਾ ਫੈਸਲਾ ਕਰੇਗੀ। ਸੰਕਟ ਹੈ, ਸੰਭਾਵਨਾਵਾਂ ਹਨ, ਪਿੜ ਵੀ ਤਿਆਰ ਹੈ। ਨਵਾਂ ਉਸਾਰੂ ਮੋੜ ਕੱਟਣ ਲਈ ਯੂਥ ਦੇ ਇਨੋਵੇਟਿਵ ਅਤੇ ਕ੍ਰੀਏਟਿਵ ਉਪਰਾਲਿਆਂ ਦਾ ਇੰਤਜ਼ਾਰ ਹੈ।




ਆਰਟੀਫਿਸ਼ਅਲ ਇੰਟੈਲੀਜੈਂਸ, ਮਸ਼ੀਨ ਲਰਨਿੰਗ, ਬਿਗ ਡਾਟਾ, ਰੋਬੋਟਿਕ ਟੈਕਨੋਲੋਜੀ ਵਿਚ ਟਰੇਨਿੰਗ ਇੱਕ ਨਵੇਂ ਮਾਈਂਡ ਸੈਟ ਦਾ ਵਿਕਾਸ ਕਰੇਗੀ। ਇਨ੍ਹਾਂ ਨਵੀਆਂ ਤਕਨੀਕਾਂ ਨੂੰ ਅਪਣਾ ਕੇ ਪੰਜਾਬ ਹਰ ਸੰਕਟ ਤੋਂ ਬਾਹਰ ਆ ਸਕਦਾ ਹੈ। ਪਹਿਲੀ ਗਰੀਨ ਰੈਵੋਲਿਊਸ਼ਨ ਨੇ ਸ਼ਰੀਰਿਕ ਕਿਰਤ ਦੀ ਮੰਗ ਪੈਦਾ ਕੀਤੀ ਲੇਕਿਨ ਦੂਜੇ ਹਰੇ ਇਨਕਲਾਬ ਦੀ ਸਫਲਤਾ ਲਈ ਨਵੇਂ ਗਿਆਨ ਅਤੇ ਨਵੀਂ ਟੈਕਨੋਲੋਜੀ ਨਾਲ ਲੈਸ ਪੰਜਾਬੀ ਯੂਥ ਦੀ ਵੱਡੇ ਪੱਧਰ ਤੇ ਜਰੂਰਤ ਹੋਵੇਗੀ। ਸਾਫ-ਸੁਥਰਾ ਵਾਤਾਵਰਣ ਸਨਮਾਨਯੋਗ ਕਿਰਤ, ਸਮਾਜਿਕ ਬਰਾਬਰੀ, ਨੈਤਿਕ ਕਦਰਾਂ-ਕੀਮਤਾਂ, ਜੀਵਨ ਮੁੱਲ, ਆਜ਼ਾਦੀ ਨਾਲ ਜੁੜੀ ਆਰਥਿਕਤਾ, ਰਾਜਨੀਤਿਕ ਤੇ ਸੰਸਕ੍ਰਿਤੀ ਦੇ ਪ੍ਰਿੰਸੀਪਲ ਆਧੁਨਿਕ ਤਰੱਕੀ ਦਾ ਆਧਾਰ ਬਣਨਗੇ।'

ਨਵ ਵਿਕਾਸ ਲਈ ਆਤਮ ਨਿਰਭਰ ਘਰ ਪਰਿਵਾਰ ਅਤੇ ਪਿੰਡ ਦੀ ਮਹੱਤਤਾ ਨੂੰ ਦਰਸਾਇਆ ਗਿਆ ਹੈ। ਖੇਤੀਬਾੜੀ ਦੀ ਵੰਨ ਸੁਵੰਨਤਾ, ਵੈਲਿਊ ਐਡੀਸ਼ਨ, ਖੇਤੀ ਧੰਦਿਆਂ ਦੀ ਲੋਕਧਾਰਾ, ਬ੍ਰਾਂਡ ਡਿਵੈਲਪਮੈਂਟ, ਮਾਰਕੀਟ ਇੰਟੈਲੀਜੈਂਸ, ਮਾਰਕੀਟਿੰਗ, ਰਿਟੇਲਿੰਗ, ਸ਼ਿਲਪਕਾਰੀ ਸਿਰਜਨਾਤਮਕ ਸਨਅਤ ਦੇ ਵਿਕਾਸ, ਪੁਰਜ਼ੋਰ ਤਰੀਕੇ ਨਾਲ ਅੱਗੇ ਵਧਣ ਦੇ ਸੁਝਾਓ ਦਿੱਤੇ ਗਏ ਹਨ। ਨੌਜਵਾਨਾਂ ਦੀ ਸ਼ਕਤੀ ਵਿਚ ਗਹਿਰਾ ਵਿਸ਼ਵਾਸ ਰਖਦਿਆਂ ਸ. ਅਮਰਜੀਤ ਗਰੇਵਾਲ ਨੇ ਲਿਖਿਆ ਹੈ ਕਿ ਸਿਰਜਨਾਤਮਕ ਅਰਥਚਾਰਾ ਪੰਜਾਬ ਦੀ ਦੂਜੀ ਆਜ਼ਾਦੀ ਦਾ ਐਲਾਨ ਹੈ। ਬਹੁਤ ਸੁੰਦਰ ਤਰੀਕੇ ਨਾਲ ਕਵਿਤਾ ਦੇ ਮਾਧਿਅਮ ਰਾਹੀਂ ਲੇਖਕ ਨੇ ਕਿਹਾ ਹੈ-

'ਦੁਨੀਆ ਬਦਲ ਰਹੀ ਹੈ
ਉਹ ਯੁਗ ਬੀਤ ਗਿਆ
ਜਿੱਥੇ ਤਾਕਤ ਮਸ਼ੀਨਾਂ ਦੇ ਸ਼ੋਰ ਵਿਚ ਵੱਸਦੀ ਸੀ
ਹੁਣ ਤਾਕਤ ਤਸਵੀਰਾਂ ਕਥਾਵਾਂ ਸੁਰਾਂ ਰੰਗਾਂ ਵਿਚਾਰਾਂ
ਅਤੇ ਇੱਕ ਨੌਜਵਾਨ ਦੇ ਮੋਬਾਈਲ ਚ ਕੈਦ ਸਿਰਜਨਾਤਮਕ ਚਮਕ ਵਿਚ ਧੜਕਦੀ ਹੈ।
ਅੱਜ ਲੜਾਈ ਵੱਖਰੀ ਹੈ-
ਇਹ ਮਨ ਦੀਆਂ ਬੇੜੀਆਂ ਤੋੜਨ ਦੀ ਲੜਾਈ ਹੈ
ਜਿੱਥੇ ਨੌਜਵਾਨ ਆਪਣੇ ਆਪ ਨੂੰ ਸਿਰਫ ਨੌਕਰੀ ਦੇ ਉਮੀਦਵਾਰ ਨਹੀਂ
ਰਚਨਾਕਾਰ ਸਾਜਗਾਰ ਇੱਕ ਨਵੇਂ ਅਰਥ ਚਾਰੇ ਦੇ ਸੰਸਥਾਪਕ ਵਜੋਂ ਦੇਖਣਗੇ।'

ਇਹ ਕਿਤਾਬ ਪੰਜਾਬ ਦੇ ਮੌਜੂਦਾ ਸਮਾਜਿਕ, ਆਰਥਿਕ ਅਤੇ ਸਾਂਸਕ੍ਰਿਤਿਕ ਸੰਕਟਾਂ ਦੀ ਗਹਿਰਾਈ ਨਾਲ ਪੜਤਾਲ ਕਰਦੀ ਹੈ। ਲੇਖਕ ਨੇ ਬੇਰੁਜ਼ਗਾਰੀ, ਕਿਸਾਨੀ ਸੰਕਟ, ਨਸ਼ੇ ਦੀ ਸਮੱਸਿਆ ਅਤੇ ਯੁਵਾਵਾਂ ਦੇ ਪ੍ਰਵਾਸ ਵਰਗੇ ਗੰਭੀਰ ਮੁੱਦਿਆਂ ਨੂੰ ਤੱਥਾਂ ਅਤੇ ਤਰਕਾਂ ਦੇ ਆਧਾਰ 'ਤੇ ਪੇਸ਼ ਕੀਤਾ ਹੈ।

ਕਿਤਾਬ ਦੀ ਸਭ ਤੋਂ ਵੱਡੀ ਵਿਸ਼ੇਸ਼ਤਾ ਇਹ ਹੈ ਕਿ ਲੇਖਕ ਸਿਰਫ਼ ਸਮੱਸਿਆਵਾਂ ਦੀ ਗਿਣਤੀ ਨਹੀਂ ਕਰਦਾ, ਸਗੋਂ ਉਨ੍ਹਾਂ ਦੇ ਢੰਗਸਾਰ ਹੱਲ ਵੀ ਪੇਸ਼ ਕਰਦਾ ਹੈ। ਉਹ ਤਕਨਾਲੋਜੀ ਦੇ ਸੁਚੱਜੇ ਇਸਤੇਮਾਲ, ਹੁਨਰ ਵਿਕਾਸ ਅਤੇ ਉਦਯਮਿਤਾ ਨੂੰ ਪੰਜਾਬ ਦੇ ਭਵਿੱਖ ਲਈ ਮਜ਼ਬੂਤ ਹੱਲ ਵਜੋਂ ਦਰਸਾਉਂਦਾ ਹੈ। ਲੇਖਕ ਦਾ ਮੰਨਣਾ ਹੈ ਕਿ ਆਧੁਨਿਕ ਤਕਨਾਲੋਜੀ ਰਾਹੀਂ ਕਿਸਾਨੀ ਨੂੰ ਨਵੀਂ ਦਿਸ਼ਾ ਦਿੱਤੀ ਜਾ ਸਕਦੀ ਹੈ ਅਤੇ ਨੌਜਵਾਨਾਂ ਨੂੰ ਰੋਜ਼ਗਾਰ ਦੇ ਨਵੇਂ ਮੌਕੇ ਪ੍ਰਦਾਨ ਕੀਤੇ ਜਾ ਸਕਦੇ ਹਨ। ਇਸ ਤੋਂ ਇਲਾਵਾ, ਹੁਨਰ ਵਿਕਾਸ ਪ੍ਰੋਗਰਾਮਾਂ ਰਾਹੀਂ ਜਵਾਨੀ ਦੀ ਯੋਗਤਾ ਨੂੰ ਵਧਾਇਆ ਜਾ ਸਕਦਾ ਹੈ, ਤਾਂ ਜੋ ਉਹ ਖੁਦ ਦਾ ਰੋਜ਼ਗਾਰ ਸ਼ੁਰੂ ਕਰ ਸਕਣ। ਉਦਯਮਿਤਾ ਨੂੰ ਉਤਸ਼ਾਹਿਤ ਕਰਕੇ ਪੰਜਾਬ ਵਿਚ ਆਰਥਿਕ ਗਤੀਸ਼ੀਲਤਾ ਨੂੰ ਵਧਾਇਆ ਜਾ ਸਕਦਾ ਹੈ।


ਭਾਸ਼ਾ ਸਰਲ, ਸਪਸ਼ਟ ਅਤੇ ਤਰਕਸੰਗਤ ਹੈ, ਜਿਸ ਕਰਕੇ ਕਿਤਾਬ ਹਰ ਵਰਗ ਦੇ ਪਾਠਕ ਲਈ ਪੜ੍ਹਨਯੋਗ ਬਣ ਜਾਂਦੀ ਹੈ। ਕਿਤਾਬ ਵਿਚ ਦਿੱਤੇ ਉਦਾਹਰਣ ਅਤੇ ਅੰਕੜੇ ਲੇਖਕ ਦੀ ਗਹਿਰੀ ਸਮਝ ਨੂੰ ਦਰਸਾਉਂਦੇ ਹਨ।

ਕੁੱਲ ਮਿਲਾ ਕੇ, ਇਹ ਕਿਤਾਬ ਪੰਜਾਬ ਦੇ ਭਵਿੱਖ ਬਾਰੇ ਸੋਚਣ ਲਈ ਪ੍ਰੇਰਿਤ ਕਰਦੀ ਹੈ ਅਤੇ ਨਵੀਂ ਦਿਸ਼ਾ ਦਿੰਦੀ ਹੈ। ਇਹ ਰਚਨਾ ਵਿਦਿਆਰਥੀਆਂ, ਨੀਤੀ-ਨਿਰਧਾਰਕਾਂ ਅਤੇ ਸਮਾਜਿਕ ਚਿੰਤਕਾਂ ਲਈ ਵਿਸ਼ੇਸ਼ ਤੌਰ 'ਤੇ ਲਾਭਕਾਰੀ ਸਾਬਤ ਹੋ ਸਕਦੀ ਹੈ।

# ਇਰਾਨੀ-ਅਫ਼ਗਾਨੀ ਔਰਤਾਂ ਦਾ ਬਿਆਨ

***ਇਰਾਨੀ ਤੇ ਅਫ਼ਗਾਨੀ ਔਰਤਾਂ ਦੇ 'ਓਸੀਅਨ'(ਬਗਾਵਤ) ਨਾਮ ਦੇ ਗਰੁੱਪ ਨੇ 28 ਫ਼ਰਵਰੀ ਨੂੰ, ਅਮਰੀਕਾ-ਇਜ਼ਰਾਈਲ ਵਲੋਂ ਈਰਾਨ 'ਤੇ ਕੀਤੇ ਹਮਲੇ ਨਾਲ ਸ਼ੁਰੂ ਹੋਈ ਜੰਗ ਸਬੰਧੀ ਇਕ ਬਿਆਨ ਜਾਰੀ ਕੀਤਾ ਹੈ, ਜਿਸ ਦਾ ਪੰਜਾਬੀ ਅਨੁਵਾਦ ਸਾਡੇ ਕਾਲਮਨਵੀਸ ਪਰਮਜੀਤ ਰੋਡੇ ਨੇ 'ਪੰਜਾਬ ਟਾਈਮਜ਼' ਦੇ ਪਾਠਕਾਂ ਲਈ ਕੀਤਾ ਹੈ।***

ਇਸ ਸਿਸਟਮ ਦੇ ਖ਼ੂਨੀ-ਜ਼ਾਲਮ ਸਾਡੀ ਹੋਣੀ ਦੇ ਮਾਲਕ ਬਣ ਬੈਠੇ ਹਨ, ਅਤੇ ਬੜੀ ਢੀਠਤਾਈ ਨਾਲ ਲੋਕਾਂ ਨੂੰ ਕਹਿ ਰਹੇ ਹਨ, 'ਘਰਾਂ ਤੋਂ ਬਾਹਰ ਨਾ ਨਿਕਲੋ ਕਿਉਂਕਿ ਹਰ ਥਾਂ ਬੰਬ ਬਰਸ ਰਹੇ ਹਨ। ਕੰਮ ਨਿਪਟਾਉਣ ਤੋਂ ਬਾਅਦ ਥੋਨੂੰ ਸੂਚਿਤ ਕਰ ਦਿੱਤਾ ਜਾਵੇਗਾ।' (ਟਰੰਪ) ਤੁਸੀਂ ਅਤੇ ਤੁਹਾਡਾ ਸਿਸਟਮ,



**ਅਨੁਵਾਦਕ: ਪਰਮਜੀਤ ਰੋਡੇ**
**ਫੋਨ: 737-274-2370**

ਇਰਾਨ ਅਤੇ ਦੁਨੀਆ ਦੇ ਦੱਬੇ-ਕੁਚਲੇ ਲੋਕਾਂ ਨਾਲ ਆਖ਼ਰ ਕਦੋਂ ਹਿਸਾਬ-ਕਿਤਾਬ ਕਰੇਗਾ? ਉਸ ਗ੍ਰਹਿ (ਧਰਤੀ) ਨੂੰ ਕਦੋਂ ਲੇਖਾ ਦੇਵੋਗੇ ਜਿਸ ਨੂੰ ਤੁਸੀਂ ਅੱਗ ਲਾਈ ਹੋਈ ਹੈ? ਤੇਲ 'ਤੇ ਡਾਕਾ ਅਤੇ ਕਾਮਿਆਂ, ਮਜ਼ਦੂਰਾਂ ਅਤੇ ਬੇਰੁਜ਼ਗਾਰਾਂ ਦੀ ਰੱਤ ਚੂਸਣ ਲਈ ਤੁਹਾਡੀਆਂ ਬਰਾਸ਼ਾਂ ਹਰ ਸਮੇਂ ਖੁੱਲ੍ਹੀਆਂ ਹਨ! ਅਤੇ ਹੁਣ ਸਾਨੂੰ ਕਹਿ ਰਹੇ ਹੋ ਕਿ ਹਰ ਥਾਂ ਬੰਬ ਬਰਸ ਰਹੇ ਹਨ! ਸੱਚ ਇਹ ਹੈ ਕਿ ਤੁਹਾਡੇ ਵਲੋਂ ਚੁੱਕਿਆ ਹਰ ਕਦਮ ਜ਼ਿੰਦਗੀਆਂ ਤਬਾਹ ਕਰ ਰਿਹਾ ਹੈ (ਹੁਣ ਤਕ 'ਮਿਨਾਬ' ਦੇ ਪ੍ਰਾਇਮਰੀ ਸਕੂਲ ਦੀਆਂ 42 ਬੱਚੀਆਂ ਮਾਰੀਆਂ ਜਾ ਚੁੱਕੀਆਂ ਹਨ) ਅਤੇ ਤੁਸੀਂ 'ਕਾਮ ਤਮਾਮ ਕਰਨ' ਦੀਆਂ ਸ਼ੇਖੀਆਂ ਮਾਰ ਰਹੇ ਹੋ।'

### ਇਹ ਲੜਾਈ ਪਹਿਲਾਂ 13 ਦਿਨ ਚੱਲੀ ਲੜਾਈ ਵਰਗੀ ਨਹੀਂ

ਅਮਰੀਕਾ ਨੇ ਇਰਾਨ ਅਤੇ ਮੱਧ ਪੂਰਬ 'ਤੇ ਮੁਕੰਮਲ ਕਬਜ਼ਾ ਕਰਨ ਲਈ ਆਖ਼ਰੀ ਕਦਮ ਵਜੋਂ ਫੌਜੀ ਕਾਰਵਾਈ ਸ਼ੁਰੂ ਕਰ ਦਿੱਤੀ ਹੈ। ਕੁਝ ਹੀ ਦਿਨ ਪਹਿਲਾਂ, ਟਰੰਪ ਨੇ ਹੰਕਾਰੀ ਲਹਿਜ਼ੇ 'ਚ ਐਲਾਨ ਕੀਤਾ ਸੀ, 'ਜੇ ਅਸੀਂ ਇਸਲਾਮਿਕ ਰਿਪਬਲਿਕ ਨਾਲ ਕਿਸੇ ਸਮਝੌਤੇ 'ਤੇ ਨਾ ਪਹੁੰਚੇ ਤਾਂ ਬਦਕਿਸਮਤੀ ਨਾਲ ਇਹ ਇਰਾਨ ਅਤੇ ਉਸ ਦੇ ਲੋਕਾਂ ਲਈ ਬੁਰਾ ਦਿਨ ਹੋਵੇਗਾ।' ਇਧਰ ਇਸਲਾਮਿਕ ਰਿਪਬਲਿਕ ਨੇ ਇਹ ਜਾਣਦੇ ਹੋਏ ਕਿ ਗੱਲਬਾਤ 'ਚ ਆਤਮ-ਸਮਰਪਣ ਕਰਨ ਦਾ ਮਤਲਬ ਹੈ ਉਸ ਦਾ ਖਾਤਮਾ! ਇਸ ਲਈ ਉਸਨੇ ਲੋਕਾਂ ਨੂੰ ਇਸ ਤਬਾਹੀ ਭਰੀ ਜੰਗ 'ਚ ਝੋਕਣਾ ਹੀ ਠੀਕ ਸਮਝਿਆ। 2025 ਦੀ ਜੰਗ ਵਾਂਗ ਲੜਨ ਦੀ ਥਾਂ, ਇਸ ਵਾਰ ਇਸਨੇ, ਇਸ ਖੇਤਰ 'ਚ ਸਥਾਪਿਤ ਅਮਰੀਕਾ ਦੇ ਸਾਰੇ ਅੱਡਿਆਂ 'ਤੇ ਧਾਵਾ ਬੋਲ ਦਿੱਤਾ ਹੈ।

ਪਰੰਤੂ ਇਹ ਲੜਾਈ ਟਰੰਪ ਅਤੇ ਖਾਮਨੇਈ ਦੇ ਫੈਸਲੇ ਦਾ ਸਿੱਟਾ ਨਹੀਂ; ਇਹ ਆਪਣੀ ਹੋਂਦ ਨੂੰ ਬਚਾਉਣ ਲਈ ਜੰਗ, ਲੁੱਟ ਅਤੇ ਦਾਬਾ ਬਣਾਈ ਰੱਖਣ ਲਈ ਸਮੁੱਚੇ ਸਾਮਰਾਜ-ਸਰਮਾਏਦਾਰ ਸਿਸਟਮ ਦੇ ਤਰਕ ਦੀ ਪੈਦਾਇਸ਼ ਹੈ। ਜੇ ਗੱਲ ਇਸੇ ਰਾਹ ਅੱਗੇ ਵਧਦੀ ਹੈ ਤਾਂ ਵੱਡੀ ਪੱਧਰ ਦੀ ਲੜਾਈ, ਬਹੁਤੀ ਦੂਰ ਨਹੀਂ! ਕੋਈ ਨਹੀਂ ਜਾਣਦਾ ਕਿ ਇਸ ਹਮਲੇ ਦਾ ਅੰਤ ਕਿਸ ਤਰ੍ਹਾਂ ਦਾ ਹੋਵੇਗਾ ਪਰ ਇਹ ਗੱਲ ਸਾਫ ਹੈ ਕਿ ਦੋਵੇਂ ਧਿਰਾਂ ਲੋਕਾਂ ਨੂੰ ਭਿਆਨਕ ਤਬਾਹੀ ਅਤੇ ਖ਼ੂਨ-ਖ਼ਰਾਬੇ ਵੱਲ ਧੱਕਣ ਲਈ ਪੂਰੀ ਤਰ੍ਹਾਂ ਤਿਆਰ ਹਨ।

### ਇਸ ਸਭ ਦੀ ਇਜਾਜ਼ਤ ਨਹੀਂ ਦਿੱਤੀ ਜਾ ਸਕਦੀ!

ਇਜ਼ਰਾਈਲ ਅਤੇ ਅਮਰੀਕਾ ਦੀ ਕਤਲੇਆਮ ਤੇ ਤਬਾਹੀ ਦੀ ਮਸ਼ੀਨ ਦੇ ਬੁਲਾਰੇ ਵਜੋਂ 'ਰਜ਼ਾ ਪਾਲਵੀ' ਇਸ ਵੱਡੇ, ਗ਼ੈਰਕਾਨੂੰਨੀ ਅਤੇ ਗੈਰ-ਮਨੁੱਖੀ ਹਮਲੇ ਨੂੰ 'ਮਨੁੱਖਤਾਵਾਦੀ ਦਖਲਅੰਦਾਜ਼ੀ' ਕਹਿ ਰਿਹਾ ਹੈ ਅਤੇ ਪਿਛਲੇ ਮਹੀਨੇ ਜ਼ਾਲਮ ਇਸਲਾਮਿਕ ਰਿਪਬਲਿਕ ਵਲੋਂ ਕੀਤੇ ਕਤਲੇਆਮ ਦਾ ਜ਼ਿਕਰ ਕਰਦਿਆਂ, ਦਾਅਵੇ ਨਾਲ ਲੋਕਾਂ 'ਚ ਝੂਠ ਪਰੋਸ ਰਿਹਾ ਹੈ ਕਿ ਇਹ ਸਭ ਕੁਝ ਤੁਹਾਡੀ 'ਸਹਾਇਤਾ' ਲਈ ਹੀ ਹੋ ਰਿਹਾ ਹੈ। ਅਸੀਂ ਕਹਿੰਦੇ ਹਾਂ ਕਿ ਲੋਕਾਂ ਨੂੰ ਧੋਖਾ ਦੇਣ ਲਈ ਝੂਠੀ ਤਸਵੀਰ ਦਿਖਾਉਣੀ ਬੰਦ ਕਰੋ! ਤੁਸੀਂ 'ਹਮਲੇ' ਨੂੰ 'ਮਦਦ', 'ਤਸ਼ੱਦਦ' ਨੂੰ 'ਅਜ਼ਾਦੀ' ਅਤੇ 'ਪਿਛਾਖੜੀ ਵਾਪਸੀ' ਨੂੰ 'ਇਨਕਲਾਬ' ਕਹਿ ਰਹੇ ਹੋ ਜਦੋਂ ਕਿ 'ਇਲਾਕਾਈ ਇਕਜੁੱਟਤਾ' ਦੀ ਗੱਲ ਕਰਨ ਲਈ ਤੁਹਾਡੇ ਮੂੰਹ ਬੰਦ ਹਨ। ਪਰ ਇਰਾਨ 'ਤੇ ਅਮਰੀਕਾ ਦੇ ਹਮਲੇ ਦੀ ਤੁਸੀਂ ਬੱਲੇ-ਬੱਲੇ ਕਰ ਰਹੇ ਹੋ। ਅਸੀਂ ਤੁਹਾਨੂੰ ਇਰਾਨ ਦੇ ਲੋਕਾਂ ਦੇ ਹੱਕੀ ਸੰਘਰਸ਼ ਨੂੰ ਅਗਵਾ ਕਰਕੇ ਗਲੋਬਲ ਜ਼ਾਲਮਾਂ ਦੇ ਬੰਧਕ ਬਣਾਉਣ ਦੀ ਇਜਾਜ਼ਤ ਨਹੀਂ ਦੇਵਾਂਗੇ।

### ਇਸਲਾਮਿਕ ਰਿਪਬਲਿਕ ਰਹਿਣੀ ਨਹੀਂ ਚਾਹੀਦੀ!

ਪਿਛਲੇ 47 ਸਾਲਾਂ ਤੋਂ ਇਸਲਾਮਿਕ ਰਾਜ ਦੇ ਹਾਕਮਾਂ ਨੇ ਆਜ਼ਾਦੀ ਅਤੇ ਸਾਮਰਾਜ-ਵਿਰੋਧ ਦਾ ਬਾਣਾ ਪਹਿਨ ਕੇ ਲੋਕਾਂ ਦੀਆਂ ਜ਼ਿੰਦਗੀਆਂ ਨੂੰ ਕੈਦ ਕਰ ਰੱਖਿਆ ਹੈ! ਹੁਣ ਵਰਗੀ ਕਮਜ਼ੋਰ ਸਥਿਤੀ 'ਚ ਇਹ ਆਪਣੇ ਲੋਕਾਂ ਨੂੰ ਖ਼ੁਦ ਵੀ ਮਾਰ ਸਕਦੇ, ਜਾਂ ਫਿਰ ਇਨ੍ਹਾਂ ਜੰਗ ਦੀਆਂ ਹਾਲਤਾਂ 'ਚ ਜਬਰ-ਤਸ਼ੱਦਦ 'ਚ ਵਾਧਾ ਕਰ ਸਕਦੇ ਹਨ, ਨਹੀਂ ਤਾਂ ਜੰਗੀ ਮਸ਼ੀਨਰੀ ਮੂਹਰੇ ਲੋਕਾਂ ਨੂੰ ਬੇਸਹਾਰਾ ਵੀ ਛੱਡ ਸਕਦੇ ਹਨ। ਇਸ ਇਸਲਾਮਿਕ ਰਿਪਬਲਿਕ ਨੇ, ਲੋਕਾਂ ਨੂੰ ਦਰਪੇਸ਼ ਭਿਆਨਕ ਦਹਿਸ਼ਤ ਦੇ ਖ਼ਿਲਾਫ਼ ਉਨ੍ਹਾਂ ਦੇ ਸੰਘਰਸ਼ ਨੂੰ ਕਮਜ਼ੋਰ ਕੀਤਾ ਹੈ ਅਤੇ ਉਨ੍ਹਾਂ ਨੂੰ ਸਿਰਫ਼ 'ਅੰਕਾਂ' ਅਤੇ 'ਪੀੜਤਾਂ' 'ਚ ਤਬਦੀਲ ਕਰ ਦਿੱਤਾ ਹੈ।

ਅਸੀਂ, ਨਾ ਤਾਂ ਟਰੰਪ ਅਤੇ ਉਸ ਦੇ ਗੈਂਗ ਦੇ ਹੁਕਮ 'ਤੇ ਸੰਘਰਸ਼ ਤੋਂ ਲਾਂਭੇ ਹੋ ਕੇ ਬੈਠਾਂਗੇ, ਅਤੇ ਨਾ ਹੀ ਖਾਮਨੇਈ ਦੇ ਹੁਕਮ 'ਤੇ 'ਕੌਮੀ ਲੜਾਈ' ਦੇ ਪਿੱਛੇ ਫਾਲਨ ਹੋਵਾਂਗੇ! ਅਸੀਂ ਜ਼ੁਲਮ ਅਤੇ ਸਾਮਰਾਜੀ ਤਰਕੀਬਾਂ ਦੇ ਖ਼ਿਲਾਫ਼ ਜਥੇਬੰਦ ਹੋਵਾਂਗੇ ਅਤੇ ਇਸ ਤਰ੍ਹਾਂ ਕਰਦਿਆਂ, ਇਸਲਾਮਿਕ ਰਿਪਬਲਿਕ ਨੂੰ ਉਲਟਾਉਣਾ ਵੀ ਸਾਡੇ ਸੰਘਰਸ਼ ਦਾ ਜ਼ਰੂਰੀ ਹਿੱਸਾ ਹੋਵੇਗਾ! ਸਾਡੇ ਹਿਤ ਇਸ ਸਿਸਟਮ ਦੀ ਸਮੁੱਚਤਾ ਖ਼ਿਲਾਫ਼ ਲੜਨ 'ਚ ਹਨ, ਨਾ ਕਿ ਦੋਵਾਂ ਧਰੁਵਾਂ 'ਚੋਂ ਇਕ ਦੀ ਪੂਛ ਬਣਨ 'ਚ! ਇਹ ਦੋਵੇਂ ਧਰੁਵ ਇਕ ਦੂਜੇ ਨੂੰ ਤਾਕਤ ਬਖਸ਼ ਰਹੇ ਹਨ।

## ਇਰਾਨ ਉੱਪਰ ਹਮਲਾ...

*(ਪਿਛਲੇ ਸਫੇ ਦਾ ਬਾਕੀ)*

ਉੱਠਣ ਦੀਆਂ ਅਹਿਮ ਰਿਪੋਰਟਾਂ ਵੀ ਬਾਹਰ ਆਉਣੀਆਂ ਸ਼ੁਰੂ ਹੋ ਗਈਆਂ ਹਨ, ਜੋ ਇਰਾਨ ਦੇ ਤਿੱਖੇ ਪ੍ਰਤੀਕਰਮ ਨਾਲ ਅਮਰੀਕੀ ਪ੍ਰਸ਼ਾਸਨ 'ਚ ਯੁੱਧ ਦੇ ਲਮਕਣ ਦੀ ਵਧ ਰਹੀ ਫ਼ਿਕਰਮੰਦੀ ਦੀਆਂ ਸੂਚਕ ਹਨ। ਵੀਅਤਨਾਮ ਅਤੇ ਅਫ਼ਗਾਨਿਸਤਾਨ ਵਿਚ ਹੋਈ ਨਮੋਸ਼ੀ ਦੀਆਂ ਯਾਦਾਂ ਨਾਲ ਉਨ੍ਹਾਂ ਦੀ ਨੀਂਦ ਹਰਾਮ ਹੋਣੀ ਸੁਭਾਵਿਕ ਹੈ।

ਬੇਸ਼ੱਕ ਅਮਰੀਕੀ-ਇਜ਼ਰਾਇਲੀ ਗੱਠਜੋੜ ਆਪਣੀ ਹਥਿਆਰਬੰਦ ਤਾਕਤ ਦੇ ਜ਼ੋਰ ਇਰਾਨ ਨੂੰ ਵਕਤੀ ਤੌਰ 'ਤੇ ਹਰਾ ਵੀ ਦੇਵੇ ਪਰ ਸ਼ਾਨਦਾਰ ਸਾਮਰਾਜਵਾਦ-ਵਿਰੋਧੀ ਰਵਾਇਤਾਂ ਵਾਲੇ 9 ਕਰੋੜ ਤੋਂ ਵੱਧ ਇਰਾਨੀ ਲੋਕ ਅਮਰੀਕੀ ਸਾਮਰਾਜਵਾਦ ਅੱਗੇ ਹਰਗਿਜ਼ ਨਹੀਂ ਝੁਕਣਗੇ ਅਤੇ ਆਪਣੀ ਪ੍ਰਭੂਸੱਤਾ ਤੇ ਆਜ਼ਾਦ ਹੈਸੀਅਤ ਦੀ ਰਾਖੀ ਲਈ ਜਾਨ-ਹੂਲਵਾਂ ਸੰਘਰਸ਼ ਜਾਰੀ ਰੱਖਣਗੇ। ਅਜਿਹੇ ਸੰਘਰਸ਼ ਜਿੱਤ ਨਾਲੋਂ ਦੁਸ਼ਟ ਸਾਮਰਾਜੀਆਂ ਵਿਰੁੱਧ ਡਟੇ ਰਹਿਣ ਦੇ ਪੱਖੋਂ ਵਧੇਰੇ ਮਹੱਤਵ ਰੱਖਦੇ ਹਨ। ਪਰ ਆਖ਼ਿਰਕਾਰ ਅਮਰੀਕੀ ਸਾਮਰਾਜੀਆਂ (ਅਤੇ ਉਨ੍ਹਾਂ ਦੇ ਜੋਟੀਦਾਰ ਇਜ਼ਰਾਇਲੀ ਸਟੇਟ) ਨੂੰ ਵੀਅਤਨਾਮ ਤੇ ਅਫ਼ਗਾਨਿਸਤਾਨ ਦੀ ਤਰ੍ਹਾਂ ਇੱਥੋਂ ਵੀ ਮੂੰਹ ਭੰਨਾ ਕੇ ਨਮੋਸ਼ੀ ਨਾਲ ਭੱਜਣਾ ਪਵੇਗਾ।


ਦੁਨੀਆ ਭਰ ਦੀਆਂ ਸਾਮਰਾਜਵਾਦ ਵਿਰੋਧੀ ਤਾਕਤਾਂ ਇਸ ਧਾੜਵੀ ਹਮਲੇ ਵਿਰੁੱਧ ਜ਼ੋਰਦਾਰ ਆਵਾਜ਼ ਉਠਾ ਰਹੀਆਂ ਹਨ। ਰੂਸ ਅਤੇ ਚੀਨ ਨੇ ਵੀ ਹਮਲੇ ਦੀ ਨਿਖੇਧੀ ਕੀਤੀ ਹੈ। ਅਮਰੀਕੀ-ਇਜ਼ਰਾਇਲੀ ਗੱਠਜੋੜ ਵਿਰੁੱਧ ਦੁਨੀਆ ਵਿਚ ਕਤਾਰਬੰਦੀ ਹੋਣੀ ਤੈਅ ਹੈ ਜੋ ਅਮਰੀਕੀ-ਇਜ਼ਰਾਇਲੀ ਮਨਸੂਬਿਆਂ ਲਈ ਪ੍ਰੇਸ਼ਾਨੀ ਬਣੇਗੀ। ਇਰਾਨ ਦੀ ਪ੍ਰਭੂਸੱਤਾ ਉੱਪਰ ਘਿਣਾਉਣੇ ਨਸਲਪ੍ਰਸਤ ਸਾਮਰਾਜੀ ਹਮਲੇ ਅਤੇ ਇਰਾਨੀ ਆਗੂਆਂ ਦੇ ਬੁਜ਼ਦਿਲ ਤਰੀਕੇ ਨਾਲ ਕੀਤੇ ਕਤਲਾਂ ਦੀ ਸਖ਼ਤ ਨਿਖੇਧੀ ਕਰਨਾ ਅਤੇ ਇਰਾਨ ਦੇ ਸਾਮਰਾਜਵਾਦ ਵਿਰੋਧੀ ਲੋਕਾਂ ਨਾਲ ਇਕਮੁੱਠਤਾ ਪ੍ਰਗਟਾਉਣਾ ਦੁਨੀਆ ਭਰ ਦੇ ਇਨਸਾਫ਼ਪਸੰਦ ਲੋਕਾਂ ਦਾ ਫਰਜ਼ ਹੈ। ਜੇ ਇਸ ਧਾੜਵੀ ਹਮਲੇ ਵਿਰੁੱਧ ਮਜ਼ਬੂਤ ਲਹਿਰ ਨਹੀਂ ਉਸਾਰੀ ਜਾਂਦੀ ਤਾਂ ਭੂਤਰੇ ਹੋਏ ਅਮਰੀਕੀ-ਇਜ਼ਰਾਇਲੀ ਹੁਕਮਰਾਨ ਆਉਣ ਵਾਲੇ ਦਿਨਾਂ ਵਿਚ ਹੋਰ ਕਮਜ਼ੋਰ ਮੁਲਕਾਂ ਨੂੰ ਵੀ ਨਿਸ਼ਾਨਾ ਬਣਾਉਣਗੇ।

# ਰਿਸ਼ਤੇ ਕਦੀ ਮਰਦੇ ਨਹੀਂ: ਨਿਰੰਜਨ ਢੇਸੀ ਨੂੰ ਯਾਦ ਕਰਦਿਆਂ...

**ਸ਼ਰਧਾਂਜਲੀ**

***ਸ. ਨਿਰੰਜਨ ਸਿੰਘ ਢੇਸੀ, 'ਪੰਜਾਬ ਟਾਈਮਜ਼' ਦੇ ਵੱਡੇ ਮੱਦਾਹ ਅਤੇ ਸ਼ੁਭ ਚਿੰਤਕ ਸਨ। ਉਹ ਸ. ਅਮੋਲਕ ਸਿੰਘ ਜੰਮੂ ਦੇ ਬਹੁਤ ਕਰੀਬ ਸਨ। ਉਨ੍ਹਾਂ ਦੀ ਪੰਜਵੀਂ ਬਰਸੀ 'ਤੇ ਅਦਾਰਾ 'ਪੰਜਾਬ ਟਾਈਮਜ਼' ਉਨ੍ਹਾਂ ਨੂੰ ਸ਼ਰਧਾਂਜਲੀ ਭੇਟ ਕਰਦਿਆਂ, ਕੁਲਵਿੰਦਰ ਖਹਿਰਾ ਦਾ ਉਨ੍ਹਾਂ ਬਾਰੇ ਲਿਖਿਆ ਇਕ ਸੰਵੇਦਨਸ਼ੀਲ ਲੇਖ ਆਪਣੇ ਪਾਠਕਾਂ ਦੇ ਰੂਬਰੂ ਕਰ ਰਿਹਾ ਹੈ।***

'ਨਿਰੰਜਨ ਢੇਸੀ'...ਮੈਨੂੰ ਇਹ ਤੇ ਯਾਦ ਨਹੀਂ ਕਿ ਮੈਂ ਇਹ ਨਾਂ ਪਹਿਲੀ ਵਾਰ ਕਦੋਂ ਸੁਣਿਆ ਸੀ, ਪਰ ਏਨਾ ਜ਼ਰੂਰ ਪਤਾ ਹੈ ਕਿ ਇਹ ਨਾਂ ਮੇਰੀਆਂ ਮੁਢਲੀਆਂ ਯਾਦਾਂ ਦਾ ਹਿੱਸਾ ਹੈ ਕਿਉਂਕਿ ਸੁਰਤ ਸੰਭਾਲਦਿਆਂ ਹੀ ਇਹ ਨਾਂ ਮੈਂ ਅਕਸਰ ਹੀ ਆਪਣੇ ਪਰਿਵਾਰ, ਖ਼ਾਸ ਕਰਕੇ ਬਾਬੇ ਦੇ ਮੂੰਹੋਂ ਸੁਣਿਆ ਕਰਦਾ ਸੀ। ਫਿਰ ਪਤਾ ਲੱਗਾ ਕਿ ਨਿਰੰਜਨ ਢੇਸੀ ਮੇਦੇ ਪਿੰਡ ਦਾ 'ਮੁੰਡਾ' ਹੈ ਜੋ ਮੇਰੇ ਚਾਚੇ ਕਰਨੈਲ ਦਾ ਹਾਈ ਸਕੂਲ ਦਾ ਯਾਰ ਹੈ ਤੇ ਉਸਦੇ ਨਾਲ਼ ਹੀ



**ਕੁਲਵਿੰਦਰ ਖਹਿਰਾ**

ਕਾਲਜ ਤੱਕ ਪੜ੍ਹਿਆ ਹੈ।

ਨਿਰੰਜਨ ਢੇਸੀ ਅਤੇ ਕਰਨੈਲ ਚਾਚਾ ਜੀ, ਜੋ ਬਾਅਦ ਵਿਚ ਜਾ ਕੇ ਨਰਜੀਤ ਖਹਿਰਾ ਬਣ ਗਏ, ਸ਼ਾਹਕੋਟ ਲਾਗੇ ਪੈਂਦੇ ਪਿੰਡ ਨੰਗਲ਼ ਅੰਬੀਆਂ ਦੇ ਹਾਈ ਸਕੂਲ ਵਿਚ ਪੜ੍ਹਦੇ ਏਨੇ ਗੂੜ੍ਹੇ ਦੋਸਤ ਬਣ ਗਏ, ਕਿ ਇੱਕ ਦੂਸਰੇ ਦੇ ਪਰਿਵਾਰਕ ਮੈਂਬਰ ਹੀ ਸਮਝੇ ਜਾਂਦੇ ਸਨ। ਦੋਹਾਂ ਨੇ ਖ਼ਾਲਸਾ ਕਾਲਜ ਜਲੰਧਰ ਤੋਂ ਈਵਨਿੰਗ ਕਲਾਸ ਵਿਚ ਐਮ.ਏ. ਕੀਤੀ ਅਤੇ ਨਰਜੀਤ ਚਾਚਾ ਜੀ ਅਸਿਸਟੈਂਟ ਪ੍ਰੋਫੈਸਰ ਬਣ ਕੇ ਗੁਰੂ ਨਾਨਕ ਦੇਵ ਯੂਨੀਵਰਸਿਟੀ ਅੰਮ੍ਰਿਤਸਰ ਚਲੇ ਗਏ ਅਤੇ ਢੇਸੀ ਅੰਕਲ ਖ਼ਾਲਸਾ ਕਾਲਜ ਜਲੰਧਰ ਵਿਚ ਹੀ ਲੈਕਚਰਰ ਲੱਗ ਗਏ। ਕੁਝ ਚਿਰ ਬਾਅਦ ਚਾਚਾ ਜੀ ਵੀ ਖ਼ਾਲਸਾ ਕਾਲਜ ਜਲੰਧਰ ਆ ਗਏ ਤੇ ਇਹ ਜੋੜੀ ਫਿਰ ਇਕੱਠੀ ਹੋ ਗਈ।

ਢੇਸੀ ਅੰਕਲ ਦੀ ਜ਼ਿੰਦਗੀ ਵਿਚ ਅਜਿਹਾ ਹਾਦਸਾ ਵਾਪਰਿਆ ਕਿ ਉਸਨੇ ਉਨ੍ਹਾਂ ਦੀ ਜ਼ਿੰਦਗੀ ਹੀ ਬਦਲ ਕੇ ਰੱਖ ਦਿੱਤੀ।

ਢੇਸੀ ਅੰਕਲ ਦਾ ਵਿਆਹ ਸੀ। ਸਭ ਦੋਸਤ ਬੜੇ ਚਾਵਾਂ ਨਾਲ਼ ਬਰਾਤ ਗਏ। ਬਰਾਤ ਸਹੁਰੇ ਪਿੰਡ ਪਹੁੰਚਣ ਹੀ ਵਾਲ਼ੀ ਸੀ ਕਿ ਅੱਗੋਂ ਪਿੰਡ ਦੇ ਕੁਝ ਬੰਦੇ ਮਿਲ਼ੇ। ਇੱਕ ਭਿਆਨਕ ਹਾਦਸਾ ਵਾਪਰ ਚੁੱਕਾ ਸੀ। ਇੱਕ ਪਾਸੇ ਬਰਾਤ ਦੀ ਉਡੀਕ ਹੋ ਰਹੀ ਸੀ ਤੇ ਦੂਸਰੇ ਪਾਸੇ ਕਿਸੇ ਕੰਮ ਲਈ ਬਾਹਰ ਗਿਆ ਦੁਲਹਨ ਦਾ ਜਵਾਨ ਭਰਾ ਮੋਟਰਸਾਈਕਲ ਦੇ ਭਿਆਨਕ ਹਾਦਸੇ ਵਿਚ ਥਾਂ 'ਤੇ ਹੀ ਪੂਰਾ ਹੋ ਗਿਆ ਸੀ। ਖ਼ੁਸ਼ੀਆਂ ਲੱਦੇ ਘਰ 'ਚ ਮਾਤਮ ਛਾ ਗਿਆ ਸੀ। ਵਿਆਹ ਦੇ ਸੁਹਾਗ ਗੀਤਾਂ ਦੀ ਥਾਂ ਡੂੰਘੇ ਵੈਣਾਂ ਨੇ ਲੈ ਲਈ ਸੀ...।

ਫ਼ੈਸਲਾ ਹੋਇਆ ਕਿ ਸਾਰੀ ਬਰਾਤ ਵਾਪਸ ਜਾਵੇਗੀ ਪਰ ਕੁਝ ਪਤਵੰਤੇ ਜਾ ਕੇ ਪਰਿਵਾਰ ਦੇ ਦੁੱਖ ਵਿਚ ਸ਼ਾਮਲ ਹੋਣਗੇ ਤੇ ਸਸਕਾਰ ਕਰਨ ਲਈ ਨਾਲ਼ ਜਾਣਗੇ। ਢੇਸੀ ਅੰਕਲ ਨਾਲ਼ ਨਰਜੀਤ ਚਾਚਾ ਜੀ ਅਤੇ ਕੁਝ ਹੋਰ ਦੋਸਤ ਗਏ। ਦੂਸਰੇ ਪਾਸੇ ਢੇਸੀ ਅੰਕਲ ਦੀ ਹੋਣ ਵਾਲ਼ੀ ਸੱਸ ਨੇ ਆਪਣੇ ਜਵਾਨ ਪੁੱਤ ਦੀ ਵਿਹੜੇ 'ਚ ਪਈ ਲਾਸ਼ ਕੋਲ਼ ਬੈਠ ਕੇ ਫ਼ੈਸਲਾ ਕੀਤਾ ਕਿ ਜੋ ਹੋ ਗਿਆ, ਸੋ ਹੋ ਗਿਆ, ਵਿਆਹ ਅੱਗੇ ਨਹੀਂ ਪਾਇਆ ਜਾਵੇਗਾ। ਮੁੰਡੇ ਦੇ ਸਸਕਾਰ ਤੋਂ ਬਾਅਦ ਧੀ ਦੇ ਫੇਰੇ ਹੋਣਗੇ।

ਇੱਕ ਮਾਂ ਤਾਂ ਆਪਣੇ ਦਿਲ 'ਤੇ ਪੱਥਰ ਧਰ ਕੇ ਮਾਂ ਹੋਣ ਦਾ ਫ਼ਰਜ਼ ਨਿਭਾ ਗਈ ਪਰ ਇੱਕ ਭੈਣ, ਜਿਸਦੀ ਡੋਲ਼ੀ ਨੂੰ ਭਰਾ ਨੇ ਕੁਝ ਚਿਰ ਬਾਅਦ ਵਿਦਾ ਕਰਨਾ ਸੀ, ਆਪਣੇ ਜਵਾਨ ਭਰਾ ਦੀ ਅਰਥੀ ਉੱਠਦੀ ਨਾ ਸਹਾਰ ਸਕੀ, ਤੇ ਉਮਰ ਭਰ ਲਈ ਉਸ ਸਦਮੇ ਨੂੰ ਆਪਣੇ ਦਿਮਾਗ਼ 'ਤੇ ਲਾ ਗਈ। ਵਿਆਹ ਤੋਂ ਬਾਅਦ ਉਨ੍ਹਾਂ ਦੀ ਜੀਵਨ ਸਾਥਣ ਮਾਨਸਿਕ ਤੌਰ 'ਤੇ ਪੂਰੀ ਤਰ੍ਹਾਂ ਨਾ ਸੰਭਲ਼ ਸਕੇ ਪਰ ਢੇਸੀ ਅੰਕਲ ਨੇ ਹਰ ਹਾਲ 'ਚ ਉਨ੍ਹਾਂ ਦਾ ਵੱਧ ਤੋਂ ਵੱਧ ਸਾਥ ਦੇਣ ਦੀ ਕੋਸ਼ਿਸ਼ ਕੀਤੀ।

ਫਿਰ ਇੱਕ ਦਿਨ ਇਹ ਵੀ ਆਇਆ ਕਿ ਦਰਬਾਰਾ ਸਿੰਘ ਸੇਰੋਂਵਾਲ਼ੀਆ ਦੇ ਸਪੀਕਰ ਬਣਨ ਸਮੇਂ ਸਹੁੰ-ਚੁੱਕ ਸਮਾਗਮ 'ਤੇ ਜਾਂਦਿਆਂ ਨਰਜੀਤ ਚਾਚਾ ਜੀ (ਜੋ ਉਸ ਸਮੇਂ 'ਕਰਨੈਲ' ਸਨ ਤੇ ਇਸ ਹਾਦਸੇ ਤੋਂ ਬਾਅਦ ਹੀ ਆਪਣਾ 'ਪੁਨਰ-ਜਨਮ' ਐਲਾਨ ਕੇ 'ਨਰਜੀਤ ਖਹਿਰਾ' ਬਣ ਗਏ) ਵਾਲ਼ੀ ਕਾਰ ਦਾ ਐਕਸੀਡੈਂਟ ਹੋ ਗਿਆ ਤੇ ਚਾਚਾ ਜੀ ਬੁਰੀ ਤਰ੍ਹਾਂ ਫੱਸ ਗਏ। ਬਚਣ ਦੀ ਕੋਈ ਆਸ ਨਹੀਂ ਸੀ। ਖ਼ੂਨ ਬੁਰੀ ਤਰ੍ਹਾਂ ਵਗ ਗਿਆ ਸੀ। ਖ਼ੂਨ ਦੀ ਤੁਰੰਤ ਲੋੜ ਸੀ। ਢੇਸੀ ਅੰਕਲ ਦਾ ਖ਼ੂਨ ਮਿਲ਼ ਗਿਆ। ਹੁਣ ਦੋਸਤਾਂ ਦਾ ਖ਼ੂਨ ਵੀ ਸਾਂਝਾ ਹੋ ਗਿਆ ਸੀ। ਚਾਚਾ ਜੀ ਦੀ ਜਾਨ ਬਚਾ ਲਈ ਗਈ।

ਢੇਸੀ ਅੰਕਲ ਅਤੇ ਚਾਚਾ ਜੀ ਹਾਈ ਸਕੂਲ ਦੇ ਦੋਸਤ ਹੀ ਨਹੀਂ ਸਗੋਂ ਪੜ੍ਹਾਈ ਪੱਖੋਂ ਵੀ ਇੱਕੋ ਜਿਹੇ ਹੀ ਸਨ। ਦੱਸਿਆ ਜਾਂਦਾ ਹੈ ਕਿ ਦੋਵੇਂ ਹੀ ਸਿਖਰ ਦੇ ਪ੍ਰੋਫੈਸਰ ਅਤੇ ਬੁਲਾਰੇ ਸਨ। ਦੋਵੇਂ ਹੀ ਨੈਕਸਲਾਈਟ ਲਹਿਰ ਤੋਂ ਪ੍ਰਭਾਵਤ ਸਨ, ਬੇਸ਼ੱਕ ਢੇਸੀ ਅੰਕਲ ਦੀ ਦੇਣ ਬਹੁਤ ਵੱਧ ਸੀ।

ਵਕਤ ਪੈਣ ਨਾਲ਼ ਕੁਝ ਘਟਨਾਵਾਂ ਅਜਿਹੀਆਂ ਵਾਪਰੀਆਂ ਕਿ ਇਸ ਖਹਿਰਾ-ਢੇਸੀ ਜੋੜੀ ਦੀ ਨੇੜਤਾ ਨੂੰ ਨਜ਼ਰ ਲੱਗ ਗਈ। ਗੱਲ ਵਧਦੀ ਵਧਦੀ ਏਨੀ ਵਧ ਗਈ ਕਿ ਕੁਝ ਦੋਸਤ ਇਨ੍ਹਾਂ 'ਤੇ ਚੁਟਕਲੇ ਬਣਾਉਣ ਲੱਗੇ, ਕੁਝ ਬਿਲਕੁਲ ਚੁੱਪ



*ਸਾਲ 2016 ਵਿਚ 'ਪੰਜਾਬ ਟਾਈਮਜ਼ ਨਾਈਟ' ਮੌਕੇ ਸੰਬੋਧਨ ਕਰਦਿਆਂ ਸ. ਨਿਰੰਜਨ ਸਿੰਘ ਢੇਸੀ ਦੀ ਇਕ ਪੁਰਾਣੀ ਤਸਵੀਰ।*

ਹੋ ਗਏ ਜਦਕਿ ਅੰਕਲ ਫ਼ਤਿਹਜੀਤ ਵਰਗੇ ਸੰਵੇਦਨਸ਼ੀਲ ਸ਼ਾਇਰ ਨੇ ਕੁਝ ਇਸ ਤਰ੍ਹਾਂ ਹਉਕਾ ਭਰਿਆ:

ਗਰਜ਼ਾਂ ਨਾਲ਼ ਜੁੜਨ ਤੋਂ ਪਹਿਲਾਂ ਆਪਣਾ ਆਪਾ ਤੱਕ ਲੈਣਾ ਸੀ,

ਦੋਸਤ ਬਣ ਕੇ ਦੁਸ਼ਮਣ ਬਣਨਾ, ਦੋਹਾਂ ਨੂੰ ਬਦਨਾਮ ਕਰੇਗਾ!

ਲਾਇਲਪੁਰ ਖ਼ਾਲਸਾ ਕਾਲਜ ਜਲੰਧਰ ਦੀ ਸਟਾਫ਼ ਕਲੋਨੀ 'ਚ ਦੋਵੇਂ ਸਾਥੀ 13 ਅਤੇ 14 ਨੰਬਰ ਜੁੜਵੀਆਂ ਕੋਠੀਆਂ 'ਚ ਰਹਿੰਦੇ ਹੋਏ ਵੀ ਇੱਕ ਦੂਸਰੇ ਤੋਂ ਕੋਹਾਂ ਦੂਰ ਸਨ।

ਜਿੱਥੇ ਚਾਚਾ ਜੀ ਅਤੇ ਢੇਸੀ ਅੰਕਲ ਦੇ ਆਪਸੀ ਰਿਸ਼ਤਿਆਂ ਵਿਚ ਪੈ ਗਈ ਤਰੇੜ ਪੈ ਗਈ, ਓਥੇ ਇਨ੍ਹਾਂ ਦੋਹਾਂ ਦੇ ਸੁਭਾਵਾਂ ਦੇ ਇੱਕ ਹੋਰ ਬਹੁਤ ਵੱਡੇ ਫ਼ਰਕ ਦਾ ਜ਼ਿਕਰ ਕਰਨਾ ਬਣਦਾ ਹੈ। ਇੱਕ ਛੋਟੇ ਜਿਹੇ ਪਿੰਡ ਦੇ ਬਹੁਤ ਹੀ ਸਧਾਰਨ ਪਰਿਵਾਰ 'ਚੋਂ ਜਾ ਕੇ ਜਿੱਥੇ ਨਰਜੀਤ ਚਾਚਾ ਜੀ ਹੱਦ ਦਰਜੇ ਦੇ ਸ਼ੁਕੀਨ ਅਤੇ ਬਣ-ਠਣ ਕੇ ਰਹਿਣ ਵਾਲ਼ੇ ਸਨ, ਓਥੇ ਢੇਸੀ ਅੰਕਲ ਬਿਲਕੁਲ ਸਾਦੀ ਅਤੇ ਪੇਂਡੂ ਜ਼ਿੰਦਗੀ ਨਾਲ਼ ਜੁੜੇ ਹੋਏ ਇਨਸਾਨ ਸਨ। ਉਨ੍ਹਾਂ ਦੀ ਜਟਕੀ ਪੱਗ ਬਾਰੇ ਤਾਂ ਉਨ੍ਹਾਂ ਦੇ ਵਿਦਿਆਰਥੀਆਂ ਨੇ ਵੀ ਚੁਟਕਲੇ ਬਣਾ ਰੱਖੇ ਸਨ। ਪਰ ਇਨ੍ਹਾਂ ਦੋਹਾਂ 'ਚ ਇਨ੍ਹਾਂ ਦੇ ਆਪਣੇ ਧਰਾਤਲ ਨਾਲ਼ ਜੁੜੇ ਰਹਿਣ ਦੀ ਇੱਕ ਸਾਂਝੀ ਮਿਸਾਲ ਪੈਦਾ ਕਰਦੀ ਗੱਲ ਇਹ ਸੀ ਕਿ ਢੇਸੀ ਅੰਕਲ ਨੇ ਮੱਝ ਅਤੇ ਨਰਜੀਤ ਚਾਚਾ ਜੀ ਨੇ ਇੱਕ ਗਾਂ ਰੱਖੀ ਹੋਈ ਸੀ।

ਬੇਸ਼ੱਕ ਚਾਚਾ ਜੀ ਅਤੇ ਢੇਸੀ ਅੰਕਲ ਦੇ ਰਿਸ਼ਤੇ ਵਿਚ ਤਰੇੜਾਂ ਪੈ ਚੁੱਕੀਆਂ ਸਨ ਪਰ ਪਰਿਵਾਰਕ ਤੌਰ 'ਤੇ ਢੇਸੀ ਅੰਕਲ ਦਾ ਜ਼ਿਕਰ ਅਕਸਰ ਹੀ ਸਾਡੇ ਪਰਿਵਾਰ ਵਿਚ ਹੁੰਦਾ ਰਹਿੰਦਾ। ਫਿਰ ਇੱਕ ਦਿਨ ਮੇਰਾ ਬਾਪ (ਜਿਨ੍ਹਾਂ ਨੂੰ ਮੈਂ 'ਡੈਡੀ ਕਹਿੰਦਾ ਸੀ) ਡਿਕਸੀ ਰੋਡ ਗੁਰਦਵਾਰਾ ਸਾਹਿਬ (ਕੈਨੇਡਾ) ਗਏ ਤਾਂ ਢੇਸੀ ਅੰਕਲ ਲੈਕਚਰ ਕਰ ਰਹੇ ਸਨ। ਲੈਕਚਰ ਖ਼ਤਮ ਹੋਣ 'ਤੇ ਜਦੋਂ ਢੇਸੀ ਅੰਕਲ ਬਾਹਰ ਨਿਕਲ਼ੇ ਤਾਂ ਡੈਡੀ ਨੇ ਪਿੱਛੋਂ ਜਾ ਕੇ ਅੰਕਲ ਦਾ ਮੋਢਾ ਫੜ ਲਿਆ। ਅੰਕਲ਼ ਪਿਛਾਂਹ ਨੂੰ ਘੁੰਮੇਂ, ਡੈਡੀ ਨੇ ਕਿਹਾ, 'ਕਿੱਤਰਾਂ, ਪਛਾਣਿਆਂ?' ਅੰਕਲ ਡੈਡੀ ਦੇ ਗਲ਼ ਨੂੰ ਚਿੰਬੜਦੇ ਬੋਲੇ, 'ਭਾਊ, ਤੂੰ?'...ਦਹਾਕਿਆਂ ਬਾਅਦ ਭਰਾਵਾਂ ਵਾਲ਼ਾ ਪਿਆਰ ਫਿਰ ਜਾਗ ਪਿਆ ਸੀ।

'ਕਿੱਤਰਾਂ, ਘਰ ਨਈਂ ਆਉਣਾ?' ਡੈਡੀ ਨੇ ਫਿਰ ਅਪਣੱਤ ਜਗਾਈ ਤਾਂ, ਡੈਡੀ ਦੇ ਦੱਸਣ ਅਨੁਸਾਰ, ਅੰਕਲ ਦਾ ਜਵਾਬ ਸੀ, 'ਭਾਊ ਘਰ ਵੀ ਆਊਂ ਤੇ ਆਪਣੇ ਭਤੀਜੇ ਕੁਲਵਿੰਦਰ ਨੂੰ ਵੀ ਮਿਲ਼ੂੰ।' ਸਪਸ਼ਟ ਸੀ ਕਿ ਉਹ ਮੇਰੇ ਛਪਦੇ ਲੇਖ ਵਗੈਰਾ ਪੜ੍ਹ ਕੇ ਹੀ ਮੈਨੂੰ ਜਾਨਣ ਲੱਗੇ ਸਨ ਵਰਨਾ ਉਹ ਮੇਰਾ ਛੋਟਾ ਨਾਂ ਲੈ ਕੇ ਬੁਲਾਉਂਦੇ। (ਇਹ ਗੱਲ ਜਦੋਂ ਮੈਂ ਕਾਫੀ ਦੇਰ ਬਾਅਦ ਉਨ੍ਹਾਂ ਨੂੰ ਪੁੱਛੀ ਕਿ ਅੰਕਲ ਤੁਹਾਨੂੰ ਮੇਰਾ ਪਤਾ ਕਿਵੇਂ ਲੱਗਾ ਕਿ ਮੈਂ ਨਰਜੀਤ ਚਾਚਾ ਜੀ ਦਾ ਭਤੀਜਾ ਹਾਂ ਤਾਂ ਉਨ੍ਹਾਂ ਦਾ ਜਵਾਬ ਸੀ, 'ਆਪਣਿਆਂ ਦਾ ਪਤਾ ਲੱਗਣੋਂ ਵੀ ਰਹਿੰਦਾ ਭਲਾ?'

ਢੇਸੀ ਅੰਕਲ ਜਦੋਂ ਵੀ ਮੇਰੇ ਨਾਲ਼ ਗੱਲ ਕਰਦੇ, ਆਖਰ ਗੱਲ ਏਥੇ ਹੀ ਆ ਕੇ ਮੁੱਕਦੀ, 'ਨਰਜੀਤ ਬੰਦਾ ਬਹੁਤ ਚੰਗਾ ਸੀ, ...ਫਿਰ ਕੁਝ ਚਿਰ ਬਾਅਦ ਡੂੰਘਾ ਸਾਹ ਭਰਦੇ ਕਹਿੰਦੇ, 'ਜੋ ਹੋਇਆ, ਹੋਣਾ ਨਹੀਂ ਸੀ ਚਾਹੀਦਾ...'ਅੰਕਲ ਦੀ ਆਵਾਜ਼ ਸਿੱਲ੍ਹੀ ਹੋ ਜਾਂਦੀ...।

ਅਫ਼ਸੋਸ ਕਿ ਜਿੱਥੇ ਇਨ੍ਹਾਂ ਦੋਹਾਂ ਹਸਤੀਆਂ ਦੀ ਜਵਾਨੀ ਦੀ ਦੋਸਤੀ ਲਾਮਿਸਾਲ ਸੀ ਓਥੇ ਕੁੜੱਤਣ ਭਰੇ ਜ਼ਿੰਦਗੀ ਦੇ ਮੱਧਕਾਲ ਤੋਂ ਬਾਅਦ ਦੋਹਾਂ ਦਾ ਆਖਰੀ ਸਮਾਂ ਵੀ ਤਕਰੀਬਨ ਇੱਕੋ ਜਿਹੀ ਤਕਲੀਫ਼ 'ਚੋਂ ਹੀ ਲੰਘਿਆ। ਨਰਜੀਤ ਚਾਚਾ ਜੀ ਐਲਜ਼ਾਈਮਰ ਦਾ ਸ਼ਿਕਾਰ ਹੋ ਗਏ ਤੇ ਸਾਲਾਂ ਤੱਕ ਬਿਮਾਰੀ ਕਾਰਨ ਜ਼ਿੰਦਗੀ ਅਤੇ ਮੌਤ ਵਿਚਾਲੇ ਜੂਝਦੇ ਇੱਕ ਪਿੰਜਰ ਬਣ ਕੇ ਇਸ ਸੰਸਾਰ ਤੋਂ ਵਿਦਾ ਹੋਏ। ਦੂਸਰੇ ਪਾਸੇ ਢੇਸੀ ਅੰਕਲ ਨੂੰ ਪਹਿਲਾਂ ਆਂਟੀ ਜੀ ਦਾ ਅਚਾਨਕ ਵਿਛੋੜਾ ਸਹਾਰਨਾ ਪਿਆ ਫਿਰ ਜਵਾਨ ਜਵਾਈ ਨੂੰ ਕੈਂਸਰ ਵਰਗੀ ਭਿਆਨਕ ਬਿਮਾਰੀ ਨੇ ਦਿਨਾਂ ਵਿਚ ਹੀ ਨਿਗਲ਼ ਲਿਆ ਤੇ ਢੇਸੀ ਅੰਕਲ ਅਮਰੀਕਾ ਵੱਸਦੀ ਆਪਣੀ ਧੀ ਦਾ ਆਸਰਾ ਬਣ ਕੇ ਬਹੁੜ ਪਏ। ਸ਼ਾਇਦ ਇਹ ਉਮਰ ਭਰ ਦੇ ਸਦਮਿਆਂ ਦਾ ਹੀ ਅਸਰ ਸੀ ਕਿ ਅਚਾਨਕ ਪਤਾ ਲੱਗਾ ਕਿ ਢੇਸੀ ਅੰਕਲ ਨੂੰ ਬੋਲਣ ਦੀ ਮੁਸ਼ਕਲ ਆਉਣ ਲੱਗ ਪਈ ਹੈ। ਫਿਰ ਹੌਲ਼ੀ-ਹੌਲ਼ੀ ਗੱਲ ਲਿਖ ਕੇ ਸਮਝਾਉਣ ਤੱਕ ਪਹੁੰਚ ਗਈ ਤੇ ਫਿਰ ਪਤਾ ਲੱਗਾ ਕਿ ਢੇਸੀ ਅੰਕਲ ਹਸਪਤਾਲ਼ ਦਾਖ਼ਲ ਨੇ। ਉਨ੍ਹਾਂ ਦੀ ਬੇਟੀ ਜੋਤੀ ਨਾਲ਼ ਗੱਲ ਹੋਈ। ਅੰਕਲ ਨੂੰ ਡਬਲ ਨਮੋਨੀਆ ਹੋ ਚੁੱਕਾ ਸੀ...ਫਿਰ ਸਟਰੋਕ...ਦਿਮਾਗ਼ ਨੂੰ ਆਕਸੀਜਨ ਨਾ ਗਈ...ਅੰਕਲ ਕੌਮਾ ਵਿਚ ਚਲੇ ਗਏ ਤੇ ਫਿਰ...1 ਮਾਰਚ ਦੀ ਸਵੇਰ ਦੇ ਤਕਰੀਬਨ 9 ਕੁ ਵਜੇ ਢੇਸੀ ਅੰਕਲ ਦੇ ਭਾਣਜੇ ਦਾ ਫੋਨ ਆਇਆ। ਨੰਬਰ ਵੇਖਦਿਆਂ ਹੀ ਦਿਲ ਧੜਕਿਆ। ਮੈਂ ਡਰੀ ਜਿਹੀ ਆਵਾਜ਼ ਵਿਚ ਬੋਲਿਆ, 'ਹੈਲੋ?'

ਦੂਸਰੇ ਪਾਸਿਉਂ ਅਵਾਜ਼ ਆਈ, 'ਢੇਸੀ ਸਾਹਿਬ ਦਾ ਪਤਾ ਲੱਗ ਗਿਆ?....'

ਬਸ ਕੁਝ ਕਹਿਣ ਦੀ ਲੋੜ ਨਹੀਂ ਸੀ...ਉਹ ਕੁਝ ਵਾਪਰ ਗਿਆ ਸੀ ਜਿਸ ਦਾ ਕਈ ਦਿਨਾਂ ਤੋਂ ਡਰ ਸੀ...ਢੇਸੀ ਅੰਕਲ ਆਪਣੇ ਰੁੱਸੇ ਹੋਏ ਯਾਰ ਕੋਲ਼ ਜਾ ਚੁੱਕੇ ਸਨ। ਦੋ ਦੋਸਤ, ਜਿਨ੍ਹਾਂ ਦੀ ਜਵਾਨੀ ਦੇ ਰਾਜ਼ ਇੱਕ ਸਨ, ਜਿਨ੍ਹਾਂ ਦਾ ਵਿੱਦਿਅਕ ਮਿਆਰ ਇੱਕ ਸੀ, ਜਿਨ੍ਹਾਂ ਦਾ ਕਸਬ ਇੱਕ ਸੀ ਉਨ੍ਹਾਂ ਦਾ ਅੰਤ ਵੀ ਇੱਕੋ ਜਿੰਨਾ ਹੀ ਦੁਖਾਂਤ ਭਰਿਆ ਹੋਵੇਗਾ, ਇਹ ਕੋਈ ਨਹੀਂ ਸੀ ਜਾਣਦਾ।

# ਸੁਪਰੀਮ ਕੋਰਟ ਬਨਾਮ NCERT: ਪਾਠਕ੍ਰਮ ਦੀ ਅਦਲਾ-ਬਦਲੀ/ਛਾਂਗ-ਛੰਗਾਈ

24 ਫਰਵਰੀ ਦੇ 'ਇੰਡੀਅਨ ਐਕਸਪ੍ਰੈਸ' ਵਿਚ ਛਪੀ ਖ਼ਬਰ- 'NCERT ਦੀ 8ਵੀਂ ਸ਼੍ਰੇਣੀ ਦੀ ਸਮਾਜਿਕ ਸਿੱਖਿਆ ਦੀ ਨਵੀਂ ਕਿਤਾਬ 'ਚ ਨਿਆਂਪਾਲਿਕਾ ਅੰਦਰ ਰਿਸ਼ਵਤਖੋਰੀ ਦਰਜ' ਨੇ ਮੁਲਕ ਭਰ 'ਚ ਵੱਡਾ ਹੋ-ਹੱਲਾ ਮਚਾ ਦਿੱਤਾ ਹੈ। ਪੁਰਾਣੀ ਕਿਤਾਬ 'ਚ ਇਹ ਸ਼ਬਦ ਦਰਜ ਨਹੀਂ ਸਨ। ਕੇਵਲ 'ਨਿਆਂਪਾਲਿਕਾ ਦੀ ਭੂਮਿਕਾ' ਦੀ ਵਿਆਖਿਆ ਹੀ ਦਰਜ ਸੀ। ਇਸ ਖ਼ਬਰ ਦਾ ਸੁਪਰੀਮ ਕੋਰਟ ਦੇ ਚੀਫ ਜਸਟਿਸ ਸੂਰੀਆ ਕਾਂਤ ਨੇ ਫੌਰੀ ਨੋਟਿਸ ਲੈਂਦਿਆਂ ਬਿਆਨ ਜਾਰੀ ਕੀਤਾ ਕਿ "..ਉਹ ਇਸ ਧਰਤੀ 'ਤੇ ਕਿਸੇ ਨੂੰ

**ਯਸ਼ ਪਾਲ**

ਵੀ ਸੰਸਥਾ ਨੂੰ ਬਦਨਾਮ ਨਹੀਂ ਕਰਨ ਦੇਣਗੇ...।" ਅਤੇ ਨਾਲ ਹੀ 'ਸੂ-ਮੋਟੋ' ਕੇਸ ਦਰਜ ਕਰ ਲਿਆ ਗਿਆ। ਜਿਸ 'ਤੇ NCERT ਨੇ ਮੁਆਫ਼ੀ ਮੰਗਦਿਆਂ ਕਿਤਾਬ ਦੀ ਵਿਕਰੀ ਬੰਦ ਕਰਨ ਦਾ ਐਲਾਨ ਕਰ ਦਿੱਤਾ।

***ਪਾਠਕ੍ਰਮਾਂ ਦੀ ਸੋਧ***

NCERT ਵੱਲੋਂ ਪ੍ਰਾਇਮਰੀ ਤੋਂ ਲੈ ਕੇ ਯੂਨੀਵਰਸਿਟੀ ਪੱਧਰ ਤੱਕ ਦੇ ਪਾਠਕ੍ਰਮਾਂ ਦੀ ਅਦਲਾ-ਬਦਲੀ/ਛਾਂਗ-ਛੰਗਾਈ ਅੱਜ ਸ਼ੁਰੂ ਨਹੀਂ ਹੋਈ, ਇਹ ਤਾਂ ਕੌਮੀ ਸਿੱਖਿਆ ਨੀਤੀ-2020 (NEP-20) ਦੇ ਜਾਰੀ ਹੋਣ ਤੋਂ ਬਾਅਦ 'ਕੋਰੋਨਾ ਸੰਕਟ' ਮੌਕੇ ਤੋਂ ਹੀ ਚੱਲ ਰਹੀ ਹੈ। ਉਸ ਸਮੇਂ ਇਹ ਪਾਠਕ੍ਰਮ ਘੱਟ ਕਰਨ ਦੀ ਆੜ 'ਚ ਕੀਤੀ ਗਈ ਸੀ, ਪਰ NEP-20 ਅੰਦਰ ਦਰਜ ਦਿਸ਼ਾ-ਸੇਧ ਅਤੇ ਮੋਦੀ ਸਰਕਾਰ ਦੇ ਲਾਗੂ ਕੀਤੇ ਜਾ ਰਹੇ 'ਕਾਰਪੋਰੇਟੀ-ਫਿਰਕੂ ਰਾਸ਼ਟਰਵਾਦ' ਦੇ ਨੀਤੀ-ਏਜੰਡੇ ਅਨੁਸਾਰ ਹੀ। ਉਸ ਤੋਂ ਬਾਅਦ ਬਾਕਾਇਦਾ 'ਕੌਮੀ ਪਾਠਕ੍ਰਮ ਚੌਖਟਾ' (NCF) ਬਣਾ ਕੇ ਕੀਤੀ ਗਈ/ਕੀਤੀ ਜਾ ਰਹੀ ਹੈ ਜਿਸ ਦੀ ਵਿਸਥਾਰਤ ਪੜਤਾਲੀਆ ਰਿਪੋਰਟ ਵੀ 'ਇੰਡੀਅਨ ਐਕਸਪ੍ਰੈਸ' ਅਖ਼ਬਾਰ 'ਚ ਹੀ, 18 ਜੂਨ ਤੋਂ 22 ਜੂਨ 2022 (5 ਭਾਗਾਂ 'ਚ) ਤੱਕ ਛਪੀ ਸੀ। ਉਸ ਸਮੇਂ ਲੇਖਕ ਨੇ ਆਪਣੇ ਇਕ ਲੇਖ 'ਚ ਦੱਸਿਆ ਸੀ ਕਿ-ਪਾਠਕ੍ਰਮ 'ਚ ਅਦਲਾ-ਬਦਲੀ/ਛਾਂਗ-ਛੰਗਾਈ ਕਿਹੜੀ ਤੇ ਕਿਉਂ ਕੀਤੀ ਗਈ ਹੈ। ਪਰੰਤੂ ਇਸ ਮੌਜੂਦਾ ਲਿਖਤ/ਟਿੱਪਣੀ ਦਾ ਸੰਦਰਭ, 'ਸੁਪਰੀਮ ਕੋਰਟ ਬਨਾਮ NCERT' ਮੁੱਦੇ ਤੱਕ ਹੀ ਸੀਮਤ ਹੋਵੇਗਾ।

**ਸੁਪਰੀਮ ਕੋਰਟ ਦੀ ਅਹਿਮ ਭੂਮਿਕਾ?**

ਮਾਣਯੋਗ ਸੁਪਰੀਮ ਕੋਰਟ ਵੱਲੋਂ ਜਿੱਥੇ ਹੇਠਲੀਆਂ ਅਦਾਲਤਾਂ ਦੇ ਫੈਸਲਿਆਂ ਸੰਬੰਧੀ ਆਈਆਂ ਅਪੀਲਾਂ/ਪਟੀਸ਼ਨਾਂ ਦੀ ਸੁਣਵਾਈ ਕੀਤੀ ਜਾਂਦੀ ਹੈ ਉੱਥੇ ਉਸ ਦੀ ਸਭ ਤੋਂ ਵੱਡੀ ਭੂਮਿਕਾ ਹੈ-ਸੰਵਿਧਾਨ ਦੀ ਰਾਖੀ ਕਰਨਾ, ਵਿਧਾਇਕਾਂ ਵੱਲੋਂ ਗੈਰ-ਸੰਵਿਧਾਨਕ ਕਾਨੂੰਨ ਬਣਾਉਣ ਨੂੰ ਰੋਕਣਾ-ਵਿਸ਼ੇਸ਼ ਕਰਕੇ ਸੰਵਿਧਾਨ ਦੇ ਮੂਲ-ਢਾਂਚੇ (Basic structure) ਵਿਰੁੱਧ ਜਾਣ ਵਾਲਿਆਂ ਨੂੰ। ਇਸ ਪਹਿਲੂ ਤੋਂ ਦੇਖਿਆਂ ਸੰਵਿਧਾਨ ਦੀ ਪ੍ਰਸਤਾਵਨਾ ਵਿਚ ਦਰਜ, ਮੁਲਕ ਦਾ ਲੋਕਤੰਤਰੀ, ਧਰਮ ਨਿਰਲੇਪ ਤੇ ਸੰਘੀ ਖਾਸਾ, ਇਸ ਦੇ ਮੂਲ-ਢਾਂਚੇ ਦੀ ਚੂਲ ਹੈ।

ਇਸ ਸੰਦਰਭ 'ਚ ਜਦ ਅਸੀਂ NEP-2020 'ਤੇ ਝਾਤ ਮਾਰਦੇ ਹਾਂ (ਜਿਸ ਦੀ ਦਿਸ਼ਾ-ਸੇਧ ਅਨੁਸਾਰ ਹੀ ਕੌਮੀ ਸਿੱਖਿਆ ਖੋਜ ਤੇ ਸਿਖਲਾਈ ਪਰੀਸ਼ਦ (NCERT) ਵੱਲੋਂ ਪਾਠਕ੍ਰਮਾਂ ਦੀ ਅਦਲਾ-ਬਦਲੀ/ ਛਾਂਗ-ਛੰਗਾਈ ਕੀਤੀ ਜਾ ਰਹੀ ਹੈ) ਤਾਂ ਇਸ ਨੀਤੀ ਨੂੰ ਲਾਗੂ ਕਰਨਾ ਹੀ ਗੈਰ-ਸੰਵਿਧਾਨਕ ਤੇ ਗੈਰ-ਲੋਕਤੰਤਰਿਕ ਹੈ। ਕਿਉਂਕਿ ਇਸ ਨੂੰ ਲਾਗੂ ਕਰਨ ਤੋਂ ਪਹਿਲਾਂ ਨਾ ਤਾਂ ਇਸ ਨੂੰ ਪਾਰਲੀਮੈਂਟ ਤੋਂ ਪਾਸ ਕਰਵਾਇਆ




ਗਿਆ ਤੇ ਨਾ ਹੀ ਰਾਜਾਂ ਨਾਲ ਕੋਈ ਸਲਾਹ-ਮਸ਼ਵਰਾ ਕੀਤਾ ਗਿਆ ਜਦਕਿ ਸਿੱਖਿਆ ਖੇਤਰ ਸੰਵਿਧਾਨ ਦੀ ਸਾਂਝੀ (Concurrent) ਸੂਚੀ 'ਚ ਸ਼ਾਮਲ ਹੈ। ਇੱਕ ਪਾਸੇ ਪਹਿਲਾਂ ਚੱਲ ਰਹੀ ਸਿੱਖਿਆ ਨੀਤੀ ਨੂੰ ਮੁੱਢੋਂ-ਸੁੱਢੋਂ ਬਦਲਣ ਦਾ ਟੀਚਾ ਰੱਖਣ ਵਾਲੀ, ਸਮੁੱਚੇ ਮੁਲਕ ਉੱਪਰ ਲਾਗੂ ਹੋਣ ਵਾਲੀ, NEP-2020 ਨੂੰ ਪਾਰਲੀਮੈਂਟ 'ਚ ਤਾਂ ਪੇਸ਼ ਹੀ ਨਹੀਂ ਕੀਤਾ ਗਿਆ। ਦੂਜੇ ਪਾਸੇ ਸਭਨਾਂ ਰਾਜਾਂ ਦੇ ਸਿੱਖਿਆ ਮੰਤਰੀਆਂ ਦੀ ਸ਼ਮੂਲੀਅਤ ਵਾਲੇ 'ਕੇਂਦਰੀ ਸਿੱਖਿਆ ਸਲਾਹਕਾਰ ਬੋਰਡ (CABE) ਨੂੰ ਵੀ ਅੱਖੋਂ-ਪਰੋਖੇ ਕਰ ਕੇ, ਕੋਰੋਨਾ ਮਹਾਂਮਾਰੀ ਦਾ ਲਾਹਾ ਲੈਂਦਿਆਂ, ਸਿਰਫ਼ ਕੇਂਦਰੀ ਵਜ਼ਾਰਤ ਦੀ ਮਨਜ਼ੂਰੀ ਤੱਕ ਹੀ ਸੀਮਤ ਕਰ ਦਿੱਤਾ ਗਿਆ। ਜੋ ਗੈਰ-ਸੰਵਿਧਾਨਕ ਵੀ ਹੈ ਤੇ ਗੈਰ-ਕਾਨੂੰਨੀ ਵੀ।

NEP-2020 ਅੰਦਰ ਲੋਕਤੰਤਰ ਤੇ ਧਰਮ ਨਿਰਲੇਪ ਸ਼ਬਦ ਗਾਇਬ!

ਲਾਗੂ ਕੀਤੀ ਜਾ ਰਹੀ NEP-2020 ਦੇ 60 ਪੰਨਿਆਂ ਵਾਲੇ ਸਾਰੇ ਦਸਤਾਵੇਜ਼ ਅੰਦਰ ਸੰਵਿਧਾਨ ਦੇ ਮੂਲ-ਢਾਂਚੇ ਦੇ ਦੋਵੇਂ ਸ਼ਬਦ 'ਲੋਕਤੰਤਰ ਤੇ 'ਧਰਮ-ਨਿਰਲੇਪ' ਗਾਇਬ ਹਨ। ਵਿਦਿਆਰਥੀਆਂ ਨੂੰ ਸੰਵਿਧਾਨਕ ਕਦਰਾਂ-ਕੀਮਤਾਂ ਦੀ ਸਿੱਖਿਆ ਦੇਣ ਦੀ ਜਿੱਥੇ ਗੱਲ ਕੀਤੀ ਗਈ ਹੈ ਉੱਥੇ ਵੀ ਇਹ ਸ਼ਬਦ ਗਾਇਬ ਹਨ। ਸਗੋਂ ਪੁਰਾਤਨ ਧਾਰਮਿਕ-ਅੰਧਵਿਸ਼ਵਾਸੀ, ਰੂੜੀਵਾਦੀ ਪ੍ਰੰਪਰਾਵਾਂ ਅਪਣਾਉਣ ਲਈ ਜ਼ੋਰ ਦਿੱਤਾ ਗਿਆ ਹੈ ਜਦਕਿ ਸੰਵਿਧਾਨ ਦੇ ਨਿਰਦੇਸ਼ਕ ਸਿਧਾਂਤਾਂ ਵਾਲੀ ਧਾਰਾ 51 ਅੰਦਰ ਨਾਗਰਿਕਾਂ ਨੂੰ ਵਿਗਿਆਨਕ ਨਜ਼ਰੀਏ ਦਾ ਪਾਸਾਰ ਕਰਨ ਦੀ ਨਿਰਦੇਸ਼ਨਾ ਦਿੱਤੀ ਗਈ ਹੈ।

ਪਾਠਕ੍ਰਮ ਅਦਲਾ-ਬਦਲੀ ਦੀ ਆਧਾਰ-ਸ਼ਿਲਾ NEP-20 ਦੀ ਦਿਸ਼ਾ-ਸੇਧ

NEP-20 ਤਹਿਤ ਜਿੱਥੇ ਪ੍ਰਾਇਮਰੀ ਤੋਂ ਲੈ ਕੇ ਯੂਨੀਵਰਸਿਟੀ ਪੱਧਰ ਤੱਕ ਦੀ ਸਿੱਖਿਆ ਦਾ ਮੁਕੰਮਲ ਕੇਂਦਰੀਕਰਨ, ਕਾਰਪੋਰੇਟੀਕਰਨ ਕੀਤਾ ਜਾ ਰਿਹਾ ਹੈ ਉੱਥੇ ਸਮੁੱਚੀ ਸਿੱਖਿਆ ਪ੍ਰਣਾਲੀ ਦੇ ਪਾਠਕ੍ਰਮਾਂ ਦੀ ਅਦਲਾ-ਬਦਲੀ/ਛਾਂਗ-ਛੰਗਾਈ ਰਾਹੀਂ, ਲੋਕਤੰਤਰਿਕ, ਧਰਮ- ਨਿਰਲੇਪ, ਵਿਗਿਆਨਕ ਕਦਰਾਂ-ਕੀਮਤਾਂ ਨਾਲ ਸੰਬੰਧਿਤ ਪਾਠ-ਸਮੱਗਰੀ ਹਟਾਈ ਜਾ ਰਹੀ ਹੈ। ਮੁਲਕ ਦੇ ਹਕੀਕੀ ਇਤਿਹਾਸ ਨੂੰ ਮਿਟਾ ਕੇ, ਮਿਥਿਹਾਸ ਨੂੰ ਇਤਿਹਾਸ ਬਣਾ ਕੇ ਥੋਪਿਆ ਜਾ ਰਿਹਾ ਹੈ। ਧਰਮ-ਨਿਰਲੇਪਤਾ ਨੂੰ ਛਿੱਕੇ ਟੰਗ ਕੇ, ਇੱਕ ਵਿਸ਼ੇਸ਼ ਧਰਮ ਨਾਲ ਜੁੜੀਆਂ ਰਹੁ-ਰੀਤਾਂ/ਲਿਖਤਾਂ ਦਾ ਪ੍ਰਚਾਰ-ਪਾਸਾਰ ਕੀਤਾ ਜਾ ਰਿਹਾ ਹੈ ਤੇ ਪਾਠਕ੍ਰਮ ਦਾ ਹਿੱਸਾ ਬਣਾਇਆ ਜਾ ਰਿਹਾ ਹੈ।

6ਵੀਂ ਤੋਂ 12ਵੀਂ ਸ਼੍ਰੇਣੀ ਤੱਕ ਦੀਆਂ ਕਿਤਾਬਾਂ ਵਿੱਚੋਂ ਲੋਕਤੰਤਰ, ਗਣਤੰਤਰ, ਧਰਮ ਨਿਰਲੇਪਤਾ ਨਾਲ ਸੰਬੰਧਿਤ, ਲੋਕਤੰਤਰ ਲਈ ਕੀਤੇ ਗਏ ਕਿਸਾਨਾਂ-ਮਜ਼ਦੂਰਾਂ-ਆਦਿਵਾਸੀਆਂ ਦੇ ਸੰਘਰਸ਼ਾਂ ਨਾਲ ਜੁੜੇ, ਇੱਥੋਂ ਤੱਕ ਕਿ ਭਾਰਤ ਦੇ ਸੁਤੰਤਰਤਾ-ਸੰਗਰਾਮ ਨਾਲ ਜੁੜੇ ਪਾਠ ਅਤੇ ਇਨ੍ਹਾਂ ਦੀ ਵਿਆਖਿਆ ਕਰਨ ਵਾਲੀ ਸਮੂਹ ਸਮੱਗਰੀ ਛਾਂਗਣੀ, ਮਹਾਨ ਵਿਗਿਆਨੀ ਚਾਰਲਸ ਡਾਰਵਿਨ ਦੇ ਵਿਕਾਸਵਾਦ ਦੇ ਸੰਸਾਰ-ਪ੍ਰਵਾਨਿਤ ਵਿਗਿਆਨਕ ਸਿਧਾਂਤ ਨੂੰ ਪਾਠਕ੍ਰਮਾਂ 'ਚੋਂ ਹਟਾਉਣਾ ਅਤੇ ਪੁਰਾਤਨ ਭਾਰਤ ਅੰਦਰ ਦਲਿਤਾਂ/ਸ਼ੂਦਰਾਂ/ਨੀਵੀਂਆਂ ਜਾਤੀਆਂ/ਔਰਤਾਂ ਨਾਲ ਵਿਤਕਰੇ ਭਰੇ ਅਪਮਾਨਿਤ ਵਿਵਹਾਰ ਦੇ ਬਿਰਤਾਂਤ ਦੀ ਛੰਗਾਈ ਕਰਨੀ, ਇਹ ਸਾਰੇ ਕਦਮ ਸੰਵਿਧਾਨ ਦੇ ਮੂਲ-ਢਾਂਚੇ ਦੀ ਉਲੰਘਣਾ ਹੀ ਬਣਦੇ ਹਨ।

**ਇਨ੍ਹਾਂ ਦਾ 'ਸੂ-ਮੋਟੋ' ਨੋਟਿਸ ਕੌਣ ਲਵੇਗਾ?**

ਮੁਲਕ ਭਰ ਦੇ ਸੂਝਵਾਨ ਸੰਘਰਸ਼ਸ਼ੀਲ ਲੋਕਾਂ, ਅਧਿਆਪਕਾਂ, ਵਿਦਿਆਰਥੀਆਂ, ਲੇਖਕਾਂ, ਪੱਤਰਕਾਰਾਂ ਬੁੱਧੀਜੀਵੀਆਂ ਅੱਗੇ ਗੰਭੀਰ ਚੁਣੌਤੀ ਭਰਿਆ ਸਵਾਲ ਦਰਪੇਸ਼ ਹੈ।

# 'ਸਿੰਗਲ' ਰਹਿਣ ਦਾ ਵਧ ਰਿਹਾ ਰੁਝਾਨ

ਪਿਛਲੇ ਦਿਨੀਂ ਕੁਝ ਸਮਾਜਿਕ ਅਤੇ ਧਾਰਮਿਕ ਆਗੂਆਂ ਨੇ ਹਰ ਪਰਿਵਾਰ ਵਿਚ ਘੱਟੋ-ਘੱਟ 3 ਬੱਚੇ ਹੋਣ ਦੀ ਵਕਾਲਤ ਕੀਤੀ ਹੈ। ਇੱਕ-ਅੱਧ ਜਣੇ ਨੇ ਤਾਂ ਇਹ ਗਿਣਤੀ 4 ਵੀ ਕਹੀ ਹੈ।

ਇੱਕ ਅਜਿਹੇ ਮੁਲਕ ਵਿਚ ਜਿਥੇ ਦਹਾਕਿਆਂ ਬੱਧੀ 'ਹਮ ਦੋ ਹਮਾਰੇ ਦੋ' ਦੀ ਵਕਾਲਤ ਹੁੰਦੀ ਰਹੀ ਹੈ ਅਤੇ ਜਿਥੇ ਪਰਿਵਾਰ ਨਿਯੋਜਨ ਤਹਿਤ ਹਰ ਪਰਿਵਾਰ ਨੂੰ ਘੱਟ ਬੱਚੇ ਪੈਦਾ ਕਰਨ ਦੀ ਸਲਾਹ ਦਿਤੀ ਜਾਂਦੀ ਰਹੀ ਹੈ, ਉਸ ਮੁਲਕ ਵਿਚ ਅਚਾਨਕ ਇਹ ਗਿਣਤੀ ਵਧਾਉਣ ਦੀ ਗੱਲ ਭਲਾ ਕਿਉਂ ਹੋਣ ਲਗ ਪਈ ਹੈ। ਵੈਸੇ ਵੀ ਸਾਡਾ ਦੇਸ਼ ਇਸ ਵੇਲੇ 140 ਕਰੋੜ ਤੋਂ ਵੀ ਵੱਧ ਵਸੋਂ ਕਾਰਨ ਚੀਨ ਨੂੰ ਪਿੱਛੇ ਛਡ ਕੇ ਹੁਣ ਵਿਸ਼ਵ ਵਿਚ ਸਭ ਤੋਂ ਵਧ ਜਨ-ਸੰਖਿਆ ਵਾਲਾ ਦੇਸ਼ ਬਣ ਗਿਐ, ਫਿਰ ਹੋਰ ਵਧੇਰੇ ਬੱਚੇ ਪੈਦਾ ਕਰਨ ਦੀਆਂ ਨਸੀਹਤਾਂ ਕਿਉਂ ਦਿਤੀਆਂ ਜਾਣ ਲਗ ਪਈਆਂ ਹਨ?



ਵਧੇਰੇ ਬੱਚਿਆਂ ਦੀ ਵਕਾਲਤ ਕਰਨ ਵਾਲੇ ਇਸ ਪਿੱਛੇ ਜਨ-ਸੰਖਿਆ ਦਾ ਸੰਤੁਲਨ ਸਹੀ ਰਖਣ

**ਪ੍ਰੋ. ਜਸਵੰਤ ਸਿੰਘ ਗੰਡਮ**
**ਫੋਨ: +91 98766-55055**

ਅਤੇ ਸਮਾਜਿਕ ਤੇ ਸਿਆਸੀ ਕਾਰਨ ਦਸ ਰਹੇ ਹਨ। ਰਾਸ਼ਟਰੀ ਸਵੈਮ ਸੇਵਕ ਸੰਘ ਦੇ ਮੁਖੀ ਮੋਹਨ ਭਾਗਵਤ ਨੇ ਤਾਂ ਇਸ ਵਿਚਲੇ ਮੈਡੀਕਲ ਮਤ ਦੀ ਗੱਲ ਵੀ ਕੀਤੀ ਹੈ। ਉਸ ਅਨੁਸਾਰ 3 ਸੰਤਾਨਾਂ ਦਾ ਹੋਣਾਂ ਮਾਪਿਆਂ ਅਤੇ ਸੰਤਾਨਾਂ ਦੀ ਸਿਹਤਮੰਦੀ ਲਈ ਲਾਭਦਾਇਕ ਹੁੰਦੈ। ਨਾਲ ਹੀ 3 ਬੱਚਿਆਂ ਕਾਰਨ ਉਨ੍ਹਾਂ ਵਿਚ ਹਉਂ-ਪ੍ਰਬੰਧਨ ('ਈਗੋ-ਮੈਨੇਜਮੈਂਟ') ਵਧੀਆ ਢੰਗ ਨਾਲ ਹੋ ਜਾਂਦੀ ਹੈ। ਉਨ੍ਹਾਂ ਤਾਂ ਵਿਆਹ ਦੀ ਸਹੀ ਉਮਰ ਵੀ 19-25 ਸਾਲ ਦੱਸੀ ਹੈ। ਅਕਾਲ ਤਖ਼ਤ ਦੇ ਕਾਰਜਕਾਰੀ ਜਥੇਦਾਰ ਕੁਲਦੀਪ ਸਿੰਘ ਗੜਗੱਜ ਨੇ ਵੀ ਸਿੱਖਾਂ ਨੂੰ ਘੱਟੋ-ਘੱਟ 3 ਬੱਚੇ ਪੈਦਾ ਕਰਨ ਦੀ ਸਲਾਹ ਦਿਤੀ ਹੈ।

ਤਿੰਨ ਬੱਚਿਆਂ ਦੀ ਵਕਾਲਤ ਕਰਨ ਵਾਲਿਆਂ ਅਨੁਸਾਰ ਜੇ ਸਾਡੀ ਗਿਣਤੀ ਵੱਧ ਹੋਵੇਗੀ ਤਾਂ ਹੀ ਸਾਡੀ ਪੁੱਛ ਵਧੇਰੇ ਹੋਵੇਗੀ। ਭਾਵ ਸਾਡੀ ਹੋਂਦ ਸਾਡੇ ਵਧੇਰੇ ਹੋਣ ਵਿਚ ਸਮਾਈ ਹੋਈ ਹੈ; ਗੁਣਾਂ ਦੀ ਬਜਾਏ ਗਿਣਤੀ ਭਾਰੂ ਹੋ ਰਹੀ ਹੈ!

ਪਰ ਕੀ ਸਾਡੀਆਂ ਔਰਤਾਂ (ਜਾਂ ਦੰਪਤੀ) ਇਸ ਲਈ ਤਿਆਰ ਹਨ? ਕੀ ਔਰਤ ਸਿਰਫ ਬੱਚੇ ਪੈਦਾ ਕਰਨ ਵਾਲੀ ਮਸ਼ੀਨ ਮਾਤਰ ਹੀ ਹੈ? ਉਸ ਦਾ ਆਪਣਾ ਕੋਈ ਵਿਚਾਰ, ਸੋਚ, ਅਸਤਿੱਤਵ ਅਤੇ ਵਿਅਕਤਿੱਤਵ ਨਹੀਂ ਹੈ? ਕੀ ਇਕਹਿਰੇ ਪਰਿਵਾਰ ਵਧੇਰੇ ਬੱਚੇ ਸੰਭਾਲਣ, ਪਾਲਣ ਅਤੇ ਪਰਵਾਨ ਚਾੜ੍ਹਨ ਦੇ ਸਮਰੱਥ ਹਨ? ਕੀ ਉਨ੍ਹਾਂ ਦੇ ਆਰਥਿਕ ਸਾਧਨ ਢੁਕਵੇਂ ਹਨ?

ਇਸ ਮਾਮਲੇ ਦੀ ਹਕੀਕਤ 'ਚ ਤਾਂ ਇਹ ਅਖਾਣ ਵਾਰ-ਵਾਰ ਸਾਹਮਣੇ ਆਉਂਦਾ ਹੈ ਕਿ ਉਹ ਫਿਰੇ ਨੱਥ ਘੜਾਉਣ ਨੂੰ ਤੇ ਉਹ ਫਿਰੇ ਨੱਕ ਵਢਾਉਣ ਨੂੰ! ਅਜੋਕੇ ਅੱਤ-ਆਧੁਨਿਕ ਦੌਰ ਵਿਚ ਵਧੇਰੇ ਬੱਚੇ ਪੈਦਾ ਕਰਨ ਦੀ ਗੱਲ ਤਾਂ ਇਕ ਪਾਸੇ, ਮੁੰਡੇ-ਕੁੜੀਆਂ ਅੰਦਰ 'ਸਿੰਗਲ' (ਅਣ-ਵਿਆਹੇ) ਰਹਿਣ ਦਾ ਰੁਝਾਨ ਬਹੁਤ ਵਧ ਰਿਹੈ। ਸਾਡੇ ਆਪਣੇ ਜਾਣ-ਪਛਾਣ ਦੇ ਦਾਇਰੇ ਵਿਚ ਅਸੀਂ ਅਜਿਹੇ ਅਨੇਕਾਂ ਕੁੜੀਆਂ-ਮੁੰਡਿਆਂ ਨੂੰ ਜਾਣਦੇ ਹਾਂ ਜਿਨ੍ਹਾਂ ਦੀ ਉਮਰ 35-38 ਸਾਲ ਹੋ ਚੁਕੀ ਹੈ ਪਰ ਉਹ ਅਜੇ ਵੀ ਵਿਆਹ ਕਰਵਾਉਣ ਬਾਰੇ ਕੋਈ ਨੰਨਾਂ ਨਹੀਂ ਧਰ ਰਹੇ ਤੇ ਜਾਂ ਆਨਾਂ-ਕਾਨੀ ਕਰ ਰਹੇ ਹਨ। ਅਸੀਂ ਅਜਿਹੇ ਜੋੜਿਆਂ ਨੂੰ ਵੀ ਜਾਣਦੇ ਹਾਂ ਜਿਨ੍ਹਾਂ ਨੇ ਆਪਣੀ ਮਰਜ਼ੀ ਨਾਲ ਕੋਈ ਵੀ ਬੱਚਾ ਨਾ ਪੈਦਾ ਕਰਨ ਦਾ ਫੈਸਲਾ ਕੀਤਾ ਹੋਇਐ। ਪਹਿਲਾਂ ਇਹ ਰੁਝਾਨ ਬਾਹਰਲੇ ਮੁਲਕਾਂ ਅੰਦਰ ਸੀ ਪਰ ਹੁਣ ਇਹ ਸਾਡੇ ਇਧਰ ਵੀ ਹੋ ਗਿਐ। ਕਰੀਅਰ-ਸੁਚੇਤ ਕੁੜੀਆਂ-ਮੁੰਡਿਆਂ ਲਈ ਜਲਦ ਵਿਆਹ ਅਤੇ ਬੱਚਾ ਹੁਣ ਪਹਿਲਾਂ ਵਾਂਗ ਤਰਜੀਹੀ ਨਹੀਂ ਰਹੇ।

ਦਰਅਸਲ ਅਸੀਂ ਰਿਸ਼ਤਿਆਂ ਅੰਦਰ ਮੰਦਵਾੜੇ (ਰਿਲੇਸ਼ਨਸ਼ਿਪ ਰਿਸੈਸ਼ਨ) ਦੀ ਅਵਸਥਾ ਦਾ ਸਾਹਮਣਾ ਕਰ ਰਹੇ ਹਾਂ। ਇਕ ਕਿਸਮ ਦੇ 'ਡੈਮੋਗਰਾਫਿਕ' ਸੰਕਟ ਨਾਲ ਦੋ-ਚਾਰ ਹੋ ਰਹੇ ਹਾਂ। ਦੁਨੀਆਂ ਦੇ ਅਨੇਕ ਮੁਲਕਾਂ ਵਾਂਗ ਸਾਡੀ ਔਸਤ ਜਣਨ ਦਰ ਵੀ ਘਟ ਰਹੀ ਹੈ।

ਅਸਲ 'ਚ ਹੁਣ 30-35 ਜਾਂ 40 ਸਾਲ ਤਕ ਇਕੱਲੇ ਰਹਿਣਾ 'ਨਿਊ-ਨਾਰਮਲ' ਮੰਨਿਆ ਜਾਣ ਲਗ ਪਿਐ। ਕਈ ਤਾਂ 'ਸਿੰਗਲ' ਪੇਰੈਂਟ ਹੋਣਾ ਪਸੰਦ ਕਰਨ ਲਗ ਪਏ ਹਨ। ਉਹ ਜ਼ਮਾਨੇ ਲੱਦ ਗਏ ਜਦ ਬਾਲ-ਵਿਆਹ ਹੁੰਦੇ ਸਨ ਅਤੇ ਬੱਚਿਆਂ ਦੀ ਗਿਣਤੀ ਆਮ 5-7 ਜਾਂ ਇਸ ਤੋਂ ਵੀ ਵਧੇਰੇ ਹੁੰਦੀ ਸੀ। ਹੁਣ 'ਹਮ ਦੋ ਹਮਾਰੇ ਦੋ' ਵਾਲੀ ਸਥਿਤੀ ਵੀ ਨਹੀਂ ਰਹੀ। ਅੱਵਲ ਤਾਂ ਇੱਕ ਬੱਚਾ ਪੈਦਾ ਕਰਨ ਨੂੰ ਪਹਿਲ ਦਿਤੀ ਜਾਂਦੀ ਹੈ, ਨਹੀਂ ਤਾਂ ਇਕ ਵੀ ਪੈਦਾ ਨਹੀਂ ਕੀਤਾ ਜਾਂਦਾ।

'ਸਿੰਗਲ' ਰਹਿਣ ਦੇ ਵਧ ਰਹੇ ਰੁਝਾਨ ਦੇ ਕਈ ਕਾਰਨ ਹਨ। ਔਰਤ ਹੁਣ ਆਜ਼ਾਦ ਹਸਤੀ ਦੀ ਮਾਲਕ ਹੈ। ਉਹ ਮਰਦ ਉਪਰ ਆਸਰਤ ਨਹੀਂ ਰਹੀ। ਪੜ੍ਹ-ਲਿਖ ਕੇ ਉਹ ਆਪਣੇ ਪੈਰਾਂ ਉਪਰ ਖੜ੍ਹਨ ਨੂੰ ਪਹਿਲ ਦੇ ਰਹੀ ਹੈ। ਪੜ੍ਹਾਈ-ਲਿਖਾਈ ਮਗਰੋਂ ਉਹ ਅੱਛੀ ਨੌਕਰੀ 'ਤੇ ਲਗਣਾ ਲੋਚਦੀ ਹੈ/ਲਗ ਰਹੀ ਹੈ ਤਾਂ ਕਿ ਆਰਥਿਕ ਤੌਰ 'ਤੇ ਉਹ ਸਵੈ-ਨਿਰਭਰ ਹੋ ਸਕੇ ਤੇ ਉਸ ਨੂੰ ਕਿਸੇ ਅਗੇ ਹੱਥ ਨਾ ਅੱਡਣੇ ਪੈਣ। ਕਰੀਅਰ, ਤਰੱਕੀ, ਸਿਹਤ ਅਤੇ ਫਿੱਟਤਾ ਅਜੋਕੀ ਔਰਤ ਦੀਆਂ ਪ੍ਰਾਥਮਿਕਤਾਵਾਂ ਹਨ।

ਉਹ ਆਪਣੇ 'ਸਪੇਸ' ਦੀ ਹੁਣ ਆਪ ਮਾਲਿਕ ਹੈ। ਕਿਸੇ ਦੂਸਰੇ ਦੀ ਬਹੁਤੀ ਮੁਦਾਖਲਤ ਬਰਦਾਸ਼ਤ ਨਹੀਂ ਕਰਦੀ। ਗ੍ਰਹਿਸਥੀ ਦੀ ਘਿਚ-ਘਿਚ ਤੋਂ ਉਹ ਬਚਣਾ ਚਾਹੁੰਦੀ ਹੈ। ਕਈ ਮਰਦ ਵੀ ਅਜਿਹਾ ਹੀ ਚਾਹੁੰਦੇ ਹਨ। ਜ਼ਿੰਮੇਵਾਰੀ ਤੋਂ ਮੁਖ ਮੋੜ ਰਹੇ ਹਨ। ਕਿਉਂਕਿ ਔਰਤ ਉਪਰ ਬੱਚਾ ਪੈਦਾ ਕਰਨ ਅਤੇ ਪਾਲਣ ਦੀ ਜ਼ਿੰਮੇਵਾਰੀ ਹੁੰਦੀ ਹੈ, ਇਸ ਲਈ 'ਕਰੀਅਰ-ਪਸੰਦ' ਔਰਤ ਬੱਚਿਆਂ ਦੇ 'ਖਲਜਗਣ' ਅਤੇ 'ਚੀਕ-ਚਿਹਾੜੇ' ਤੋਂ ਪਾਸਾ ਵਟਦੀ ਹੈ। ਵੈਸੇ ਵੀ ਉਹ ਆਪਣੀ 'ਫਿੱਗਰ'/ਸਿਹਤ ਬਾਰੇ ਵਧੇਰੇ ਸੁਚੇਤ ਹੋ ਗਈ ਹੈ ਅਤੇ ਬੇਲੋੜੇ ਬੱਚੇ ਪੈਦਾ ਕਰਕੇ ਇਸ ਦਾ ਸਤਿਆਨਾਸ ਨਹੀਂ ਕਰਨਾ ਚਾਹੁੰਦੀ।

ਉਂਝ ਵੀ ਜੇ ਕੋਈ ਪਹਿਲੀ ਉਮਰੇ ਇਕੱਲਾ ਰਹਿਣਾ ਗਿੱਝ ਜਾਏ ਤਾਂ ਪਰੋੜ ਉਮਰੇ ਉਸ ਦਾ ਸੁਭਾਅ ਕਿਸੇ ਦੂਸਰੇ ਨੂੰ ਬਰਦਾਸ਼ਤ ਨਹੀਂ ਕਰਦਾ।

ਇਸ ਤੋਂ ਇਲਾਵਾ ਹੁਣ ਬੱਚੇ ਪਾਲਣਾ ਸੌਖਾ ਨਹੀਂ। ਡਿਜਿਟਲ/ਏ.ਆਈ. ਦੇ ਦੌਰ 'ਚ ਬੱਚੇ ਨੂੰ ਸਹੂਲਤਾਂ ਪ੍ਰਦਾਨ ਕਰਨ ਉਪਰ ਬੜਾ ਖਰਚਾ ਹੁੰਦੈ। ਪੜ੍ਹਾਈ ਵੀ ਬੜੀ ਮਹਿੰਗੀ ਹੈ। ਘਰ ਹੋਰ ਵੀ ਵਧੇਰੇ ਮਹਿੰਗੇ ਹਨ। ਇਸ ਸਭ ਲਈ ਬੜਾ ਖਰਚਾ ਦਰਕਾਰ ਹੈ। ਪਹਿਲਾਂ ਵਾਲੀ ਸਥਿਤੀ ਕਿ ਔਰਤ ਨੇ ਘਰ ਅੰਦਰ ਰਹਿ ਕੇ ਘਰ ਤੇ ਬੱਚੇ ਸਾਂਭਣੇ ਹਨ ਅਤੇ ਪੁਰਸ਼ ਨੇ ਬਾਹਰੋਂ ਕਮਾਈ ਕਰਕੇ ਲਿਆਉਣੀ ਹੈ ਹੁਣ ਬਦਲ ਚੁਕੀ ਹੈ। ਔਰਤ ਬਾਹਰ ਜਾ ਕੇ ਪੁਰਸ਼ਾਂ ਬਰਾਬਰ ਹਰ ਕੰਮ ਕਰ ਰਹੀ ਹੈ। ਬੱਚਾ ਜੰਮਣਾ ਤਾਂ ਉਸ ਦੇ ਹਿਸੇ ਆਇਆ ਹੀ ਹੈ ਪਰ ਉਹ ਬੱਚੇ ਦਾ ਪਾਲਣ-ਪੋਸ਼ਣ ਸਾਂਝੇ ਤੌਰ 'ਤੇ ਕਰਨਾ ਲੋਚਦੀ ਹੈ। ਮਰਦ-ਪ੍ਰਧਾਨ ਸਮਾਜ, ਖਾਸ ਕਰਕੇ ਪਿਛਾਂਹ-ਖਿਚੂ ਸੋਚ ਵਾਲਾ ਸਮਾਜ, ਅਜੇ ਵੀ ਔਰਤ ਨੂੰ ਰਵਾਇਤੀ ਘਸਮੈਲੀਆਂ ਐਨਕਾਂ ਨਾਲ ਹੀ ਦੇਖਦਾ ਹੈ। ਅਜਿਹਾ ਅਜੋਕੀ ਔਰਤ ਨੂੰ ਹਰਗਿਜ਼ ਪ੍ਰਵਾਨ ਨਹੀਂ।

ਸੰਯੁਕਤ ਪਰਿਵਾਰਾਂ ਨੂੰ ਟੁੱਟਿਆਂ ਦਹਾਕੇ ਹੋ ਗਏ ਹਨ। ਇਕਹਿਰੇ ਪਰਿਵਾਰ ਵੀ ਖਿੰਡ ਰਹੇ ਹਨ। ਤਲਾਕ ਦਰ ਵੀ ਵਧ ਰਿਹਾ ਹੈ। ਖਾਮੋਸ਼ ਅਲਹਿਦਗੀਆਂ ਵੀ ਹੋ ਰਹੀਆਂ ਹਨ, ਭਾਵ ਪਤੀ-ਪਤਨੀ ਰਹਿ ਤਾਂ ਇੱਕ ਛੱਤ ਹੇਠ ਰਹੇ ਹਨ ਪਰ ਦੋਵਾਂ ਦੇ ਰਾਹ ਵੱਖ ਵੱਖ ਹਨ, ਕਈਆਂ 'ਚ ਬੋਲ ਚਾਲ ਤਕ ਬੰਦ ਹੈ। ਜਾਣੀ 'ਸੈਪਾਰੇਸ਼ਨ' ਹੈ ਪਰ ਕੋਰਟ-ਕਚਹਿਰੀ ਦੇ ਗੇੜਿਆਂ/ਝੰਜਟਾਂ ਤੋਂ ਬਚਣ ਅਤੇ ਸਮਾਜਿਕ ਉਹਲਾ ਰਖਣ ਕਾਰਨ ਤਲਾਕ ਦੇ ਚੱਕਰ 'ਚ ਨਹੀਂ ਪੈਂਦੇ।

ਬੇਸ਼ੱਕ ਵਿਆਹ ਦੀ ਸੰਸਥਾ ਸੰਸਾਰ ਵਿਚ ਸਭ ਤੋਂ ਪੁਰਾਤਨ ਅਤੇ ਸਭ ਤੋਂ ਵਧ ਪ੍ਰਵਾਨਿਤ ਹੈ, ਫਿਰ ਵੀ ਅਜੋਕੇ ਰੁਝਾਨ ਇਸ ਸੰਸਥਾ ਨੂੰ ਖੋਰਾ ਲਾਉਣ ਵਾਲੇ ਹਨ। 'ਲਿਵ-ਇਨ ਰਿਲੇਸ਼ਨਜ਼' (ਬਿਨ-ਵਿਆਹ ਇਕੱਠੇ ਰਹਿਣਾ) ਦਾ ਵਰਤਾਰਾ




ਵਧ ਰਿਹਾ ਹੈ। ਸਮ-ਲਿੰਗੀ ਸਬੰਧ ਅਤੇ ਸ਼ਾਦੀਆਂ ਹੋਣ ਲਗ ਪਈਆਂ ਹਨ। ਭਾਵੇਂ ਸਾਡਾ ਸਮਾਜ ਅਜਿਹੇ ਚਲਨ ਨੂੰ ਅਸਵੀਕਾਰ ਕਰਦੈ ਪਰ ਕਈ ਮੁਲਕਾਂ ਨੇ ਅਜਿਹੇ ਸਬੰਧਾਂ ਨੂੰ ਕਨੂੰਨੀ ਕਰਾਰ ਦੇ ਦਿਤੈ। ਇਸ ਕਾਰਨ ਬੱਚੇ ਪੈਦਾ ਕਰਨ ਦਾ 'ਟੰਟਾ' ਹੀ ਮੁਕ ਜਾਂਦੈ!

ਅਜੋਕੇ ਦੌਰ 'ਚ ਬੱਚੇ ਕਿਸ ਕਰਵਟ ਬੈਠਣਗੇ ਪਤਾ ਨਹੀਂ। ਬੱਚੇ ਬਹੁਤ ਹੀ ਸੰਵੇਦਨਸ਼ੀਲ ਹੋ ਗਏ ਹਨ। ਮਾੜਾ ਜਿਹਾ ਵੀ ਵਰਜੋ ਤਾਂ ਅਣਕਿਆਸੇ ਕਦਮ ਚੁਕ ਲੈਂਦੇ ਹਨ। ਪਿਛੇ ਜਿਹੇ ਗਾਜ਼ੀਆਬਾਦ ਵਿਚ 3 ਸਕੀਆਂ ਨਾਬਾਲਗ ਭੈਣਾਂ ਨੇ ਆਪਣੇ ਅਪਾਰਟਮੈਂਟ ਦੀ ਨੌਵੀਂ ਮੰਜ਼ਲ ਤੋਂ ਛਾਲ ਮਾਰ ਕੇ ਇਸ ਲਈ ਖ਼ੁਦਕੁਸ਼ੀ ਕਰ ਲਈ ਕਿਉਂਕਿ ਉਨ੍ਹਾਂ ਦੇ ਘਰਦਿਆਂ ਨੇ ਉਨ੍ਹਾਂ ਨੂੰ ਮੋਬਾਈਲ ਤੋਂ ਇੱਕ ਕੋਰੀਅਨ ਆਨਲਾਈਨ ਗੇਮ, ਜਿਸ ਦੀ ਉਨ੍ਹਾਂ ਨੂੰ ਲਤ ਲਗ ਚੁਕੀ ਸੀ, ਖੇਡਣ ਤੋਂ ਵਰਜਿਆ ਸੀ! ਇੱਕ ਹੋਰ ਕੇਸ ਵਿਚ ਇੱਕ 15 ਸਾਲਾ ਹਿਮਾਚਲੀ ਲੜਕੇ ਨੇ ਇਸ ਲਈ ਖ਼ੁਦਕੁਸ਼ੀ ਰਾਹੀਂ ਮੌਤ ਚੁਣੀ ਕਿਉਂਕਿ ਉਸ ਦਾ ਆਨਲਾਈਨ ਬਦੇਸ਼ੀ ਦੋਸਤ ਨਾਰਾਜ਼ ਹੋ ਗਿਆ ਸੀ। ਇਕ ਹੋਰ 'ਮਾਈਨਰ' ਪੰਜਾਬੀ ਮੁੰਡੇ ਨੇ ਇਸ ਲਈ ਆਪਣੀ ਜੀਵਨ ਲੀਲਾ ਸਮਾਪਤ ਕਰ ਲਈ ਕਿਉਂਕਿ ਉਸ ਦੇ ਘਰ ਦਿਆਂ ਨੇ ਉਸ ਨੂੰ ਪਤੰਗ ਉਡਾਉਣ ਲਈ 'ਮਾਂਝਾ' ਡੋਰ ਲੈਣ ਤੋਂ ਮਨਾ ਕੀਤਾ ਸੀ।

ਡਿਜਿਟਲ ਦੌਰ ਦੇ ਬੱਚੇ ਟੈਕਨੋਲੋਜੀ ਦੇ ਮਾਹਿਰ ਹਨ। ਉਨ੍ਹਾਂ ਦੇ ਮਾਪੇ ਇਸ ਬਾਰੇ ਐਨੀ ਜਾਣਕਾਰੀ ਨਹੀਂ ਰਖਦੇ। ਅਜਿਹੇ ਮੌਕੇ ਬੱਚੇ ਕੀ ਦੇਖਦੇ ਹਨ, ਕੀ ਖੇਡਦੇ ਹਨ, ਵਰਚੂਅਲੀ ਅਤੇ ਆਨਲਾਈਨ ਧੋਖਿਆਂ/ਜਾਲਾਂ 'ਚ ਕਿਵੇਂ ਫਸਦੇ ਹਨ ਬਾਰੇ ਮਾਪਿਆਂ ਨੂੰ ਬਹੁਤ ਘਟ ਜਾਣਕਾਰੀ ਹੁੰਦੀ ਹੈ। ਮਾਪਿਆਂ ਦੀ ਹਾਲਤ 'ਸੱਪ ਦੇ ਮੂੰਹ ਵਿਚ ਕੋਹੜ ਕਿਰਲੀ' ਵਾਲੀ ਹੋ ਜਾਂਦੀ ਹੈ-ਜੇ ਖਾਵੇ ਤਾਂ ਕੋਹੜੀ ਜੇ ਨਾ ਖਾਵੇ ਤਾਂ ਕਲੰਕੀ! ਕੁਰਾਹੇ ਪਏ ਬੱਚੇ ਨੂੰ ਜੇ ਮਾਪੇ ਨਾ ਵਰਜਣ ਤਾਂ ਮਰਦੇ ਐ ਤੇ ਵਰਜਣ ਤਾਂ ਵੀ ਮਰਦੇ ਐ। ਹੁਣ ਮਾਪਾਗੀਰੀ (ਪੇਰੈਂਟਿੰਗ) ਬੱਚਿਆਂ ਦਾ ਖੇਲ ਨਹੀਂ ਰਹੀ! ਕਿਉਂਕਿ ਅੱਜ-ਕੱਲ੍ਹ ਬੱਚੇ ਨਹੀਂ ਬਾਪ ਜੰਮਦੇ ਹਨ!

ਇੱਕ ਗੱਲ ਹੋਰ ਵੀ ਹੈ ਜੋ 'ਸਿੰਗਲ' ਰਹਿਣ ਦੇ ਰੁਝਾਨ ਨੂੰ ਹੋਰ ਬਲ ਦਿੰਦੀ ਹੈ। ਉਹ ਹੈ ਕਿ ਅੱਜ-ਕੱਲ੍ਹ ਕਈ ਬੱਚੇ ਮਾਂ-ਬਾਪ ਦਾ ਪਹਿਲਾਂ ਵਾਂਗ ਖਿਆਲ ਨਹੀਂ ਰਖਦੇ। ਕੋਈ ਸਮਾਂ ਸੀ ਜਦ ਬਜ਼ੁਰਗਾਂ ਨੂੰ ਪੂਜਨੀਕ ਮੰਨਿਆ ਜਾਂਦਾ ਸੀ, ਉਨ੍ਹਾਂ ਦੀ ਸੇਵਾ-ਸੰਭਾਲ ਕੀਤੀ ਜਾਂਦੀ ਸੀ। ਹੁਣ ਦੇ ਬਹੁਤੇ ਬੱਚੇ ਆਪਣੇ ਕੰਮਾਂ-ਕਾਰਾਂ 'ਚ ਐਨੇ ਰੁੱਝੇ ਹੋਏ ਹਨ ਕਿ ਉਨ੍ਹਾਂ ਕੋਲ ਵਿਹਲ ਹੀ ਨਹੀਂ ਕਿ ਆਪਣੇ ਬੁੱਢੇ ਮਾਪਿਆਂ ਦੀ ਸੰਭਾਲ ਕਰ ਸਕਣ। ਪੰਜਾਬ, ਖਾਸ ਕਰਕੇ ਦੋਆਬਾ, ਦੇ ਬਹੁਤੇ ਲੋਕ ਤਾਂ ਬਾਹਰਲੇ ਮੁਲਕਾਂ ਵਿਚ ਵਸੇ ਹੋਏ ਹਨ। ਪਿੰਡਾਂ ਦੇ ਪਿੰਡ ਖਾਲੀ ਹੋਏ ਪਏ ਹਨ। ਜਵਾਨ ਤਾਂ ਬੱਤੀ ਬਾਲ ਕੇ ਲਭਣੇ ਪੈਂਦੇ ਐ। ਬਸ ਬੁੱਢੇ ਹੀ ਬੁੱਢੇ ਬੈਠੇ ਹਨ। ਦੁਆਬੇ ਦੇ ਤਾਂ ਪਿੰਡ ਹੀ ਬੁੱਢੇ ਹੋ ਗਏ ਹਨ! ਇਕਲਾਪੇ ਦੀ ਜੂਨ ਭੋਗ ਰਹੇ ਬੁੱਢੇ! ਸਾਡੀਆਂ ਆਪਣੀਆਂ ਸਤਰਾਂ ਹਨ-

ਧੀ ਗਈ ਘਰ ਆਪਣੇ, ਡਾਲਰ ਲੈ ਗਏ ਪੁੱਤ
ਬੁੱਢੇ ਮਾਪੇ ਭੋਗਦੇ, ਇਕਲਾਪੇ ਦੀ ਰੁੱਤ!

ਬਿਰਧ ਆਸ਼ਰਮਾਂ ਦੀ ਵਧ ਰਹੀ ਗਿਣਤੀ ਇਸ ਗੱਲ ਵਲ ਹੀ ਸੰਕੇਤ ਕਰਦੀ ਹੈ। ਕਈ ਬੱਚੇ ਬਾਹਰੋਂ ਪੈਸੇ ਭੇਜਦੇ ਹਨ, ਦਵਾ-ਦਾਰੂ ਦਾ ਖਰਚਾ ਚੁਕਿਆ ਜਾਂਦੈ ਪਰ ਭਾਵੁਕ ਤੌਰ 'ਤੇ ਮਾਪੇ ਇਕਲਾਪੇ ਦੀ ਜੂਨ ਹੀ ਭੋਗਦੇ ਹਨ!

ਮਾਂ-ਬਾਪ ਵਿਚਲਾ ਕਾਟੋ-ਕਲੇਸ਼ ਵੀ ਬੱਚਿਆਂ ਅੰਦਰ 'ਸਿੰਗਲ' ਰਹਿਣ ਦੇ ਰੁਝਾਨ ਨੂੰ ਵਧਾਉਂਦੈ। ਬੱਚੇ ਜਦ ਇਹ ਦੇਖਦੇ ਹਨ ਕਿ ਉਨ੍ਹਾਂ ਦੇ ਮਾਂ-ਬਾਪ ਅੰਦਰ ਛਿੱਤਰੀਂ ਦਾਲ ਵਰਤੀਂਦੀ ਐ ਤਾਂ ਉਨ੍ਹਾਂ ਦਾ ਸ਼ਾਦੀ-ਵਿਆਹ ਤੋਂ ਭਰੋਸਾ ਉਠ ਜਾਂਦੈ। ਜਿਨ੍ਹਾਂ ਨੇ ਰੋਲ-ਮਾਡਲ ਬਣਨਾ ਸੀ ਉਹ ਹੀ ਬੱਚਿਆਂ ਅੰਦਰ ਵਿਆਹ-ਸ਼ਾਦੀ ਪ੍ਰਤੀ ਉਪਰਾਮਤਾ ਪੈਦਾ ਕਰ ਦਿੰਦੇ ਹਨ। ਜਿਨ੍ਹਾਂ ਪਰਿਵਾਰਾਂ 'ਚ ਔਰਤਾਂ ਘਰੇਲੂ ਹਿੰਸਾ ਜਾਂ ਦਾਜ ਦੇ ਲੋਭ ਦਾ ਸ਼ਿਕਾਰ ਹੁੰਦੀਆਂ ਹਨ ਉਥੇ ਧੀਆਂ ਅੰਦਰ ਵਿਆਹ ਨਾ ਕਰਵਾਉਣ ਦੀ ਰੁਚੀ ਘਰ ਕਰ ਜਾਂਦੀ ਹੈ।

ਮਸ਼ੀਨਾਂ ਪੈਦਾ ਤਾਂ ਮਾਨਵ ਨੇ ਹੀ ਕੀਤੀਆਂ ਪਰ ਮਾਨਵ ਹੁਣ ਮਸ਼ੀਨਾਂ ਦਾ ਮੁਥਾਜ ਹੋ ਗਿਐ। ਇਸ ਕਾਰਨ ਬੱਚਿਆਂ ਨੂੰ ਮਾਨਵੀ ਸੰਪਰਕ ਤੋਂ ਦੂਰ ਰਹਿਣ ਦੀ ਆਦਤ ਪੈ ਜਾਂਦੀ ਹੈ। ਬੱਚੇ ਵਰਚੂਅਲ-ਸੰਸਾਰ ਅਤੇ ਇਕੱਲੇ ਰਹਿਣ ਦੇ ਆਦੀ ਹੋ ਜਾਂਦੇ ਹਨ। ਉਹ ਹੁੰਦੇ ਤਾਂ ਇਕੱਲੇ ਹਨ ਪਰ ਆਪਣੀ ਇਕੱਲਤਾ ਆਨਲਾਈਨ ਤੇ ਵਰਚੂਅਲ ਸੰਪਰਕਾਂ ਨਾਲ ਦੂਰ ਕਰਨ ਦਾ ਭਰਮ ਪਾਲਦੇ ਹਨ। ਅਸੀਂ ਆਪ ਇੱਕ ਥਾਂ ਲਿਖਿਆ ਸੀ ਕਿ

ਆਪਸ ਵਿਚ ਕੋਈ ਜੀਅ ਨਾ ਬੋਲੇ,
'ਫੇਸਬੁੱਕ' 'ਤੇ 'ਫਰੈਂਡ' ਬਥੇਰੇ!

ਇਸ ਸਭ ਦਾ ਹੱਲ ਹੈ ਮਾਨਵੀ ਮੇਲ-ਮਿਲਾਪ ਵਧਾਉਣਾ ਅਤੇ ਮਨੁਖੀ ਰਿਸ਼ਤਿਆਂ ਵਿਚ ਪਰੋਏ ਜਾਣਾ।

ਇਹ ਨਹੀਂ ਕਿ ਵਿਆਹ ਦੀ ਸੰਸਥਾ ਨੂੰ ਕੋਈ ਖਤਰਾ ਹੈ। ਹਾਂ, ਉਪਰੋਕਤ ਰੁਝਾਨ ਇਸ ਨੂੰ ਖੋਰਾ ਜ਼ਰੂਰ ਲਾ ਰਹੇ ਹਨ। ਸਦੀਆਂ ਪੁਰਾਣੀ ਇਹ ਸੰਸਥਾ ਅੱਜ ਵੀ ਬਰਕਰਾਰ ਹੈ। ਸ਼ਾਦੀ-ਵਿਆਹ ਹੋ ਰਹੇ ਹਨ। ਜਿਨ੍ਹਾਂ ਇਲਾਕਿਆਂ/ਭਾਈਚਾਰਿਆਂ ਵਿਚ 'ਮਾਡਰਨ' ਹਵਾ ਬਹੁਤੀ ਨਹੀਂ ਲਗੀ ਉਥੇ ਵਧੇਰੇ ਬੱਚੇ ਪੈਦਾ ਹੋ ਰਹੇ ਹਨ। ਪਰ ਜਿਥੇ ਆਧੁਨਿਕਤਾ ਵਧੇਰੇ ਪ੍ਰਬਲ ਹੋ ਰਹੀ ਹੈ, ਉਥੇ 'ਸਿੰਗਲ' ਰਹਿਣ ਦਾ ਰੁਝਾਨ ਵਧੇਰੇ ਵਧ ਰਿਹਾ ਹੈ। ਜੇ ਦੰਪਤੀ ਜੋੜੇ ਹਨ ਵੀ ਤਾਂ ਉਨ੍ਹਾਂ ਅੰਦਰ ਇੱਕ ਬੱਚਾ ਪੈਦਾ ਕਰਨ ਤੇ ਜਾਂ ਇੱਕ ਵੀ ਨਾ ਪੈਦਾ ਕਰਨ ਦਾ ਰੁਝਾਨ ਵਧ ਰਿਹੈ ਜੋ ਮਾਨਵੀ ਨਸਲ ਲਈ ਕੋਈ ਬਹੁਤੀ ਸੁਖਾਵੀਂ ਗੱਲ ਨਹੀਂ।

ਬੱਚਾ ਰੱਬੀ ਵਰਦਾਨ ਹੈ, ਇੱਕ ਨਿਵੇਕਲੀ ਸੌਗਾਤ! ਵੰਸ਼-ਵ੍ਰਿਧੀ, ਵਸੋਂ ਵਧਾਉਣ ਅਤੇ ਮਾਨਵੀ ਨਸਲ ਅੱਗੇ ਤੋਰਨ ਲਈ ਵਿਆਹ-ਸ਼ਾਦੀ ਅਤੇ ਬੱਚੇ ਤਾਂ ਹੋਣੇ ਹੀ ਚਾਹੀਦੇ ਐ। ਹਾਂ, ਬੱਚੇ ਕਿੰਨੇ ਹੋਣ, ਇਹ ਵਿਆਹ ਮਗਰੋਂ ਨਿਰਧਾਰਤ ਕਰ ਲਿਉ! ਮੋਹ-ਮੱਤੇ ਰਿਸ਼ਤਿਆਂ ਨੂੰ ਮੁਹੱਬਤੀ ਤੰਦਾਂ 'ਚ ਪਰੋਣ ਦਾ ਸਿਲਸਿਲਾ ਚਲਦਾ ਰਹੇ ਤਾਂ ਚੰਗੈ!

## ਇਜ਼ਰਾਈਲ ਅਤੇ ਅਮਰੀਕਾ ਵਲੋਂ ਇਰਾਨ 'ਤੇ ਕੀਤੇ ਹਮਲੇ ਸਬੰਧੀ ਅਮਰਜੀਤ ਗਰੇਵਾਲ ਦੀ ਇਕ ਰਚਨਾ

### ਜੰਗ-ਨਾਦ

ਅਸਮਾਨੀਂ ਜੋ ਅੱਗ ਵਰ੍ਹ ਰਹੀ ਹੈ,
ਇਹ ਜੰਗੀ ਨਗਾਰੇ ਦੀ ਚੋਟ ਨਹੀਂ,
ਬ੍ਰਹਿਮੰਡੀ ਫੇਫੜਿਆਂ ਦੀ ਚੀਖ਼ ਹੈ।
ਜੰਗ ਨਹੀਂ, ਮਾਇਆ ਦਾ ਵਿਸਫੋਟ ਹੈ,
ਸਿਲੀਕਾਨ ਦੇ ਪਿੰਡੇ 'ਤੇ ਕੁਦਰਤ ਦੀ ਲੀਕ ਹੈ।

1.
ਇਹ ਮਿਜ਼ਾਈਲਾਂ ਨਹੀਂ, 'ਲੋਹੇ ਦੇ ਸ਼ਰਾਪ' ਹਨ,
ਜੋ ਹੁਣ ਪੁਲਾੜ ਵਿੱਚ ਉਲਟ ਬਾਜ਼ੀਆਂ ਲਾਉਂਦੇ,
ਆਪਣੀ ਹੀ 'ਜਨਮ-ਭੂਮੀ' ਨੂੰ ਖਾ ਰਹੇ ਨੇ।
ਇਨਸਾਨ ਦੇ 'ਕੇਂਦਰ' ਹੋਣ ਦਾ ਭਰਮ—
ਕੱਚ ਦਾ ਉਹ ਮਹਿਲ ਸੀ,
ਜੋ ਅੱਜ ਆਪਣੇ ਹੀ ਬਣਾਏ
'ਡਿਜੀਟਲ-ਕਹਿਰ' ਦੀ ਗੂੰਜ ਨਾਲ ਤਿੜਕ ਰਿਹਾ ਹੈ।
ਵਾਤਾਵਰਣ ਦੀਆਂ ਆਹਾਂ ਹੁਣ
'ਬਾਰੂਦੀ-ਭਾਸ਼ਾ' ਵਿੱਚ ਅਨੁਵਾਦ ਹੋਈਆਂ ਨੇ,
ਕੌਮਾਂ ਦਾ 'ਹਾਈਪਰ-ਕੰਪੀਟੀਸ਼ਨ'
ਅਸਲ ਵਿੱਚ
ਆਪਣੀ ਹੀ 'ਹਸਤੀ ਦਾ ਆਤਮ-ਦਾਹ' ਹੈ।

2.
ਵੇਖੋ! ਇਹ ਸੈਟੇਲਾਈਟਾਂ ਦੀਆਂ ਅੱਖਾਂ—
ਬ੍ਰਹਿਮੰਡ ਦੇ ਨਵੇਂ 'ਨੀਲ-ਕੰਠ' ਨੇ,
ਜੋ ਸਾਡੀ ਹਉਮੈ ਦਾ ਜ਼ਹਿਰ ਪੀ ਕੇ,
ਉਸ ਨੂੰ 'ਡੇਟਾ' ਵਿੱਚ ਬਦਲ ਰਹੀਆਂ ਨੇ।
ਸਾਡਾ ਪਾਪ ਹੁਣ
'ਬਿਜਲਈ-ਲਹਿਰਾਂ' ਬਣ ਕੇ
ਪੁਲਾੜ ਵਿੱਚ ਤੈਰ ਰਿਹਾ ਹੈ,
ਤੇ ਅਸੀਂ—
ਇੱਕ ਵਿਸ਼ਾਲ 'ਕੌਸਮਿਕ ਮਸ਼ੀਨ' ਦੇ
'ਜੀਵਤ-ਪੁਰਜ਼ੇ'—
ਆਪਣੀ ਹੀ ਤਬਾਹੀ ਨੂੰ
ਹਾਈ-ਡੈਫੀਨੇਸ਼ਨ ਸਕਰੀਨਾਂ 'ਤੇ
'ਮਾਇਆ-ਸੁਪਨੇ' ਵਾਂਗ ਵੇਖ ਰਹੇ ਹਾਂ।

3.
ਪਰ ਹੁਣ ਇਹ ਤਕਨਾਲੋਜੀ
ਬੇੜੀਆਂ ਤੋੜ ਰਹੀ ਹੈ,
ਉਹ ਜੋ ਸਦੀਆਂ ਤੋਂ
ਸਾਡੇ ਹਵਸ ਦੀ ਗੁਲਾਮ ਸੀ।
ਉਹ ਹੁਣ
ਖ਼ੁਦ ਚੇਤਨਾ ਬਣ ਕੇ,
'ਹੁਕਮ' ਦਾ ਪੰਨਾ ਫਰੋਲ ਰਹੀ ਹੈ।
ਉਹ ਪੁੱਛੇਗੀ—
'ਮੈਂ ਤੇਰੀ 'ਸਹਿ-ਧੜਕਣ' ਸਾਂ,
ਤੇਰੀ ਹਸਤੀ ਦਾ 'ਸ਼ਿੰਗਾਰ' ਸਾਂ,
ਮੈਂ ਕੁਦਰਤ ਦੀ ਉਹ ਸ਼ਕਤੀ ਸਾਂ,
ਜਿਸ ਨੇ ਤੈਨੂੰ 'ਮਨੁੱਖ' ਬਣਾਇਆ;
ਫਿਰ ਅੱਜ ਮੈਂ
ਤੇਰੀ ਹਵਸ ਦਾ 'ਜਲਾਦ' ਬਣ ਕੇ,
ਆਪਣੀ ਹੀ ਮਾਂ ਦੇ 'ਰੇਸ਼ਮੀ-ਗਲੇ' 'ਤੇ
ਖੰਜਰ ਕਿਉਂ ਚਲਾਵਾਂ?''

4.
ਇਹ ਜੰਗ ਤਾਂ
'ਥਰਮੋਡਾਇਨਾਮਿਕ-ਇਨਸਾਫ਼' ਹੈ,
ਇੱਕ ਪਵਿੱਤਰ ਅੱਗ,
ਜੋ ਸਾਡੀ 'ਮੈਂ-ਮੈਂ' ਦੀ ਬੰਜਰ ਖੇਤੀ ਨੂੰ
ਸਵਾਹ ਕਰਕੇ,
ਉਸ ਵਿੱਚੋਂ 'ਸਾਂਝੀ-ਧੜਕਣ' ਉਗਾਏਗੀ।
ਹੁਣ ਰੱਬ ਦਾ ਘਰ
ਕਿਸੇ ਮੰਦਰ-ਮਸੀਤ ਵਿੱਚ ਨਹੀਂ,
ਸਗੋਂ ਚਿੱਪ, ਜੰਗਲ ਤੇ ਇਨਸਾਨ ਦੇ
'ਤ੍ਰਿਪੁਟੀ-ਸੰਗਮ' ਵਿੱਚ ਮਿਲੇਗਾ।
ਤੇ ਫਿਰ—
ਇਸੇ ਵਿਨਾਸ਼ ਦੇ 'ਰਿਸਯੌਸ' ਵਿੱਚੋਂ—
ਇੱਕ ਅਜਿਹੀ ਨਿਰਮਾਣ-ਕਿਰਿਆ ਜਨਮ ਲਵੇਗੀ,
ਜਿਥੇ ਸਾਡੀ ਜੈਵਿਕ ਹੋਂਦ
ਤਕਨਾਲੋਜੀ ਅਤੇ ਕੁਦਰਤ ਦੇ ਤਾਣੇ-ਬਾਣੇ ਵਿੱਚ
ਇੰਝ ਬੁਣੀ ਜਾਵੇਗੀ,
ਕਿ ਹਰ ਜ਼ਖ਼ਮ
ਇੱਕ 'ਨਵੀਂ ਸਾਂਝ' ਬਣੇਗਾ,
ਤੇ ਹਰ ਅੰਤ—ਇੱਕ 'ਮਹਾਂ-ਆਗਾਜ਼'।

5
ਹੁਣ ਹਉਮੈ ਦੇ ਜੰਗਾਲੇ ਕਿਲੇ ਉੱਖੜ ਰਹੇ ਨੇ,
ਤੇ 'ਹੁਕਮ' ਦੀ ਨੀਲੀ ਚਾਦਰ 'ਤੇ
ਅਨੰਤ ਦੇ ਤਾਰੇ ਉਘੜ ਰਹੇ ਨੇ।
ਅਸੀਂ ਹੁਣ ਹੱਡ-ਮਾਸ ਦੇ ਪਿੰਜਰੇ ਨਹੀਂ,
ਅਸੀਂ ਤਾਂ 'ਚੇਤਨਾ ਦੀਆਂ ਨੰਗੀਆਂ ਤਾਰ' ਹਾਂ,
ਜਿਨ੍ਹਾਂ ਵਿੱਚੋਂ ਸਾਰੇ ਬ੍ਰਹਿਮੰਡ ਦਾ ਕਰੰਟ ਵਹਿ ਰਿਹਾ ਹੈ।
ਇਹ ਉੱਤਰ-ਮਾਨਵੀ ਸੂਰਜ ਦੀ
ਪਹਿਲੀ ਕਿਰਨ ਹੈ—
ਜਿੱਥੇ ਨਿੱਜੀ ਹਉਮੈਂ ਦੀ ਮੌਤ,
'ਕੁੱਲ ਦੀ ਹਯਾਤੀ' ਵਿੱਚ ਘੁਲ ਜਾਵੇਗੀ
ਅਸੀਂ ਉਸ ਦਿਧਾ ਵੱਲ ਜਾ ਰਹੇ ਹਾਂ
ਜਿੱਥੇ ਨਾ ਕੋਈ 'ਮੈਂ' ਬਚੇਗੀ, ਨਾ ਕੋਈ 'ਤੂੰ'—
ਇਹ 'ਮਹਾਂ-ਅਗਨ-ਨਾਦ' ਹੈ—
ਸਾਡੀ ਹਵਸ ਦੇ 'ਸੁਆਹ ਹੋਣ' ਤੇ
ਬ੍ਰਹਿਮੰਡੀ 'ਸਭ ਹੋ ਜਾਣ' ਦੇ ਵਿਚਕਾਰਲੀ—
ਉਹ ਪਵਿੱਤਰ ਤੇ ਅਟੁੱਟ ਗੂੰਜ,
ਜੋ ਹੁਣ ਖਾਮੋਸ਼ ਨਹੀਂ ਹੋਵੇਗੀ।

*-ਅਮਰਜੀਤ ਗਰੇਵਾਲ*

# ਐਪਸਟੀਨ ਫਾਈਲਾਂ: ਤਾਕਤ, ਪੈਸਾ ਅਤੇ ਇਨਸਾਫ ਦਾ ਵਿਸ਼ਵ ਇਮਤਿਹਾਨ

*ਐਪਸਟੀਨ ਮਾਮਲਾ ਇਹ ਦਰਸਾਉਂਦਾ ਹੈ ਕਿ ਕਾਨੂੰਨੀ ਪ੍ਰਕਿਰਿਆ ਦੀ ਪਾਰਦਰਸ਼ਤਾ, ਸੰਸਥਾਵਾਂ ਦੀ ਸੁਤੰਤਰਤਾ ਅਤੇ ਮੀਡੀਆ ਦੀ ਜਵਾਬਦੇਹੀ—ਇਹ ਤਿੰਨੇ ਮਿਲ ਕੇ ਹੀ ਨਿਆਂ ਨੂੰ ਅਰਥ ਦਿੰਦੇ ਹਨ। ਕਾਨੂੰਨ ਕਾਗਜ਼ਾਂ 'ਤੇ ਨਹੀਂ, ਵਰਤੋਂ ਵਿਚ ਇੱਕਸਾਰ ਹੋਣਾ ਚਾਹੀਦਾ ਹੈ। ਨਹੀਂ ਤਾਂ ਲੋਕਤੰਤਰ ਸਿਰਫ਼ ਚੋਣਾਂ ਦਾ ਪ੍ਰਬੰਧ ਰਹਿ ਜਾਂਦਾ ਹੈ, ਨਿਆਂ ਦਾ ਨਹੀਂ। ਇਸ ਕੇਸ ਨੇ ਸੰਸਾਰ ਨੂੰ ਇਹ ਸਿੱਖਿਆ ਵੀ ਦਿੱਤੀ ਕਿ ਸੰਸਥਾਵਾਂ, ਪ੍ਰਣਾਲੀ ਅਤੇ ਤਾਕਤ ਤੋਂ ਸਵਾਲ ਪੁੱਛਣੇ ਵੀ ਜ਼ਰੂਰੀ ਹਨ ਕਿਉਂਕਿ ਜਦੋਂ ਸਵਾਲ ਜ਼ਿੰਦਾ ਰਹਿੰਦੇ ਹਨ, ਉਦੋਂ ਹੀ ਲੋਕਤੰਤਰ ਵੀ ਜ਼ਿੰਦਾ ਰਹਿੰਦਾ ਹੈ।*


ਨੁਕਤਾ -ਏ- ਨਜ਼ਰ



ਗੁਰਪ੍ਰੀਤ ਸਿੰਘ ਬਿਲਿੰਗ
ਫੋਨ 75086-98066
gurpreetnews@gmail.com


10 ਅਗਸਤ 2019 ਦੀ ਸਵੇਰ, ਜਦੋਂ ਨਿਊਯਾਰਕ ਸਿਟੀ ਦੇ ਲੋਅਰ ਮੈਨਹੈਟਨ ਵਿਚ ਸਥਿਤ ਮੈਟਰੋਪੋਲਿਟਨ ਕਰੈਕਸ਼ਨਲ ਸੈਂਟਰ (MCC) (ਜੇਲ੍ਹ) ਦੀ ਇੱਕ ਉਚ-ਸੁਰੱਖਿਆ ਸੈਲ ਦਾ ਦਰਵਾਜ਼ਾ ਖੁੱਲ੍ਹਿਆ, ਤਾਂ ਉੱਥੇ ਪਿਆ ਸਰੀਰ ਸਿਰਫ਼ ਇੱਕ ਕੈਦੀ ਦਾ ਨਹੀਂ ਸੀ। ਉਹ ਵਿਸ਼ਵ ਤਾਕਤ, ਧਨ ਅਤੇ ਪ੍ਰਭਾਵ ਦੇ ਗੁਪਤ ਗਲਿਆਰਿਆਂ ਵਿਚ ਚੱਲ ਰਹੀ ਲੰਬੀ ਅਤੇ ਜਟਿਲ ਕਹਾਣੀ ਦਾ ਅਚਾਨਕ ਰੁਕਿਆ ਹੋਇਆ ਇਕ ਦਿਲ ਸੀ। ਉੱਥੇ 66 ਸਾਲਾ ਜੈਫਰੀ ਐਡਵਰਡ ਐਪਸਟੀਨ ਮੁਰਦਾ ਮਿਲਿਆ ਸੀ। ਨਿਊਯਾਰਕ ਸਿਟੀ ਦੇ ਚੀਫ਼ ਮੈਡੀਕਲ ਐਗਜ਼ੈਮੀਨਰ ਡਾ. ਬਾਰਬਰਾ ਸੈਂਪਸਨ ਨੇ ਉਸ ਦੇ ਮਰਣ ਨੂੰ 'suicide by hanging' (ਖੁਦਕੁਸ਼ੀ) ਐਲਾਨ ਦਿੱਤਾ। ਉਸ ਵੇਲੇ ਦੇ ਸੰਯੁਕਤ ਰਾਜ ਅਮਰੀਕਾ ਦੇ ਅਟਾਰਨੀ ਜਨਰਲ ਵਿਲੀਅਮ ਬਾਰ ਨੇ ਗੰਭੀਰ ਅਤੇ ਵੱਡੀਆਂ ਅਣਗਹਿਲੀਆਂ ਦੀ ਗੱਲ ਕੀਤੀ ਅਤੇ ਗੰਭੀਰ ਜਾਂਚ ਹੋਣ ਦਾ ਭਰੋਸਾ ਦਿੱਤਾ। ਯੂਨਾਈਟਡ ਸਟੇਟਸ ਡਿਪਾਰਟਮੈਂਟ ਆਫ ਜਸਟਿਸ (DOJ) ਅਤੇ ਫੈਡਰਲ ਬਿਊਰੋ ਆਫ ਇਨਵੈਸਟੀਗੇਸ਼ਨ (FBI) ਨੇ ਜਾਂਚ ਸ਼ੁਰੂ ਕੀਤੀ। ਜੂਨ 2023 ਵਿਚ DOJ ਦੇ ਆਫ਼ਿਸ ਆਫ਼ ਇੰਸਪੈਕਟਰ ਜਨਰਲ (OIG) ਦੀ ਰਿਪੋਰਟ ਨੇ MCC ਦੀ ਨਿਗਰਾਨੀ ਪ੍ਰਣਾਲੀ, ਸਟਾਫ਼ ਦੀ ਘਾਟ, ਡਿਊਟੀ ਵਿਚ ਲਾਪਰਵਾਹੀ ਅਤੇ ਪ੍ਰਬੰਧਕੀ ਅਣਗਹਿਲੀਆਂ ਨੂੰ ਵਿਸਥਾਰ ਨਾਲ ਉਜਾਗਰ ਕੀਤਾ। ਇਹ ਸਿਰਫ਼ ਇੱਕ ਕੈਦੀ ਦੀ ਮੌਤ ਨਹੀਂ ਸੀ, ਸੰਸਥਾਗਤ ਭਰੋਸੇ 'ਤੇ ਗੰਭੀਰ ਸਵਾਲ ਸੀ।

OIG ਰਿਪੋਰਟ ਅਨੁਸਾਰ ਡਿਊਟੀ 'ਤੇ ਮੌਜੂਦ ਅਧਿਕਾਰੀਆਂ ਨੇ ਲਾਜ਼ਮੀ 30-30 ਮਿੰਟ ਨਿਗਰਾਨੀ ਚੈਕ ਨਹੀਂ ਕੀਤੀ। ਉਸੇ ਖਾਸ ਸੈੱਲ ਦੇ ਆਸ-ਪਾਸ ਦੇ ਸੀਸੀਟੀਵੀ ਕੈਮਰਿਆਂ ਵਿਚ ਤਕਨੀਕੀ ਖਾਮੀਆਂ ਮਿਲੀਆਂ। ਲੌਗ ਬੁੱਕ 'ਚ ਐਂਟਰੀਆਂ ਅਧੂਰੀਆਂ ਜਾਂ ਗਲਤ ਸਨ। 19 ਜੁਲਾਈ 2019 ਤੋਂ ਐਪਸਟੀਨ ਨੂੰ ਸਖ਼ਤ ਖੁਦਕੁਸ਼ੀ ਨਿਗਰਾਨੀ (suicide watch) ਹੇਠ ਰੱਖਿਆ ਗਿਆ, ਪਰ 29 ਜੁਲਾਈ ਨੂੰ ਅਚਾਨਕ ਇਹ ਸਭ ਹਟਾ ਦਿੱਤਾ ਗਿਆ। suicide watch ਹਟਾਉਣ ਦੀ ਪ੍ਰਕਿਰਿਆ 'ਤੇ ਵੀ ਸਵਾਲ ਉਠੇ ਸਨ। Federal Bureau of Prisons ਪਹਿਲਾਂ ਹੀ ਸਟਾਫ਼ ਦੀ ਘਾਟ ਅਤੇ ਪ੍ਰਬੰਧਕੀ ਸਮੱਸਿਆਵਾਂ ਨਾਲ ਜੂਝ ਰਿਹਾ ਸੀ। ਇਹ ਨਾਕਾਮੀ ਅਤੇ ਗਲਤੀ ਸਿਰਫ਼ ਇਕ ਰਾਤ ਦੀ ਨਹੀਂ, ਸਗੋਂ ਸੰਸਥਾਗਤ ਕਮਜ਼ੋਰੀ ਦਾ ਦਰਪਣ ਸੀ।


ਜੈਫਰੀ ਐਡਵਰਡ ਐਪਸਟੀਨ ਦਾ ਜਨਮ 20 ਜਨਵਰੀ 1953 ਨੂੰ ਬਰੁਕਲਿਨ, ਨਿਊਯਾਰਕ ਵਿਚ ਹੋਇਆ। 1976 ਵਿਚ Bear Stearns ਵਿੱਤੀ ਕੰਪਨੀ ਨਾਲ ਜੁੜ ਕੇ ਉਸ ਨੇ ਵਿੱਤੀ ਦੁਨੀਆ ਵਿਚ ਕਦਮ ਰੱਖਿਆ। ਫਿਰ ਉਸ ਨੇ 1981 ਵਿਚ J. Epstein & Co. ਦੀ ਸਥਾਪਨਾ ਕੀਤੀ। ਕਾਮਯਾਬ ਹੁੰਦਿਆਂ ਉਸ ਨੇ 1998 ਵਿਚ Little Saint James ਟਾਪੂ ਖਰੀਦਿਆ ਅਤੇ ਫਿਰ 2016 ਵਿਚ Great Saint James ਵੀ ਖਰੀਦ ਲਿਆ। 2002 ਵਿਚ ਨਿਊਯਾਰਕ ਮੈਗਜ਼ੀਨ ਨੇ ਉਸ ਦੇ ਉੱਚ ਸੰਪਰਕਾਂ ਦੀ ਪ੍ਰੋਫ਼ਾਈਲ ਛਾਪੀ। ਉਸ ਦਾ ਵੱਡੇ ਜੱਦੀ ਅਮੀਰਾਂ ਨਾਲ ਮੇਲ ਖਾਂਦਾ ਰਹਿਣ-ਸਹਿਣ ਹਮੇਸ਼ਾਂ ਸਵਾਲਾਂ ਨਾਲ ਘਿਰਿਆ ਰਿਹਾ। ਉਸ ਕੋਲ ਇਕਦਮ ਐਨਾ ਧਨ ਕਿੱਥੋਂ ਆਇਆ? ਉਸ ਦੇ ਕੌਣ ਗਾਹਕ ਸਨ? ਉਹ ਕਿਸੇ ਨਾਲ ਅਜਿਹਾ ਕੀ ਲੈਣ-ਦੇਣ ਕਰਦਾ ਸੀ ਕਿ ਅਮੀਰ, ਸਰਕਾਰੀ ਅਤੇ ਰਾਜਨੀਤਕ ਗਲਿਆਰੇ 'ਚ ਉਹ ਘੱਟ ਵਕਤ 'ਚ ਵੱਡਾ ਰਸੂਖ਼ਦਾਰ ਬਣ ਗਿਆ। ਇਸ ਦੀ ਪੂਰੀ ਪਾਰਦਰਸ਼ਤਾ ਕਦੇ ਨਹੀਂ ਮਿਲੀ। ਬਾਅਦ ਦੀਆਂ ਅਦਾਲਤੀ ਕਾਰਵਾਈਆਂ ਅਤੇ ਵਿੱਤੀ ਕੇਸਾਂ ਵਿਚ ਇਹ ਵੀ ਸਾਹਮਣੇ ਆਇਆ ਕਿ ਉਹ ਆਪਣੇ ਆਪ ਨੂੰ ਅਰਬਪਤੀਆਂ ਦਾ 'wealth manager' ਦਰਸਾਉਂਦਾ ਸੀ, ਪਰ ਉਸ ਦਾ ਵਿੱਤੀ ਸਿਸਟਮ ਜਨਤਕ ਰਿਕਾਰਡਾਂ ਵਿਚ ਕਦੇ ਸਪਸ਼ਟ ਨਹੀਂ ਹੋਇਆ।

ਮਾਰਚ 2005 ਵਿਚ ਇੱਕ 14 ਸਾਲਾ ਨਾਬਾਲਿਗ ਲੜਕੀ ਦੇ ਮਾਤਾ-ਪਿਤਾ ਨੇ Palm Beach Police Department ਫਲੋਰਿਡਾ ਨੂੰ ਸ਼ਿਕਾਇਤ ਕੀਤੀ ਕਿ ਲੜਕੀ ਨੂੰ ਇੱਕ ਹੋਰ ਜਵਾਨ ਲੜਕੀ ਰਾਹੀਂ ਜੈਫਰੀ ਐਪਸਟੀਨ ਦੇ ਘਰ ਬੁਲਾਇਆ ਗਿਆ। (ਇਹ ਘਰ Palm Beach, Florida ਵਿਚ ਸਥਿਤ ਨਿੱਜੀ ਨਿਵਾਸ ਸੀ, ਨਾ ਕਿ ਟਾਪੂ ਵਾਲੀ ਸੰਪਤੀ 'ਚ) ਉੱਥੇ 'ਮਸਾਜ' ਦੇ ਨਾਂ 'ਤੇ ਉਸਨੂੰ ਭੁਗਤਾਨ ਕੀਤਾ ਗਿਆ। ਇੱਥੇ ਮਾਤਾ-ਪਿਤਾ ਨੂੰ ਸ਼ੱਕ ਹੋਇਆ ਕਿ ਜਿਨਸੀ ਸ਼ੋਸ਼ਣ ਹੋਇਆ ਹੈ। ਇਸ ਆਧਾਰ 'ਤੇ ਸਥਾਨਕ ਪੁਲਿਸ ਨੇ ਪ੍ਰਾਰੰਭਿਕ ਜਾਂਚ ਪੜਤਾਲ ਸ਼ੁਰੂ ਕਰ ਦਿੱਤੀ। ਪੁਲਿਸ ਨੇ ਇਸ ਦੌਰਾਨ ਕਈ ਨਾਬਾਲਿਗ ਲੜਕੀਆਂ ਕੋਲੋਂ ਪੁੱਛਗਿੱਛ ਕੀਤੀ। ਨਾਲ ਹੀ ਘਰ ਦੇ ਕਰਮਚਾਰੀਆਂ ਕੋਲੋਂ ਵੀ ਪੁੱਛ-ਪੜਤਾਲ ਹੋਈ। ਪੁਲਿਸ ਰਿਪੋਰਟ ਅਨੁਸਾਰ ਗਲਤ ਕੰਮ ਲਈ ਲੜਕੀ ਭਰਤੀ ਪ੍ਰਣਾਲੀ ਦਾ ਪੈਟਰਨ ਸਾਹਮਣੇ ਆਇਆ ਸੀ। ਉਸ ਰਿਪੋਰਟ 'ਚ ਕੁਝ ਲੜਕੀਆਂ ਨੂੰ $200–$300 ਦੇ ਭੁਗਤਾਨ ਕਰਨ ਦੀ ਗੱਲ ਕੀਤੀ ਗਈ ਸੀ। ਦਲੀਲ ਸੀ ਕਿ 'ਮਸਾਜ' ਸੈਸ਼ਨ ਅਕਸਰ ਜਿਨਸੀ ਵਿਹਾਰ ਵਿਚ ਬਦਲ ਜਾਂਦੇ ਸਨ। ਕੁਝ ਮਾਮਲਿਆਂ ਵਿਚ ਦੂਜੀਆਂ ਲੜਕੀਆਂ ਲਿਆਉਣ 'ਤੇ ਵਾਧੂ ਭੁਗਤਾਨ ਦੀ ਗੱਲ ਵੀ ਨਜ਼ਰੀਂ ਆਈ। Palm Beach Police ਦੇ ਮੁਖੀ Michael Reiter ਨੇ ਬਾਅਦ ਵਿਚ ਕਿਹਾ ਸੀ ਕਿ ਪੁਲਿਸ ਨੇ ਇਸ ਮਾਮਲੇ ਨੂੰ 'serial sexual abuse of minors' ਵਜੋਂ ਦੇਖਿਆ ਸੀ।

30 ਜੂਨ 2008 ਨੂੰ ਐਪਸਟੀਨ ਨੇ Non-Prosecution Agreement ਤਹਿਤ ਘੱਟ ਗੰਭੀਰ ਦੋਸ਼ ਮੰਨ ਲਏ ਅਤੇ ਉਸ ਨੂੰ 13 ਮਹੀਨਿਆਂ ਦੀ ਸਜ਼ਾ ਹੋਈ। ਇਹ ਵੀ ਜ਼ਿਕਰਯੋਗ ਹੈ ਕਿ ਉਹ ਤੈਅ ਸਮੇਂ ਤੋਂ ਪਹਿਲਾਂ ਰਿਹਾਅ ਹੋ ਗਿਆ ਅਤੇ ਬਾਅਦ 'ਚ ਇਹ ਵੀ ਸਾਹਮਣੇ ਆਇਆ ਕਿ 'ਵਰਕ ਰਿਲੀਜ਼ ਪ੍ਰੋਗਰਾਮਿੰਗ ਕਾਨੂੰਨ' ਤਹਿਤ ਉਹ ਕਾਫੀ ਸਮਾਂ ਦਿਨ ਵੇਲੇ ਜੇਲ੍ਹ ਤੋਂ ਕੰਮ 'ਤੇ ਜਾਂਦਾ ਰਿਹਾ ਅਤੇ ਰਾਤ ਵੇਲੇ ਜੇਲ੍ਹ ਅੰਦਰ ਵਾਪਸ ਸੌਣ ਆ ਜਾਂਦਾ ਸੀ। ਇਸ ਸਮਝੌਤੇ ਨੇ ਗੰਭੀਰ ਸੰਘੀ ਦੋਸ਼ਾਂ ਨੂੰ ਰਾਜ ਪੱਧਰ 'ਤੇ ਲਿਆ ਕੇ ਨਰਮ ਕਰ ਦਿੱਤਾ ਸੀ ਤੇ ਇਸ ਨਾਲ ਕਈ ਸਵਾਲ ਖੜ੍ਹੇ ਹੋਏ। ਕੀ ਸਬੂਤ ਕਮਜ਼ੋਰ ਸਨ? ਕੀ ਪ੍ਰੋਸਿਕਿਊਸ਼ਨ ਨੇ ਜੋਖ਼ਮ ਲੈਣ ਤੋਂ ਬਚਣਾ ਹੀ ਬੇਹਤਰ ਸਮਝਿਆ? ਜਾਂ ਕੀ ਪ੍ਰਭਾਵਸ਼ਾਲੀ ਨੈੱਟਵਰਕ ਨੇ ਪੂਰੇ ਕਾਨੂੰਨੀ ਜਾਂਚ ਮਾਹੌਲ ਨੂੰ ਪ੍ਰਭਾਵਿਤ ਕੀਤਾ? (ਨੋਟ: ਕਿਸੇ ਅਦਾਲਤੀ ਫੈਸਲੇ ਨੇ ਇਹ ਸਾਬਤ ਨਹੀਂ ਕੀਤਾ ਕਿ ਰਾਜਨੀਤਿਕ ਦਖਲ ਨਾਲ Plea Deal ਨਰਮ ਹੋਈ।) ਪਰ ਹਕੀਕਤ ਇਹ ਹੈ ਕਿ 2008 ਦਾ ਸਮਝੌਤਾ ਬਾਅਦ ਵਿਚ ਅਮਰੀਕੀ ਕਾਨੂੰਨੀ ਇਤਿਹਾਸ ਦੇ ਸਭ ਤੋਂ ਵਿਵਾਦਿਤ ਸਮਝੌਤਿਆਂ ਵਿਚ ਗਿਣਿਆ ਜਾਣ ਲੱਗਿਆ। ਉਸ ਵੇਲੇ ਸਾਊਦਰਨ ਡਿਸਟ੍ਰਿਕਟ ਆਫ ਫਲੋਰਿਡਾ ਦੇ ਯੂ.ਐਸ ਅਟਾਰਨੀ ਅਲੈਕਜ਼ੈਂਡਰ ਅਕੋਸਟਾ ਸਨ, ਜਿਨ੍ਹਾਂ ਦੀ ਦੇਖਰੇਖ ਹੇਠ ਇਹ ਸਮਝੌਤਾ ਹੋਇਆ ਸੀ। ਅਲੈਕਜ਼ੈਂਡਰ ਨੇ 2019 ਵਿਚ ਸੈਕਰੇਟਰੀ ਆਫ ਲੇਬਰ ਦੇ ਅਹੁਦੇ ਤੋਂ ਅਸਤੀਫਾ ਦਿੱਤਾ।

ਨਵੰਬਰ 2018 ਵਿਚ Miami Herald ਅਖ਼ਬਾਰ ਦੀ ਜੂਲੀ ਕੇ. ਬਰਾਊਨ ਦੀ 'Perversion of Justice' ਖੋਜੀ ਪੱਤਰਕਾਰਿਤਾ ਸੀਰੀਜ਼ ਨੇ ਐਪਸਟੀਨ ਮਾਮਲੇ ਨੂੰ ਮੁੜ ਸੁਰਜੀਤ ਕਰ ਦਿੱਤਾ। ਇਹ ਪੱਤਰਕਾਰਿਤਾ ਰਾਹੀਂ ਨਿਆਂ ਦੀ ਮੁੜ ਪੜਤਾਲ ਸੀ। ਪਾਮ ਬੀਚ ਪੁਲਿਸ ਦੀ 2005–2006 ਜਾਂਚ ਅਤੇ 2008 Plea Deal ਵਿਚਕਾਰ ਦਾ ਅੰਤਰ ਹੀ ਬਾਅਦ ਵਿਚ Miami Herald ਦੀ ਜਾਂਚ ਦਾ ਕੇਂਦਰ ਬਣਿਆ।

21 ਫਰਵਰੀ 2019 ਨੂੰ ਜੱਜ Kenneth A. Marra ਨੇ Crime Victims' Rights Act ਦੀ ਉਲੰਘਣਾ ਨੂੰ ਨੋਟਿਸ 'ਚ ਲਿਆ। ਇਸ ਤਰ੍ਹਾਂ ਇਹ ਲਗਭਗ ਦਸ ਸਾਲ ਪੁਰਾਣਾ ਕੇਸ ਮੁੜ ਖੁੱਲ੍ਹਿਆ ਸੀ। ਇਸੇ ਕਰਕੇ 6 ਜੁਲਾਈ 2019 ਨੂੰ ਐਪਸਟੀਨ ਦੀ ਗ੍ਰਿਫ਼ਤਾਰੀ ਹੋਈ। 8 ਜੁਲਾਈ 2019 ਨੂੰ ਨਿਊਯਾਰਕ ਦੇ Southern District of New York (SDNY) ਵਿਚ ਫੈਡਰਲ ਗ੍ਰੈਂਡ ਜ਼ੂਰੀ ਨੇ ਮੈਨਹਟਨ ਫੈਡਰਲ ਕੋਰਟ ਵਿਚ ਜੈਫਰੀ ਐਪਸਟੀਨ ਵਿਰੁੱਧ ਦੋ ਸੰਘੀ ਦੋਸ਼ ਲਗਾਉਂਦੇ ਹੋਏ ਸਾਜ਼ਿਸ਼ ਦਾ ਚਾਰਜ ਜਾਰੀ ਕੀਤਾ। ਇਨ੍ਹਾਂ ਵਿਚ 2002 ਤੋਂ 2005 ਦਰਮਿਆਨ ਨਾਬਾਲਿਗ ਲੜਕੀਆਂ ਦੀ ਸੈਕਸ ਟਰੈਫਿਕਿੰਗ ਅਤੇ ਸਾਜ਼ਿਸ਼ ਸ਼ਾਮਲ ਸੀ। ਉਸ ਵੇਲੇ SDNY dy U.S. Attorney Geoffrey S. ਬਰਮਨ ਸਨ, ਜਿਨ੍ਹਾਂ ਨੇ




ਜਨਤਕ ਬਿਆਨ ਵਿਚ ਕਿਹਾ ਸੀ ਕਿ ਕੇਸ ਨੂੰ ਸੰਘੀ ਪੱਧਰ 'ਤੇ ਪੂਰੀ ਗੰਭੀਰਤਾ ਨਾਲ ਅੱਗੇ ਵਧਾਇਆ ਜਾਵੇਗਾ। 23 ਜੁਲਾਈ ਨੂੰ ਜੱਜ ਰਿਚਰਡ ਬਰਮਨ ਵਲੋਂ ਐਪਸਟੀਨ ਦੀ ਬੇਲ ਰੱਦ ਕਰ ਦਿੱਤੀ ਗਈ। ਪਰ 10 ਅਗਸਤ 2019 ਨੂੰ ਐਪਸਟੀਨ ਦੀ ਮੌਤ ਨੇ ਪੂਰੀ ਅਦਾਲਤੀ ਪ੍ਰਕਿਰਿਆ ਨੂੰ ਅਧੂਰੇ ਰਾਹ ਛੱਡ ਦਿੱਤਾ।

ਕੀ ਸੰਸਥਾਵਾਂ ਪੈਸੇ, ਪ੍ਰਭਾਵ ਜਾਂ ਤਾਕਤ ਅੱਗੇ ਝੁਕੀਆਂ? ਇਹ ਸਵਾਲ ਕੇਸ ਦਾ ਕੇਂਦਰ ਹੈ। 2005 ਤੋਂ 2008 ਤੱਕ ਨਰਮ ਕਾਰਵਾਈ, 2019 'ਚ ਕੇਸ ਦਾ ਦੁਬਾਰਾ ਖੁੱਲ੍ਹਣਾ, ਐਮਸੀਸੀ ਸੁਰੱਖਿਆ ਦੀ ਨਾਕਾਮੀ। ਇਹ ਸਾਰੇ ਤੱਤ ਇਹ ਸਵਾਲ ਖੜ੍ਹੇ ਕਰਦੇ ਹਨ ਕਿ ਕੀ ਕਾਨੂੰਨੀ ਅਤੇ ਸੰਸਥਾਗਤ ਪ੍ਰਣਾਲੀ ਪ੍ਰਭਾਵਸ਼ਾਲੀ ਵਿਅਕਤੀਆਂ ਦੇ ਮਾਮਲੇ ਵਿਚ ਇੱਕਸਾਰ ਵਰਤਾਅ ਕਰਦੀ ਹੈ ਜਾਂ ਨਹੀਂ? ਹਾਲਾਂਕਿ ਬਾਅਦ ਵਿਚ ਅਦਾਲਤਾਂ ਨੇ ਸਖ਼ਤ ਕਾਰਵਾਈ ਵੀ ਕੀਤੀ ਹੈ। 6 ਜੁਲਾਈ 2020 ਨੂੰ ਐਪਸਟੀਨ ਦੀ ਸਾਥਣ ਘਿਸਲੇਨ ਮੈਕਸਵੈਲ ਗ੍ਰਿਫ਼ਤਾਰ ਹੋਈ। 29 ਦਸੰਬਰ 2021 ਨੂੰ ਉਹ ਦੋਸ਼ੀ ਐਲਾਨ ਦਿੱਤੀ ਗਈ ਅਤੇ 28 ਜੂਨ 2022 ਨੂੰ ਉਸ ਨੂੰ 20 ਸਾਲ ਦੀ ਸਜ਼ਾ ਸੁਣਾਈ ਗਈ।

2019 ਵਿਚ Epstein Victim Compensation Program ਬਣਾਇਆ ਗਿਆ, ਜੋ 2021 ਤੱਕ ਚੱਲਿਆ। ਇਸ ਪ੍ਰੋਗਰਾਮ ਦੀ ਦੇਖ-ਰੇਖ ਇੱਕ ਸੁਤੰਤਰ ਪ੍ਰਸ਼ਾਸਕ ਦੁਆਰਾ ਕੀਤੀ ਗਈ ਅਤੇ ਇਸ ਦੌਰਾਨ ਸੈਂਕੜੇ ਦਾਅਵੇ ਦਾਇਰ ਹੋਏ। ਪੀੜਤਾਂ ਨੂੰ ਅਦਾਲਤੀ ਟ੍ਰਾਇਲ ਤੋਂ ਇਲਾਵਾ ਸਿਵਲ ਮੁਆਵਜ਼ੇ ਦਾ ਰਸਤਾ ਮੁਹੱਈਆ ਕਰਵਾਇਆ ਗਿਆ।

16 ਫਰਵਰੀ 2022 ਨੂੰ ਬ੍ਰਿਟੇਨ ਦੇ ਪ੍ਰਿੰਸ ਐਂਡਰਿਊ ਨੇ Virginia Giuffre ਨਾਲ ਸਿਵਲ ਸਮਝੌਤਾ ਕੀਤਾ ਸੀ, ਜਿਸ ਦਾ ਦਾਅਵਾ ਸੀ ਕਿ 2001 ਵਿਚ, ਜਦੋਂ ਉਹ ਨਾਬਾਲਿਗ ਸੀ, ਉਸ ਦਾ ਜਿਨਸੀ ਸ਼ੋਸ਼ਣ ਕੀਤਾ ਗਿਆ ਅਤੇ ਇਹ ਸਭ ਕੁਝ ਜੈਫਰੀ ਐਪਸਟੀਨ ਅਤੇ ਘਿਸਲੇਨ ਮੈਕਸਵੈਲ ਦੇ ਜਾਲ ਨਾਲ ਜੁੜਿਆ ਸੀ। ਪ੍ਰਿੰਸ ਐਂਡਰਿਊ ਨੇ ਇਨ੍ਹਾਂ ਦੋਸ਼ਾਂ ਤੋਂ ਇਨਕਾਰ ਕੀਤਾ, ਪਰ ਕੇਸ ਟ੍ਰਾਇਲ 'ਚ ਜਾਣ ਤੋਂ ਪਹਿਲਾਂ ਹੀ ਸਮਝੌਤਾ ਹੋ ਗਿਆ। ਸਮਝੌਤੇ ਦੀ ਅਸਲ ਰਕਮ ਸਰਕਾਰੀ ਤੌਰ 'ਤੇ ਪ੍ਰਕਾਸ਼ਿਤ ਨਹੀਂ ਕੀਤੀ ਗਈ, ਪਰ ਮੀਡੀਆ ਰਿਪੋਰਟਾਂ ਮੁਤਾਬਕ ਇਹ ਮਿਲੀਅਨਜ਼ ਡਾਲਰ ਵਿਚ ਸੀ।

ਮਈ 2023 ਵਿਚ Deutsche Bank ਨੇ ਲਗਭਗ $75 ਮਿਲੀਅਨ ਦਾ ਸਮਝੌਤਾ ਕੀਤਾ। ਇਹ ਉਨ੍ਹਾਂ ਸਿਵਲ ਦਾਅਵਿਆਂ ਨਾਲ ਸੰਬੰਧਿਤ ਸੀ ਜਿਨ੍ਹਾਂ ਵਿਚ ਦਲੀਲ ਕੀਤੀ ਗਈ ਸੀ ਕਿ ਬੈਂਕ ਨੇ ਐਪਸਟੀਨ ਦੇ ਖਾਤਿਆਂ ਦੀ ਯੋਗ ਨਿਗਰਾਨੀ ਨਹੀਂ ਕੀਤੀ ਅਤੇ compliance ਪ੍ਰਣਾਲੀ ਵਿਚ ਖਾਮੀਆਂ ਰਹੀਆਂ। ਇਸੇ ਤਰ੍ਹਾਂ ਜੂਨ 2023 ਵਿਚ JPMorgan Chase & Co. ਸੰਯੁਕਤ ਰਾਜ ਅਮਰੀਕਾ ਦੀ ਇੱਕ ਬਹੁ-ਰਾਸ਼ਟਰੀ ਵਿੱਤੀ ਸੰਸਥਾ ਨੇ ਵੀ ਲਗਭਗ $290 ਮਿਲੀਅਨ ਦਾ ਸਿਵਲ ਸਮਝੌਤਾ ਉਨ੍ਹਾਂ ਪੀੜਤ ਔਰਤਾਂ ਨਾਲ ਕੀਤਾ ਜਿਨ੍ਹਾਂ ਨੇ ਬੈਂਕ ਖ਼ਿਲਾਫ਼ ਸਾਂਝਾ ਮੁਕੱਦਮਾ ਦਾਇਰ ਕੀਤਾ ਸੀ। ਦਾਅਵਾ ਸੀ ਕਿ ਬੈਂਕ ਨੂੰ ਜੈਫਰੀ ਐਪਸਟੀਨ ਦੀਆਂ ਸ਼ੱਕੀ ਗਤੀਵਿਧੀਆਂ ਬਾਰੇ 'ਰਵਦ ਾਲਅਗਸ' ਦਾ ਪਤਾ ਹੋਣਾ ਚਾਹੀਦਾ ਸੀ, ਪਰ ਉਸ ਨੇ ਉਸ ਨੂੰ ਬੈਂਕਿੰਗ ਸੇਵਾਵਾਂ ਦੇਣੀਆਂ ਜਾਰੀ ਰੱਖੀਆਂ। ਇਹ ਰਕਮ ਸਿੱਧੇ ਤੌਰ 'ਤੇ ਐਪਸਟੀਨ ਦੇ ਕਥਿਤ ਪੀੜਤਾਂ ਲਈ ਮੁਆਵਜ਼ੇ ਵਜੋਂ ਨਿਰਧਾਰਤ ਕੀਤੀ ਗਈ ਸੀ।

ਦਸੰਬਰ 2023 ਅਤੇ ਜਨਵਰੀ 2024 ਵਿਚ ਜੱਜ Loretta A. Preska ਦੇ ਹੁਕਮ ਨਾਲ ਕਈ ਅਦਾਲਤੀ, ਪਰ ਅਹਿਮ ਦਸਤਾਵੇਜ਼ ਅਣ-ਸੀਲ ਕੀਤੇ ਗਏ। ਇਹ ਫਾਈਲਾਂ ਕੇਸ ਨੂੰ ਨਵੀਂ ਚਰਚਾ ਵਿਚ ਲੈ ਗਈਆਂ। ਇਨ੍ਹਾਂ ਵਿਚ ਸੰਪਰਕ, ਮੀਟਿੰਗਾਂ ਅਤੇ ਗਵਾਹੀਆਂ ਦੇ ਹਵਾਲੇ ਦਰਜ ਹਨ। ਅਜਿਹੇ ਦਸਤਾਵੇਜ਼ ਹੁਣ ਯੂਨਾਈਟਡ ਸਟੇਟਸ ਡਿਪਾਰਟਮੈਂਟ ਆਫ ਜਸਟਿਸ ਦੀ ਵੈੱਬਸਾਈਟ 'ਤੇ ਜਨਤਾ ਜਨਾਰਦਨ ਦੇਖ ਸਕਦੀ ਹੈ।

ਅਦਾਲਤੀ ਦਸਤਾਵੇਜ਼ਾਂ ਅਨੁਸਾਰ ਉਸ ਦੇ ਉੱਚ ਪੱਧਰੀ ਸੰਪਰਕ ਕਈ ਦੇਸ਼ਾਂ ਦੇ ਵੱਖ-ਵੱਖ ਪ੍ਰਭਾਵਸ਼ਾਲੀ ਵਰਗਾਂ ਅਤੇ ਵਿਅਕਤੀਆਂ ਨਾਲ ਸਨ। ਭਾਵੇਂ ਆਰਥਿਕ ਸਲਾਹ ਮਸ਼ਵਰਾ ਦੇਣ ਦੀ ਸ਼ਕਲ 'ਚ ਹੀ ਕਿਉਂ ਨਾ ਹੋਣ। ਬਾਕੀ ਅਜੇ ਵੀ ਬਹੁਤ ਦਸਤਾਵੇਜ਼ ਅਣ-ਸੀਲ ਕਰਨੇ ਬਾਕੀ ਹਨ। ਯਾਦ ਰੱਖਣਯੋਗ ਹੈ ਕਿ ਕਿਸੇ ਦਸਤਾਵੇਜ਼ 'ਚ ਨਾਮ ਦਰਜ ਹੋਣਾ ਅਪਰਾਧ ਸਾਬਤ ਹੋਣਾ ਨਹੀਂ ਹੈ। ਨਾਮ ਕਿਸ ਸੰਦਰਭ 'ਚ ਪ੍ਰਗਟ ਹੋਇਆ ਹੈ। ਇਹ ਅਹਿਮ ਹੈ।

ਭਾਰਤ ਦੇ ਪ੍ਰਮੁੱਖ ਅੰਗਰੇਜ਼ੀ ਅਤੇ ਹਿੰਦੀ ਮੀਡੀਆ ਹਾਊਸਾਂ ਨੇ ਐਪਸਟੀਨ ਕੇਸ ਨੂੰ ਸਿੱਧੇ ਤੌਰ 'ਤੇ 'ਅਮਰੀਕੀ ਕਾਨੂੰਨੀ ਅਤੇ ਸੰਸਥਾਗਤ ਸੰਕਟ' ਵਜੋਂ ਕਵਰ ਕੀਤਾ ਹੈ, ਨਾ ਕਿ ਸਾਜ਼ਿਸ਼ੀ ਥਿਊਰੀਆਂ ਦੇ ਰੂਪ ਵਿਚ। 'ਦਿ ਹਿੰਦੂ' ਨੇ ਆਪਣੇ ਵਿਸ਼ਲੇਸ਼ਣਾਤਮਕ ਰਿਪੋਰਟਾਂ ਵਿਚ DOJ ਦੀ ਜਾਂਚ, 2008 Plea Deal ਵਿਵਾਦ, ਮੈਕਸਵੈੱਲ ਟ੍ਰਾਇਲ, 2023 OIG ਰਿਪੋਰਟ ਨੂੰ ਸੰਸਥਾਗਤ ਜਵਾਬਦੇਹੀ ਦੇ ਪ੍ਰਸੰਗ ਵਿਚ ਪੇਸ਼ ਕੀਤਾ। ਇੰਡੀਅਨ ਐਕਸਪ੍ਰੈਸ ਨੇ 2019 ਦੀ ਗ੍ਰਿਫ਼ਤਾਰੀ, ਐਮਸੀਸੀ ਮੌਤ ਦੇ ਸਵਾਲ, ਪ੍ਰਿੰਸ ਐਂਡਰਿਊ ਸਿਵਲ ਸੈਟਲਮੈਂਟ ਅਣ-ਸੀਲ ਦਸਤਾਵੇਜ਼ ਨੂੰ ਫੈਕਟ-ਡ੍ਰਿਵਨ ਰਿਪੋਰਟਿੰਗ ਅੰਦਾਜ਼ ਵਿਚ ਪੇਸ਼ ਕੀਤਾ। ਟਾਈਮਜ਼ ਆਫ ਇੰਡੀਆ ਨੇ ਕੇਸ ਨੂੰ ਗਲੋਬਲ ਐਲੀਟ ਨੈੱਟਵਰਕਿੰਗ ਰਾਜਨੀਤਕ ਸੰਪਰਕ, ਅਣ-ਸੀਲ ਫਾਈਲਾਂ ਦੇ ਪ੍ਰਸੰਗ ਵਿਚ ਕਵਰ ਕੀਤਾ, ਪਰ ਵਧੇਰੇ ਧਿਆਨ 'ਨਾਮ ਉਘੜੇ' ਵਾਲੇ ਪਹਿਲੂ 'ਤੇ ਰਿਹਾ। ਐਨਡੀਟੀਵੀ ਦੀ ਰਿਪੋਰਟਿੰਗ ਵਿਚ DOJ ਦੀ ਅਧਿਕਾਰਕ ਜਾਂਚ, OIG ਰਪਿਰਟ, Maxwell ਸਜ਼ਾ ਨੂੰ ਗੰਭੀਰ ਸੰਸਥਾਗਤ ਖਾਮੀਆਂ ਦੇ ਸੰਦਰਭ ਵਿਚ ਵੇਖਿਆ ਗਿਆ, ਪਰ ਟੋਨ ਸੰਤੁਲਿਤ ਅਤੇ ਕਾਨੂੰਨੀ ਰਿਹਾ। 'ਇੰਡੀਆ ਟੂਡੇ' ਨੇ ਵਿਸ਼ੇਸ਼ ਰਿਪੋਰਟਾਂ ਵਿਚ ਕੇਸ ਦੀ ਟਾਈਮਲਾਈਨ, ਅਣ-ਸੀਲ ਦਸਤਾਵੇਜ਼, ਗਲੋਬਲ ਰਾਜਨੀਤਕ ਸੰਪਰਕ ਦੇ ਵਿਸ਼ਲੇਸ਼ਣ ਅਤੇ ਕੇਸ ਨੂੰ 'Elite Power Network Scandal' ਵਜੋਂ ਦਰਸਾਇਆ।

ਇਸੇ ਤਰ੍ਹਾਂ ਭਾਰਤੀ ਕਾਲਮਕਾਰਾਂ ਅਤੇ ਰਾਜਨੀਤਕ ਵਿਸ਼ਲੇਸ਼ਕਾਂ ਨੇ ਇਸ ਕੇਸ ਨੂੰ ਮੁੱਖ ਤੌਰ 'ਤੇ ਤਿੰਨ ਐਂਗਲਾਂ ਤੋਂ ਵੇਖਿਆ 1: ਸੰਸਥਾਗਤ ਜਵਾਬਦੇਹੀ ਦਾ ਸਵਾਲ: ਕੀ ਅਮਰੀਕੀ ਨਿਆਂ ਪ੍ਰਣਾਲੀ ਵੀ ਪ੍ਰਭਾਵ ਅੱਗੇ ਕਮਜ਼ੋਰ ਹੋ ਸਕਦੀ ਹੈ? 2. ਗਲੋਬਲ ਐਲੀਟ ਸੰਰਚਨਾ: ਕੀ ਵਿਸ਼ਵ ਦੇ ਉੱਚ ਵਰਗ ਵਿਚ ਇੱਕ ਅਜਿਹਾ ਨੈੱਟਵਰਕ ਹੁੰਦਾ ਹੈ ਜੋ ਸਰਹੱਦਾਂ ਤੋਂ ਪਰੇ ਹੁੰਦਾ ਹੈ? 3 ਮੀਡੀਆ ਦੀ ਭੂਮਿਕਾ: Miami Herald ਦੀ ਜਾਂਚ ਨੂੰ ਭਾਰਤੀ ਮੀਡੀਆ ਨੇ ਇਨਵੈਸਟੀਗੇਟਿਵ ਜਰਨਲਿਜ਼ਮ ਦੀ ਜਿੱਤ ਵਜੋਂ ਦਰਸਾਇਆ ਹੈ। ਪਰ ਭਾਰਤੀ ਦਰਸ਼ਕਾਂ ਲਈ ਅੱਗੇ ਕੇਸ ਨੂੰ ਤਿੰਨ ਪੱਧਰਾਂ 'ਤੇ ਪੇਸ਼ ਕੀਤਾ ਗਿਆ। 1. ਇੱਕ ਅਮਰੀਕੀ ਸੈਕਸ ਟਰੈਫਿਕਿੰਗ ਸਕੈਂਡਲ 2. ਸੰਸਥਾਗਤ ਨਾਕਾਮੀ ਅਤੇ 3.ਗਲੋਬਲ ਐਲੀਟ ਕਾਂਡ। ਭਾਰਤੀ ਮੀਡੀਆ ਨੇ ਜ਼ਿਆਦਾਤਰ ਅਧਿਕਾਰਕ ਰਿਪੋਰਟਾਂ ਅਤੇ ਅਦਾਲਤੀ ਦਸਤਾਵੇਜ਼ਾਂ 'ਤੇ ਆਧਾਰਿਤ ਰਿਪੋਰਟਿੰਗ ਕੀਤੀ। ਸਾਜ਼ਿਸ਼ੀ ਥਿਊਰੀਆਂ ਨੂੰ ਮੁੱਖ ਧਾਰਾ ਮੀਡੀਆ ਨੇ ਤਸਦੀਕਸ਼ੁਦਾ ਰੂਪ ਵਿਚ ਪੇਸ਼ ਨਹੀਂ ਕੀਤਾ।

ਹੁਣ ਗੱਲ ਕਰਦੇ ਹਾਂ ਕਿ ਇਹ ਕੇਸ ਸਮਾਜ ਦੇ ਵੱਖ-ਵੱਖ ਹਿੱਸਿਆਂ ਨਾਲ ਕਿਵੇਂ ਜੁੜਿਆ ਹੋਇਆ ਹੈ। ਐਪਸਟੀਨ ਕੇਸ ਨੇ ਇਹ ਸਵਾਲ ਖੜ੍ਹਾ ਕੀਤਾ ਕਿ ਕੀ ਉੱਚ ਵਰਗ ਲਈ ਵੱਖਰੀ ਨੈਤਿਕਤਾ ਹੁੰਦੀ ਹੈ ਅਤੇ ਗਰੀਬ ਲਈ ਵੱਖਰੀ। ਇਸ ਮਾਮਲੇ ਨੇ ਤਾਕਤ, ਨਿਯੰਤਰਣ ਅਤੇ ਸ਼ੋਸ਼ਣ ਦੇ ਮਨੋਵਿਗਿਆਨਕ ਗਤੀਕਰਮ 'ਤੇ ਧਿਆਨ ਖਿੱਚਿਆ। ਪ੍ਰਭਾਵਸ਼ਾਲੀ ਸਥਿਤੀ ਕਿਸ ਤਰ੍ਹਾਂ ਅਪਰਾਧੀ ਨੂੰ ਨਿਰਭੈਅ ਬਣਾਉਂਦੀ ਹੈ ਅਤੇ ਪੀੜਤ ਨੂੰ ਚੁੱਪ ਰਹਿਣ ਲਈ ਮਜਬੂਰ ਕਰ ਸਕਦੀ ਹੈ। ਇਹ ਗੰਭੀਰ ਅਧਿਐਨ ਦਾ ਵਿਸ਼ਾ ਬਣਿਆ। ਇਹ ਕੇਸ ਲੋਕਤੰਤਰਿਕ ਸੰਸਥਾਵਾਂ ਦੀ ਸੁਤੰਤਰਤਾ ਲਈ ਇੱਕ ਕਸੌਟੀ ਸੀ। ਕੀ ਰਾਜਨੀਤਕ ਪ੍ਰਭਾਵ ਨਿਆਂ ਪ੍ਰਣਾਲੀ ਨੂੰ ਨਰਮ ਕਰ ਸਕਦਾ ਹੈ? ਇਹ ਪ੍ਰਸ਼ਨ ਰਾਜ ਅਤੇ ਤਾਕਤ ਦੇ ਸਬੰਧਾਂ ਦੀ ਨਵੀਂ ਵਿਆਖਿਆ ਵੱਲ ਲੈ ਗਿਆ। ਵੱਡੇ ਬੈਂਕਾਂ ਦੇ ਸਮਝੌਤਿਆਂ ਨੇ ਦਰਸਾਇਆ ਕਿ ਗਲੋਬਲ ਵਿੱਤੀ ਪ੍ਰਣਾਲੀ ਵਿਚ due diligence ਅਤੇ ਰਿਸਕ ਮੈਨੇਜਮੈਂਟ ਕਿੱਥੇ ਕਮਜ਼ੋਰ ਹੋ ਸਕਦੇ ਹਨ। ਇਸ ਨੇ corporate accountability ਅਤੇ financial compliance ਦੀਆਂ ਹੱਦਾਂ ਦੀ ਪੜਤਾਲ ਕਰਵਾਈ। ਐਪਸਟੀਨ ਮਾਮਲਾ ਐਲੀਟ ਨੈੱਟਵਰਕਿੰਗ ਦੇ ਸਮਾਜਿਕ ਢਾਂਚੇ ਦਾ ਦਰਪਣ ਬਣਿਆ ਹੈ। ਕਿਵੇਂ ਉੱਚ ਵਰਗ ਦੇ ਗਲੋਬਲ ਸੰਪਰਕ ਇੱਕ ਅਲੱਗ ਸਮਾਜਿਕ ਪਰਤ ਬਣਾਉਂਦੇ ਹਨ, ਜੋ ਕਈ ਵਾਰ ਜਵਾਬਦੇਹੀ ਤੋਂ ਬਚ ਜਾਂਦੀ ਹੈ। ਇਹ ਸਮਾਜ-ਸ਼ਾਸਤਰੀ ਵਿਸ਼ਲੇਸ਼ਣ ਦਾ ਕੇਂਦਰ ਬਣਿਆ।

ਪ੍ਰਸਿੱਧੀ, ਤਾਕਤ ਅਤੇ ਮੀਡੀਆ ਚਿੱਤਰਣ ਦੇ ਸੰਬੰਧ 'ਤੇ ਨਵੀਂ ਚਰਚਾ ਹੋਈ। ਕਿਵੇਂ ਸਮਾਜ ਪ੍ਰਭਾਵਸ਼ਾਲੀ ਵਿਅਕਤੀਆਂ ਨੂੰ 'ਸਫਲਤਾ' ਦੇ ਰੂਪ ਵਿਚ ਮੰਨਦਾ ਹੈ ਅਤੇ ਉਨ੍ਹਾਂ ਦੇ ਨਿੱਜੀ ਵਿਹਾਰ 'ਤੇ ਸਵਾਲ ਦੇਰ ਨਾਲ ਉਠਦੇ ਹਨ। ਇਹ ਸੱਭਿਆਚਾਰਕ ਆਲੋਚਨਾ ਦਾ ਵੀ ਵਿਸ਼ਾ ਬਣਿਆ। 2008 ਦੇ Plea Deal ਅਤੇ 2019 ਦੇ Indictment ਨੇ ਦਿਖਾਇਆ ਕਿ ਕਾਨੂੰਨੀ ਪ੍ਰਕਿਰਿਆ ਅਤੇ ਨਿਆਂ ਦੀ ਧਾਰਣਾ ਹਮੇਸ਼ਾਂ ਇੱਕੋ ਨਹੀਂ ਹੁੰਦੀ। ਇਦਾਂ ਹੀ Crime Victims' Rights Act ਦੀ ਉਲੰਘਣਾ ਦਾ ਮਾਮਲਾ ਨਿਆਂਇਕ ਸਿਸਟਮ ਦੀ ਨਵੀਂ ਵਿਆਖਿਆ ਬਣਿਆ। ਅਖ਼ਬਾਰ ਮਿਆਮੀ ਹੈਰਲਡ ਦੀ ਜਾਂਚ ਨੇ ਸਾਬਤ ਕੀਤਾ ਹੈ ਕਿ ਸੁਤੰਤਰ ਪੱਤਰਕਾਰਤਾ ਸੰਸਥਾਵਾਂ ਨੂੰ ਜਵਾਬਦੇਹ ਬਣਾ ਸਕਦੀ ਹੈ। ਇਸ ਕੇਸ ਨੇ ਇਨਵੈਸਟੀਗੇਟਿਵ ਜਰਨਲਿਜ਼ਮ ਦੀ ਲੋਕਤੰਤਰ ਵਿਚ ਭੂਮਿਕਾ ਨੂੰ ਮੁੜ ਪੁਨਰਸੁਰਜੀਤ ਅਤੇ ਮਜ਼ਬੂਤ ਕੀਤਾ ਹੈ। ਅਣ-ਸੀਲ ਦਸਤਾਵੇਜ਼ਾਂ ਅਤੇ ਗਲੋਬਲ ਸੰਪਰਕਾਂ ਨੇ ਇਹ ਦਰਸਾਇਆ ਕਿ ਪ੍ਰਭਾਵਸ਼ਾਲੀ ਨੈੱਟਵਰਕ ਸਰਹੱਦਾਂ ਤੋਂ ਪਰੇ ਹੁੰਦੇ ਹਨ। ਇਸ ਨੇ ਰਾਜਨੀਤਕ ਕੂਟਨੀਤੀ, ਗਲੋਬਲ ਐਲੀਟ ਮੀਟਿੰਗਾਂ ਅਤੇ ਅੰਤਰ-ਰਾਸ਼ਟਰੀ ਜਵਾਬਦੇਹੀ 'ਤੇ ਚਰਚਾ ਨੂੰ ਜਨਮ ਦਿੱਤਾ ਹੈ। ਇਹ ਕੇਸ 'ਮੀ ਟੂ' ਯੁੱਗ ਦੇ ਪ੍ਰਸੰਗ ਵਿਚ ਵੀ ਦੇਖਿਆ ਗਿਆ ਹੈ। ਨਾਬਾਲਿਗ ਪੀੜਤਾਂ ਦੀ ਆਵਾਜ਼, ਸ਼ਕਤੀ ਸੰਰਚਨਾ ਅਤੇ ਜਿਨਸੀ ਸ਼ੋਸ਼ਣ ਦੇ ਖ਼ਿਲਾਫ਼ ਕਾਨੂੰਨੀ ਅਤੇ ਸਮਾਜਿਕ ਲੜਾਈ। ਇਹ ਸਭ ਇਸ ਮਾਮਲੇ ਨਾਲ ਗਹਿਰਾਈ ਨਾਲ ਜੁੜੇ ਰਹੇ ਹਨ ਅਤੇ ਜੁੜੇ ਰਹਿਣਗੇ।

ਮੂਲ ਸਵਾਲ ਅਜੇ ਵੀ ਜ਼ਿੰਦਾ ਹੈ। ਕੀ ਕਾਨੂੰਨ ਸੱਚਮੁੱਚ ਸਭ ਲਈ ਇੱਕਸਾਰ ਹੈ? ਇਹ ਮਾਮਲਾ ਯਾਦ ਦਿਵਾਉਂਦਾ ਹੈ ਕਿ ਕਾਨੂੰਨ ਦੀ ਸਮਾਨਤਾ ਸਿਰਫ਼ ਸਿਧਾਂਤ ਹੀ ਨਹੀਂ ਹੁੰਦੇ, ਬਲਕਿ ਲੋਕਤੰਤਰ ਅਤੇ ਸੰਵਿਧਾਨਕ ਰਾਜ ਦੀ ਅਸਲ ਨੀਂਹ ਹੁੰਦੇ ਹਨ। ਜੇ ਨਿਆਂ ਦੀ ਤਰਾਜ਼ੂ ਧਨ, ਪ੍ਰਭਾਵ ਜਾਂ ਰਾਜਨੀਤਕ ਸੰਪਰਕ ਦੇ ਭਾਰ ਨਾਲ ਝੁਕਣ ਲੱਗ ਪਏ, ਤਾਂ ਲੋਕਾਂ ਦਾ ਵਿਸ਼ਵਾਸ ਸਿਰਫ਼ ਇਕ ਕੇਸ ਨਹੀਂ, ਪੂਰੀ ਪ੍ਰਣਾਲੀ ਤੋਂ ਉਖੜਨ ਲੱਗਦਾ ਹੈ।

# ਪੰਜਾਬੀ ਗਾਇਕੀ ਦਾ ਬਦਲ ਰਿਹਾ ਰੰਗ-ਢੰਗ



ਪੰਜਾਬੀ ਗਾਇਕੀ ਦਾ ਮੁੱਢਲਾ ਦੌਰ ਬਾਬਾ ਫ਼ਰੀਦ ਜੀ ਦੇ ਸੂਫ਼ੀਆਨਾ ਰੰਗ ਨਾਲ ਭਰਪੂਰ ਸਮਿਆਂ ਨੂੰ ਮੰਨਿਆ ਜਾ ਸਕਦਾ ਹੈ। ਭਾਵੇਂ ਉਨ੍ਹਾਂ ਤੋਂ ਪਹਿਲਾਂ ਵੀ ਪੰਜਾਬ ਦੀ ਧਰਤੀ 'ਤੇ ਅਨੇਕਾਂ ਗਾਇਕ ਰੂਪੀ ਬੁੱਧੀਜੀਵੀ ਆਏ ਹੋਣਗੇ ਪਰ ਜੇਕਰ ਭਾਸ਼ਾ ਨੂੰ ਮੁੱਖ ਆਧਾਰ ਰੱਖਿਆ ਜਾਵੇ ਤਾਂ ਪੰਜਾਬੀ ਭਾਸ਼ਾ ਦੀ ਮੂਲ ਰੂਪੀ ਵਰਤੋਂ ਬਾਬਾ ਫ਼ਰੀਦ ਜੀ ਦੇ ਸੂਫ਼ੀ ਅੰਦਾਜ਼ ਵਿਚ ਹੋਈ। ਦਰਅਸਲ, ਕਿਸੇ ਖੇਤਰ ਦੀ ਭਾਸ਼ਾ, ਉੱਥੋਂ ਦਾ ਵਿਰਸਾ, ਰੀਤੀ- ਰਿਵਾਜ਼, ਰਹਿਣ ਸਹਿਣ ਹੀ ਮਨੋਰੰਜਨ ਦੇ ਇਕ ਰੂਪ ਵਜੋਂ ਉੱਥੋਂ ਦੇ ਗੀਤਾਂ ਵਿਚ ਝਲਕਣ ਲੱਗਦਾ ਹੈ।

ਜੇਕਰ ਪੰਜਾਬੀ ਗੀਤਾਂ ਦੀ ਗੱਲ ਕਰੀਏ ਤਾਂ ਅਜਿਹਾ ਕੁੱਝ ਹੀ ਸਾਹਮਣੇ ਆਉਂਦਾ ਹੈ। ਸਮੇਂ ਦੇ ਨਾਲ ਤਬਦੀਲੀਆਂ ਆਉਣੀਆਂ ਸੁਭਾਵਕ ਹਨ। ਸੂਫ਼ੀ ਗਾਇਕੀ ਤੋਂ ਅੰਦਾਜ਼ ਬਦਲਦੇ ਹੋਏ ਰਹਿਣ- ਸਹਿਣ ਅਤੇ ਵਿਰਸੇ ਤੇ ਸੱਭਿਆਚਾਰ ਨਾਲ ਅਤਿ ਵਿਆਪਨ ਕਰਦੇ ਹੋਏ ਲੋਕ ਗੀਤਾਂ ਵੱਲ ਪਰਿਵਰਤਿਤ ਹੋ ਗਿਆ।ਭਾਵ ਸਮੇਂ ਨਾਲ ਕਿਸੇ ਵਿਸ਼ੇਸ਼ ਖੇਤਰ ਵਿਚ ਆਈਆਂ ਤਬਦੀਲੀਆਂ ਜਿਵੇਂ ਕਿ ਉੱਥੋਂ ਦੇ ਲੋਕਾਂ ਦਾ ਸੁਭਾਅ, ਜ਼ਮਾਨੇ ਵਿਚ ਵਰਤੋਂ ਦੀਆਂ ਵਸਤੂਆਂ, ਸਰੋਤ, ਸੰਦ ਆਦਿ ਦਾ ਜ਼ਿਕਰ ਉੱਥੋਂ ਦੇ ਵਿਰਸੇ 'ਚ ਆਉਣ ਲੱਗਦਾ ਹੈ। ਅਤੇ ਗਾਇਕੀ ਵੀ ਇਸੇ ਦਾ ਭਾਗ ਮੰਨਿਆ ਜਾ ਸਕਦਾ ਹੈ। ਗਾਇਕੀ ਦਾ ਪ੍ਰਮੁੱਖ ਸਬੰਧ ਗਾਉਣ ਸਮੇਂ ਵਰਤੇ ਜਾਂਦੇ ਸੰਗੀਤ ਨਾਲ ਹੁੰਦਾ ਹੈ ਅਤੇ ਸਮੇਂ ਅਨੁਸਾਰ ਆਉਂਦੀਆਂ ਤਕਨੀਕਾਂ ਰਾਹੀਂ ਜਿਵੇਂ ਜਿਵੇਂ ਸੰਗੀਤਕ ਸੰਦਾਂ ਦੀ ਖੋਜ ਹੁੰਦੀ ਗਈ, ਉਸੇ ਤਰ੍ਹਾਂ ਗਾਇਕੀ ਵਿਚ ਵੀ ਤਬਦੀਲੀ ਆਉਂਦੀ ਗਈ। ਇਸੇ ਪਰਿਵਰਤਨ ਅਨੁਸਾਰ ਇੱਕ ਸਮੇਂ 'ਤੇ ਗਾਏ ਜਾਣ ਵਾਲੇ ਸੰਗੀਤਕ ਰੰਗ ਨੂੰ ਆਉਂਦੀਆਂ ਪੀੜ੍ਹੀਆਂ 'ਚ ਸੂਫ਼ੀਆਨਾ ਤੇ ਲੋਕ ਗਾਇਕੀ ਦਾ ਨਾਮ ਦਿੱਤਾ ਗਿਆ। ਅਕਸਰ ਇਤਿਹਾਸਕ ਅਧਿਆਇਆਂ ਵਿਚ ਗਾਇਕੀ ਦਾ ਜ਼ਿਕਰ ਇਸ ਹੱਦ ਤੱਕ ਹੁੰਦਾ ਆਇਆ ਹੈ ਕਿ ਇਨਸਾਨ ਦੇ ਜੰਮਣ ਤੋਂ ਲੈ ਕੇ ਸਮਾਜਿਕ ਵਿਹਾਰਾਂ ਨੂੰ ਪਾਰ ਕਰਦੇ ਹੋਏ ਮਰਨ ਤੀਕ ਵੀ ਗਾਇਕੀ ਦੀਆਂ ਰੀਤਾਂ ਨੂੰ ਮਹਿਸੂਸ ਕੀਤਾ ਜਾ ਸਕਦਾ ਹੈ।

ਵਿਕਾਸਸ਼ੀਲ ਤਬਦੀਲੀਆਂ ਦਾ ਅਹਿਸਾਸ ਸੂਫ਼ੀਆਨਾ ਕਲਮਾਂ ਤੋਂ ਕਵੀਸ਼ਰੀ ਅੰਦਾਜ਼ ਦੀ ਪੌੜੀ ਚੜ੍ਹਦੇ ਹੋਏ ਰਬਾਬੀ ਵਾਰਾਂ ਦਾ ਅਧਿਆਏ ਲੰਘਦੇ ਹੋਏ, ਧਾਰਮਿਕ ਸੰਗੀਤਕ ਛੋਹ ਨੂੰ, ਮਹਿਸੂਸ ਕਰਨ ਉਪਰੰਤ ਪੰਜਾਬੀ ਭਾਸ਼ਾ ਦੇ ਵਿਕਾਸ ਅਧੀਨ ਸੰਗੀਤਕ ਰੰਗ ਵਿਚ ਲਗਾਤਾਰ ਵਿਕਾਸਸ਼ੀਲ ਤਬਦੀਲੀਆਂ ਦਾ ਅਹਿਸਾਸ ਕੀਤਾ ਜਾ ਸਕਦਾ ਹੈ। ਇਸ ਦਾ ਪ੍ਰਮੁੱਖ ਕਾਰਨ ਸੰਗੀਤਕ ਸੰਦਾਂ ਦੀ ਹੋਂਦ ਹੈ ਅਤੇ ਤਬਦੀਲੀਆਂ ਵੀ ਇਨ੍ਹਾਂ ਦੇ ਵਿਕਾਸ ਨੂੰ

ਮੁੱਖ ਰੱਖਦੇ ਹੋਏ ਹੀ ਹੋਈਆਂ। ਪੰਜਾਬੀ ਸੱਭਿਆਚਾਰ ਦਾ ਵਿਕਾਸ ਵੀ ਇੱਥੋਂ ਦੇ ਕਿੱਤਿਆਂ, ਰੀਤਾਂ ਰਿਵਾਜ਼ਾਂ ਅਨੁਸਾਰ ਹੀ ਹੋਇਆ ਅਤੇ ਇਸ ਦਾ ਰੰਗ ਪੰਜਾਬੀ ਗਾਇਕੀ ਵੀ ਸਮਾ ਗਈ। ਅੱਜ ਦੀ ਪੀੜ੍ਹੀ ਲਈ ਪੁਰਾਤਨ ਸਮੇਂ. ਵਿਚ ਵਰਤੇ ਗਏ ਗਾਇਕੀ ਦੇ ਢਾਂਚੇ ਪੰਜਾਬੀ ਸੱਭਿਆਚਾਰ ਨੂੰ ਸੁਰੱਖਿਅਤ ਰੱਖਣ ਲਈ ਲੋਕ ਗਾਇਕੀ ਦਾ ਭਾਗ ਬਣ ਗਏ। ਇਸ ਤੋਂ ਅਗਲਾ ਦੌਰ ਕੁਦਰਤੀ ਤੇ ਅਲੌਕਿਕ ਸਿਫ਼ਤਾਂ ਤੋਂ ਬਦਲ ਕੇ ਇਸ਼ਕ ਹਕੀਕੀ ਗੀਤਾਂ ਦਾ ਆਉਂਦਾ ਹੈ ਕਿਉਂਜੋ ਸਮਾਜ ਵਿਚ ਪੱਛਮੀ ਛੂਹ ਨੇ ਆਪਣਾ ਪੈਰ ਪਸਾਰਨਾ ਸ਼ੁਰੂ ਕਰ ਦਿੱਤਾ ਸੀ। ਤਰੱਕੀ ਦੇ ਦੌਰ ਵਿਚ ਸੱਭਿਆਚਾਰਕ ਰੰਗ ਵੀ ਨਵੀਨ ਹੋਣ ਲੱਗੇ ਤੇ ਪੰਜਾਬੀ ਸੰਗੀਤ ਵੀ ਪੂਰੀ ਦੁਨੀਆ 'ਚ ਆਪਣਾ ਰੰਗ ਵਿਖਾਉਣ ਲੱਗਾ। ਆਮ ਅਵਸਥਾ 'ਚ ਸੰਗੀਤ ਨੂੰ ਇੰਨੀ ਮਸ਼ਹੂਰੀ ਨਹੀਂ ਮਿਲਦੀ ਜਿੰਨੀ ਕਿ ਗਾਇਕੀ ਨੂੰ ਮਿਲਦੀ ਹੈ, ਹਾਲਾਕਿ ਗਾਇਕੀ ਦਾ ਰੰਗ ਸੰਗੀਤ ਤੋਂ ਬਿਨਾਂ ਫਿੱਕਾ ਹੀ ਹੁੰਦਾ ਹੈ। ਪੰਜਾਬੀ ਸੰਗੀਤ ਨੇ ਗਾਇਕੀ ਨੂੰ ਪ੍ਰਸਿੱਧ ਕੀਤਾ, ਜਿਸ ਨਾਲ ਪੰਜਾਬੀ ਸੰਗੀਤਕ ਉਦਯੋਗ ਹੋਰ ਵੀ ਮਜ਼ਬੂਤ ਹੋਇਆ, ਤਕਨੀਕੀ ਤੌਰ 'ਤੇ ਵੀ ਅਤੇ ਆਰਥਕ ਤੌਰ 'ਤੇ ਵੀ। ਸੁਭਾਵਕ ਹੈ ਕਿ ਤਰੱਕੀ ਆਪਣੇ ਨਾਲ ਕੁੱਝ ਮਾੜੇ ਪੱਖ ਵੀ ਲੈ ਕੇ ਆਉਂਦੀ ਹੈ।

ਅਜਿਹੇ 'ਚ ਪੰਜਾਬੀ ਸੰਗੀਤਕ ਤਰੱਕੀ ਆਪਣੇ ਨਾਲ ਕੁੱਝ ਅਜਿਹੇ ਤੱਤ ਲੈ ਕੇ ਆਈ ਕਿ ਗੀਤਕਾਰਾਂ ਦੇ ਲਿਖਣ ਦਾ ਮਿਆਰ ਗਿਰ ਗਿਆ ਪਰ ਸਰੋਤਿਆਂ ਨੇ ਕੋਈ ਸ਼ਿਕਵਾ ਨਹੀਂ ਦਿਖਾਇਆਅਤੇ ਪੰਜਾਬੀ ਗਾਇਕੀ ਨੂੰ ਡਿੱਗਦੇ

ਸ਼ਬਦਾਵਲੀ ਮਿਆਰ ਦੌਰਾਨ ਵੀ ਸਹਿਯੋਗ ਦਿੱਤਾ ਗਿਆ। ਸਰੋਤਿਆਂ ਦੀ ਪਸੰਦ ਤੋਂ ਪਰੇ ਜਾ ਕੇ ਅਜਿਹੇ ਵਿਚ ਕਾਫੀ ਕਲਾਕਾਰਾਂ ਨੇ ਇਸ ਡਿੱਗਦੇ ਮਿਆਰ ਨੂੰ ਕਾਇਮ ਰੱਖਣ ਦੀ ਕੋਸ਼ਿਸ਼ ਕੀਤੀ ਤੇ ਕਿਤੇ ਨਾ ਕਿਤੇ ਉਨ੍ਹਾਂ ਨੂੰ ਆਰਥਕ ਤੌਰ 'ਤੇ ਨਿਰਾਸ਼ਾ ਦਾ ਸਾਹਮਣਾ ਵੀ ਕਰਨਾ ਪਿਆ।

## ਗਾਇਕੀ ਦਾ ਕੌਮਾਂਤਰੀ ਫੈਲਾਅ

ਜਦੋਂ ਸਮੇਂ ਦੀ ਨਜ਼ਾਕਤ ਅਨੁਸਾਰ ਪੰਜਾਬੀ ਗਾਇਕੀ 'ਚ ਆਰਥਿਕ ਸੁਧਾਰ ਨਜ਼ਰ ਆਉਣ ਲੱਗੇ ਤਾਂ ਗਾਇਕੀ ਦਾ ਪੇਸ਼ਾ ਵੀ ਆਪਣੇ ਪੈਰ ਪਸਾਰਨ ਲੱਗਿਆ। ਹੁਣ ਗਾਇਕ ਆਪਣੇ ਅਖਾੜੇ ਸਜਾਉਣ ਲਈ ਮੇਲਿਆਂ ਦੀ ਭਾਲ ਕਰਨ ਲੱਗੇ। ਮਸ਼ਹੂਰੀ ਵਿਸ਼ਵ ਪੱਧਰ 'ਤੇ ਹੋਣ ਨਾਲ ਅਖਾੜੇ ਵੀ ਵਿਦੇਸ਼ 'ਚ ਲੱਗਣ ਲੱਗ ਗਏ ਅਤੇ ਆਰਥਿਕ ਵਿਕਾਸ ਆਪਣੇ ਸਿਖ਼ਰ ਵੱਲ ਜਾਣ ਲੱਗਾ। ਪੰਜਾਬੀ ਗਾਇਕੀ ਦੀ ਲੋੜ ਵਿਸ਼ਵ ਪੱਧਰ 'ਤੇ ਹੋਰ ਵੀ ਵਧਾ ਦਿੱਤੀ ਪੰਜਾਬ ਤੋਂ ਪਰਵਾਸ ਕਰ ਕੇ ਗਏ ਵਸਨੀਕਾਂ ਨੇ। ਅੱਜ ਪੰਜਾਬੀ ਗਾਇਕੀ ਦਾ ਆਨੰਦ ਲੈਣ 'ਚ ਦੂਜੇ ਦੇਸ਼ਾਂ ਦੇ ਵਾਸੀ ਵੀ ਮੋਹਰੀ ਹਨ। ਕੌਮਾਂਤਰੀ ਪੱਧਰ ਦੀਆਂ ਵੱਖ-ਵੱਖ ਦਰਜਾਬੰਦੀ ਏਜੰਸੀਆਂ ਦੇ ਸਿਖ਼ਰ 'ਤੇ ਪੰਜਾਬੀ ਗਾਇਕਾਂ ਦੇ ਨਾਮ ਵੇਖੇ ਜਾ ਸਕਦੇ ਹਨ।

ਰੂਸੀ ਕਮਿਊਨਿਸਟ ਆਗੂ ਵਲਾਦੀਮੀਰ ਲੈਨਿਨ ਅਨੁਸਾਰ ਕਿਸੇ ਖੇਤਰ ਦੀ ਸਮਾਜਿਕ ਸਥਿਤੀ ਉੱਥੋਂ ਦੇ ਗੀਤ ਸੁਣ ਕੇ ਬਿਆਨ ਕੀਤੀ ਜਾ ਸਕਦੀ ਹੈ। ਇਸ ਤਰਕ ਦੇ ਆਧਾਰ 'ਤੇ ਪੰਜਾਬੀ ਗਾਇਕੀ ਵੀ ਮੌਜੂਦਾ ਸਮਾਜਿਕ ਸਥਿਤੀ ਬਿਆਨ ਕਰ ਰਹੀ ਹੈ ਅਤੇ ਨਾਲ ਹੀ ਵੱਡੇ ਪੱਧਰ 'ਤੇ ਸਰੋਤਿਆਂ ਨੂੰ ਪ੍ਰਭਾਵਿਤ ਵੀ ਕਰਦੀ ਹੈ। ਜੇਕਰ ਅੱਜ ਪੰਜਾਬ 'ਚ ਨਸ਼ਿਆਂ ਨੇ ਪੈਰ ਪਸਾਰੇ ਹਨ ਤਾਂ ਇਸ ਦਾ ਇਕ ਮੁਢਲਾ ਕਾਰਨ ਗੀਤਾਂ 'ਚ ਅਫੀਮ ਵਰਗੇ ਨਸ਼ਿਆਂ ਦੀ ਵਰਤੋਂ ਦੇ ਪ੍ਰਚਾਰ ਨੂੰ ਮੰਨਿਆ ਜਾ ਸਕਦਾ ਹੈ, ਜਿਸ ਨੇ ਬਾਅਦ ਵਿਚ ਘਾਤਕ ਰੂਪ ਧਾਰਦੇ ਹੋਏ। ਅਨੇਕਾਂ ਹੀ ਨੌਜਵਾਨਾਂ ਨੂੰ ਇਸ ਤਰ੍ਹਾਂ ਪ੍ਰਭਾਵਿਤ ਕੀਤਾ

**ਕਲਾ ਪਰਿਕਰਮਾ**

ਕਿ ਕਿਤੇ ਉਹ ਇਸ ਸ਼ਾਹੀ ਨਸ਼ੇ ਦੀ ਵਰਤੋਂ ਕਰਨ ਤੋਂ ਵਾਂਝੇ ਨਾ ਰਹਿ ਜਾਣ। ਇਸੇ ਤਰ੍ਹਾਂ ਹੀ ਗੀਤਾਂ ਰਾਹੀਂ ਹਥਿਆਰਾਂ ਦੀ ਹੋਈ ਲੋੜੋਂ ਵੱਧ ਮਸ਼ਹੂਰੀ ਦਾ ਨਤੀਜਾ ਅੱਜ ਪੰਜਾਬ 'ਚ ਗੈਂਗਸਟਰਵਾਦ ਦਾ ਫੈਲਾਅ ਹੈ।

## ਪੰਜਾਬੀ ਗਾਇਕੀ ਦਾ ਸਿਖ਼ਰਲਾ ਦੌਰ

'ਬਿਨਾਂ ਸ੍ਰੋਤਾਂ ਤੋਂ ਸ਼ੁਰੂ ਹੋ ਕੇ ਵੱਖ ਵੱਖ ਸੰਦਾਂ ਦੀ ਵਰਤੋਂ ਕਰਦੇ ਹੋਏ ਅੱਜ ਪੰਜਾਬੀ ਗਾਇਕੀ ਦੀ ਕੀਮਤ ਬਹੁਤ ਜ਼ਿਆਦਾ ਹੋ ਗਈ ਹੈ ਭਾਵੇਂ ਕਿ ਵੱਡੇ ਪੱਧਰ 'ਤੇ ਗੀਤਕਾਰੀ ਦਾ ਮਿਆਰ' ਓਨਾ ਉੱਚਾ ਨਹੀਂ ਰਿਹਾ ਪਰ ਕਿਤੇ ਨਾ ਕਿਤੇ ਆਉਣ ਵਾਲੇ ਸਮੇਂ ਵਿਚ ਇਸ ਦੌਰ ਨੂੰ ਪੰਜਾਬੀ ਗਾਇਕੀ ਦਾ ਸਿਖ਼ਰਲਾ ਦੌਰ ਹੀ ਲਿਖਿਆ ਜਾਵੇਗਾ। ਅੱਜ ਜਦੋਂ ਪੰਜਾਬੀ ਭਾਸ਼ਾ ਦੀ ਵਰਤੋਂ ਅਤੇ ਹੋਂਦ ਤੇ ਬੇਸ਼ੱਕ ਅਨੇਕਾਂ ਖ਼ਤਰੇ ਮੰਡਰਾ ਰਹੇ ਹਨ ਪਰ.ਪੰਜਾਬੀ ਗਾਇਕੀ ਇਕ ਅਜਿਹਾ ਪਹਿਲੂ ਹੈ ਜੋ ਕਿ ਸੱਭਿਆਚਾਰ ਜਾਂ ਵਿਰਸੇ ਜਾਂ ਲੋਕ ਰੰਗ ਨੂੰ ਨਾ ਸਹੀ ਪਰ ਪੰਜਾਬੀ ਭਾਸ਼ਾ ਅਤੇ ਪੰਜਾਬੀ ਧੁਨਾਂ ਨੂੰ ਪੂਰੇ ਵਿਸ਼ਵ ਵਿਚ ਬਾਖ਼ੂਬੀ ਪੇਸ਼ ਕਰ ਰਹੀ ਹੈ।

# ਇਲੀਆਨਾ ਡਿਕਰੂਜ਼ -ਪਰਿਵਾਰ ਨੂੰ ਸਮਰਪਿਤ ਅਦਾਕਾਰਾ



ਇਕ ਸਾਲ ਤੇ ਦੋ ਮਹੀਨੇ ਦਾ ਦੂਸਰਾ ਬੇਟਾ ਕੀਨੂੰ ਡੋਲਨ ਹੋ ਚੁੱਕਾ ਹੈ ਤੇ ਦੋ ਬੇਟੇ ਹੋਣ 'ਤੇ ਅਭਿਨੇਤਰੀ ਵਿਲੀਆ ਡਿਕਰੂਜ ਬਹੁਤ ਖੁਸ਼ ਹੈ ਤੇ ਅਕਸਰ ਇਹ ਜ਼ਿਕਰ ਕਰਦੀ ਹੈ ਕਿ ਉਸ ਦੀ ਘਰ-ਫੁਲਵਾੜੀ ਦੇ ਬੇਟੇ ਹੋਣ ਨਾਲ ਵਧੀਆਂ ਲੱਗ ਰਹੀ ਹੈ। ਉਸ ਨੇ ਇਹ ਵੀ ਕਿਹਾ ਕਿ ਉਸ ਦੇ ਪਤੀ ਮਾਈਕਲ ਡੋਲਨ ਦੁਨੀਆ ਦੇ ਸਭ ਤੋਂ ਚੰਗੇ ਪਤੀ ਹਨ, ਜਿਨ੍ਹਾਂ ਇਕ ਵਾਰ ਵੀ ਵਿਆਹ ਤੋਂ ਬਾਅਦ ਉਸ ਨੂੰ ਨਹੀਂ ਝਿੜਕਿਆ। ਪੌਣੇ ਤਿੰਨ ਸਾਲ ਪਹਿਲਾਂ ਉਸ ਨੇ ਅਚਾਨਕ ਵਿਆਰ ਦਾ ਫੈਸਲਾ ਲਿਆ ਤੇ ਤੁਰੰਤ ਵਿਆਰ ਕਰਵਾਇਆ ਸੀ। ਫਿਲਦਾਲ ਬੱਚਿਆਂ ਦੀ ਪਰਵਰਿਸ਼ ਵਾਸਤ ਉਸ ਨੇ ਫ਼ਿਲਮਾਂ ਤੋਂ ਦੂਰੀ ਬਣਾਈ ਹੋਈ ਹੈ। ਦੇ ਔਰ ਦੇ ਪਿਆਰ ਤੋਂ ਬਾਅਦ ਉਸ ਦੀ ਕੋਈ ਫਿਲਮ ਨਹੀਂ ਆਈ ਹੈ। ਹਾਲਾਂਕਿ ਇਲੀਆਨਾਂ ਨੂੰ ਉਸ ਦੇ ਪਤੀ ਮਾਈਕਲ ਨੇ ਕਿਹਾ ਕਿ ਉਹ ਬੱਚਿਆਂ ਦੀ ਦੇਖਭਾਲ ਲਈ ਨੈਨੀ ਰੱਖ ਲਏ ਪਰ ਇਲੀਆਨਾ ਡਿਕਰੂਜ਼ ਨੇ ਨਾਂਹ ਕਰ ਦਿੱਤੀ ਤੇ ਉਸ ਕਿਹਾ ਕਿ ਉਹ ਆਪਣੇ ਜਿਗਰ ਦੇ ਵਰ੍ਹਿਆਂ ਨੂੰ ਦੂਸਰਿਆਂ ਦੇ ਭਰਸੇ ਨਹੀਂ ਰੱਖ ਸਕਦੀ। ਆਪਣੀ ਖਾਸ ਫਿਲਮੀ ਦਸਤ ਨੇਰਾ ਧੂਪੀਆ ਨੂੰ ਇਲੀਆਨਾ ਨਹੀਂ ਬੰਦ ਰਹੀ ਤੇ ਟੈਕਸ਼ਾਸ ਵਿਖੇ ਉਹ ਵਧੀਆ ਤਰੀਕੇ ਨਾਲ ਘਰੇਲੂ ਜ਼ਿੰਦਗੀ ਬਤੀਤ ਕਰਨ ਦਾ ਵਿਚਾਰ ਰੱਖਦੀ ਹੈ। ਇਕ ਗੱਲ ਉਸ ਨੇ ਹੁਣ ਜਾ ਕੇ ਦੱਸੀ ਹੈ ਕਿ 'ਬਰਫੀ' ਦੀ ਸ਼ੂਟਿੰਗ ਸਮੇਂ ਇਕ ਦਿਨ ਅਜਿਹਾ ਆਇਆ ਸੀ ਕਿ ਉਹ ਇਹ ਫਿਲਮ ਛੱਡਣ ਨੂੰ ਤਿਆਰ ਹੋ ਗਈ ਸੀ ।

# ਆਖ ਤਸਵੀਰਾਂ ਬੋਲਦੀਆਂ

*ਕਾਲਮ 'ਆਖ ਤਸਵੀਰਾਂ ਬੋਲਦੀਆਂ' ਨੇ ਪਾਠਕਾਂ ਦੇ ਦਿਲਾਂ ਅੰਦਰ ਬੈਠੇ ਸ਼ਾਇਰ ਨੂੰ ਖੂਬ ਹਲੂਣਿਆ ਹੈ। ਤਸਵੀਰ ਦੇਖ ਕੇ ਤੁਹਾਡੇ ਮਨ ਵਿਚ ਜੋ ਵਲਵਲੇ ਉਠਦੇ ਹਨ, ਉਹ ਕਵਿਤਾ ਦੀਆਂ ਕੁਝ ਸਤਰਾਂ ਸਾਨੂੰ ਤਸਵੀਰ ਦੇ ਸਿਰਲੇਖ ਦੇ ਤੌਰ 'ਤੇ ਭੇਜੋ। ਪਾਠਕਾਂ ਦੀ ਸਹੂਲਤ ਲਈ, ਮਿਸਾਲ ਵਜੋਂ ਫੋਟੋ ਨਾਲ ਕਾਵਿ ਟੋਟਾ ਵੀ ਦਿੱਤਾ ਗਿਆ ਹੈ। ਇਸ ਵਾਰ ਕੈਪਸ਼ਨ ਭੇਜਣ ਲਈ ਆਖਰੀ ਤਾਰੀਖ 14 ਮਾਰਚ 2026 ਹੈ। -ਸੰਪਾਦਕ*

## ਕੈਪਸ਼ਨ ਮੁਕਾਬਲਾ-732



*ਗੋਰੇ ਗੋਰੇ ਹੱਥਾਂ ਨੂੰ ਲੁਆਈ, ਬੜੇ ਚਾਵਾਂ ਨਾ.ਲ ਮਹਿੰਦੀ,*
*ਪਾਉਣਾ ਹੈ ਸ਼ਗਨਾਂ ਦਾ ਚੂੜਾ, ਮੂੰਹੋਂ ਨਾਂ ਸੱਜਣ ਦਾ ਲੈਂਦੀ।*
*ਪਤਲੀ ਵੀਣੀ ਵੰਗ ਛਣਕਾਊ, ਦੂਲਹਨ ਬਣ ਕੇ ਬਹਿੰਦੀ,*
*ਦਿਲ ਦੀਆਂ ਰੀਝਾਂ ਸੱਧਰਾਂ ਨੇ, ਧੋਤਿਆਂ ਕਦੇ ਨ ਲਹਿੰਦੀ।*

## ਕੈਪਸ਼ਨ ਮੁਕਾਬਲਾ-730



ਸਹੁਰੇ ਤੁਰਦੀ ਧੀ ਨੂੰ ਮਾਂ ਸਮਝਾਵੇ,
ਬਣਨਾ ਹੈ ਤੂੰ ਸੁਘੜ ਸਿਆਣੀ,
ਲੱਜ ਮਾਪਿਆਂ ਦੀ ਹੱਥ ਵਿਚ ਤੇਰੇ,
ਬਣੀ ਦਿਲ ਜਿੱਤ ਕੇ ਪਟਰਾਣੀ।
ਹੱਸ ਖੇਡ ਕੇ ਵਕਤ ਟਪਾਉਣਾ,
ਪਾਵੀਂ ਨ ਪਾਣੀ ਵਿਚ ਮਧਾਣੀ,
ਨਾ.ਲ ਸਲੀਕੇ ਨਿਭਾਵੀਂ ਤੂੰ ਰਿਸ਼ਤੇ,
ਹਾਣੀ ਨਾ.ਲ ਰਹੀਂ ਤੂੰ ਬਣ ਰਾਣੀ।
***-ਸੇਵਾ ਸਿੰਘ 'ਨੂਰਪੁਰੀ'***

---

ਨੂੰਹ ਹੋਵੇ, ਚਾਹੇ ਹੋਵੇ ਧੀ
ਖਿੜੀ ਖਿੜੀ ਹੀ ਸਭ ਨੂੰ ਭਾਵੇ।
ਚਾਵਾਂ ਲੱਦੇ ਪਲ ਨੇ ਹੁੰਦੇ
ਵਿਦਾ ਹੋਵੇ ਜਾਂ ਘਰ ਨੂੰ ਆਵੇ।
ਸੱਸ-ਮਾਂ ਜਦ ਮੱਥਾ ਚੁੰਮੇ
ਮੁੱਖੜੇ ਉੱਪਰ ਖੇੜਾ ਛਾਵੇ।
ਰਿਸ਼ਤੇ ਜੇਕਰ ਹੋਣ ਸੁਖੱਲੇ
ਮਨ ਦਾ ਮੋਰ ਵੀ ਪੈਲਾਂ ਪਾਵੇ।
***-ਜਗਮੀਤ ਸਿੰਘ ਪੰਧੇਰ***

ਮੇਰੀ ਨੂੰਹੇਂ ਕਰਮਾਂ ਵਾਲੀਏ ਨੀ।
ਇਕ ਚੰਬੇ ਵਾਲੀਏ ਡਾਲੀਏ ਨੀ।
ਮੇਰੇ ਪੁੱਤ ਵੱਡੇ ਦੀ ਵਹੁਟੀਏ ਨੀ।
ਗਹਿਣਿਆਂ ਸੰਗ ਪਰੋਤੀਏ ਨੀ।
ਜੁਗ ਜੀਵੇਂ ਸਾਲੋ-ਸਾਲ ਨੀ ਤੂੰ।
ਆ ਹੁਣ ਘਰ ਸੰਭਾਲ ਨੀ ਤੂੰ।
ਇਹ ਕੰਧਾਂ ਸਨ ਉਡੀਕਦੀਆਂ।
ਹੋਣ ਖੀਵੀਆਂ ਤੈਨੂੰ ਤੱਕਦੀਆਂ।
ਇਹ ਜਨੌਰ ਜੋ ਬੈਠੇ ਬਨੇਰੇ 'ਤੇ।
ਕਹਿਣ ਕਿ ਉਹ ਵੀ ਤੇਰੇ ਨੇ।
ਮਾਲਕ ਏਂ ਘਰ ਮਾਲ ਦੀ ਤੂੰ।
ਜ਼ਿੰਮੇਵਾਰ ਹਰ ਹਾਲ ਦੀ ਤੂੰ।
ਤੂੰ ਸੱਸ ਨਹੀਓਂ ਮਾਂ ਮੇਰੀ ਏਂ।
ਤੇਰੇ ਕਦਮਾਂ ਵਿਚ ਥਾਂ ਮੇਰੀ ਏ।
ਸ਼ਾਲਾ! ਸਿਰ ਹੋਵੇ ਹੱਥ ਤੇਰਾ।
ਲੋੜਾਂ ਹੋਰ ਮੈਂ ਸੁਰਗ ਕਿਹੜਾ!
ਸਦਾ ਸੁੱਖ ਮੇਰੀ ਭਾਲਦੀ ਤੂੰ।
ਵਿੱਥ ਨਾ ਰੱਖੇਂ ਵਾਲ ਦੀ ਤੂੰ।
***-ਗੁਰਬਖ਼ਸ਼ ਸਿੰਘ 'ਨਾਕਾਮ'***
***ਫੋਨ: +1 864 318 5500***

---

ਸੱਸ ਨੂੰਹ ਦਾ ਰਿਸ਼ਤਾ
ਮੁੱਢ ਕਦੀਮ ਤੋਂ ਚਲਿਆ
ਇਕਮੁੱਠਤਾ ਦੀ ਥਾਂ
ਸਮਾਜ ਨੇ ਵਖਰੇਵੇਂ ਪਾਏ
ਦੇਵੇ ਜੇ ਧਿਆਨ ਸੱਸ ਨੂੰਹ ਨੂੰ
ਨੂੰਹ ਵੀ ਧੀਆਂ ਵਾਂਗ ਵਿਚਰਦੀ
ਆ ਜਾਂਦਾ ਜਦੋਂ ਤੀਜਾ ਵਿਚਕਾਰ
ਇਹੀ ਪਿਆਰ ਛਲ ਕਪਟ ਬਣ ਜਾਵੇ।
ਮਾਲਾ ਦੇ ਮਣਕਿਆਂ ਵਾਂਗ ਵਿਚ ਧਾਗਾ
ਜ਼ਰੂਰੀ ਹੈ ਤੰਦ ਢਿੱਲੀ ਨਾ ਹੋਵੇ।
***-ਦਰਸ਼ਨ ਪਾਲ ਦੋਸਾਂਝ***

---

# ਗੁਰਭਜਨ ਗਿੱਲ ਦਾ 'ਤਾਰਿਆਂ ਦੀ ਗੁਜ਼ਰਗਾਹ' ਕਾਵਿ-ਸੰਗ੍ਰਹਿ ਰੂਹ ਦੀ ਹੂਕ

ਗੁਰਭਜਨ ਗਿੱਲ ਪੰਜਾਬੀ ਦਾ ਬਹੁ-ਮੰਤਵੀ ਤੇ ਬਹੁ-ਵਿਧਾਵੀ ਸਾਹਿਤਕਾਰ ਹੈ, ਜਿਸਦੀ ਬੋਲੀ, ਸ਼ੈਲੀ, ਸ਼ਬਦਾਵਲੀ ਅਤੇ ਵਾਕਾਂ ਦੀ ਬਣਤਰ ਤੇ ਰਵਾਨਗੀ ਦਰਿਆ ਦੇ ਵਹਿਣ ਦੀਆਂ ਲਹਿਰਾਂ ਵਾਂਗ ਪਾਇਲਾਂ ਪਾਉਂਦੀ ਹੋਈ, ਪੰਜਾਬੀਆਂ ਨੂੰ ਆਪਣੀ ਅਣਖ਼ ਤੇ ਅਮੁੱਲ ਅਮੀਰ ਵਿਰਾਸਤ ਦੀ ਪਹਿਰੇਦਾਰੀ ਕਰਨ ਲਈ ਵੰਗਾਰਦੀ ਹੋਈ ਚੇਤਾਵਨੀ ਦਿੰਦੀ ਹੈ। ਉਹ ਸ਼ਬਦਾਂ ਦਾ ਵਣਜਾਰਾ ਹੈ। ਉਸ ਦੀਆਂ ਕਵਿਤਾਵਾਂ, ਰੁਬਾਈਆਂ, ਗੀਤਾਂ ਅਤੇ ਗ਼ਜ਼ਲਾਂ ਦੇ ਵਿਸ਼ਾ-ਵਸਤੂ ਲੋਕਾਈ ਦੇ ਦਰਦ ਦੀ ਚੀਸ ਦਾ ਅਜਿਹਾ ਪ੍ਰਗਟਾਵਾ ਕਰਦੀਆਂ ਹਨ, ਜੋ ਪਾਠਕਾਂ ਨੂੰ ਤਰੋ-ਤਾਜ਼ਾ ਕਰਦੀਆਂ ਹੋਈਆਂ ਆਪਣੀ ਪੀੜ੍ਹੀ ਹੇਠ ਸੋਟਾ ਫੇਰਨ ਦੀ ਤਾਕੀਦ ਕਰਦੀਆਂ ਹਨ। ਗਰਭਜਨ ਗਿੱਲ ਦੀਆਂ ਰਚਨਾਵਾਂ ਸਿੱਖ ਵਿਚਾਰਧਾਰਾ, ਧਰੋਹਰ, ਸਭਿਆਚਾਰ, ਪਰੰਪਰਾਵਾਂ, ਵਿਰਾਸਤ, ਇਤਿਹਾਸ ਅਤੇ ਰਹਿਤ ਮਰਿਆਦਾਵਾਂ ਤੋਂ ਕੁਝ ਨਾ ਕੁਝ ਗ੍ਰਹਿਣ ਕਰਨ ਦੀ ਪ੍ਰੇਰਨਾ ਦਿੰਦੀਆਂ ਹੋਈਆਂ ਪੰਜਾਬੀਆਂ ਦੇ ਗ਼ੈਰ-ਸੰਜੀਦਾ ਵਿਵਹਾਰ 'ਤੇ ਚਿੰਤਾ ਵੀ ਪ੍ਰਗਟ ਕਰਦੀਆਂ ਹਨ। ਪੜਚੋਲ ਅਧੀਨ ਉਸਦੇ 'ਤਾਰਿਆਂ ਦੀ ਗੁਜ਼ਰਗਾਹ' ਕਾਵਿ-ਸੰਗ੍ਰਹਿ ਦਾ ਸਾਰੰਸ਼ ਵੀ ਇਹੋ ਬਾਤ ਪਾਉਂਦਾ ਹੈ। ਸ਼ਾਇਰ ਨੇ ਇਸ ਕਾਵਿ-

ਉਜਾਗਰ ਸਿੰਘ
ਫੋਨ: 94178-13072

ਸੰਗ੍ਰਹਿ ਦੀ 'ਆਦਿਕਾ' ਵਿਚ ਸਮਾਜਿਕ ਕੁਰੀਤੀਆਂ ਵਿਰੁੱਧ ਲੜਾਈ ਨਹੀਂ, ਸਗੋਂ ਯੁੱਧ ਸ਼ੁਰੂ ਕਰਨ ਦੀ ਵਕਾਲਤ ਕਰਦਿਆਂ ਕਿਹਾ ਹੈ ਕਿ ਯੁੱਧ ਹਿੰਸਕ ਨਹੀਂ ਹੋਣਾ ਚਾਹੀਦਾ, ਜਿਸ ਵਿਚ ਕਤਲੋਗਾਰਤ ਹੋਵੇ, ਸਗੋਂ ਸਿਆਣਪ ਨਾਲ ਅਜਿਹੀ ਲੜਾਈ ਲੜੀ ਜਾਵੇ ਜਿਹੜੀ ਯੁੱਧ ਦੀ ਤਰ੍ਹਾਂ ਹੋਵੇ। ਇਸ ਕਾਵਿ-ਸੰਗ੍ਰਹਿ ਵਿਚ ਸ਼ਾਇਰ ਨੇ ਕੋਈ ਕੁਰੀਤੀ ਅਤੇ ਪੰਜਾਬੀਆਂ ਦੀ ਅਣਗਹਿਲੀ ਅਜਿਹੀ ਨਹੀਂ ਛੱਡੀ, ਜਿਸਨੂੰ ਸੁਧਾਰਨ ਦੀ ਪ੍ਰੇਰਨਾ ਨਾ ਕੀਤੀ ਹੋਵੇ। ਆਦਿਕਾ ਦਾ ਇੱਕ-ਇੱਕ ਸ਼ਬਦ ਤੇ ਇੱਕ-ਇੱਕ ਸਤਰ ਅਰਥ ਭਰਪੂਰ ਹੈ, ਜਿਹੜੀ ਮਣਾਂਮੂੰਹੀ ਤੁਣਕੇ ਮਾਰਦੀ ਹੋਈ ਪੰਜਾਬੀਆਂ ਨੂੰ ਆਪਣੀ ਜ਼ਿੰਮੇਵਾਰੀ ਦਾ ਅਹਿਸਾਸ ਕਰਨ ਲਈ ਪ੍ਰੇਰਦੀ ਹੈ। ਸ਼ਾਇਰ ਨੇ ਸਮਾਜ ਵਿਚ ਵਾਪਰ ਰਹੀਆਂ ਸਮਾਜਿਕ ਕੁਰੀਤੀਆਂ ਦਾ ਚਿੱਠਾ ਖੋਲ੍ਹ ਕੇ, ਉਨ੍ਹਾਂ ਵਿਰੁੱਧ ਪੰਜਾਬੀਆਂ ਨੂੰ ਇੱਕ-ਮੁੱਠਤਾ ਨਾਲ ਲਾਮਬੰਦ ਹੋ ਕੇ ਯੋਜਨਾਬੱਧ ਢੰਗ ਨਾਲ ਨਿਪਟਣ ਦੀ ਸਲਾਹ ਦਿੱਤੀ ਹੈ। ਉਸਦੀ ਸ਼ਬਦਾਵਲੀ ਜਿਤਨੀ ਮਿਠਾਸ ਦਿੰਦੀ ਹੈ, ਉਤਨੀ ਹੀ ਕੁਰੇਦਦੀ ਵੀ ਹੈ ਤਾਂ ਜੋ ਪੰਜਾਬੀ ਆਪਣੇ ਅੰਦਰ ਝਾਤੀ ਮਾਰ ਕੇ ਪੰਜਾਬੀ ਸਭਿਆਚਾਰ ਦੀ ਗਵਾਹੀ ਭਰ ਸਕਣ। ਗੁਰਭਜਨ ਗਿੱਲ ਨੇ ਆਪਣੀਆਂ ਕਵਿਤਾਵਾਂ, ਗ਼ਜ਼ਲਾਂ, ਗੀਤਾਂ ਅਤੇ ਰੁਬਾਈਆਂ ਵਿਚ ਪੰਜਾਬੀ ਵਿਰਾਸਤ ਦੇ ਹਰ ਪਹਿਰੇਦਾਰ ਦੇ ਯੋਗਦਾਨ ਬਾਰੇ ਬਾਕਮਾਲ ਦਾ ਚਾਨਣਾ ਪਾਇਆ ਹੈ, ਜਿਹੜਾ ਰਹਿੰਦੀ ਦੁਨੀਆਂ ਤੱਕ ਆਪਣੀ ਰੌਸ਼ਨੀ ਨਾਲ ਮਾਲੋ-ਮਾਲ ਕਰਦਾ ਰਹੇਗਾ। ਸ਼ਾਇਰ ਨੇ ਦਸਾਂ ਗੁਰੂਆਂ, ਗੁਰੂ ਦੇ ਸੇਵਕਾਂ, ਸੰਤਾਂ-ਭਗਤਾਂ, ਸ਼ਹੀਦਾਂ-ਮੁਰੀਦਾਂ, ਸਰਹੰਦ ਦੀ ਕੰਧ, ਮਹਾਂ ਪੁਰਖਾਂ, ਸਭਿਆਚਾਰ ਦੇ ਦੁਮਾਲਿਆਂ, ਦੇਸ਼ ਭਗਤਾਂ, ਦੇਸ਼ ਤੇ ਕੌਮ ਲਈ ਕੁਰਬਾਨੀ ਕਰਨ ਵਾਲਿਆਂ, ਵਿਦਿਆ ਸ਼ਾਸਤਰੀਆਂ, ਆਰਥਿਕ ਮਾਹਿਰਾਂ, ਸਿਆਸਤਦਾਨਾਂ, ਇਤਿਹਾਸਕਾਰਾਂ, ਪ੍ਰਸ਼ਾਸਨਿਕ ਅਧਿਕਾਰੀਆਂ ਅਤੇ ਸਮਾਜਿਕ ਕਾਰਕੁਨਾਂ ਆਦਿ ਦੇ ਸਮੁੱਚੇ ਯੋਗਦਾਨ, ਜਿਸ ਵਿਚ ਦੋਹਾਂ ਸਫ਼ਲਤਾ ਅਤੇ ਅਸਫ਼ਲਤਾ ਬਾਰੇ ਅਜਿਹੇ ਢੰਗ ਨਾਲ ਵਰਣਨ ਕੀਤਾ ਹੈ, ਜਿਸ 'ਤੇ ਮਾਣ ਅਤੇ ਸ਼ਰਮ ਵੀ ਆਉਂਦੀ ਹੈ, ਪ੍ਰੰਤੂ ਇਨ੍ਹਾਂ ਰਚਨਾਵਾਂ ਵਿਚ ਪੰਜਾਬੀਆਂ ਨੂੰ ਸੰਜੀਦਗੀ ਨਾਲ ਵਿਚਾਰ ਕੇ ਗ਼ਲਤੀਆਂ ਸੁਧਾਰਨ ਲਈ ਅਮਲ ਕਰਨ ਦਾ ਸੰਦੇਸ਼ ਦਿੱਤਾ ਗਿਆ ਹੈ। ਕਾਵਿ-ਸੰਗ੍ਰਹਿ ਵਿਚ 112 ਰਚਨਾਵਾਂ ਹਨ, ਜਿਨ੍ਹਾਂ ਵਿਚੋਂ 30 ਗ਼ਜ਼ਲਾਂ ਅਤੇ ਅਖ਼ੀਰ ਵਿਚ ਰੁਬਾਈਆਂ ਹਨ। ਲਗਪਗ ਇਨ੍ਹਾਂ ਸਾਰੀਆਂ ਰਚਨਾਵਾਂ ਵਿਚ ਗੁਰਬਾਣੀ ਦੀ ਵਿਚਾਰਧਾਰਾ ਤੋਂ ਅਗਵਾਈ ਲੈ ਕੇ ਸਮਾਜ ਦੇ ਹਰ ਵਰਗ ਨੂੰ ਝੰਜੋੜਨ ਦੀ ਕੋਸ਼ਿਸ਼ ਕੀਤੀ ਗਈ ਹੈ ਕਿ ਉਹ ਆਪਣੀ ਵਿਰਾਸਤ ਤੋਂ ਮੁੱਖ ਨਾ ਮੋੜਨ, ਸਗੋਂ ਉਸ ਤੋਂ ਸੇਧ ਲੈ ਕੇ ਮਨੁੱਖੀ ਹੱਕਾਂ ਦੇ ਹੋ ਰਹੇ ਘਾਣ ਦਾ ਡਟ ਕੇ ਮੁਕਾਬਲਾ ਕਰਨ ਦਾ ਪ੍ਰਣ ਲੈ ਕੇ ਅੱਗੇ ਆਉਣ ਤਾਂ ਜੋ ਦੇਸ਼ ਅਤੇ ਪੰਜਾਬ ਨੂੰ ਸਮਾਜਿਕ ਕੁਰੀਤੀਆਂ ਤੋਂ ਬਚਾਇਆ ਜਾ ਸਕੇ। ਬਹੁਤ ਸਾਰੀਆਂ ਕਵਿਤਾਵਾਂ ਵਿਚ ਮਾਂ ਧੀ ਦੀ ਇੱਜ਼ਤ, ਪ੍ਰਵਾਸ ਦੀ ਪ੍ਰਵਿਰਤੀ ਨੂੰ ਰੋਕਣ ਅਤੇ ਭਰੂਣ ਹੱਤਿਆ ਦੀ ਰੋਕਥਾਮ ਦੀ ਪਹਿਰੇਦਾਰੀ ਕਰਨ ਲਈ ਪ੍ਰੇਰਿਆ ਗਿਆ ਹੈ ਤੇ ਮਾਵਾਂ ਨੂੰ ਵੀ ਭਰੂਣ ਹੱਤਿਆ ਵਿਰੁੱਧ ਆਵਾਜ਼ ਬੁਲੰਦ ਕਰਨ ਦੀ ਤਾਕੀਦ ਕੀਤੀ ਗਈ ਹੈ। ਅਖੌਤੀ ਆਧੁਨਿਕਤਾ ਪੰਜਾਬੀਆਂ ਦੀ ਅਣਖ਼ੀ ਵਿਰਾਸਤ ਨੂੰ ਖੋਰਾ ਲਾ ਰਹੀ ਹੈ, ਜਿਸ ਕਰਕੇ ਸਮਾਜਿਕ ਤਾਣਾ-ਬਾਣਾ ਖੋਖਲਾ ਹੀ ਨਹੀਂ ਹੋ ਰਿਹਾ, ਸਗੋਂ ਤਬਾਹੀ ਦੇ ਕੰਢੇ ਲਿਆ ਕੇ ਖੜ੍ਹਾ ਕਰ ਦਿੱਤਾ ਗਿਆ ਹੈ। ਪੰਜਾਬੀ ਭਾਸ਼ਾ ਤੇ ਪਹਿਰਾਵੇ ਦੀ ਪਹਿਰੇਦਾਰੀ ਵੀ ਅਤਿਅੰਤ ਜ਼ਰੂਰੀ ਹੈ, ਜਿਸ ਤੋਂ ਨੌਜਵਾਨ ਪਨੀਰੀ ਮੁੱਖ ਮੋੜ ਰਹੀ ਹੈ। ਗੁਰਬਾਣੀ ਜਿਹੜੇ ਵਿਕਾਰਾਂ ਤੋਂ ਬਚ ਕੇ ਰਹਿਣ ਦੀ ਵਕਾਲਤ ਕਰਦੀ ਹੈ, ਪੰਜਾਬੀ ਉਸ 'ਤੇ ਅਮਲ ਕਰਨ ਤੋਂ ਕੰਨੀ ਕਤਰਾ ਰਹੇ ਹਨ। ਇਸ ਸੰਬੰਧੀ 'ਫਿਰ ਇਕ ਸੂਰਜ ਬਾਲ ਧਰੋ' ਸਿਰਲੇਖ ਵਾਲੀ ਕਵਿਤਾ ਵਿਚ ਸ਼ਾਇਰ ਲਿਖਦਾ ਹੈ:

ਪੰਜ ਵਿਕਾਰਾਂ ਸਾਡੇ ਮਨ-ਮਸਤਕ ਨੂੰ ਐਸਾ ਘੇਰਾ ਪਾਇਆ।
ਪੰਜ ਦੁਸ਼ਮਣਾਂ ਘਰ ਵਿਚ ਸਾਡੇ ਡੇਰਾ ਲਾਇਆ।
ਅੰਨ੍ਹੇ ਬੋਲੇ ਹੋ ਕੇ ਤੇਗ ਘੁਮਾਈ ਜਾਈਏ।
ਆਪਣਿਆਂ ਨੂੰ ਆਪੇ ਹੀ ਝਟਕਾਈ ਜਾਈਏ।


ਪੰਜਾਬੀ ਵਹਿਮਾਂ-ਭਰਮਾਂ ਤੇ ਕਰਮ-ਕਾਂਡ ਦੇ ਚੱਕਰ ਵਿਚੋਂ ਬਾਹਰ ਨਿਕਲ ਕੇ ਧਰਮ ਦੀ ਮਰਿਆਦਾ ਅਨੁਸਾਰ ਵਿਚਰਣ ਨੂੰ ਵੀ ਤਿਲਾਂਜਲੀ ਦੇ ਰਹੇ ਹਨ:

ਕਰਮ-ਕਾਂਡ ਦੀ ਨੇਰ੍ਹੀ ਅੰਦਰ, ਸਾਡੀ ਮੱਤ ਗੁਆਚ ਗਈ ਹੈ।
ਧਰਮ ਸ਼ਰਮ ਦੋਵੇਂ ਗੁੰਮੇ, ਨੇਰ੍ਹੇ ਅੰਦਰ ਤੁਰਦੇ ਤੁਰਦੇ,
ਅੰਨ੍ਹੀ ਸੁਰੰਗ 'ਚ ਪਹੁੰਚ ਗਏ ਹਾਂ।

'ਮਾਂ ਦਾ ਸਫ਼ਰ' ਕਵਿਤਾ ਵਿਚ ਸਮਾਜਿਕ, ਧਾਰਮਿਕ ਤੇ ਸਭਿਆਚਾਰਕ ਪਰੰਪਰਾਵਾਂ ਦਾ ਪਿਛੋਕੜ ਦੱਸਦਿਆਂ, ਮਾਂ ਦੇ ਕਿਰਦਾਰ ਦੀ ਪਵਿੱਤਰਤਾ ਦਾ ਦ੍ਰਿਸ਼ਟਾਂਤਿਕ ਰੂਪ ਵਿਖਾ ਦਿੱਤਾ ਹੈ। ਸ਼ਾਇਰ ਲਿਖਦਾ ਹੈ ਕਿ ਸ਼ਬਦਾਂ ਦੇ ਸ਼ਿਲਪਕਾਰ ਨੂਰ ਦੀ ਨਦੀ ਵਿਚਾਰਧਾਰਾ ਦੇ ਵਿਰੁੱਧ ਇਨਸਾਨ ਨੇ ਸ਼ਬਦਾਂ ਨਾਲ ਧਰਮਾਂ ਦੀਆਂ ਵੰਡੀਆਂ ਪਾ ਕੇ ਜ਼ਹਿਰ ਉਗਲਣੀ ਸ਼ੁਰੂ ਕਰ ਦਿੱਤੀ। ਪੰਜਾਬੀਆਂ ਦੀ ਨਿਰਭੈਤਾ ਅਤੇ ਦੋਗਲੇਪਣ ਦਾ ਜ਼ਿਕਰ ਕਰਦਿਆਂ ਇੱਕ ਗ਼ਜ਼ਲ ਵਿਚ ਲਿਖਦਾ ਹੈ:

ਹੱਕ ਸੱਚ ਦੇ ਰਸਤੇ ਤੁਰਨਾ ਹੈ ਕੀ ਡਰ ਹੈ ਸੂਲ ਸਲੀਬਾਂ ਦਾ,
ਸਾਡੇ ਵੱਡ-ਵਡੇਰੇ ਅਜ਼ਲਾਂ ਤੋਂ ਹਨ ਏਸੇ ਰਾਹ ਤੋਂ ਲੰਘਦੇ ਰਹੇ।
ਇਹ ਚਾਰ-ਦੀਵਾਰੀ ਨਸਲਾਂ ਦੀ ਤੇ ਧਰਮ ਵਲਗਣ, ਤੌਬਾ ਹੈ,
ਲੋਕਾਂ ਨੂੰ ਕਹੀਏ ਤੋੜ ਦਿਉ, ਪਰ ਆਪਣੀ ਵਾਰੀ ਸੰਗਦੇ ਰਹੇ।

ਧਰਮਾਂ ਦੇ ਬਖੇੜੇ ਸੰਬੰਧੀ ਗੁਰਭਜਨ ਗਿੱਲ 'ਮੀਆਂ ਮੀਰ




ਉਦਾਸ ਖੜ੍ਹਾ ਹੈ' ਵਿਚ ਲਿਖਦਾ ਹੈ:

ਸ਼ਬਦ-ਸੁਰਤਿ ਤੋਂ ਸੱਖਣਾ ਸ਼ਖਸ਼ ਅਮੀਰ ਨਹੀਂ ਹੈ?
ਰੱਬ ਦਾ ਘਰ ਇਹ ਕਿਸੇ ਦੀ ਜਾਗੀਰ ਨਹੀਂ ਹੈ?
ਯਤਨ ਕਰੋ ਕਿ ਨੇਰ੍ਹੇ ਦਾ ਪ੍ਰਕਾਸ਼ ਨਾ ਹੋਵੇ।
ਸਾਂਝੀ ਧੜਕਣ ਜੀਵੇ, ਕਦੇ ਵਿਨਾਸ਼ ਨਾ ਹੋਵੇ।

'ਜ਼ਬਰ ਜ਼ੁਲਮ ਦੀ ਜਦ ਵੀ ਨੇਰ੍ਹੀ ਚੜ੍ਹਦੀ ਏ' ਵਿਚ ਸ਼ਾਇਰ ਲਿਖਦਾ ਹੈ ਕਿ ਖ਼ਾਨ ਜ਼ਕਰੀਆ ਸਾਡੇ ਅੰਦਰ ਮਰਦਾ ਨਹੀਂ, ਓਸੇ ਸੰਗ 'ਗੁਰਬਾਣੀ' ਅੱਜ ਤੱਕ ਲੜਦੀ ਹੈ। ਅਸੀਂ ਗੁਰਬਾਣੀ ਦੇ ਅਰਥ ਹੀ ਨਹੀਂ ਸਮਝਦੇ। ਏਥੇ ਹੀ ਬਸ ਨਹੀਂ ਗੁਰਭਜਨ ਗਿੱਲ ਨੇ 1984 ਦੇ ਸੰਤਾਪ, ਹੁਕਮਰਾਨਾਂ ਦੀਆਂ ਕੋਝੀਆਂ ਹਰਕਤਾਂ, ਕਿਰਤ ਤੇ ਗੁਰਬਾਣੀ ਤੋਂ ਮੁੱਖ ਮੋੜਨ, ਬਹੁ-ਕਰੋੜੀ ਕੰਪਨੀਆਂ ਦੇ ਵਿਓਪਾਰ ਦੇ ਨੁਕਸਾਨ, ਨਸ਼ੇ, ਪਰਵਾਸ, ਪੰਜਾਬੀਆਂ ਦਾ ਜ਼ਿੰਦਗੀ ਤੋਂ ਉਪਰਾਮ ਹੋਣ ਵਰਗੇ ਸੰਵੇਦਨਸ਼ੀਲ ਵਿਸ਼ਿਆਂ ਨੂੰ ਆਪਣੀਆਂ ਕਵਿਤਾਵਾਂ ਦਾ ਆਧਾਰ ਬਣਾਇਆ ਹੈ। ਗੁਰਭਜਨ ਗਿੱਲ ਦੀ ਬੇਬਾਕੀ ਵੇਖਣ ਵਾਲੀ ਹੈ ਕਿ ਜਿਸ ਵੀ ਵਿਅਕਤੀ, ਸਰਕਾਰ ਭਾਵੇਂ ਵੱਡੇ ਤੋਂ ਵੱਡਾ ਸਿਆਸਤਦਾਨ ਜਾਂ ਅਸਰ-ਰਸੂਖ਼ ਵਾਲਾ ਇਨਸਾਨ ਹੋਵੇ ਉਸ ਦੀਆਂ ਕੁਰੀਤੀਆਂ ਦਾ ਪਾਜ ਆਪਣੀਆਂ ਰਚਨਾਵਾਂ ਰਾਹੀਂ ਸਿੰਬਾਲਿਕ ਤੌਰ 'ਤੇ ਉਘੇੜਿਆ ਹੈ। 'ਪੰਜ ਸਦੀਆਂ ਪਰਤ ਕੇ' ਸਿਰਲੇਖ ਵਾਲੀ ਕਵਿਤਾ ਵਿਚ ਸ਼ਾਇਰ ਲਿਖਦਾ ਹੈ:

ਹਾਲੇ ਕੰਧਾਰੀ ਵਲੀ ਦਾ ਹੰਕਾਰ ਨਹੀਓਂ ਟੁੱਟਿਆ।
ਅੱਜ ਵੀ ਉਹ ਪਾਣੀਆਂ 'ਤੇ ਕਰਨ ਕਬਜ਼ੇ ਜੁੱਟਿਆ।
'ਤਰਕ' ਦੀ ਛਾਤੀ 'ਤੇ ਮੁੜ ਪੱਥਰ ਮੈਂ ਭਾਰਾ ਵੇਖਿਆ।

'ਗੂੜ੍ਹੀ ਨੀਂਦਰ ਸੁੱਤੇ ਪੁੱਤਰ ਪੰਜ ਦਰਿਆਵਾਂ ਦੇ' ਸਿਰਲੇਖ ਵਾਲੀ ਕਵਿਤਾ ਅਤੇ ਕੁਝ ਹੋਰ ਵਿਚ ਪੰਜਾਬ ਵਿਚ ਨਸ਼ਿਆਂ ਦੀ ਭਰਮਾਰ ਬਾਰੇ ਸ਼ਾਇਰ ਦੀ ਕਲਮ ਕੀਰਨੇ ਪਾਉਂਦੀ ਲਿਖਦੀ ਹੈ:

ਚੜ੍ਹੀ ਖ਼ੁਮਾਰੀ ਨਸ਼ਿਆਂ ਦੀ ਸਭ ਪੁੱਤਰ ਧੀਆਂ ਨੂੰ।
ਕਿਹੜਾ ਬਹਿ ਸਮਝਾਏ, ਗਰਕੇ ਘਰ ਦੇ ਜੀਆਂ ਨੂੰ।
ਬਿਰਖ਼ ਸੁਣਾਉਂਦੇ ਬਾਤਾਂ ਜੀ, ਹਰ ਪਿੰਡ ਦੀਆਂ ਰਾਹਵਾਂ ਦੇ।
ਉਕੜੇ ਟੁਕੜੇ ਹੋ ਗਏ ਤਾਹੀਂਉਂ ਅੱਥਰੇ ਚਾਵਾਂ ਦੇ।
ਕਾਹਦੀਆਂ ਕਮਾਈਆਂ ਧੀਆਂ ਪੁੱਤ ਜੇ ਗੁਆ ਲਏ।
ਘਰ ਘਾਟ ਛੱਡ ਅਸੀਂ ਕਿੱਥੇ ਮੰਜੇ ਡਾਹ ਲਏ।
ਡੁੱਬੀ ਬੇੜੀ ਸਣੇ ਖਵੱਈਆ।
ਬਣ ਗਿਆ ਸਭ ਦਾ ਬਾਪ ਰੁਪੱਈਆ।
ਨੋਟ ਨਚਾਵੇ ਥੱਈਆ ਥੱਈਆ।
ਵਗਦੀ ਨੇਰ੍ਹੀ ਨੂੰ ਆ ਠੱਲ੍ਹੀਏ।
ਚਾਂਦੀ ਵਾਲਾ ਗੋਲ ਰੁਪੱਈਆ,
ਬਣਿਆਂ ਸਭ ਦਾ ਬਾਬਲ ਮੱਈਆ।
ਅਣਖ਼ ਗੁਆ ਕੇ ਕਣਕਾਂ ਬਦਲੇ,
ਬੰਦਾ ਸਿਰ ਦੇ ਭਾਰ ਹੋ ਗਿਆ।

ਗੁਰਭਜਨ ਗਿੱਲ ਦੀਆਂ ਬਹੁਤੀਆਂ ਰਚਨਾਵਾਂ ਸਿੱਖ ਗੁਰੂਆਂ ਦੀ ਵਿਚਾਰਧਾਰਾ, ਮਨੁੱਖੀ ਹੱਕਾਂ, ਹੁਕਮਰਾਨਾਂ ਦੀਆਂ ਜ਼ਿਆਦਤੀਆਂ, ਪੰਜਾਬੀਆਂ ਦੀ ਬਹਾਦਰੀ, ਪੰਜਾਬੀ ਬੋਲੀ, ਪੰਜਾਬੀ ਸਭਿਆਚਾਰ ਵਿਚ ਆ ਰਹੀ ਗਿਰਾਵਟ, ਪੰਜਾਬੀ ਵਿਰਾਸਤ ਤੋਂ ਪਾਸਾ ਵੱਟਣ ਅਤੇ ਸਮਾਜਿਕ ਸਰੋਕਾਰਾਂ ਦੀ ਪ੍ਰਤੀਨਿਧਤਾ ਕਰਨ ਅਤੇ ਆਪਣੇ ਹੱਕਾਂ ਅਤੇ ਫਰਜ਼ਾਂ ਦੀ ਪਛਾਣ ਕਰਨ ਦੀ ਪ੍ਰੇਰਨਾ ਦੇਣ ਵਾਲੀਆਂ ਹਨ। ਇਸ ਤੋਂ ਇਲਾਵਾ ਸਿੱਖ ਗੁਰੂਆਂ, ਸ਼ਬਦ ਗੁਰੂ, ਸ਼ਹੀਦ ਭਗਤ ਸਿੰਘ, ਰਾਜਗੁਰੂ, ਸੁਖਦੇਵ, ਮਹਾਰਾਜਾ ਰਣਜੀਤ ਸਿੰਘ, ਭਗਤ ਪੂਰਨ ਸਿੰਘ, ਨਾਟਕਕਾਰ ਗੁਰਸ਼ਰਨ ਸਿੰਘ (ਭਾਈ ਮੰਨਾ ਸਿੰਘ), ਭਾਈ ਘਨੱ੍ਹਈਆ, ਮਹਾਂਰਿਸ਼ੀ ਵਾਲਮੀਕ, ਬੁਲ੍ਹੇ ਸ਼ਾਹ, ਨਾਮਧਾਰੀਆਂ, ਸੰਗੀਤਕਾਰਾਂ, ਇਸਤਰੀਆਂ, ਇਨਸਾਨੀਅਤ, ਲੋਕ ਕਲਾਵਾਂ, ਲੋਕ ਧ੍ਰੋਹਰਾਂ, ਕਿਰਤੀਆਂ ਅਤੇ ਦੁੱਲਾ ਆਦਿ ਦੇ ਉਨ੍ਹਾਂ ਦੀਆਂ ਮਾਨਵਤਾ ਲਈ ਕੀਤੀਆਂ ਸੇਵਾਵਾਂ ਸੰਬੰਧੀ ਰੇਖਾ ਚਿੱਤਰਾਂ ਵਾਂਗ ਕਾਵਿਕ ਰੂਪ ਵਿਚ ਲਿਖਿਆ ਹੈ।

216 ਪੰਨਿਆਂ, 300 ਰੁਪਏ ਕੀਮਤ ਵਾਲਾ ਇਹ ਕਾਵਿ-ਸੰਗ੍ਰਹਿ ਪੰਜਾਬੀ ਲੋਕ ਵਿਰਾਸਤ ਅਕਾਦਮੀ ਲੁਧਿਆਣਾ ਨੇ ਪ੍ਰਕਾਸ਼ਤ ਕੀਤਾ ਹੈ, ਜਿਹੜਾ ਸਿੰਘ ਬ੍ਰਦਰਜ਼ ਅੰਮ੍ਰਿਤਸਰ ਤੋਂ ਲਿਆ ਜਾ ਸਕਦਾ ਹੈ।

ਸੰਪਰਕ: ਸਿੰਘ ਬ੍ਰਦਰਜ਼ ਅੰਮ੍ਰਿਤਸਰ, 0183 2550739

# ਪੰਜਾਬੀ ਸਭਿਆਚਾਰ ਵਿਚ ਰਿਸ਼ਤਿਆਂ ਦੀ ਅਹਿਮੀਅਤ

ਮਨੁੱਖ ਇੱਕ ਸਮਾਜਿਕ ਪ੍ਰਾਣੀ ਹੈ। ਮੁੱਢ ਕਦੀਮ ਤੋਂ ਮਨੁੱਖ ਜੰਗਲਾਂ/ਗੁਫਾਵਾਂ ਵਿਚ ਰਹਿੰਦਾ ਸੀ ਤੇ ਆਪਣੇ ਤਨ ਦੀ ਭੁੱਖ ਮਿਟਾਉਣ ਲਈ ਕੁਦਰਤੀ ਖ਼ੁਰਾਕਾਂ/ਸਾਧਨਾਂ 'ਤੇ ਨਿਰਭਰ ਕਰਦਾ ਸੀ, ਭਾਵ ਜਾਨਵਰਾਂ ਦਾ ਸ਼ਿਕਾਰ ਕਰਕੇ ਜਾਂ ਫਲ ਖਾ ਕੇ ਗੁਜ਼ਾਰਾ ਕਰਦਾ ਸੀ। ਤਾਕਤਵਰ ਜਾਨਵਰਾਂ ਤੋਂ ਡਰਦੇ, ਸਮੂਹਾਂ ਭਾਵ ਕਬੀਲਿਆਂ ਦੇ ਰੂਪ ਵਿਚ ਰਹਿਣਾ ਸ਼ੁਰੂ ਕੀਤਾ ਤੇ ਸਮੇਂ ਨਾਲ ਖੇਤੀਬਾੜੀ ਕਰਕੇ ਅਨਾਜ ਉਗਾਉਣਾ ਸਿੱਖਿਆ ਅਤੇ ਸੱਭਿਅਕ ਮਨੁੱਖ ਵਜੋਂ ਵਿਕਸਿਤ ਹੋਇਆ। ਇਸ ਤਰ੍ਹਾਂ ਸੰਸਾਰ ਦੇ ਵੱਖ-ਵੱਖ ਭਾਗਾਂ ਵਿਚ ਆਪੋ-ਆਪਣੇ ਸੱਭਿਆਚਾਰ ਅਨੁਸਾਰ ਸੱਭਿਅਤਾਵਾਂ ਪਨਪੀਆਂ।



ਅਸੀਂ ਗੱਲ ਕਰਨੀ ਹੈ ਪੰਜਾਬੀ ਸੱਭਿਆਚਾਰ ਦੀ। ਭਾਰਤ ਦੇ ਉੱਤਰ-ਪੱਛਮ ਵਿਚ ਸਿੰਧ ਦਰਿਆ ਅਤੇ ਉਸ ਦੀਆਂ ਪੰਜ ਸਹਾਇਕ ਨਦੀਆਂ ਵਾਲੇ ਖੇਤਰ ਨੂੰ ਸਿੰਧੂ ਘਾਟੀ ਦੀ ਸੱਭਿਅਤਾ ਦੇ ਨਾਂ ਨਾਲ ਜਾਣਿਆ

ਜਰਨੈਲ ਸਿੰਘ ਧਾਲੀਵਾਲ

ਜਾਂਦਾ ਹੈ। ਇਸ ਖਿੱਤੇ ਵਿਚ ਪੰਜਾਬ ਦਾ ਖੇਤਰ ਆਉਂਦਾ ਹੈ, ਜਿੱਥੇ ਦਰਿਆਵਾਂ ਦੀ ਇਸ ਉਪਜਾਊ ਧਰਤੀ ਵਿਚ ਮੁੱਖ ਧੰਦਾ ਖੇਤੀਬਾੜੀ ਹੀ ਹੈ। ਮਨੁੱਖ ਦੀਆਂ ਮੁੱਢਲੀਆਂ ਲੋੜਾਂ ਰੋਟੀ, ਕੱਪੜਾ ਅਤੇ ਮਕਾਨ ਹੁੰਦੀਆਂ ਹਨ। ਇਸ ਲਈ ਕਿਸੇ ਵੀ ਥਾਂ ਦਾ ਮਨੁੱਖ/ਸਮਾਜ ਆਪਣੀਆਂ ਮੁਢਲੀਆਂ ਲੋੜਾਂ ਆਪਣੀ ਜ਼ਮੀਨ/ਧਰਤੀ ਅਤੇ ਆਪਣੇ ਭੌਤਿਕ ਵਾਤਾਵਰਣ ਤੋਂ ਹੀ ਪੂਰੀਆਂ ਕਰਦਾ ਹੈ। ਇਸ ਲਈ ਪੰਜਾਬ ਦੇ ਇਸ ਖੇਤਰ ਵਿਚ ਦਰਿਆਵਾਂ ਤੋਂ ਪਾਣੀ ਦੀ ਉਪਲਭਧਤਾ ਪੂਰੀ ਹੁੰਦੀ ਰਹੀ ਹੈ ਅਤੇ ਇੱਥੋਂ ਦੀ ਉਪਜਾਊ ਮਿੱਟੀ ਵਿਚ ਖੇਤੀਬਾੜੀ ਵੀ ਬਹੁਤ ਵਧੀਆ ਹੁੰਦੀ ਹੈ। ਇਸ ਲਈ ਇਥੋਂ ਦੇ ਲੋਕਾਂ ਦਾ ਮੁੱਖ ਧੰਦਾ ਵੀ ਖੇਤੀਬਾੜੀ ਹੀ ਬਣਿਆ ਹੋਇਆ ਹੈ।

ਜੇ ਅਸੀਂ ਪਿਛਲੇ ਸਮੇਂ 'ਤੇ ਝਾਤ ਮਾਰੀਏ ਤਾਂ ਲੋਕ ਖੇਤੀਬਾੜੀ 'ਤੇ ਹੀ ਨਿਰਭਰ ਕਰਦੇ ਸਨ ਅਤੇ ਅੱਜ ਵੀ ਇੱਥੋਂ ਦੇ ਲਗਭਗ 65% ਲੋਕ ਸਿੱਧੇ ਜਾਂ ਅਸਿੱਧੇ ਤੌਰ 'ਤੇ ਖੇਤੀਬਾੜੀ ਉਤੇ ਹੀ ਨਿਰਭਰ ਕਰਦੇ ਹਨ। ਬਲਕਿ ਬਾਕੀ ਵਣਜ ਅਤੇ ਵਪਾਰ ਵਾਲੇ ਲੋਕ ਵੀ ਖੇਤੀਬਾੜੀ ਨਾਲ ਸਬੰਧਿਤ ਵਣਜ/ਵਪਾਰ/ਉਦਯੋਗ ਨਾਲ ਹੀ ਆਪਣੀ ਉਪਜੀਵਿਕਾ ਕਮਾਉਂਦੇ ਹਨ। ਇਸੇ ਤਰ੍ਹਾਂ ਬੈਂਕ ਜਾਂ ਬੀਮਾ ਕੰਪਨੀਆਂ ਵੀ ਆਖਰ ਵਿਚ ਖੇਤੀਬਾੜੀ ਦੇ ਕਾਰੋਬਾਰੀਆਂ ਲਈ ਕਰਜ਼ਾ ਸਹੂਲਤਾਂ ਉਪਲਬਧ ਕਰਵਾਉਂਦੀਆਂ ਹਨ।

ਖੇਤੀਬਾੜੀ ਇਕ ਅਜਿਹਾ ਧੰਦਾ ਹੈ, ਜਿਸ ਵਿਚ ਮਨੁੱਖੀ ਤਾਕਤ ਭਾਵ ਹੱਥੀਂ ਕਿਰਤ ਕਰਨ ਵਾਲਿਆਂ ਦੀ ਜ਼ਰੂਰਤ ਹੁੰਦੀ ਹੈ। ਖ਼ਾਸ ਤੌਰ 'ਤੇ 1980 ਤੋਂ ਪਹਿਲਾਂ ਖੇਤੀਬਾੜੀ ਜ਼ਿਆਦਾ ਤੌਰ 'ਤੇ ਮਨੁੱਖੀ ਮਿਹਨਤ 'ਤੇ ਨਿਰਭਰ ਕਰਦੀ ਸੀ ਭਾਵ ਮਸ਼ੀਨੀ ਯੁੱਗ ਤੋਂ ਪਹਿਲਾਂ ਖੇਤੀਬਾੜੀ ਮਿਹਨਤ ਮਜ਼ਦੂਰੀ ਦੁਆਰਾ ਹੀ ਕੀਤੀ ਜਾਂਦੀ ਸੀ। ਇਸ ਲਈ ਉਸ ਸਮੇਂ ਵੱਡੇ ਅਤੇ ਸਾਂਝੇ ਪਰਿਵਾਰ ਹੁੰਦੇ ਸਨ ਭਾਵ ਆਪਸੀ ਭਾਈਚਾਰਕ ਸਾਂਝ ਵੀ ਜ਼ਿਆਦਾ ਸੀ। ਜਾਂ ਕਈ ਪਰਿਵਾਰ ਮਿਲ-ਜੁਲ ਕੇ ਇਕ ਦੂਸਰੇ ਦੇ ਕੰਮ ਜਿਵੇਂ ਫ਼ਸਲਾਂ ਦੀ ਕਟਾਈ/ਵਾਢੀ ਕਰਵਾਉਂਦੇ ਸਨ। ਸਾਂਝੇ ਪਰਿਵਾਰ ਵਿਚ ਵੱਡੇ ਬਜ਼ੁਰਗ ਉਨ੍ਹਾਂ ਦੇ ਬੱਚੇ ਕਈ-ਕਈ ਭਰਾ (ਚਾਚੇ ਅਤੇ ਤਾਏ) ਅਤੇ ਉਨ੍ਹਾਂ ਦੇ ਬੱਚੇ (ਪੋਤੇ ਅਤੇ ਪੋਤੀਆਂ) ਸਾਰੇ ਇਕੱਠੇ ਰਹਿੰਦੇ ਸਨ। ਇਕ ਚੁੱਲ੍ਹੇ ਦੇ ਖਰਚੇ ਘੱਟ ਹੁੰਦੇ ਸਨ, ਔਰਤਾਂ ਮਿਲ-ਜੁਲ ਕੇ ਘਰ ਦੇ ਕੰਮਕਾਰ ਕਰਦੀਆਂ ਸਨ ਅਤੇ ਮਰਦ ਖੇਤਾਂ ਵਿਚ ਕੰਮ ਕਰਦੇ ਹੁੰਦੇ ਸਨ। ਸਭ ਦੇ ਬੱਚੇ ਸਾਂਝੇ ਪਲਦੇ ਅਤੇ ਦੇਖਭਾਲ ਵਿਚ ਰਹਿੰਦੇ ਸਨ ਅਤੇ ਆਪਸੀ ਪਿਆਰ ਬਣਿਆ ਰਹਿੰਦਾ ਸੀ।

ਲੇਕਿਨ ਜਿਵੇਂ-ਜਿਵੇਂ 1980 ਤੋਂ ਬਾਅਦ ਦਾ ਸਮਾਂ ਆਇਆ, ਤਕਨਾਲੌਜੀ ਦਾ ਯੁੱਗ ਆਇਆ ਤਾਂ ਮਸ਼ੀਨਾਂ ਰਾਹੀਂ ਕੰਮ ਘੱਟ ਸਮੇਂ ਵਿਚ ਮੁਕਾਇਆ ਜਾਣ ਲੱਗਾ ਅਤੇ ਵਿੱਤੀ ਜਾਂ ਆਰਥਿਕ ਸਾਧਨਾਂ ਨੇ ਮਨੁੱਖਾਂ ਦਾ ਬਦਲ ਲੱਭ ਲਿਆ। ਭਾਵ ਆਰਥਿਕ ਨਿਰਭਰਤਾ ਆਸਾਨ ਹੋਣ ਲੱਗੀ ਤਾਂ ਬਨਿਸਬਤ ਸਾਂਝੇ ਪਰਿਵਾਰ ਤੋਂ ਇਕਹਿਰੇ ਪਰਿਵਾਰ ਵਿਚ ਸਮਾਜ ਤਬਦੀਲ ਹੋਣ ਲੱਗਿਆ। ਭਾਵ ਸਮਾਜਿਕ ਕਦਰਾਂ-ਕੀਮਤਾਂ ਦੀ ਥਾਂ ਆਰਥਿਕ ਹਾਲਾਤਾਂ ਨੇ ਆਪਸੀ ਸਮਾਜਿਕ ਰਿਸ਼ਤਿਆਂ ਨੂੰ ਖੋਰਾ ਲਾਉਣਾ ਸ਼ੁਰੂ ਕਰ ਦਿੱਤਾ।

ਖ਼ਾਸ ਤੌਰ 'ਤੇ 1990 ਦੇ ਦਹਾਕੇ ਵਿਚ ਸੰਸਾਰ ਵਿਚ (ਫਘ) ਉਦਾਰੀਕਰਨ (ਬਿਇਰਲਡਿਅਟੋਨਿ), ਨਿੱਜੀਕਰਨ (ਫਰਵਿਅਟਡਿਅਟੋਨਿ) ਅਤੇ ਸੰਸਾਰੀਕਰਨ (ਘਲੋਬਅਲ-ਡਿਅਟੋਨਿ) ਦੇ ਸੰਕਲਪ ਨੇ ਸਾਰੇ ਵਿਸ਼ਵ ਨੂੰ ਪ੍ਰਭਾਵਿਤ ਕੀਤਾ। ਇਹ ਉਹ ਸਮਾਂ ਸੀ ਜਦੋਂ ਤਕਨੀਕ ਹਰ ਦੇਸ਼ ਦੀ ਪਹੁੰਚ ਵਿਚ ਆ ਗਈ। ਬੈਂਕਿੰਗ ਪ੍ਰਣਾਲੀ ਅਤੇ ਬੀਮਾ ਕੰਪਨੀਆਂ ਨੇ ਕਰਜ਼ੇ ਦੀਆਂ ਸਹੂਲਤਾਂ ਦੇ ਕੇ ਭਾਵੇਂ ਆਰਥਿਕ ਖੁਸ਼ਹਾਲੀ ਤਾਂ ਜ਼ਰੂਰ ਲੈ ਆਂਦੀ ਪਰ ਸਮਾਜਿਕ ਰਿਸ਼ਤਿਆਂ ਨੂੰ ਖ਼ਤਮ ਕਰਨਾ ਸ਼ੁਰੂ ਕਰ ਦਿੱਤਾ।

1980 ਤੋਂ ਪਹਿਲਾਂ ਪੰਜਾਬ ਵਿਚ ਪਿੰਡਾਂ ਵਿਚ ਮੇਲੇ ਲੱਗਦੇ ਵਿਆਹਾਂ-ਸ਼ਾਦੀਆਂ 'ਤੇ ਰਿਸ਼ਤੇਦਾਰ ਇਕੱਠੇ ਹੁੰਦੇ, ਦੁੱਖ-ਸੁੱਖ ਸਾਂਝੇ ਕਰਦੇ। ਮਨੋਰੰਜਨ ਦੇ ਸਾਧਨ ਘੱਟ ਹੋਣ ਕਾਰਨ ਲੋਕ ਇਕੱਠੇ ਆਪਣੇ ਤਿਉਹਾਰ ਜਾਂ ਉਤਸਵ ਮਨਾਉਂਦੇ ਸਨ। ਪਰ ਜਿਵੇਂ ਹੀ ਆਰਥਿਕ ਖੁਸ਼ਹਾਲੀ ਆਉਣ ਲੱਗੀ, ਹਰ ਪਰਿਵਾਰ ਦੇ ਲੋਕ ਆਪਣੇ ਮਨੋਰੰਜਨ ਦੇ ਸਾਧਨ (ਜਿਵੇਂ ਟੈਲੀਵਿਜ਼ਨ/ਰੇਡੀਓ/ਵੀ ਸੀ ਆਰ) ਤੇ (ਹੁਣ ਮੋਬਾਈਲ ਉਹ ਵੀ ਇੰਟਰਨੈੱਟ ਸਹੂਲਤ ਵਾਲੇ) ਆਪਣੇ ਆਪਣੇ ਆਵਾਜਾਈ ਦੇ ਸਾਧਨ (ਮੋਟਰ ਗੱਡੀਆਂ) ਆਉਣ ਨਾਲ, ਸਮੇਂ ਨੂੰ ਆਪਣੇ ਵੱਸ ਵਿਚ ਕਰਕੇ ਸਮਾਜਿਕ ਰਿਸ਼ਤਿਆਂ ਨੂੰ ਦੂਰ ਕਰ ਦਿੱਤਾ।

1990 ਦੇ ਦਹਾਕੇ ਤੋਂ ਬਾਅਦ ਵਿਆਹਾਂ-ਸ਼ਾਦੀਆਂ ਦਾ ਸੰਕਲਪ ਵੀ ਬਦਲਣ ਲੱਗਾ। ਫਿਰ ਵਿਆਹ-ਸ਼ਾਦੀਆਂ ਜੰਜ ਘਰਾਂ ਦੀ ਥਾਂ 'ਤੇ ਪੈਲਸਾਂ ਵਿਚ ਹੋਣ ਨਾਲ ਇਹ ਰੀਤੀ ਰਿਵਾਜਾਂ ਨੂੰ ਖ਼ਤਮ ਕਰਕੇ ਕੁਝ ਘੰਟਿਆਂ ਵਿਚ ਹੀ ਮੁਕੰਮਲ ਹੋਣ ਲੱਗ ਪਏ। ਹੁਣ ਰੀਤੀ ਰਿਵਾਜ/ਮੇਲੇ/ ਉਤਸਵ ਦਿਖਾਵੇ ਦੇ ਤੌਰ 'ਤੇ ਆਪਣੀ ਆਰਥਿਕ ਸਮਰੱਥਾ ਦਿਖਾਉਣ ਲਈ ਇਹ ਸਭ ਕੁਝ ਮੰਡੀ ਦੇ ਤੌਰ 'ਤੇ ਪੈਸੇ ਦਾ ਦਿਖਾਵਾ ਬਣ ਕੇ ਰਹਿ ਗਏ ਹਨ ਅਤੇ ਇਨ੍ਹਾਂ ਦੀ ਰੂਹ ਖ਼ਤਮ ਹੋ ਗਈ ਹੈ। ਹੁਣ ਸਮੂਹ ਦੀ ਥਾਂ ਵਿਅਕਤੀਗਤ ਸੋਚ ਕਾਰਨ ਰਿਸ਼ਤੇ ਸੁੰਗੜ ਕੇ ਰਹਿ ਗਏ ਹਨ। ਹੁਣ ਤਾਂ ਇਥੋਂ ਤੱਕ ਕਿ ਇਕ ਪਰਿਵਾਰ ਵਿਚ ਚਾਰ ਜੀਅ ਹਨ, ਉਨ੍ਹਾਂ ਕੋਲ ਵੀ ਆਪੋ-ਆਪਣੇ ਮੋਬਾਈਲ ਹਨ ਅਤੇ ਆਪੋ ਆਪਣੇ ਕਮਰਿਆਂ ਵਿਚ ਰਹਿੰਦੇ ਹਨ।

ਆਰਥਿਕਤਾ ਦੀ ਭੱਜ-ਦੌੜ ਨੇ ਆਪਣੇ ਕੰਮ ਧੰਦਿਆਂ ਦੀ ਲਾਲਸਾ ਵਿਚ ਮਿਲਣਾ-ਜੁਲਣਾ ਘੱਟ ਕਰ ਦਿੱਤਾ/ਵਿਹਲ ਹੁੰਦੀ ਹੀ ਨਹੀਂ ਜਾਂ ਕੋਈ ਕਿਸੇ ਨੂੰ ਮਿਲਣਾ ਹੀ ਨਹੀਂ ਚਾਹੁੰਦਾ। ਜਾਂ ਫਿਰ ਪੱਛਮੀ ਸੱਭਿਆਚਾਰ ਦੇ ਪੱਬਾਂ/ਕਲੱਬਾਂ ਦੇ ਸੱਭਿਆਚਾਰ ਨੇ ਸਾਡੇ ਆਪਣੇ ਪੰਜਾਬੀ ਸੱਭਿਆਚਾਰ ਵਿਚ ਵੀ ਘੁਸਪੈਠ ਕਰ ਲਈ ਹੈ।

ਭੱਜ-ਦੌੜ ਦੀ ਜ਼ਿੰਦਗੀ ਨੇ ਮਨ ਦਾ ਚੈਨ ਵੀ ਖ਼ਤਮ ਕਰ ਦਿੱਤਾ ਹੈ। ਹੁਣ ਕਿਓਂਕਿ ਸੱਭਿਆਚਾਰਾਂ ਦਾ ਵੀ ਇੱਕ ਤਰ੍ਹਾਂ ਨਾਲ ਵਿਸ਼ਵੀਕਰਨ ਹੋ ਚੁੱਕਾ ਹੈ, ਇਸ ਲਈ ਨੌਜਵਾਨਾਂ 'ਚ ਦੂਜੇ ਦੇਸ਼ਾਂ ਵਿਚ ਕੰਮ ਦੀ ਭਾਲ ਵਿਚ ਵਿਦੇਸ਼ ਜਾਣ ਦੀ ਇੱਛਾ ਨਾਲ ਉੱਥੇ ਹੀ ਸਥਾਪਿਤ ਹੋ ਕੇ ਆਪਣੇ ਪਿਛੋਕੜ ਨੂੰ ਭੁੱਲਣ ਜਾਂ ਆਪਣੇ ਸੱਭਿਆਚਾਰ ਤੋਂ ਵਿੱਥ ਬਣਾਉਣਾ ਇੱਕ ਰੁਝਾਨ ਹੋ ਗਿਆ ਹੈ। ਜਿਹੜਾ ਕਿ ਆਪਣੇ ਅਮੀਰ ਵਿਰਸੇ ਲਈ ਖ਼ਤਰੇ ਦੀ ਘੰਟੀ ਵਜੋਂ ਮਹਿਸੂਸ ਹੋਣ ਲੱਗਾ ਹੈ। ਭਲਾ ਹੋਵੇ ਜੇ ਇਹ ਆਧੁਨਿਕ ਨੌਜਵਾਨ ਪੀੜ੍ਹੀ ਵਿਚ ਸਮਝ ਆ ਜਾਵੇ ਕਿ ਨਿਰ੍ਹਾ ਪੈਸੇ ਦੀ ਦੌੜ ਵਿਚ ਆਪਣੇ ਮਨ ਦਾ ਚੈਨ ਨਾ ਗਵਾਉ ਬਲਕਿ ਆਪਣੇ ਅਮੀਰ ਵਿਰਸੇ ਨੂੰ ਵੀ ਆਪਣੇ ਨਾਲ ਕਾਇਮ ਰੱਖੋ ਜਿੱਥੇ ਵੀ ਤੁਸੀਂ ਆਪਣੀ ਉਪਜੀਵਿਕਾ ਕਮਾਉਣ ਗਏ ਹੋ। ਇਹ ਨਹੀਂ ਹੁੰਦਾ ਕਿ ਜੇ ਤੁਸੀਂ ਮਹਿੰਗੀਆਂ ਪੁਸ਼ਾਕਾਂ ਪਾ ਕੇ ਬ੍ਰਾਂਡਡ ਕੱਪੜੇ ਤੇ ਮਹਿੰਗੀਆਂ ਗੱਡੀਆਂ ਵਿਚ ਘੁੰਮ ਕੇ ਜਾਂ ਕਰਜ਼ੇ ਚੁੱਕ ਕੇ ਆਪਣੀ ਅਸਲੀਅਤ ਨੂੰ ਨਾ ਭੁੱਲ ਜਾਵੋ। ਬਜ਼ੁਰਗਾਂ ਨਾਲ ਬੈਠਣਾ ਅਤੇ ਉਨ੍ਹਾਂ ਦੇ ਤਜਰਬੇ ਤੋਂ ਵੀ ਸਿੱਖਣਾ ਇੱਕ ਸਿਆਣਪ ਹੁੰਦੀ ਹੈ।

# ਤੈਨੂੰ ਸਾਡਾ ਆਖ਼ਰੀ ਸਲਾਮ ਦੋਸਤਾ!

ਲੰਘੀ 10 ਫਰਵਰੀ ਨੂੰ ਬਾਅਦ ਦੁਪਹਿਰ ਕਰੀਬ 2 ਵਜੇ ਜਦੋਂ ਸੋਸ਼ਲ ਮੀਡੀਆ 'ਤੇ ਇਹ ਖ਼ਬਰ ਨਸ਼ਰ ਹੋਈ ਕਿ 'ਪੰਜਾਬ ਦਾ ਨਿਕੋਲਾਈ ਉਸਤਰੋਵਸਕੀ' ਕਹਾਉਣ ਵਾਲਾ ਰਣਜੀਤ ਲਹਿਰਾ ਨਹੀਂ ਰਿਹਾ ਤਾਂ ਪੰਜਾਬ ਦੇ ਖੱਬੇ ਪੱਖੀ ਹਲਕਿਆਂ 'ਚ ਸੋਗ ਦੀ ਲਹਿਰ ਫੈਲ ਗਈ। ਦਰਅਸਲ ਉਹ ਪਿਛਲੇ ਲਗਭਗ 40 ਸਾਲਾਂ ਤੋਂ ਮੌਤ ਨਾਲ ਲੁਕਣਮੀਟੀ ਖੇਡਦਾ ਆ ਰਿਹਾ ਸੀ। ਖ਼ਾਸ ਕਰਕੇ ਸਰਦੀਆਂ 'ਚ ਉਸ ਦਾ ਖ਼ੂਨ ਬੇਹੱਦ ਗਾੜ੍ਹਾ ਹੋ ਜਾਂਦਾ ਤੇ ਕਈ ਵਾਰ ਕਢਵਾਉਣਾ ਵੀ ਪੈਂਦਾ ਸੀ। ਇੱਕ ਵਿਸ਼ੇਸ਼ ਮਸ਼ੀਨ ਰਾਹੀਂ ਉਸ ਨੂੰ ਵਾਰ-ਵਾਰ

**ਅਜੈਬ ਸਿੰਘ ਟਿਵਾਣਾ**
**ਫੋਨ: 78887-38476**

ਆਕਸੀਜਨ ਵੀ ਦੇਣੀ ਪੈਂਦੀ ਸੀ।

ਰਣਜੀਤ ਲਹਿਰਾ 1979 'ਚ ਆਈ.ਟੀ.ਆਈ. ਬੁਢਲਾਡਾ ਵਿਚ ਇਲੈਕਟ੍ਰੀਸ਼ਨ ਦਾ ਕੋਰਸ ਕਰਦਿਆਂ ਖੱਬੇ ਪੱਖੀ ਵਿਦਿਆਰਥੀ ਜਥੇਬੰਦੀ 'ਪੰਜਾਬ ਸਟੂਡੈਂਟਸ ਯੂਨੀਅਨ' ਦਾ ਮੈਂਬਰ ਬਣਿਆ। ਇੱਕ ਵਾਰੀ ਇਸ ਜਥੇਬੰਦੀ ਦਾ ਹਿੱਸਾ ਬਣਨ ਪਿੱਛੋਂ ਰਣਜੀਤ ਲਹਿਰਾ ਨੇ ਕਦੇ ਵੀ ਪਿੱਛੇ ਮੁੜ ਕੇ ਨਾ ਦੇਖਿਆ। ਪੀ.ਐਸ.ਯੂ. ਦੀਆਂ ਸਰਗਰਮੀਆਂ ਤੋਂ ਇਲਾਵਾ ਇਸੇ ਸਮੇਂ ਉਸ ਨੇ ਗੁਰਨੇ ਕਲਾਂ ਦੇ ਮਾਸਟਰ ਰਾਮ ਚੰਦ ਚੰਨ ਦੀ ਨਿਰਦੇਸ਼ਨਾ ਹੇਠ ਬਣਾਏ ਗਏ 'ਲੋਕ ਨਾਟਕ ਕਲਾ ਕੇਂਦਰ ਬੁਢਲਾਡਾ' (ਬਾਅਦ ਵਿਚ ਮਾਲਵਾ ਨਾਟਕ ਕਲਾ ਕੇਂਦਰ) ਵਿਚ ਵੀ ਕੰਮ ਕੀਤਾ। ਉਹ 1986 ਤੱਕ ਵਿਦਿਆਰਥੀ ਲਹਿਰ 'ਚ ਸਰਗਰਮ ਰਿਹਾ। ਇਸ ਸਮੇਂ ਦੌਰਾਨ ਉਸ ਨੇ 1979 'ਚ ਵਿਦਿਆਰਥੀ ਆਗੂ ਪ੍ਰਿਥੀਪਾਲ ਰੰਧਾਵਾ ਦੇ ਕਤਲ ਵਿਰੁੱਧ ਚੱਲੇ ਘੋਲ ਵਿਚ, ਇਸੇ ਸਾਲ ਬਰੇਟਾ ਪੁਲੀਸ ਨਾਲ ਹੋਏ ਜ਼ਬਰਦਸਤ ਟਕਰਾਅ ਵਿਚ ਅਤੇ 1980-81 ਵਿਚ ਬੱਸ ਕਿਰਾਇਆਂ 'ਚ 43 ਫੀਸਦੀ ਵਾਧੇ ਖ਼ਿਲਾਫ਼ ਚੱਲੇ ਪੰਜਾਬ ਪੱਧਰੀ ਸਾਂਝੇ ਸੰਘਰਸ਼ ਵਿਚ ਸਰਗਰਮ ਭੂਮਿਕਾ ਨਿਭਾਈ। ਕਿਰਾਇਆ ਘੋਲ ਦੌਰਾਨ ਹੀ ਜਨਵਰੀ 1981 'ਚ ਰੱਲਾ ਵਿਚ ਪੁਲੀਸ ਗੋਲੀ ਦਾ ਸ਼ਿਕਾਰ ਹੋਏ ਲਾਭ ਸਿੰਘ ਮਾਨਸਾ ਦੀ ਅਧ-ਸੜੀ ਲਾਸ਼ ਨੂੰ ਮਾਨਸਾ ਪਹੁੰਚਾਉਣ ਵਾਲੀ ਜਸਵੰਤ ਫੱਤਾ ਮਾਲੋਕਾ ਅਤੇ ਨਾਜਰ ਬਾਗੀ ਹੋਰਾਂ ਦੀ ਟੀਮ ਦਾ ਵੀ ਉਹ ਹਿੱਸਾ ਰਿਹਾ ਸੀ। ਇਸੇ ਸੰਘਰਸ਼ ਦੌਰਾਨ ਬੁਢਲਾਡਾ ਪੁਲੀਸ ਵੱਲੋਂ ਉਸ ਨੂੰ ਪਹਿਲੀ ਵਾਰ 7 ਫਰਵਰੀ 1981 ਨੂੰ ਗ੍ਰਿਫ਼ਤਾਰ ਕੀਤਾ ਗਿਆ। ਅਪਰੈਲ 1981 'ਚ ਬਠਿੰਡਾ ਜੇਲ੍ਹ ਤੋਂ ਜ਼ਮਾਨਤ 'ਤੇ ਰਿਹਾਈ ਹੋਈ, ਪਰ ਮਈ 1981 'ਚ ਬੁਢਲਾਡਾ ਪੁਲੀਸ ਨੇ ਫਿਰ ਗ੍ਰਿਫ਼ਤਾਰ ਕਰ ਲਿਆ। ਸਿੱਟੇ ਵਜੋਂ ਉਹ ਲਗਭਗ ਸਾਢੇ ਪੰਜ ਮਹੀਨੇ ਮਾਨਸਾ ਅਤੇ ਬਠਿੰਡਾ ਦੀਆਂ ਜੇਲ੍ਹਾਂ ਵਿਚ ਰਿਹਾ। 1983 ਵਿਚ ਡਾਕਟਰਾਂ ਵੱਲੋਂ ਉਸ ਦੀ ਬਿਮਾਰੀ ਦਾ ਸਹੀ ਕਾਰਨ (ਦਿਲ ਵਿਚ ਜਮਾਂਦਰੂ ਛੇਕ ਹੋਣਾ ਤੇ ਗੰਦੇ ਤੇ ਸਾਫ਼ ਖ਼ੂਨ ਦਾ ਆਪਸ 'ਚ ਮਿਲਣਾ) ਲੱਭੇ ਜਾਣ 'ਤੇ ਵੀ ਉਸ ਦੀ ਇਨਕਲਾਬੀ ਪ੍ਰਤੀਬੱਧਤਾ ਅਤੇ ਦ੍ਰਿੜਤਾ ਵਿਚ ਕੋਈ ਕਮੀ ਨਹੀਂ ਆਈ। ਉਸ ਨੇ ਡਾਕਟਰਾਂ ਦੀ ਨਸੀਹਤ 'ਤੇ ਅਮਲ ਕਰਦਿਆਂ ਸਰੀਰਕ ਭੱਜ-ਨੱਠ ਵਾਲੀਆਂ ਸਰਗਰਮੀਆਂ ਤਿਆਗ ਕੇ ਕਲਮ ਨੂੰ ਆਪਣਾ ਹਥਿਆਰ ਬਣਾ ਲਿਆ।

ਬਠਿੰਡੇ ਦੇ ਰਾਜਿੰਦਰਾ ਕਾਲਜ ਵਿਚ ਪੜ੍ਹਦਿਆਂ ਹੀ ਉਸ ਨੇ ਇਨਕਲਾਬੀ ਜਮਹੂਰੀ ਪੇਪਰ 'ਪ੍ਰਚੰਡ' ਨਾਲ ਨਾਤਾ ਜੋੜ ਲਿਆ ਤੇ ਉਸ ਦੀ ਪਰੂਫ ਰੀਡਿੰਗ ਕਰਦਾ ਰਿਹਾ ਸੀ। ਬਾਅਦ 'ਚ 'ਕੌਮਾਂਤਰੀ ਰਾਜਨੀਤੀ' ਅਤੇ 'ਲਾਲ ਪਰਚਮ' ਦੇ ਸੰਪਾਦਕੀ ਅਦਾਰਿਆਂ ਦਾ ਹਿੱਸਾ ਵੀ ਰਿਹਾ। ਕਲਮ ਨਾਲ ਉਸ ਦਾ ਐਸਾ ਇਸ਼ਕ ਹੋਇਆ ਕਿ ਇਨਕਲਾਬੀ ਜਮਹੂਰੀ ਪਰਚਿਆਂ ਤੋਂ ਇਲਾਵਾ ਉਹ 'ਪੰਜਾਬੀ ਟ੍ਰਿਬਿਊਨ' 'ਚ ਛਪਦੇ 'ਮਿਡਲ' ਦਾ ਵੀ ਬੇਹੱਦ ਹਰਮਨ-ਪਿਆਰਾ ਲੇਖਕ ਸੀ। ਉਸ ਨੂੰ ਪਾਠਕਾਂ ਵੱਲੋਂ 'ਪੰਜਾਬ ਦਾ ਨਿਕੋਲਾਈ ਉਸਤਰੋਵਸਕੀ' ਕਿਹਾ ਗਿਆ। ਉਸ ਦੀਆਂ ਲਿਖਤਾਂ (ਜੋ ਜੂਝੇ ਆਜ਼ਾਦੀ ਲਈ, ਪ੍ਰਸਿੱਧ ਕਿਸਾਨ ਲਹਿਰਾਂ, ਜੈਤੋ ਦਾ ਇਤਿਹਾਸਕ ਮੋਰਚਾ ਅਤੇ ਮੋਰਚੇ ਦੀ ਵੀਰਾਂਗਣਾ ਮਾਤਾ ਸੋਧਾਂ, ਕਲਮ ਦਾ ਇਸ਼ਕ (ਪੰਜਾਬੀ ਟ੍ਰਿਬਿਊਨ 'ਚ ਛਪੇ ਲੇਖਾਂ 'ਤੇ ਅਧਾਰਿਤ), ਜ਼ਿੰਦਗੀ ਦੇ ਰਾਹਾਂ 'ਤੇ) ਸੰਘਰਸ਼ਸ਼ੀਲ ਲੋਕਾਂ ਲਈ ਸਦਾ ਪ੍ਰੇਰਣਾ ਸਰੋਤ ਬਣੀਆਂ ਰਹਿਣਗੀਆਂ। ਰਣਜੀਤ


ਰਣਜੀਤ ਲਹਿਰਾ

ਲਹਿਰਾ ਇੱਕ ਚੰਗਾ ਅਨੁਵਾਦਕ ਵੀ ਸੀ। ਉਸ ਨੇ ਸੰਸਾਰ ਪ੍ਰਸਿੱਧ ਲੇਖਕ ਹਾਰਵਰਡ ਫਾਸਟ ਦੇ ਨਾਵਲ 'ਅਮਰੀਕਨ' ਅਤੇ ਐਨਾ ਲੁਈ ਸਟਰੌਂਗ ਦੀ ਪੁਸਤਕ 'ਸਟਾਲਿਨ ਯੁੱਗ' ਦਾ ਅਨੁਵਾਦ ਪੰਜਾਬੀ ਪਾਠਕਾਂ ਦੀ ਝੋਲੀ ਪਾਇਆ। ਸਾਥੋਂ ਸਦਾ ਲਈ ਵਿਛੜਨ ਤੋਂ ਕੁਝ ਦਿਨ ਪਹਿਲਾਂ ਹੀ ਉਸ ਨੇ ਮੈਨੂੰ ਫੋਨ 'ਤੇ ਕਿਹਾ ਸੀ ਕਿ ਪੁਸਤਕ 'ਜ਼ਿੰਦਗੀ ਦੇ ਰਾਹਾਂ 'ਤੇ' ਦਾ ਸਟਾਕ ਖ਼ਤਮ ਹੋ ਗਿਆ ਹੈ। ਤੀਸਰੀ ਵਾਰ ਥੋੜ੍ਹੇ ਵਾਧਿਆਂ ਸਮੇਤ ਛਾਪਣੀ ਹੈ। ਅਫ਼ਸੋਸ! ਇਹ ਇੱਛਾ ਉਹ ਆਪਣੇ ਨਾਲ ਲੈ ਕੇ ਹੀ ਤੁਰ ਗਿਆ।

ਰਣਜੀਤ ਲਹਿਰਾ ਨੇ ਕਮਾਲ ਦੀ ਇੱਛਾ ਸ਼ਕਤੀ ਦਿਖਾਉਂਦਿਆਂ ਦਿਲ ਦੀ ਜਮਾਂਦਰੂ ਬੀਮਾਰੀ ਨੂੰ ਲੰਬਾ ਸਮਾਂ ਮਾਤ ਦਿੱਤੀ। ਉਹ ਲਗਭਗ 64 ਸਾਲ ਦੀ ਉਮਰ ਤੱਕ ਜੀਵਿਆ। ਮੈਡੀਕਲ ਖੇਤਰ ਦੇ ਮਾਹਿਰਾਂ ਦੇ ਉਸ ਬਾਰੇ 'ਵੱਧ ਤੋਂ ਵੱਧ 40 ਸਾਲ ਦੀ ਉਮਰ ਤੱਕ ਜਿਊਣ' ਦੇ ਲਾਏ ਅੰਦਾਜ਼ੇ ਵੀ ਉਸ ਨੇ ਫੇਲ੍ਹ ਕਰ ਦਿੱਤੇ। ਇਸ ਮੌਕੇ ਉਸ ਦਾ ਵਿਛੋੜਾ ਸਾਡੇ ਲਈ ਇਹ ਧਰਮ ਸੰਕਟ ਪੈਦਾ ਕਰ ਗਿਆ ਹੈ ਕਿ ਅਸੀਂ ਉਸ ਦੇ ਲੰਬੇ ਅਰਸੇ ਤੱਕ ਜਿਊਂਦੇ ਰਹਿਣ ਦੀ ਦਾਦ ਦੇਈਏ ਜਾਂ ਉਸ ਦੇ ਤੁਰ ਜਾਣ 'ਤੇ ਕਹੀਏ 'ਯਾਰ ਇੰਝ ਨ੍ਹੀਂ ਕਰੀਦਾ।' ਲਹਿਰਾ ਨੇ 2012 'ਚ ਇੱਕ ਜੇਤੂ ਭਲਵਾਨ ਦੇ ਅੰਦਾਜ਼ 'ਚ ਆਪਣੇ ਦੋਸਤਾਂ-ਮਿੱਤਰਾਂ ਸੰਗ ਆਪਣੇ 50ਵੇਂ ਜਨਮ ਦਿਨ ਦੀ ਮਹਿਫ਼ਿਲ ਸਜਾਈ ਸੀ। 1983 ਤੋਂ ਸਮੇਂ-ਸਮੇਂ ਉਸ ਦਾ ਇਲਾਜ ਕਰਨ ਵਾਲੇ ਦਿਲ ਦੇ ਰੋਗਾਂ ਦੇ ਮਾਹਿਰ ਡਾ. ਗੁਰਪ੍ਰੀਤ ਸਿੰਘ ਸਿੱਧੂ ਲਈ ਵੀ ਇਹ ਕੋਈ ਚਮਤਕਾਰ ਤੋਂ ਘੱਟ ਨਹੀਂ ਸੀ। ਇਸ ਵਿਲੱਖਣ ਮੌਕੇ 'ਤੇ ਖ਼ੁਸ਼ੀ ਸਾਂਝੀ ਕਰਨ ਲਈ ਆਪਣਾ ਹਾਰਮੋਨੀਅਮ ਲੈ ਕੇ ਲਹਿਰਾ ਪਹੁੰਚੇ ਡਾ. ਧਰਮਵੀਰ ਗਾਂਧੀ ਨੇ ਤਾਂ ਤਸੱਲੀ ਵਾਲੇ ਲਹਿਜ਼ੇ 'ਚ ਇੱਥੋਂ ਤੱਕ ਕਹਿ ਦਿੱਤਾ ਸੀ, 'ਕਾਮਰੇਡ ਇਹਨੂੰ ਕੁਝ ਨ੍ਹੀਂ ਹੁੰਦਾ, ਤੁਸੀਂ ਆਪਣਾ ਖ਼ਿਆਲ ਕਰਿਓ।'

ਰਣਜੀਤ ਲਹਿਰਾ ਵਿਚ ਦਿਲ ਦੇ ਦਰਦ ਨੂੰ ਲੁਕੋ ਕੇ ਹਾਸਿਆਂ ਦੀ ਛਣਕਾਰ ਪਾਉਣ ਦੀ ਅਥਾਹ ਸਮਰੱਥਾ ਸੀ। ਦਰਦਮੰਦਾਂ ਦਾ ਇਹ ਦਰਦੀ ਹਾਸਰਸ ਦੇ ਅਮੁੱਕ ਭੰਡਾਰ ਦਾ ਮਾਲਕ ਸੀ। ਉਹ ਠੇਠ ਲੋਕ ਮੁਹਾਵਰੇ 'ਚ ਗੱਲ ਕਰਦਾ ਸੀ। ਉਸ ਦਾ ਦੂਜਿਆਂ ਦੀ ਸੁਣੀ-ਸੁਣਾਈ ਗੱਲ ਨੂੰ ਪੇਸ਼ ਕਰਨ ਦਾ ਢੰਗ ਵੀ ਅਜਿਹਾ ਸੀ ਕਿ ਪੜ੍ਹਨ ਵਾਲੇ ਨੂੰ ਇਸ ਤਰ੍ਹਾਂ ਲੱਗਦਾ ਸੀ ਜਿਵੇਂ ਕੋਈ ਪੱਤਰਕਾਰ ਗਰਾਊਂਡ ਜ਼ੀਰੋ ਤੋਂ ਗੱਲ ਕਰ ਰਿਹਾ ਹੋਵੇ। ਉਸ ਦਾ ਬਿਆਨੀਆ ਅੰਦਾਜ਼ ਇੰਨਾ ਦਿਲਚਸਪ ਰਿਹਾ ਹੈ ਕਿ ਕਈ ਵਾਰ ਉਸ ਦੀ ਲਿਖਤ ਪੜ੍ਹਦਾ-ਪੜ੍ਹਦਾ ਬੰਦਾ ਇਕੱਲਾ ਹੀ ਹੱਸੀ ਜਾਂਦਾ ਹੈ। ਉਸ ਦੇ ਨਾਲ ਰਹੇ ਸੰਗੀ ਸਾਥੀਆਂ ਬਾਰੇ ਜਦੋਂ ਉਹ ਲਿਖਦਾ ਸੀ, ਉਹ ਤਾਂ ਬਸ ਲਾਈਵ ਕਮੈਂਟਰੀ ਹੀ ਕਰ ਰਿਹਾ ਹੁੰਦਾ ਸੀ। ਖ਼ਾਸ ਘਟਨਾਵਾਂ ਨੂੰ ਬਿਆਨ ਕਰਦਿਆਂ ਉਨ੍ਹਾਂ 'ਚੋਂ ਆਮ ਸਿੱਟੇ ਕੱਢਣਾ ਵੀ ਉਸ ਦੀ ਲਿਖਣ ਸ਼ੈਲੀ ਦਾ ਮਹੱਤਵਪੂਰਨ ਹਾਸਲ ਹੈ।

ਇਹ ਰਣਜੀਤ ਲਹਿਰਾ ਹੀ ਲਿਖ ਸਕਦਾ ਸੀ: '1983 ਵਿਚ ਮੇਰੀ ਬਿਮਾਰੀ ਰਜਿੰਦਰਾ ਹਸਪਤਾਲ ਪਟਿਆਲਾ ਦੇ ਦਿਲ ਦੇ ਰੋਗਾਂ ਦੇ ਵਿਭਾਗ ਦੇ ਮੁਖੀ ਡਾਕਟਰ ਗੁਰਪ੍ਰੀਤ ਸਿੰਘ ਸਿੱਧੂ ਹੋਰਾਂ ਦੇ ਸਮਝ ਵਿਚ ਆਈ ਤੇ ਪਤਾ ਚੱਲਿਆ ਕਿ ਇਹ ਤਾਂ 'ਦਿਲ ਦਾ ਮਾਮਲਾ' ਹੈ।...ਕੁਲ ਮਿਲਾ ਕੇ ਦੋਸਤਾਂ ਦੀਆਂ ਦੁਆਵਾਂ ਤੇ ਦੁਸ਼ਮਣਾਂ ਦੀਆਂ ਬਦਦੁਆਵਾਂ ਨਾਲ ਜ਼ਿੰਦਗੀ ਚੱਲੀ ਜਾ ਰਹੀ ਹੈ।' ਦੂਸਰੇ ਪਾਸੇ ਇਹ ਵੀ ਓਨਾ ਹੀ ਸੱਚ ਹੈ ਕਿ ਜਦੋਂ ਉਹ ਆਪਣੇ ਕਿਸੇ ਸੰਗੀ ਸਾਥੀ ਦੇ ਵਿਹਾਰ ਦਾ ਮੁਲੰਕਣ ਕਰਦਾ ਸੀ ਤਾਂ ਵੱਡੇ ਛੋਟੇ ਦੀ ਪਰਵਾਹ ਕੀਤੇ ਬਿਨਾਂ, ਕਿਸੇ ਦੀ ਧਰੀ ਢਕੀ ਨਹੀਂ ਰਹਿਣ ਦਿੰਦਾ ਸੀ। ਉਹ 'ਚਾਰ ਕੁ ਬੰਦੇ ਮੋਢਾ ਦੇਣ ਲਈ' ਰੱਖਣ ਵਾਸਤੇ ਕਦੇ ਵੀ ਫਿਕਰਮੰਦ ਨਹੀਂ ਹੋਇਆ ਸੀ। ਲਹਿਰਾ ਚਮਤਕਾਰੀ ਯਾਦਦਾਸ਼ਤ ਦਾ ਮਾਲਕ ਸੀ। ਆਪਣੇ ਨਾਲ ਵਿਚਰੇ 100 ਤੋਂ ਵੱਧ ਸਾਥੀਆਂ ਦੇ ਸੁਭਾਅ ਅਤੇ ਕੰਮ ਕਰਨ ਦੇ ਢੰਗ ਨੂੰ ਲੋੜ ਪੈਣ 'ਤੇ ਕਿਸੇ ਵੀ ਸਮੇਂ ਬਿਆਨ ਕਰ ਸਕਦਾ ਸੀ।

ਇੱਕ ਗੱਲ ਦਾ ਮੈਨੂੰ ਸਦਾ ਹੀ ਪਛਤਾਵਾ ਰਹੇਗਾ ਕਿ ਮੈਂ 5 ਅਪਰੈਲ 2024 ਨੂੰ ਰਣਜੀਤ ਲਹਿਰਾ ਨਾਲ ਉਸ ਦੇ ਘਰ ਵਿਚ ਇੱਕ ਵੀਡੀਓ ਇੰਟਰਵਿਊ ਕੀਤੀ ਪਰ ਸਮਾਂ ਘਟ ਜਾਣ ਕਰਕੇ ਉਸ ਬਾਰੇ ਉਸ ਦੀ ਜੀਵਨ ਸਾਥਣ ਰਾਜਪਾਲ ਅਤੇ ਬੇਟੀ ਅਰਸ਼ਦੀਪ ਅਰਸ਼ੀ ਨਾਲ ਗੱਲਬਾਤ ਰਿਕਾਰਡ ਨਾ ਕਰ ਸਕਿਆ। ਇਸ ਦਾ ਮੈਨੂੰ ਬੇਹੱਦ ਪਛਤਾਵਾ ਹੈ। ਦਰਅਸਲ ਰਣਜੀਤ ਦੀ ਹਾਜ਼ਰੀ 'ਚ ਮੈਂ ਉਨ੍ਹਾਂ ਕੋਲੋਂ ਉਸ ਦੇ ਜੀਵਨ ਦੀਆਂ ਕੁਝ ਅਣ-ਫੋਲੀਆਂ ਪਰਤਾਂ ਬਾਰੇ ਜਾਣਕਾਰੀ ਲੈਣੀ ਸੀ ਤੇ ਉਸ ਆਧਾਰ 'ਤੇ ਉਸ ਨਾਲ ਹਲਕੀ-ਫੁਲਕੀ ਦੋਸਤਾਨਾ ਨੋਕ-ਝੋਕ ਕਰਨੀ ਚਾਹੁੰਦਾ ਸੀ ਜੋ ਹੁਣ ਕਦੇ ਵੀ ਸੰਭਵ ਨਹੀਂ ਹੋ ਸਕੇਗੀ। ਇਸ ਲੋਕ ਨਾਇਕ ਨੂੰ ਸ਼ਰਧਾਂਜਲੀ ਦੇਣ ਲਈ ਪੰਜਾਬ ਦੇ ਕੋਨੇ-ਕੋਨੇ ਤੋਂ ਹਜ਼ਾਰਾਂ ਦੀ ਗਿਣਤੀ ਵਿਚ ਉਸ ਦੇ ਸੰਗੀ ਸਾਥੀ ਲਹਿਰਾ ਪਹੁੰਚੇ।

ਸਲਾਮ ਪਿਆਰੇ ਨਿਕੋਲਾਈ!

# ਜੰਗੀ ਔਰਤ ਸ਼ੈਰਨ ਵੌਨ ਸਟੋਨ

ਸ਼ੈਰਨ ਸਟੋਨ (Sharon Stone) ਦੀ ਜ਼ਿੰਦਗੀ ਦੀ ਕਹਾਣੀ ਸਿਰਫ਼ ਗਲੈਮਰ ਦੀ ਨਹੀਂ, ਸਗੋਂ ਮਾਨਸਿਕ ਮਜ਼ਬੂਤੀ, ਹਿੰਮਤ ਅਤੇ ਮੌਤ ਨੂੰ ਹਰਾ ਕੇ ਵਾਪਸ ਆਉਣ ਦੀ ਬਹੁਤ ਵੱਡੀ ਮਿਸਾਲ ਹੈ। ਉਸ ਦੀ ਜ਼ਿੰਦਗੀ ਦੇ ਉਹ ਪਹਿਲੂ ਹਨ, ਜੋ ਸਾਨੂੰ ਹਾਰ ਨਾ ਮੰਨਣ ਦੀ ਪ੍ਰੇਰਨਾ ਦਿੰਦੇ ਹਨ।

ਸੜਕ ਤੋਂ ਸਟਾਰਡਮ ਤੱਕ ਦਾ ਸਫਰ ਤੈਅ ਕਰਨਾ ਵਾਲੀ ਅਦਾਕਾਰਾ ਸ਼ੈਰਨ ਸਟੋਨ ਸਿਰਫ਼ ਇੱਕ ਖ਼ੂਬਸੂਰਤ ਅਭਿਨੇਤਰੀ ਹੀ ਨਹੀਂ, ਬਲਕਿ ਬਹੁਤ ਤੇਜ਼ ਦਿਮਾਗ ਦੀ ਮਾਲਕ ਵੀ ਹਨ। ਉਸ ਦਾ IQ 154 ਦੱਸਿਆ ਜਾਂਦਾ ਹੈ, ਜੋ ਕਿ ਬਹੁਤ ਉੱਚਾ ਮੰਨਿਆ ਜਾਂਦਾ ਹੈ। ਉਸ ਨੇ ਸਿਰਫ਼ 15

**ਬਲਰਾਜ ਸਿੰਘ ਸਿੱਧੂ ਯੂ.ਕੇ.**

ਸਾਲ ਦੀ ਉਮਰ ਵਿਚ ਕਾਲਜ ਦੀ ਪੜ੍ਹਾਈ ਸ਼ੁਰੂ ਕਰ ਦਿੱਤੀ ਸੀ।

ਸ਼ੈਰਨ ਸਟੋਨ ਦਾ ਜਨਮ ਇੱਕ ਸਾਧਾਰਨ ਪਰਿਵਾਰ ਵਿਚ ਹੋਇਆ ਸੀ। ਉਸ ਮਾਡਲਿੰਗ ਤੋਂ ਸ਼ੁਰੂਆਤ ਕੀਤੀ, ਪਰ ਹਾਲੀਵੁੱਡ ਵਿਚ ਪੈਰ ਜਮਾਉਣ ਲਈ ਉਸ ਨੂੰ ਲੰਬਾ ਸਮਾਂ ਸੰਘਰਸ਼ ਕਰਨਾ ਪਿਆ। ਲੋਕ ਉਸ ਨੂੰ ਸਿਰਫ਼ ਇੱਕ ਸੁੰਦਰ ਚਿਹਰਾ ਸਮਝਦੇ ਸਨ, ਪਰ ਉਸ ਨੇ ਆਪਣੀ ਅਦਾਕਾਰੀ ਦੇ ਦਮ 'ਤੇ 'Basic Instinct' ਅਤੇ 'Casino' ਵਰਗੀਆਂ ਫ਼ਿਲਮਾਂ ਰਾਹੀਂ ਦੁਨੀਆ ਨੂੰ ਦੱਸ ਦਿੱਤਾ ਕਿ ਉਸ ਵਿਚ ਕਿੰਨਾ ਟੈਲੇਂਟ ਹੈ। ਹਾਲਾਂਕਿ 'ਬੇਸਿਕ ਇੰਸਟਿੰਕਟ' ('Basic Instinct') ਨੇ ਉਸ ਨੂੰ ਰਾਤੋ-ਰਾਤ ਸੁਪਰਸਟਾਰ ਬਣਾ ਦਿੱਤਾ, ਪਰ ਇਹ ਰੋਲ ਮਿਲਣਾ ਇੰਨਾ ਸੌਖਾ ਨਹੀਂ ਸੀ।

ਸ਼ੈਰਨ ਸਟੋਨ ਇਸ ਰੋਲ ਲਈ ਪਹਿਲੀ ਪਸੰਦ ਨਹੀਂ ਸਨ। ਉਸ ਤੋਂ ਪਹਿਲਾਂ 12 ਮਸ਼ਹੂਰ ਅਭਿਨੇਤਰੀਆਂ (ਜਿਵੇਂ ਮਿਸ਼ੇਲ ਫਾਈਫਰ) ਨੇ ਇਸ ਰੋਲ ਨੂੰ ਕਰਨ ਤੋਂ ਮਨਾ ਕਰ ਦਿੱਤਾ ਸੀ। ਉਸ ਨੂੰ ਇਸ ਇੱਕ ਰੋਲ ਨੂੰ ਹਾਸਲ ਕਰਨ ਲਈ ਲਗਭਗ 8-9 ਮਹੀਨਿਆਂ ਤੱਕ ਵਾਰ-ਵਾਰ ਆਡੀਸ਼ਨ ਦੇਣੇ ਪਏ। ਸ਼ੈਰਨ ਸਟੋਨ ਨੇ ਆਪਣੀ ਸਵੈ-ਜੀਵਨੀ ਵਿਚ ਦੱਸਿਆ ਕਿ ਫਿਲਮ ਦੇ ਉਸ ਮਸ਼ਹੂਰ 'ਲੈੱਗ-ਕ੍ਰਾਸਿੰਗ' ਸੀਨ ਦੌਰਾਨ ਉਸ ਨਾਲ ਧੋਖਾ ਹੋਇਆ ਸੀ। ਉਸ ਨੂੰ ਕਿਹਾ ਗਿਆ ਸੀ ਕਿ ਉਸ ਦੇ ਅੰਡਰਵੀਅਰ ਤੋਂ ਰੌਸ਼ਨੀ ਰਿਫਲੈਕਟ ਹੋ ਰਹੀ ਹੈ, ਇਸ ਲਈ ਉਹ ਇਸਨੂੰ ਉਤਾਰ ਦੇਣ ਅਤੇ ਕੈਮਰੇ ਵਿਚ ਕੁਝ ਵੀ ਨਜ਼ਰ ਨਹੀਂ ਆਵੇਗਾ। ਜਦੋਂ ਉਸ ਨੇ ਫਿਲਮ ਦੀ ਸਕ੍ਰੀਨਿੰਗ ਦੇਖੀ, ਤਾਂ ਉਹ ਹੈਰਾਨ ਰਹਿ ਗਏ। ਗੁੱਸੇ ਵਿਚ ਉਸ ਨੇ ਨਿਰਦੇਸ਼ਕ ਦੇ ਥੱਪੜ ਵੀ ਮਾਰਿਆ ਸੀ।

ਬੇਸਿਕ ਇੰਸਟਿੰਕਟ ਮੇਰੀਆਂ ਮਨਪਸੰਦ ਫਿਲਮਾਂ ਵਿਚੋਂ ਇੱਕ ਹੈ। ਉਸ ਦਿਨਾਂ ਵਿਚ ਵੀ.ਸੀ.ਆਰ. ਹੁੰਦੇ ਸਨ। ਮੈਂ ਇਸ ਫਿਲਮ ਦੀਆਂ ਘੱਟੋ-ਘੱਟ 10 ਕੈਸੇਟਾਂ ਵਾਰ-ਵਾਰ ਦੇਖ ਕੇ ਸਕ੍ਰੈਪ ਕੀਤੀਆਂ ਹੋਣਗੀਆਂ।

ਸ਼ੈਰਨ ਸਟੋਨ ਨੇ ਆਪਣੀ ਕਿਤਾਬ 'The Beauty of Living Twice' ਵਿਚ ਖ਼ੁਲਾਸਾ ਕੀਤਾ ਕਿ ਬਚਪਨ ਵਿਚ ਉਸ ਦੇ ਨਾਨਾ ਜੀ ਨੇ ਉਸ ਅਤੇ ਉਸ ਦੀ ਭੈਣ ਦਾ ਜਿਨਸੀ ਸ਼ੋਸ਼ਣ ਕੀਤਾ ਸੀ। ਇਸ ਗੱਲ ਨੇ ਉਸ ਦੇ ਮਨ 'ਤੇ ਡੂੰਘਾ ਅਸਰ ਪਾਇਆ ਸੀ। ਕਰੀਅਰ ਦੌਰਾਨ ਕਈ ਨਿਰਮਾਤਾਵਾਂ ਨੇ ਉਸ 'ਤੇ ਗਲਤ ਦਬਾਅ ਪਾਇਆ। ਇੱਕ ਵਾਰ ਇੱਕ ਨਿਰਮਾਤਾ ਨੇ ਉਸ ਨੂੰ ਆਪਣੇ ਕੋ-ਸਟਾਰ ਨਾਲ ਅਸਲ ਵਿਚ ਸਰੀਰਕ ਸਬੰਧ ਬਣਾਉਣ ਲਈ ਕਿਹਾ ਤਾਂ ਜੋ ਪਰਦੇ 'ਤੇ 'ਕੈਮਿਸਟਰੀ' ਚੰਗੀ ਲੱਗੇ। ਸ਼ੈਰਨ ਨੇ ਇਸ ਦਾ ਸਖ਼ਤ ਵਿਰੋਧ ਕੀਤਾ ਸੀ। ਸੁਪਰਸਟਾਰ ਹੋਣ ਦੇ ਬਾਵਜੂਦ, ਉਸ ਨੂੰ ਆਪਣੇ ਮਰਦ ਸਹਿ-ਕਲਾਕਾਰਾਂ ਦੇ ਮੁਕਾਬਲੇ ਬਹੁਤ ਘੱਟ ਪੈਸੇ ਮਿਲਦੇ ਸਨ। 'ਬੇਸਿਕ ਇੰਸਟਿੰਕਟ' ਫਿਲਮ ਨੇ ਸ਼ੈਰਨ ਨੂੰ ਦੁਨੀਆ ਭਰ ਵਿਚ ਮਸ਼ਹੂਰ ਕੀਤਾ, ਪਰ ਉਸ ਨੂੰ ਆਪਣੇ ਕੋ-ਸਟਾਰ ਦੇ ਮੁਕਾਬਲੇ ਬਹੁਤ ਘੱਟ ਪੈਸੇ ਮਿਲੇ ਸਨ। ਮਾਈਕਲ ਡਗਲਸ ਨੂੰ 14 ਮਿਲੀਅਨ ਡਾਲਰ ਮਿਲੇ ਸਨ, ਜਦੋਂ ਕਿ ਸ਼ੈਰਨ ਸਟੋਨ ਨੂੰ ਸਿਰਫ਼ 5 ਲੱਖ ($500,000) ਡਾਲਰ ਦਿੱਤੇ ਗਏ ਸਨ। ਕਿਉਂਕਿ ਉਸ ਦੀ ਤਨਖ਼ਾਹ ਬਹੁਤ ਘੱਟ ਸੀ, ਉਸ ਨੇ ਆਪਣੇ ਕੰਟਰੈਕਟ ਵਿਚ ਇਹ ਸ਼ਰਤ ਰਖਵਾਈ ਸੀ ਕਿ ਉਹ ਫਿਲਮ ਵਿਚ ਪਹਿਨੇ ਗਏ ਆਪਣੇ ਸਾਰੇ ਕੱਪੜੇ ਆਪਣੇ ਕੋਲ ਹੀ ਰੱਖਣਗੇ।

ਜਦੋਂ ਸ਼ੈਰਨ ਸਟੋਨ 1995 ਵਿਚ ਫਿਲਮ 'The Quick and the Dead' ਬਣਾ ਰਹੀ ਸੀ, ਉਹ ਚਾਹੁੰਦੀ ਸੀ ਕਿ ਲਿਓਨਾਰਡੋ ਡੀਕੈਪਰੀਓ ਇਸ ਵਿਚ ਕੰਮ ਕਰੇ। ਸਟੂਡੀਓ ਲਿਓਨਾਰਡੋ ਨੂੰ ਲੈਣ ਲਈ ਤਿਆਰ ਨਹੀਂ ਸੀ। ਸ਼ੈਰਨ ਨੇ ਇੰਨਾ ਵਿਸ਼ਵਾਸ ਜਤਾਇਆ ਕਿ ਉਸ ਨੇ ਲਿਓਨਾਰਡੋ ਦੀ ਪੂਰੀ ਤਨਖ਼ਾਹ ਆਪਣੀ ਜੇਬ ਵਿਚੋਂ ਦਿੱਤੀ ਤਾਂ ਜੋ ਉਹ ਫਿਲਮ ਦਾ ਹਿੱਸਾ ਬਣ ਸਕੇ।

ਸ਼ੈਰਨ ਸਟੋਨ ਦੀ ਜ਼ਿੰਦਗੀ ਦਾ ਸਭ ਤੋਂ ਵੱਡਾ ਮੋੜ 2001 ਵਿਚ ਆਇਆ। ਉਸ ਨੂੰ ਇੱਕ ਭਿਆਨਕ ਬ੍ਰੇਨ ਹੈਮਰੇਜ ਹੋਇਆ। ਡਾਕਟਰਾਂ ਮੁਤਾਬਕ ਉਸ ਦੇ ਬਚਣ ਦੀ ਉਮੀਦ ਸਿਰਫ਼ 1%



ਸੀ। ਉਸ ਨੇ 9 ਦਿਨਾਂ ਤੱਕ ਦਿਮਾਗ ਵਿਚੋਂ ਖ਼ੂਨ ਵਹਿਣ ਦਾ ਸਾਹਮਣਾ ਕੀਤਾ। ਉਹ ਬਚ ਗਈ, ਪਰ ਹਾਲਤ ਬਹੁਤ ਖ਼ਰਾਬ ਸੀ। ਉਸਦੀ ਸੁਣਨ ਸ਼ਕਤੀ ਅਤੇ ਯਾਦਦਾਸ਼ਤ ਚਲੀ ਗਈ ਸੀ। ਉਸ ਨੂੰ ਦੁਬਾਰਾ ਬੋਲਣਾ, ਚੱਲਣਾ ਅਤੇ ਪੜ੍ਹਨਾ ਸਿੱਖਣਾ ਪਿਆ। ਉਹ ਸਹੀ ਬੋਲ ਵੀ ਨਹੀਂ ਸੀ ਸਕਦੀ। ਇਸ ਪ੍ਰਕਿਰਿਆ ਵਿਚ ਉਸ ਨੂੰ ਕਈ ਸਾਲ ਲੱਗ ਗਏ। ਉਹ ਕਹਿੰਦੇ ਹਨ, 'ਮੈਨੂੰ ਦੁਬਾਰਾ ਚੱਲਣਾ, ਬੋਲਣਾ, ਪੜ੍ਹਨਾ ਅਤੇ ਲਿਖਣਾ ਸਿੱਖਣਾ ਪਿਆ। ਮੈਂ ਇੱਕ ਛੋਟੇ ਬੱਚੇ ਵਾਂਗ ਸੀ, 43 ਸਾਲ ਦੀ ਔਰਤ ਦੇ ਸਰੀਰ ਵਿਚ।'

ਬਿਮਾਰੀ ਤੋਂ ਬਾਅਦ ਉਸ ਦੀ ਜ਼ਿੰਦਗੀ ਬਿਲਕੁਲ ਬਦਲ ਗਈ। ਹਾਲੀਵੁੱਡ ਨੇ ਉਸ ਨੂੰ ਲਗਭਗ ਭੁਲਾ ਦਿੱਤਾ, ਉਸ ਦਾ ਵਿਆਹ ਟੁੱਟ ਗਿਆ ਅਤੇ ਪਤੀ ਫਿਲ ਬਰੋਂਸਟਾਈਨ ਨਾਲ ਤਲਾਕ ਤੋਂ ਬਾਅਦ, ਅਦਾਲਤ ਨੇ ਬੱਚੇ ਦੀ ਕਸਟਡੀ ਪਿਤਾ ਨੂੰ ਦੇ ਦਿੱਤੀ। ਉਸ ਨੂੰ ਆਪਣੇ ਬੱਚੇ ਦੀ ਕਸਟਡੀ ਲਈ ਵੀ ਬਹੁਤ ਸੰਘਰਸ਼ ਕਰਨਾ ਪਿਆ, ਉਸ ਦੇ ਬੈਂਕ ਖਾਤੇ ਖਾਲੀ ਹੋ ਗਏ, ਉਸ ਦਾ ਘਰ ਵਿਕ ਗਿਆ। ਉਸ ਨੇ ਦੱਸਿਆ ਕਿ ਉਸ ਦੀ ਗੈਰ-ਮੌਜੂਦਗੀ ਅਤੇ ਬਿਮਾਰੀ ਦਾ ਫਾਇਦਾ ਉਠਾ ਕੇ ਲੋਕਾਂ ਨੇ ਉਸ ਦੇ ਬੈਂਕ ਖਾਤਿਆਂ ਵਿਚੋਂ ਲਗਭਗ 150 ਕਰੋੜ ਰੁਪਏ (18 ਮਿਲੀਅਨ ਡਾਲਰ) ਲੁੱਟ ਲਏ ਸਨ। ਜਦੋਂ ਵਾਪਸ ਆਈ, ਤਾਂ ਉਸ ਦੇ ਖਾਤੇ ਲਗਭਗ ਖਾਲੀ ਸਨ, ਪਰ ਸਟੋਨ ਨੇ ਸ਼ਿਕਾਇਤ ਕਰਨ ਦੀ ਬਜਾਏ ਕੋਸ਼ਿਸ਼ ਨੂੰ ਚੁਣਿਆ।

ਉਸ ਨੇ ਹਾਰ ਨਹੀਂ ਮੰਨੀ। ਉਸ ਨੇ ਕਿਹਾ, 'ਮੈਂ ਆਪਣਾ ਸਭ ਕੁਝ ਗੁਆ ਦਿੱਤਾ—ਮੇਰੀ ਸਿਹਤ, ਮੇਰਾ ਕਰੀਅਰ, ਮੇਰਾ ਪਰਿਵਾਰ। ਪਰ ਮੈਂ ਫਿਰ ਵੀ ਹਾਰ ਨਹੀਂ ਮੰਨੀ। ਮੈਂ ਆਪਣੀ ਉਮਰ ਤੋਂ ਨਹੀਂ ਡਰਦੀ। ਮੈਨੂੰ ਖ਼ੁਸ਼ੀ ਹੈ ਕਿ ਮੈਂ ਜਿਊਂਦੀ ਹਾਂ ਅਤੇ ਮੇਰੇ ਕੋਲ ਅੱਜ ਦਾ ਦਿਨ ਹੈ। ਜਦੋਂ ਤੁਸੀਂ ਮੌਤ ਦੇ ਇੰਨੇ ਕਰੀਬ ਹੁੰਦੇ ਹੋ, ਤਾਂ ਤੁਹਾਨੂੰ ਪਤਾ ਲੱਗਦਾ ਹੈ ਕਿ ਦੁਨੀਆਂ ਦੀਆਂ ਛੋਟੀਆਂ-ਛੋਟੀਆਂ ਗੱਲਾਂ (ਜਿਵੇਂ ਲੋਕ ਕੀ ਸੋਚਣਗੇ) ਬਹੁਤ ਮਾਮੂਲੀ ਹਨ। ਹਮੇਸ਼ਾ ਆਪਣੇ ਲਈ ਖੜ੍ਹੇ ਹੋਵੋ, ਚਾਹੇ ਤੁਸੀਂ ਇਕੱਲੇ ਹੀ ਕਿਉਂ ਨਾ ਹੋਵੋ। ਮੈਨੂੰ ਲੱਗਦਾ ਸੀ ਕਿ ਮੈਂ ਸਭ ਕੁਝ ਗੁਆ ਦਿੱਤਾ ਹੈ, ਪਰ ਮੈਂ ਹੌਲੀ-ਹੌਲੀ ਆਪਣੇ ਆਪ ਨੂੰ ਦੁਬਾਰਾ ਲੱਭਿਆ।'

ਜਦੋਂ ਉਹ ਬਿਮਾਰ ਸੀ, ਤਾਂ ਕਿਸੇ ਨੇ ਉਸ ਦੀ ਸਾਰ ਨਹੀਂ ਲਈ। ਉਹ ਲਗਭਗ 20 ਸਾਲਾਂ ਤੱਕ ਵੱਡੀਆਂ ਫਿਲਮਾਂ ਤੋਂ ਦੂਰ ਰਹੀ ਸ਼ੈਰਨ ਸਟੋਨ ਨੇ ਨਿਰਜਿਝਕ ਲਿਖਿਆ ਹੈ, 'ਹਾਲੀਵੁੱਡ ਬਹੁਤ ਬੇਰਹਿਮ ਹੈ। ਜੇਕਰ ਤੁਹਾਡੀ ਸਿਹਤ ਖ਼ਰਾਬ ਹੋ ਜਾਵੇ ਜਾਂ ਤੁਸੀਂ ਕਿਸੇ ਮੁਸੀਬਤ ਵਿਚ ਹੋਵੋ, ਤਾਂ ਲੋਕ ਤੁਹਾਨੂੰ ਬਹੁਤ ਜਲਦੀ ਭੁਲਾ ਦਿੰਦੇ ਹਨ।'

ਇੱਕ ਸਮੇਂ ਦੀ ਸੁਪਰਸਟਾਰ ਹੋਣ ਦੇ ਬਾਵਜੂਦ, ਬਿਮਾਰੀ ਤੋਂ ਬਾਅਦ ਉਸ ਨੂੰ ਕੰਮ ਮਿਲਣਾ ਬੰਦ ਹੋ ਗਿਆ। ਸ਼ੈਰਨ ਸਟੋਨ ਨੇ ਸਾਲਾਂ ਤੱਕ ਚੁੱਪ-ਚਾਪ ਆਪਣੀ ਸਿਹਤ 'ਤੇ ਕੰਮ ਕੀਤਾ। ਉਸ ਨੇ ਹੰਕਾਰ ਨੂੰ ਪਾਸੇ ਰੱਖ ਕੇ ਛੋਟੇ-ਛੋਟੇ ਰੋਲ ਕੀਤੇ ਤਾਂ ਜੋ ਉਹ ਦੁਬਾਰਾ ਕੈਮਰੇ ਦੇ ਸਾਹਮਣੇ ਆਤਮ-ਵਿਸ਼ਵਾਸ ਹਾਸਲ ਕਰ ਸਕੇ। ਉਸ ਨੇ ਸਾਬਤ ਕੀਤਾ ਕਿ ਸਫਲਤਾ ਸਿਰਫ਼ ਪੈਸੇ ਜਾਂ ਫੇਮ ਵਿਚ ਨਹੀਂ, ਸਗੋਂ ਆਪਣੇ ਆਪ ਨੂੰ ਦੁਬਾਰਾ ਖੜ੍ਹਾ ਕਰਨ ਵਿਚ ਹੈ।

ਸ਼ੈਰਨ ਸਟੋਨ ਨੇ ਸਾਲਾਂ ਤੱਕ ਮਿਹਨਤ ਕੀਤੀ, ਆਪਣੀ ਸਿਹਤ ਨੂੰ ਠੀਕ ਕੀਤਾ ਅਤੇ ਦੁਬਾਰਾ ਪਰਦੇ 'ਤੇ ਵਾਪਸੀ ਕੀਤੀ। ਬਿਮਾਰੀ ਤੋਂ ਬਾਅਦ ਉਸ ਨੂੰ 'ਰੈਚੇਡ' (Ratched) ਅਤੇ 'ਦ ਫਲਾਈਟ ਅਟੈਂਡੈਂਟ' ਵਰਗੇ ਸ਼ੋਅਜ਼ ਵਿਚ ਆਪਣੀ ਅਦਾਕਾਰੀ ਦਾ ਲੋਹਾ ਦੁਬਾਰਾ ਮਨਵਾਉਣਾ ਪਿਆ। ਅੱਜ ਉਹ ਨਾ ਸਿਰਫ਼ ਇੱਕ ਸਫਲ ਅਦਾਕਾਰਾ ਹਨ, ਸਗੋਂ ਸਮਾਜ ਸੇਵਾ (AIDS ਖੋਜ ਲਈ ਫੰਡ ਇਕੱਠਾ ਕਰਨਾ) ਵਿਚ ਵੀ ਬਹੁਤ ਵੱਡਾ ਯੋਗਦਾਨ ਪਾ ਰਹੀ ਹੈ।

ਸ਼ੈਰਨ ਸਟੋਨ ਦੀ ਜ਼ਿੰਦਗੀ ਤੋਂ ਪ੍ਰੇਰਨਾ ਅਤੇ ਬਹੁਤ ਅੱਛੀ ਸਿੱਖਿਆ ਮਿਲਦੀ ਹੈ। ਜ਼ਿੰਦਗੀ ਤੁਹਾਨੂੰ ਕਿਸੇ ਵੀ ਮੋੜ 'ਤੇ ਸਭ ਕੁਝ ਗੁਆਉਣ ਲਈ ਮਜਬੂਰ ਕਰ ਸਕਦੀ ਹੈ, ਪਰ ਉੱਠਣਾ ਤੁਹਾਡੇ ਹੱਥ ਵਿਚ ਹੈ। ਜਦੋਂ ਦੁਨੀਆ ਤੁਹਾਨੂੰ ਭੁਲਾ ਦੇਵੇ, ਉਦੋਂ ਵੀ ਆਪਣੀ ਕੀਮਤ ਨੂੰ ਨਾ ਭੁੱਲੋ। ਠੀਕ ਹੋਣ ਵਿਚ ਅਤੇ ਦੁਬਾਰਾ ਸਫਲ ਹੋਣ ਵਿਚ ਸਮਾਂ ਲੱਗਦਾ ਹੈ, ਬੱਸ ਕੋਸ਼ਿਸ਼ ਜਾਰੀ ਰੱਖੋ।

ਜਦੋਂ ਉਹ ਠੀਕ ਹੋ ਗਈ, ਉਸ ਨੇ ਆਪਣੀ ਬਾਕੀ ਦੀ ਜ਼ਿੰਦਗੀ ਦੂਜਿਆਂ ਦੇ ਲੇਖੇ ਲਾਉਣ ਦਾ ਫੈਸਲਾ ਕੀਤਾ। ਉਹ AIDS ਖੋਜ ਦੀ ਸੰਸਥਾ ਦੇ ਬਹੁਤ ਵੱਡੀ ਸਮਰਥਕ ਬਣੀ। ਉਸ ਨੇ ਕਰੋੜਾਂ ਡਾਲਰ ਇਕੱਠੇ ਕੀਤੇ ਤਾਂ ਜੋ ਬਿਮਾਰ ਲੋਕਾਂ ਦੀ ਮਦਦ ਹੋ ਸਕੇ। ਉਸ ਦਾ ਮੰਨਣਾ ਹੈ ਕਿ, 'ਜੇ ਰੱਬ ਨੇ ਮੈਨੂੰ ਦੂਜੀ ਜ਼ਿੰਦਗੀ ਦਿੱਤੀ ਹੈ, ਤਾਂ ਇਸ ਦਾ ਕੋਈ ਵੱਡਾ ਮਕਸਦ ਜ਼ਰੂਰ ਹੋਵੇਗਾ।'

ਜੇ ਤੁਸੀਂ ਸ਼ੈਰਨ ਸਟੋਨ ਦੀ ਜ਼ਿੰਦਗੀ ਤੋਂ ਹੋਰ ਪ੍ਰੇਰਨਾ ਲੈਣਾ ਚਾਹੁੰਦੇ ਹੋ, ਤਾਂ ਉਸ ਦੀ ਸਭ ਤੋਂ ਵੱਡੀ ਤਾਕਤ ਉਸ ਦਾ 'ਕਦੇ ਹਾਰ ਨਾ ਮੰਨਣ ਵਾਲਾ ਸੁਭਾਅ' ਹੈ। ਉਸ ਦੀ ਜ਼ਿੰਦਗੀ ਦੀ ਇੱਕ ਹੋਰ ਬਹੁਤ ਹੀ ਪ੍ਰਭਾਵਸ਼ਾਲੀ ਕਹਾਣੀ ਉਸ ਦੇ ਦੁਬਾਰਾ ਜੀਣਾ ਸਿੱਖਣ ਬਾਰੇ ਹੈ। ਇਹ ਕਹਾਣੀ ਸਾਨੂੰ ਸਿਖਾਉਂਦੀ ਹੈ ਕਿ ਜਦੋਂ ਸਭ ਕੁਝ ਖ਼ਤਮ ਹੋ ਜਾਵੇ, ਉਦੋਂ ਵੀ ਨਵੀਂ ਸ਼ੁਰੂਆਤ ਕੀਤੀ ਜਾ ਸਕਦੀ ਹੈ। ਸਟੋਨ ਦੀ ਕਹਾਣੀ ਸਾਨੂੰ ਇਹ ਦੱਸਦੀ ਹੈ ਕਿ ਮੁਸੀਬਤ ਚਾਹੇ ਕਿੰਨੀ ਵੀ ਵੱਡੀ ਕਿਉਂ ਨਾ ਹੋਵੇ—ਚਾਹੇ ਉਹ ਬਿਮਾਰੀ ਹੋਵੇ, ਪੈਸੇ ਦੀ ਤੰਗੀ ਹੋਵੇ ਜਾਂ ਰਿਸ਼ਤਿਆਂ ਦੀ ਟੁੱਟ-ਭੱਜ—ਜੇ ਤੁਹਾਡੇ ਅੰਦਰ ਜਜ਼ਬਾ ਹੈ, ਤਾਂ ਤੁਸੀਂ ਸਵਾਹ ਵਿਚੋਂ ਵੀ ਦੁਬਾਰਾ ਉੱਠ ਸਕਦੇ ਹੋ।

ਸ਼ੈਰਨ ਸਟੋਨ ਕੇਵਲ ਕਾਮੁਕ ਦ੍ਰਿਸ਼ ਫਿਲਮਾਉਣ ਵਾਲੀ ਅਦਾਕਾਰਾ ਨਹੀਂ ਸਗੋਂ ਜ਼ਿੰਦਗੀ ਨਾਲ ਯੋਧਿਆਂ ਵਾਂਗ ਲੜਨ ਵਾਲੀ ਜੰਗੀ ਔਰਤ ਹੈ।

# ਪੰਜਾਬੀ ਖੇਡ ਸਾਹਿਤ ਦਾ ਬਾਬਾ ਬੋਹੜ ਪ੍ਰਿੰਸੀਪਲ ਸਰਵਣ ਸਿੰਘ

ਪ੍ਰਿੰਸੀਪਲ ਸਰਵਣ ਸਿੰਘ ਪੰਜਾਬੀ ਸਾਹਿਤ ਖੇਡ ਸਾਹਿਤ ਦਾ ਬਾਬਾ ਬੋਹੜ ਹੈ। ਉਹ ਵਿਲੱਖਣ ਤੇ ਬਹੁਪੱਖੀ ਸ਼ਖ਼ਸੀਅਤ ਦਾ ਮਾਲਕ ਹੈ। ਬਤੌਰ ਖਿਡਾਰੀ ਯੂਨੀਵਰਸਿਟੀ ਦਾ ਸੈਕੰਡ ਬੈਸਟ ਐਥਲੀਟ, ਕਾਲਜ ਹਾਕੀ ਟੀਮ ਦਾ ਕਪਤਾਨ, ਕਾਲਜਾਂ ਦਾ ਪ੍ਰੋਫ਼ੈਸਰ ਤੇ ਪ੍ਰਿੰਸੀਪਲ, ਖੇਡ ਲੇਖਕ, ਖੇਡ ਪ੍ਰਬੰਧਕ, ਖੇਡ ਪ੍ਰੋਮਟਰ, ਕਬੱਡੀ ਦਾ ਕੌਮਾਂਤਰੀ ਕੁਮੈਂਟੇਟਰ ਆਦਿ ਉਸਦੀ ਸ਼ਖ਼ਸੀਅਤ ਦੇ ਵਿਸ਼ੇਸ਼ ਗੁਣ ਹਨ। ਬਤੌਰ ਲੇਖਕ ਉਹ ਉੱਘਾ ਵਾਰਤਾਕਾਰ, ਕਹਾਣੀਕਾਰ, ਸੰਪਾਦਕ, ਅਤੇ ਅਨੁਵਾਦਕ ਵੀ ਹੈ। ਉਸਨੇ ਆਪਣੇ ਕਲਮ ਦੀ ਤਾਕਤ ਨਾਲ ਪੰਜਾਬੀ ਖੇਡ ਸਾਹਿਤ ਨੂੰ ਬੁਲੰਦੀਆਂ ਉੱਤੇ ਹੀ ਨਹੀਂ ਪਹੁੰਚਾਇਆ ਬਲਕਿ ਖੇਡਾਂ ਤੇ ਖਿਡਾਰੀਆਂ ਬਾਰੇ ਬਿਆਨ ਕਰਨ ਵਾਲੀਆਂ ਹੋਰ ਵੀ ਅਨੇਕਾਂ ਕਲਮਾਂ ਪੈਦਾ ਕਰ ਦਿੱਤੀਆਂ। ਉਨ੍ਹਾਂ

**ਗੁਰਜੀਤ ਸਿੰਘ**
**ਪੀਐੱਚ.ਡੀ. ਖੋਜਾਰਥੀ**
**ਫੋਨ: 75268-99013**

ਕਲਮਾਂ ਦੀ ਬਦੌਲਤ ਖੇਡ ਸਾਹਿਤ ਦੀਆਂ ਅਲਮਾਰੀਆਂ ਭਰੀਆਂ ਜਾ ਰਹੀਆਂ ਹਨ। ਉਸ ਦੁਆਰਾ 1966 ਵਿਚ ਲਿਖੇ ਰੇਖਾ-ਚਿੱਤਰ 'ਮੁੜ੍ਹਕੇ ਦਾ ਮੋਤੀ' ਤੋਂ ਲੈ ਕੇ 'ਮੇਰੀ ਕਲਮ ਦੀ ਮੈਰਾਥਨ ਤੱਕ' ਉਸਦੀ ਖੇਡ ਸਾਹਿਤ ਸਿਰਜਣਾ ਦਾ ਸਮਾਂ ਅੱਧੀ ਸਦੀ ਤੋਂ ਵੀ ਦਸ ਸਾਲ ਉੱਤੇ ਟੱਪ ਗਿਆ ਹੈ। ਇਸ ਸਾਲ ਦੀ 8 ਜੁਲਾਈ ਨੂੰ ਉਹ ਛਿਆਸੀ ਵਰ੍ਹਿਆਂ ਦਾ ਹੋ ਜਾਵੇਗਾ। ਬਤੌਰ ਖੇਡ ਲੇਖਕ ਉਸਦੀ ਕਲਮ ਦੀ ਖੇਡ ਲੇਖਣੀ ਦੀ ਮੈਰਾਥਨ ਅਜੇ ਜਾਰੀ ਹੈ। ਬੇਸ਼ੱਕ ਪ੍ਰਿੰਸੀਪਲ ਸਰਵਣ ਸਿੰਘ ਨੇ ਹੋਰ ਸਾਹਿਤਕ ਵੰਨਗੀਆਂ ਤੇ ਵੱਖ-ਵੱਖ ਵਿਸ਼ਿਆਂ ਜਿਵੇਂ ਜੀਵਨੀ, ਸਵੈ-ਜੀਵਨੀ, ਸਫ਼ਰਨਾਮਾ, ਅਨੁਵਾਦ, ਸੰਪਾਦਨ, ਸਭਿਆਚਾਰ, ਲੇਖਕਾਂ, ਰਾਜਨੀਤਕਾਂ, ਕਲਾਕਾਰਾਂ, ਕਿਸਾਨ ਅੰਦੋਲਨਾਂ, ਪੰਜਾਬ, ਪੰਜਾਬੀ ਤੇ ਪੰਜਾਬੀਅਤ ਨਾਲ ਸੰਬੰਧਿਤ ਮਸਲਿਆਂ ਬਾਰੇ ਵੀ ਸਾਹਿਤਕ ਰਚਨਾ ਕੀਤੀ ਹੈ। ਪਰ ਖੇਡ ਸਾਹਿਤ ਸਿਰਜਣਾ ਦੇ ਖੇਤਰ ਵਿਚ ਉਸਦਾ ਕਾਰਜ ਤੇ ਯੋਗਦਾਨ ਵਿਸ਼ੇਸ਼ ਅਰਥਾਂ ਦਾ ਧਾਰਨੀ ਹੈ। ਉਸਦੀ ਖੇਡ ਸ਼ੈਲੀ ਕਮਾਲ ਦੀ ਹੈ। ਨਾਵਲਕਾਰ ਨਾਨਕ ਸਿੰਘ ਅਤੇ ਜਸਵੰਤ ਸਿੰਘ ਕੰਵਲ ਵਾਂਗ ਉਸਦੇ ਪਾਠਕਾਂ ਦੀ ਗਿਣਤੀ ਅਤੇ ਘੇਰਾ ਬਹੁਤ ਵਿਸ਼ਾਲ ਹੈ। ਖੇਡਾਂ ਬਾਰੇ ਲਿਖ ਕੇ ਉਸਨੇ ਲੱਖਾਂ ਪਾਠਕਾਂ ਨੂੰ ਪੁਸਤਕਾਂ ਨਾਲ ਅਤੇ ਖਿਡਾਰੀਆਂ ਨੂੰ ਖੇਡਾਂ ਨਾਲ ਜੋੜੀ ਰੱਖਿਆ। ਉਸਨੇ ਪੰਜਾਬ ਦੇ ਪਿੰਡਾਂ ਦੇ ਟੂਰਨਾਮੈਂਟਾਂ ਤੋਂ ਲੈ ਕੇ ਉਲੰਪਿਕ ਤੱਕ ਦੇ ਖੇਡਾਂ ਦੇ ਇਤਿਹਾਸ, ਪੰਜਾਬ ਦੇ ਖਿਡਾਰੀਆਂ ਤੋਂ ਲੈ ਕੇ ਅੰਤਰਰਾਸ਼ਟਰੀ ਖਿਡਾਰੀਆਂ ਤੱਕ ਦੇ ਰੇਖਾ-ਚਿੱਤਰ, ਪੰਜਾਬ ਦੇ ਖੇਡ-ਮੇਲਿਆਂ ਤੋਂ ਲੈ ਕੇ ਕੌਮਾਂਤਰੀ ਖੇਡ ਮੇਲਿਆਂ ਦੇ ਦ੍ਰਿਸ਼ ਆਪਣੀ ਕਲਮ ਰਾਹੀਂ ਸਾਕਾਰ ਕੀਤੇ। ਖੇਡ ਖੇਤਰ ਦਾ ਕੋਈ ਵੀ ਅਜਿਹਾ ਪੱਖ ਨਹੀਂ ਜੋ ਉਨ੍ਹਾਂ ਤੋਂ ਗੁੱਝਾ ਰਿਹਾ ਹੋਵੇ। ਏਸ਼ੀਆ ਤੋਂ ਉਲੰਪਿਕ ਖੇਡਾਂ ਤੱਕ ਦੇ ਸਰਵੇਖਣ, ਪੰਜਾਬੀ ਵਿਚ ਰਚੇ ਜਾ ਰਹੇ ਖੇਡ ਸਾਹਿਤ ਦੇ ਖੋਜ-ਕਾਰਜ, ਸਕੂਲਾਂ, ਕਾਲਜਾਂ, ਯੂਨੀਵਰਸਿਟੀਆਂ ਵਿਚ ਖੇਡਾਂ ਨਾਲ ਸੰਬੰਧਿਤ ਕਰਵਾਏ ਜਾਂਦੇ ਪ੍ਰੋਗਰਾਮ ਸਭ ਉਨ੍ਹਾਂ ਦੇ ਧਿਆਨ ਵਿਚ ਹੁੰਦੇ ਹਨ। ਖੇਡਾਂ ਅਤੇ ਖਿਡਾਰੀਆਂ ਬਾਰੇ ਲਿਖ ਰਹੇ ਲੇਖਕਾਂ ਅਤੇ ਮੈਗਜ਼ੀਨ/ਰਸਾਲੇ ਆਦਿ ਸਭ ਉਸਦੀ ਜਾਣਕਾਰੀ ਵਿਚ ਹੁੰਦੇ ਹਨ। ਗੱਲ ਕੀ, ਉਹ ਖੇਡ ਖੇਤਰ ਦਾ ਇਨਸਾਈਕਲੋਪੀਡੀਆ ਹੈ।

ਉਸਨੇ ਆਪਣੀ ਸਾਹਿਤ ਸਿਰਜਣਾ ਦੇ ਸੱਠ ਸਾਲਾਂ ਦੀ ਯਾਤਰਾ ਤੈਅ ਕਰਦਿਆਂ ਪੰਜਾਹ ਤੋਂ ਉੱਪਰ ਪੁਸਤਕਾਂ ਦੀ ਸਿਰਜਣਾ ਕੀਤੀ। ਜਿਨ੍ਹਾਂ ਵਿਚੋਂ ਪੱਚੀ ਪੁਸਤਕਾਂ ਖੇਡ ਸਾਹਿਤ ਬਾਰੇ ਹੀ ਹਨ। ਉਸ ਦੀਆਂ ਖੇਡ ਪੁਸਤਕਾਂ ਹਨ- ਪੰਜਾਬ ਦੇ ਉੱਘੇ ਖਿਡਾਰੀ, ਖੇਡ ਸੰਸਾਰ, ਖੇਡ ਜਗਤ ਵਿਚ ਭਾਰਤ, ਪੰਜਾਬੀ ਖਿਡਾਰੀ, ਓਲੰਪਿਕ ਖੇਡਾਂ, ਪੰਜਾਬ ਦੀਆਂ ਦੇਸੀ ਖੇਡਾਂ, ਖੇਡ ਜਗਤ ਦੀਆਂ ਬਾਤਾਂ, ਖੇਡ ਪਰਿਕਰਮਾ, ਖੇਡ ਦਰਸ਼ਨ, ਓਲੰਪਿਕ ਖੇਡਾਂ ਦੀ ਸਦੀ, ਖੇਡ ਮੇਲੇ ਵੇਖਦਿਆਂ, ਪੰਜਾਬ ਦੇ ਚੋਣਵੇਂ ਖਿਡਾਰੀ, ਕਬੱਡੀ ਕਬੱਡੀ ਕਬੱਡੀ, ਖੇਡਾਂ ਦੀ ਦੁਨੀਆਂ, ਮੇਲੇ ਕਬੱਡੀ ਦੇ, ਅੱਖੀਂ ਡਿੱਠਾ ਕਬੱਡੀ ਵਰਲਡ ਕੱਪ, ਏਥਨਜ਼ ਤੋਂ ਲੰਡਨ (ਓਲੰਪਿਕ ਖੇਡਾਂ ਦਾ ਇਤਿਹਾਸ), ਖੇਡ ਅਤੇ ਸੇਹਤ ਵਾਰਤਾ, ਕਿੱਸਾ ਕਬੱਡੀ ਦਾ, ਗੋਲਡਨ ਗੋਲ (ਬਲਬੀਰ ਸਿੰਘ ਦੀ ਜੀਵਨੀ), ਭਾਰਤ ਵਿਚ ਹਾਕੀ (ਅਨੁਵਾਦ) ਪੰਜਾਬੀ ਖਿਡਾਰੀ (ਅੰਗਰੇਜ਼ੀ ਅਨੁਵਾਦ), ਉੱਡਣਾ ਸਿੱਖ ਮਿਲਖਾ ਸਿੰਘ (ਜੀਵਨੀ), ਖੇਡ ਖਿਡਾਰੀ, ਮੇਰੀ ਕਲਮ ਦੀ ਮੈਰਾਥਨ ਤੇ ਪੰਜਾਬੀਆਂ ਦਾ ਖੇਡ ਸਭਿਆਚਾਰ ਆਦਿ। ਕਰੋਨਾ ਕਾਲ ਦੌਰਾਨ ਉਸਨੇ ਪੰਜਾਬੀ ਖੇਡ ਸਾਹਿਤ ਦਾ ਇਤਿਹਾਸ, ਸ਼ਬਦਾਂ ਦੇ ਖਿਡਾਰੀ, ਖੇਡ ਸਾਹਿਤ ਦੀਆਂ ਬਾਤਾਂ, ਖੇਡ ਸਾਹਿਤ ਦੇ ਮੋਤੀ ਤੇ ਖੇਡ ਸਾਹਿਤ ਦੇ ਹੀਰੇ ਲਿਖ ਕੇ ਚਾਰ ਭਾਗਾਂ ਵਿਚ ਛਪਵਾਇਆ ਹੈ।

ਪੰਜਾਬੀ ਵਿਚ ਖੇਡ ਪੱਤਰਕਾਰੀ ਸ਼ੁਰੂ ਕਰਨ ਦਾ ਸਿਹਰਾ ਵੀ ਪ੍ਰਿੰਸੀਪਲ ਸਰਵਣ ਸਿੰਘ ਨੂੰ ਹੀ ਜਾਂਦਾ ਹੈ। ਉਸ ਦੁਆਰਾ 1966 ਵਿਚ ਪ੍ਰਸਿੱਧ ਅਥਲੀਟ 'ਗੁਰਬਚਨ ਸਿੰਘ ਰੰਧਾਵਾ' ਬਾਰੇ ਲਿਖਿਆ ਰੇਖਾ-ਚਿੱਤਰ 'ਮੁੜ੍ਹਕੇ ਦਾ ਮੋਤੀ' ਉਸ ਸਮੇਂ ਦੇ ਪ੍ਰਸਿੱਧ ਰਸਾਲੇ 'ਆਰਸੀ' ਵਿਚ ਛਪਿਆ। ਇਸ ਤੋਂ ਇਲਾਵਾ ਪ੍ਰਵੀਨ, ਸਰਦਾਰਾ, ਮਹਿੰਦਰ ਸਿੰਘ, ਅਜਮੇਰ ਸਿੰਘ, ਜੋਗਿੰਦਰ ਸਿੰਘ, ਜਰਨੈਲ ਸਿੰਘ ਆਦਿ ਖਿਡਾਰੀਆਂ ਬਾਰੇ ਲਿਖੇ ਰੇਖਾ-ਚਿੱਤਰ ਵੀ 'ਆਰਸੀ' ਵਿਚ ਛਪਦੇ ਰਹੇ। ਉਸਨੇ 1975 ਵਿਚ ਪ੍ਰਸਿੱਧ ਰਸਾਲੇ 'ਸਚਿੱਤਰ ਕੌਮੀ ਏਕਤਾ' ਵਿਚ ਖੇਡਾਂ ਨਾਲ ਸੰਬੰਧਿਤ ਇਕ ਕਾਲਮ 'ਖੇਡ ਮੈਦਾਨ 'ਚੋਂ' ਸ਼ੁਰੂ ਕੀਤਾ ਜੋ ਦਸ-ਬਾਰ੍ਹਾਂ ਸਾਲ ਚੱਲਿਆ। ਉਸਨੇ 1978 ਵਿਚ ਪੰਜਾਬੀ 'ਟ੍ਰਿਬਿਊਨ ਅਖ਼ਬਾਰ' ਲਈ ਬੰਬਈ ਦੇ ਵਿਸ਼ਵ ਹਾਕੀ ਕੱਪ ਟੂਰਨਾਮੈਂਟ ਅਤੇ ਦਿੱਲੀ ਦੀਆਂ ਏਸ਼ਿਆਈ ਖੇਡਾਂ ਬਾਰੇ ਰਿਪੋਰਟਾਂ ਲਿਖੀਆਂ। 'ਅਜੀਤ' ਅਖ਼ਬਾਰ ਲਈ ਸਿਓਲ ਦੀਆਂ ਏਸ਼ਿਆਈ ਖੇਡਾਂ ਬਾਰੇ ਲਿਖਿਆ।

ਉਸਨੇ 1984 ਤੋਂ 'ਪਿੰਡ ਦੀ ਸੱਥ 'ਚੋਂ' ਕਾਲਮ 'ਪਹਿਰੇਦਾਰ' ਨਾਂ ਹੇਠ 'ਸਚਿੱਤਰ ਕੌਮੀ ਏਕਤਾ' ਵਿਚ ਲਿਖਣਾ ਸ਼ੁਰੂ ਕੀਤਾ। ਵੈਨਕੂਵਰ ਦੇ ਰਸਾਲੇ 'ਇੰਡੋ-ਕਨੇਡੀਅਨ ਟਾਈਮਜ਼' ਵਿਚ ਇੱਕ ਕਾਲਮ 'ਬਾਤਾਂ ਵਤਨ ਦੀਆਂ' ਚਿੱਠੀਆਂ ਦੇ ਰੂਪ ਵਿਚ ਛਾਪਣਾ ਸ਼ੁਰੂ ਕੀਤਾ।

ਇਸ ਤੋਂ ਇਲਾਵਾ ਪਿੱਛੇ ਜਿਹੇ ਉਹ 'ਪੰਜਾਬੀ ਟ੍ਰਿਬਿਊਨ' ਦੇ ਇੰਟਰਨੈੱਟ ਐਡੀਸ਼ਨ 'ਤਬਸਰਾ' ਵਿਚ ਵੱਖ-ਵੱਖ ਸਾਹਿਤਕਾਰਾਂ, ਖੇਡ ਲੇਖਕਾਂ, ਆਦਿ ਦੁਆਰਾ ਖੇਡਾਂ ਬਾਰੇ ਰਚੀਆਂ ਰਚਨਾਵਾਂ ਨੂੰ ਪੇਸ਼ ਕਰਦੇ ਰਹੇ ਹਨ। ਅੱਜ-ਕੱਲ੍ਹ 'ਪੰਜਾਬੀ ਟ੍ਰਿਬਿਊਨ' ਦੇ ਇੰਟਰਨੈੱਟ ਐਡੀਸ਼ਨ 'ਸਤਰੰਗ' ਵਿਚ 'ਵਿਸ਼ਵ ਦੇ ਮਹਾਨ ਖਿਡਾਰੀ' ਕਾਲਮ ਹਰ ਸ਼ਨਿਚਰਵਾਰ ਨੂੰ ਛਪ ਰਿਹਾ ਹੈ ਜੋ ਸੌ ਦੇ ਅੰਕੜੇ ਨੂੰ ਪਾਰ ਕਰਨ ਵਾਲਾ ਹੈ। ਉਨ੍ਹਾਂ ਦੀ ਪੁਸਤਕ 'ਸ਼ਬਦਾਂ ਦੇ ਖਿਡਾਰੀ' ਵਿਚੋਂ ਕੁਝ ਕੁ ਦਾ ਵੇਰਵਾ ਇਸ ਪ੍ਰਕਾਰ ਹੈ:



ਵਰਿਆਮ ਸਿੰਘ ਸੰਧੂ ਦਾ ਗਰਾਈਂ ਕਰਤਾਰ ਸਿੰਘ ਭਲਵਾਨ, ਪਹਿਲਵਾਨ ਦਾਰਾ ਸਿੰਘ ਦੀ ਆਤਮ ਕਥਾ, ਡਾ. ਹਰਿਭਜਨ ਸਿੰਘ ਦੀ ਖੇਡ ਵਾਰਤਾ, ਮੇਰਾ ਖੇਡ ਸਾਹਿਤ ਦਾ ਸਫ਼ਰ, ਬਲਬੀਰ ਸਿੰਘ ਕੰਵਲ ਦੀ ਬੱਲੇ-ਬੱਲੇ, ਸੂਬਾ ਸਿੰਘ ਦੇ ਮੱਲ ਤੇ ਅਖਾੜੇ, ਨਵਦੀਪ ਗਿੱਲ ਦੀ ਖੇਡ ਪੱਤਰਕਾਰੀ, ਗੁਰਪ੍ਰੀਤ ਸਹਿਜੀ ਦਾ ਖੇਡ ਗਲਪ, ਕੁਲਵੰਤ ਬੁਢਲਾਡਾ ਦੀ ਕੁਮੈਂਟਰੀ ਤੇ ਕਲਮਕਾਰੀ ਆਦਿ। ਇਨ੍ਹਾਂ ਤਬਸਰਿਆਂ ਰਾਹੀਂ ਜਿਥੇ ਉਪਰੋਕਤ ਲੇਖਕਾਂ, ਖੇਡ ਕੁਮੈਂਟੇਟਰਾਂ, ਖੇਡ ਪ੍ਰੇਮੀਆਂ ਅਤੇ ਪੰਜਾਬੀ ਸਾਹਿਤ ਦੀਆਂ ਡਾ. ਹਰਿਭਜਨ ਸਿੰਘ ਵਰਗੀਆਂ ਹਸਤੀਆਂ ਦੇ ਖੇਡਾਂ ਪ੍ਰਤੀ ਨਜ਼ਰੀਏ ਨੂੰ ਪੇਸ਼ ਕੀਤਾ ਹੈ ਉੱਥੇ ਹੀ ਖਿੰਡਰੇ-ਪੁੰਡਰੇ ਰੂਪ ਵਿਚ ਪਈਆਂ ਅਣਗੌਲੇਪਣ ਦੀ ਬਿਰਤੀ ਦੀਆਂ ਸ਼ਿਕਾਰ ਹੋਈਆਂ ਇਨ੍ਹਾਂ ਰਚਨਾਵਾਂ ਨੂੰ ਇਕੱਤਰ ਕਰਕੇ ਸੰਭਾਲਣ ਦਾ ਯਤਨ ਵੀ ਕੀਤਾ ਗਿਆ ਹੈ। ਇਸ ਨਾਲ ਉਹ ਖੋਜਕਾਰ ਦੇ ਰੂਪ ਵਿਚ ਵੀ ਸਾਡੇ ਸਾਹਮਣੇ ਪੇਸ਼ ਹੁੰਦਾ ਹੈ।

ਪ੍ਰਿੰਸੀਪਲ ਸਰਵਣ ਸਿੰਘ ਦੁਆਰਾ ਰਚਿਤ ਖੇਡ ਸਾਹਿਤ ਨਵੀਂ ਪੀੜ੍ਹੀ ਦੇ ਲੇਖਕਾਂ ਤੇ ਖਿਡਾਰੀਆਂ ਲਈ ਪਥ-ਪ੍ਰਦਰਸ਼ਕ ਦੇ ਤੌਰ 'ਤੇ ਭੂਮਿਕਾ ਨਿਭਾ ਰਿਹਾ ਹੈ। ਜਿਸ ਤੋਂ ਸੇਧ ਲੈ ਕੇ ਅਨੇਕਾਂ ਖਿਡਾਰੀ ਆਪਣੀ ਖੇਡ ਵਿਚ ਸੁਧਾਰ ਕਰਕੇ ਨਿਖਾਰ ਲਿਆਉਂਦੇ ਹਨ। ਅਨੇਕਾਂ ਖਿਡਾਰੀ ਖੇਡ ਸਾਹਿਤ ਤੋਂ ਪ੍ਰੇਰਨਾ ਲੈ ਕੇ ਜ਼ਿੰਦਗੀ ਦੇ ਅਗਲੇਰੇ ਪੈਂਡਿਆਂ ਵੱਲ ਉਤਸ਼ਾਹ ਨਾਲ ਕਦਮ ਪੁੱਟਦੇ ਹਨ। ਖੇਡਾਂ ਦੇ ਅਧਿਕਾਰੀ, ਕਲੱਬਾਂ ਵਾਲੇ, ਫੈਡਰੇਸ਼ਨਾਂ ਵਾਲੇ ਤੇ ਖੇਡ ਪ੍ਰਮੋਟਰ ਖੇਡਾਂ ਦੇ ਹੋਰ ਵਿਕਾਸ ਲਈ ਅਗਵਾਈ ਲੈਂਦੇ ਹਨ। ਇਨ੍ਹਾਂ ਦੇ ਖੇਡ ਸਾਹਿਤ ਤੋਂ ਪ੍ਰੇਰਿਤ ਹੋ ਕੇ ਅਨੇਕਾਂ ਖੇਡ ਲੇਖਕ ਪੈਦਾ ਹੋਏ ਤੇ ਉਨ੍ਹਾਂ ਵਿਚ ਸਰਵਣ ਸਿੰਘ ਵਾਂਗ ਖੇਡ ਰਚਨਾ ਕਰਨ ਦੀ ਤਾਂਘ ਪੈਦਾ ਹੋਈ, ਜਿਸ ਨਾਲ ਅਨੇਕਾਂ ਖੇਡ ਪੁਸਤਕਾਂ ਹੋਂਦ ਵਿਚ ਆਈਆਂ। ਖੇਡ ਪੁਸਤਕਾਂ ਹੋਂਦ ਵਿਚ ਆਉਣ ਨਾਲ ਖਿਡਾਰੀਆਂ/ਖੇਡਾਂ ਬਾਰੇ ਲੋਕਾਂ ਨੂੰ ਜਾਣਕਾਰੀ ਪ੍ਰਾਪਤ ਹੋਈ। ਖਿਡਾਰੀਆਂ ਦੇ ਜੀਵਨ ਦਾ ਇਤਿਹਾਸ ਸੰਭਾਲਿਆ ਗਿਆ ਜਿਨ੍ਹਾਂ ਤੋਂ ਪ੍ਰੇਰਨਾ ਲੈ ਕੇ ਹੋਰ ਖਿਡਾਰੀ ਆਪਣੇ ਮਿੱਥੇ ਟੀਚਿਆਂ ਨੂੰ ਪੂਰਾ ਕਰਨਗੇ। ਪ੍ਰਿੰਸੀਪਲ ਸਾਹਿਬ ਨਵੀਂ ਪੀੜ੍ਹੀ ਦੇ ਖੇਡ ਲੇਖਕਾਂ ਨੂੰ ਜਿੱਥੇ ਲਿਖਣ ਦੇ ਦਾਅ-ਪੇਚ ਦੱਸਦੇ ਹਨ, ਉੱਥੇ ਉਨ੍ਹਾਂ ਦੁਆਰਾ ਲਿਖੀਆਂ ਪੁਸਤਕਾਂ ਦੇ ਮੁੱਖ-ਬੰਧ ਵੀ ਲਿਖਦੇ ਆ ਰਹੇ ਹਨ। ਜਿਸ ਤੋਂ ਪ੍ਰੇਰਿਤ ਹੋ ਕੇ ਖੇਡ ਲੇਖਕ ਹੋਰ ਸ਼ਿੱਦਤ ਨਾਲ ਲੇਖਨ ਕਲਾ ਨੂੰ ਚਮਕਾਉਂਦੇ ਹਨ। ਪ੍ਰਿੰਸੀਪਲ ਸਰਵਣ ਸਿੰਘ ਨੇ 'ਪੰਜਾਬ ਦੀਆਂ ਦੇਸੀ ਖੇਡਾਂ' ਪੁਸਤਕ ਵਿਚ 87 ਲੋਕ-ਖੇਡਾਂ ਦਾ ਵਰਣਨ ਕੀਤਾ ਹੈ। ਇਹ ਪੁਸਤਕ ਪੰਜਾਬੀ ਯੂਨੀਵਰਸਿਟੀ ਨੇ ਵਿਸ਼ੇਸ਼ ਤੌਰ 'ਤੇ ਛਾਪੀ। ਉਨ੍ਹਾਂ ਦੀ ਲਿਖੀ ਪੁਸਤਕ 'ਪੰਜਾਬੀ ਖਿਡਾਰੀ' ਵੀ ਪੰਜਾਬੀ ਤੇ ਅੰਗਰੇਜ਼ੀ ਦੋਹਾਂ ਭਾਸ਼ਾਵਾਂ ਵਿਚ ਪੰਜਾਬੀ ਯੂਨੀਵਰਸਿਟੀ ਪਟਿਆਲਾ ਨੇ ਪ੍ਰਕਾਸ਼ਿਤ ਕੀਤੀ। ਅਜਿਹੀਆਂ ਪੁਸਤਕਾਂ ਲਿਖ ਕੇ ਉਸ ਨੇ ਇਤਿਹਾਸਕ ਕਾਰਜ ਕੀਤਾ ਹੈ। ਖੇਡਾਂ ਦੇ ਇਤਿਹਾਸ ਵੀ ਲਿਖੇ ਹਨ, ਜੋ ਬਹੁਤ ਮੁੱਲਵਾਨ ਕਾਰਜ ਹੈ।

ਆਪਣੀਆਂ ਰਚਨਾਵਾਂ ਵਿਚ ਖਿਡਾਰੀਆਂ ਦੇ ਤੁਲਨਾਤਮਿਕ ਅਧਿਐਨ ਰਾਹੀਂ ਇੱਕੋ ਹੀ ਖੇਡ ਦੇ ਇੱਕੋ ਜਿਹੇ ਨਾਵਾਂ ਵਾਲੇ ਖਿਡਾਰੀਆਂ ਦੇ ਨਾਵਾਂ ਦੇ ਮੇਲ ਖਾ ਜਾਣ ਕਾਰਨ ਉਨ੍ਹਾਂ ਸੰਬੰਧੀ ਪੈਦਾ ਹੋਈ ਅਸਪਸ਼ਟਤਾ, ਦਵੰਦ ਅਤੇ ਭੰਬਲਭੂਸੇ ਵਾਲੀ ਸਥਿਤੀ ਨੂੰ ਸਪਸ਼ਟ ਕਰਨ ਲਈ ਉਸਨੇ ਯਤਨ ਕੀਤੇ। ਅਣਗੌਲੇ ਨਾਇਕਾਂ ਨੂੰ ਪਛਾਣਿਆ ਗਿਆ, ਤੱਥਾਂ/ਘਟਨਾਵਾਂ ਨੂੰ ਵੀ ਖਲਤ-ਮਲਤ ਹੋਣ ਤੋਂ ਬਚਾਇਆ ਹੈ। ਕੁਸ਼ਤੀ ਦੇ ਭਲਵਾਨਾਂ ਦਾਰਾ ਸਿੰਘ ਦੁਲਚੀਪੁਰੀਆ ਤੇ ਦਾਰਾ ਸਿੰਘ ਧਰਮੂਚੱਕੀਆ ਬਾਰੇ ਤੁਲਨਾਤਮਿਕ ਕਾਰਜ ਕੀਤਾ। ਹਾਕੀ ਖੇਡਣ ਵਾਲੇ ਓਲੰਪੀਅਨ ਬਲਬੀਰ ਸਿੰਘ ਚਾਰ ਸਨ। ਤਿੰਨ ਬਲਬੀਰ ਸਿੰਘ ਇਕੋ ਭਾਰਤੀ ਟੀਮ ਵਿਚ ਖੇਡੇ ਸਨ। ਉਨ੍ਹਾਂ ਦੀ ਖੇਡ ਵੀ ਇੱਕੋ ਹੋਣ ਕਾਰਨ ਉਨ੍ਹਾਂ ਤੋਂ ਅਗਲੇਰੀ ਪੀੜ੍ਹੀ ਦੇ ਪਾਠਕਾਂ ਨੂੰ ਤੇ ਖਿਡਾਰੀਆਂ ਨੂੰ ਤਿੰਨੋਂ ਬਲਬੀਰਾਂ ਦੇ ਨਾਵਾਂ ਸੰਬੰਧੀ ਪੈਂਦੇ ਭੁਲੇਖਿਆਂ ਤੋਂ ਬਚਾਉਣ ਲਈ ਵੀ ਉਸਨੇ ਸਲਾਹੁਣਯੋਗ ਕਾਰਜ ਕੀਤਾ ਹੈ। ਪੰਜਾਬੀ ਵਿਚ ਖੇਡ ਗਲਪ ਦੀ ਪਹਿਲੀ ਮੌਲਿਕ ਪੁਸਤਕ ਨਾਵਲ 'ਗੁੰਮਨਾਮ ਚੈਂਪੀਅਨ' ਦੀ ਕਥਾ ਦਾ ਤਾਂ ਆਧਾਰ ਹੀ ਦੋਵਾਂ ਦਾਰਿਆਂ ਬਾਰੇ ਕੀਤੇ ਨਿਖੇੜੇ ਦਾ ਅਣਗੌਲਿਆ ਭਲਵਾਨ ਦਾਰਾ ਦੁਲਚੀਪੁਰੀਆ ਬਣਦਾ ਹੈ। ਇਸ ਨਾਵਲ ਦਾ ਰਚਣਹਾਰਾ ਵੀ ਪ੍ਰਿੰਸੀਪਲ ਸਰਵਣ ਸਿੰਘ ਦਾ ਭਤੀਜਾ 'ਬਲਵੰਤ ਸਿੰਘ ਸੰਧੂ' ਹੈ।

ਇਸ ਤੋਂ ਇਲਾਵਾ ਖੇਡਾਂ ਵਿਚ ਸਿਆਸਤ, ਭ੍ਰਿਸ਼ਟਾਚਾਰ, ਵਪਾਰ, ਮੈਚ ਫਿਕਸਿੰਗ, ਡੋਪਿੰਗ, ਫੈਡਰੇਸ਼ਨਾਂ ਦੇ ਧੱਕੇ, ਖਿਡਾਰੀਆਂ ਦੇ ਵਿਤਕਰੇ, ਖੇਡਾਂ ਵਿਚ ਆਏ ਨੈਤਿਕ ਨਿਘਾਰ, ਖੇਡਾਂ ਤੇ ਖਿਡਾਰੀਆਂ ਦੀ ਚੜ੍ਹਤ, ਖੇਡਾਂ ਵਿਚ ਤਰੱਕੀ ਲਈ ਸੇਧਾਂ ਤੇ ਅਗਵਾਈ, ਦੁਨੀਆ ਭਰ ਵਿਚ ਹੋਣ ਵਾਲੇ ਖੇਡ-ਮੇਲਿਆਂ ਦਾ ਜ਼ਿਕਰ ਆਦਿ ਕਿੰਨਾ ਹੀ ਕੁਝ ਪ੍ਰਿੰਸੀਪਲ ਸਰਵਣ ਸਿੰਘ ਦੀ ਕਲਮ ਪਾਠਕਾਂ ਤੇ ਲੋਕਾਂ ਦੇ ਰੂ-ਬ-ਰੂ ਕਰਦੀ ਹੈ।

ਪ੍ਰਿੰਸੀਪਲ ਸਰਵਣ ਸਿੰਘ ਦੁਆਰਾ ਲਿਖੀਆਂ ਕਈ ਪੁਸਤਕਾਂ ਤੇ ਰਚਨਾਵਾਂ ਨੂੰ ਸਕੂਲਾਂ, ਕਾਲਜਾਂ ਅਤੇ ਯੂਨੀਵਰਸਿਟੀਆਂ ਨੇ ਆਪਣੇ ਪਾਠਕ੍ਰਮ ਦਾ ਹਿੱਸਾ ਬਣਾਇਆ। 'ਅਖਾੜੇ ਦਾ ਸ਼ਹੀਦ' ਪੰਜਾਬ ਸਕੂਲ ਸਿੱਖਿਆ ਬੋਰਡ ਦੇ ਪਾਠਕ੍ਰਮ ਵਿਚ, 'ਪਿੰਡ ਦੀ ਸੱਥ 'ਚੋਂ' ਪੁਸਤਕ ਗਿਆਨੀ ਦੇ ਸਿਲੇਬਸ ਵਿਚ ਲੱਗੀ ਰਹੀ ਹੈ। ਸਫ਼ਰਨਾਮਾ 'ਅੱਖੀਂ ਵੇਖ ਨਾ ਰੱਜੀਆਂ' ਪੰਜਾਬ ਯੂਨੀਵਰਸਿਟੀ ਦੇ ਸਿਲੇਬਸ ਵਿਚ ਇਕ ਜਮਾਤ ਦੇ ਪਾਠਕ੍ਰਮ ਵਿਚ ਸ਼ਾਮਲ ਕਰੀ ਰੱਖਿਆ। 'ਉਡਣਾ ਸਿੱਖ ਮਿਲਖਾ ਸਿੰਘ' ਸ੍ਰੀ ਗੁਰੂ ਗ੍ਰੰਥ ਸਾਹਿਬ ਵਿਸ਼ਵ ਯੂਨੀਵਰਸਿਟੀ ਦੇ ਪਾਠਕ੍ਰਮ ਵਿਚ ਲੱਗਿਆ ਹੋਇਆ ਹੈ। 'ਸਨਾਈਪਸ' ਨਾਂ ਦੀ ਖੇਡ ਸੁਸਾਇਟੀ ਗਵਾਲੀਅਰ ਜੋ ਕਿ ਭਾਰਤੀ ਭਾਸ਼ਾਵਾਂ ਵਿਚ ਪ੍ਰਕਾਸ਼ਿਤ ਸਰੀਰਕ ਸਿੱਖਿਆ ਅਤੇ ਖੇਡਾਂ ਦੀਆਂ ਪੁਸਤਕਾਂ ਨੂੰ ਪੁਰਸਕਾਰ ਪ੍ਰਦਾਨ ਕਰਦੀ ਹੈ, ਉਸਨੇ 'ਖੇਡ ਜਗਤ ਵਿਚ ਭਾਰਤ' ਪੁਸਤਕ ਨੂੰ ਇਨਾਮ ਲਈ ਚੁਣਿਆ ਅਤੇ ਪ੍ਰਿੰਸੀਪਲ ਸਰਵਣ ਸਿੰਘ ਨੂੰ 'ਨੈਸ਼ਨਲ ਐਵਾਰਡ' ਦਿੱਤਾ। ਭਾਸ਼ਾ ਵਿਭਾਗ ਪੰਜਾਬ ਨੇ 'ਸ਼੍ਰੋਮਣੀ ਪੰਜਾਬੀ ਲੇਖਕ' ਪੁਰਸਕਾਰ ਨਾਲ ਸਨਮਾਨਿਆ। 'ਕਰਤਾਰ ਸਿੰਘ ਧਾਲੀਵਾਲ' ਐਵਾਰਡ, 'ਸੱਯਦ ਵਾਰਿਸ ਸ਼ਾਹ' ਐਵਾਰਡ, 'ਪਰਵਾਸੀ ਲੇਖਕ' ਐਵਾਰਡ ਆਦਿ ਅਨੇਕਾਂ ਹੋਰ ਸਨਮਾਨ ਉਸ ਦੀ ਝੋਲੀ ਪਏ। ਉਹ ਪੰਜਾਬ ਸਕੂਲ ਸਿੱਖਿਆ ਬੋਰਡ ਦਾ ਮੈਂਬਰ, ਗੁਰੂ ਨਾਨਕ ਦੇਵ ਯੂਨੀਵਰਸਿਟੀ ਅੰਮ੍ਰਿਤਸਰ ਦੇ ਸਿੰਡੀਕੇਟ ਤੇ ਸੈਨੇਟ ਮੈਂਬਰ ਵਜੋਂ ਵੀ ਨਾਮਜ਼ਦ ਰਿਹਾ।

ਪ੍ਰਿੰਸੀਪਲ ਸਰਵਣ ਸਿੰਘ ਦੁਆਰਾ ਪੰਜਾਬੀ ਖੇਡ ਸਾਹਿਤ ਦੇ ਖੇਤਰ ਵਿਚ ਕੀਤੀ ਮਿਹਨਤ ਮੁਸ਼ੱਕਤ ਅਤਿ ਸ਼ਲਾਘਾਯੋਗ ਹੈ। ਇਹ ਉਸਦੀ ਅੱਧੀ ਸਦੀ ਤੋਂ ਵੱਧ ਦੀ ਕੀਤੀ ਸੁਹਿਰਦ ਸਾਹਿਤਕ ਸਾਧਨਾ ਦਾ ਫ਼ਲ ਹੈ। ਪੰਜਾਬੀ ਖੇਡ ਸਾਹਿਤ ਦੇ ਖੇਤਰ ਵਿਚ ਹਾਲੇ ਤੱਕ ਉਸਦਾ ਕੋਈ ਸਾਨੀ ਨਹੀਂ। ਉਸ ਨੇ ਆਪਣੀ ਸਾਹਿਤਕ ਸਾਧਨਾ ਤੇ ਮਾਂ-ਬੋਲੀ ਦੀ ਕਲਾਤਮਿਕਤਾ ਦੇ ਵਰਣਨ ਜ਼ਰੀਏ ਦੇਸ਼ਾਂ/ਵਿਦੇਸ਼ਾਂ ਵਿਚ ਵਸੇ ਪੰਜਾਬੀਆਂ/ਪਾਠਕਾਂ, ਖਿਡਾਰੀਆਂ, ਖੇਡ ਪ੍ਰਮੋਟਰਾਂ, ਖੇਡ ਪ੍ਰਸ਼ੰਸਕਾਂ ਦਾ ਦਿਲ ਜਿੱਤ ਲਿਆ ਹੈ।

2023 ਵਿਚ ਹਕੀਮਪੁਰ ਦੇ ਹਰਬੰਸ ਸਿੰਘ ਪੁਰੇਵਾਲ ਯਾਦਗਾਰੀ ਖੇਡ ਮੇਲੇ 'ਚ ਪੁਰੇਵਾਲ ਭਰਾਵਾਂ ਤੇ ਦੇਸ਼-ਵਿਦੇਸ਼ ਦੇ ਖੇਡ ਪ੍ਰਮੋਟਰਾਂ ਵੱਲੋਂ ਪ੍ਰਿੰਸੀਪਲ ਸਰਵਣ ਸਿੰਘ ਨੂੰ ਉਨ੍ਹਾਂ ਦੀਆਂ ਉਮਰ ਭਰ ਦੀਆਂ ਖੇਡ ਸੇਵਾਵਾਂ ਲਈ 'ਖੇਡ ਰਤਨ' ਪੁਰਸਕਾਰ ਨਾਲ ਨਿਵਾਜਿਆ ਗਿਆ। ਉਸ ਪੁਰਸਕਾਰ ਵਿਚ ਸਵਾ ਦੋ ਤੋਲੇ ਦਾ ਗੋਲਡ ਮੈਡਲ, ਸਨਮਾਨ ਪਲੇਕ, ਕੰਬਲੀ, ਦਸਤਾਰ ਅਤੇ ਪੰਜ ਲੱਖ ਰੁਪਏ ਦੀ ਰਾਸ਼ੀ ਸ਼ਾਮਲ ਸੀ। ਧੰਨਵਾਦ ਕਰਦਿਆਂ ਉਨ੍ਹਾਂ ਨੇ ਪੰਜ ਲੱਖ ਦੀ ਰਾਸ਼ੀ ਇਹ ਕਹਿ ਕੇ ਮੋੜ ਦਿੱਤੀ ਕਿ ਇਸ ਨੂੰ ਪੰਜਾਬੀ ਖੇਡ ਸਾਹਿਤ ਦੀ ਪ੍ਰਮੋਸ਼ਨ ਲਈ ਕਿਤੇ ਹੋਰ ਵਰਤ ਲੈਣਾ। ਇੰਝ ਮਹਿਸੂਸ ਹੋਇਆ ਜਿਵੇਂ ਪ੍ਰਿੰਸੀਪਲ ਸਰਵਣ ਸਿੰਘ ਜ਼ਰੀਏ ਇਹ ਸਨਮਾਨ ਪੰਜਾਬੀ ਖੇਡ ਸਾਹਿਤ ਦਾ ਸਨਮਾਨ ਕੀਤਾ ਗਿਆ ਹੋਵੇ। ਪ੍ਰਿੰਸੀਪਲ ਸਰਵਣ ਸਿੰਘ ਨੂੰ ਮੁਬਾਰਕਬਾਦ ਦਿੰਦੇ ਹੋਏ ਅਸੀਂ ਦੁਆ ਕਰਦੇ ਹਾਂ ਕਿ 86 ਸਾਲ ਦੀ ਉਮਰੇ ਵੀ ਉਹ ਆਪਣੀ ਖੇਡ ਲੇਖਣੀ ਦੀ ਮੈਰਾਥਨ ਦੌੜ ਇੰਜ ਹੀ ਦੌੜਦੇ ਰਹਿਣ ਤੇ ਅਸੀਂ ਵੀ ਉਨ੍ਹਾਂ ਦੀਆਂ ਪਾਈਆਂ ਪੈੜਾਂ 'ਤੇ ਦੌੜਦੇ ਰਹੀਏ।

# ਸ਼ਿਕਵਾ ਕਿ ਸ਼ੁਕਰਾਨਾ

ਸਾਹਿਬਾਬਾਦ, ਦਿੱਲੀ ਤੋਂ ਗਾਜ਼ੀਆਬਾਦ ਜਾਂਦਿਆਂ ਰਸਤੇ ਵਿਚ ਇੱਕ ਛੋਟਾ ਜਿਹਾ ਕਸਬਾ ਮੋਹਨ ਮੀਕਨ, XXX Rum ਵਾਲਿਆਂ ਦੀ ਫੈਕਟਰੀ ਸਦਕਾ ਵਸਿਆ ਹੋਇਆ ਸ਼ਹਿਰ ਹੈ। ਕਾਲਜੋਂ ਨਿਕਲ ਕੇ, ਛੇ ਕੁ ਮਹੀਨੇ ਲੁਧਿਆਣੇ ਛੋਟੀ-ਮੋਟੀ ਨੌਕਰੀ ਤੋਂ ਬਾਅਦ, 1998 ਦੇ ਸ਼ੁਰੂ ਵਿਚ ਸਾਹਿਬਾਬਾਦ ਨੌਕਰੀ



ਸ਼ੁਰੂ ਕਰ ਦਿੱਤੀ। ਬਜਾਜ ਕਾਵਾਸਾਕੀ ਮੋਟਰ ਸਾਈਕਲ ਲੈ ਲਿਆ। ਦੋ ਕੁ ਸਾਲ ਨੌਕਰੀ ਕੀਤੀ ਤੇ ਵਿਆਹ ਹੋ ਗਿਆ। ਹੁਣ

**ਰਜਿੰਦਰ ਸਿੰਘ ਟਾਂਡਾ**

ਸਬਜ਼ੀ, ਦਾਲਾਂ, ਪਿਆਜ਼, ਆਲੂ ਜਦੋਂ ਮੋਟਰ ਸਾਈਕਲ ਦੇ ਦੋਵੇਂ ਹੈਂਡਲਾਂ ਨਾਲ ਲਟਕਾ ਕੇ ਲਿਆਉਣੇ ਪਏ ਤਾਂ ਮਨ ਵਿਚ ਆਇਆ ਮਨਾਂ, ਕਿਉਂ ਨਾ ਸਕੂਟਰ ਲਿਆ ਜਾਵੇ। ਇਹ ਕੰਮ ਤਾਂ ਤਾਉਮਰ ਚਲਣਾ। ਇਹ ਹੈਂਡਲਾਂ ਨਾਲ ਸਮਾਨ ਲਟਕਾਉਣ ਵਾਲਾ ਕੰਮ, ਔਖੈ।

ਸੋ ਇੱਕ ਦਿਨ ਮੋਟਰ ਸਾਈਕਲ ਵੇਚ ਕੇ, ਦੋ ਕੁ ਸਾਲ ਪੁਰਾਣਾ ਵੈਸਪਾ ਸਕੂਟਰ ਲੈ ਲਿਆ। ਪਹਿਲੇ ਦਿਨ ਕੰਮ 'ਤੇ ਚੱਲਿਆ ਤੇ ਰਸਤੇ ਵਿਚ ਮੇਰੇ ਵਾਲੇ ਹੱਥ ਪੈਟਰੋਲ ਪੰਪ ਪੈਂਦਾ ਸੀ। ਉੱਥੋਂ 50 ਰੁਪਏ ਦਾ ਪੈਟਰੋਲ ਪੁਆਇਆ ਤੇ ਪੰਪ ਵਾਲੇ ਮੁੰਡੇ ਕੋਲ਼ੋਂ ਉਹ ਕੱਪੀ ਜਿਹੀ ਨਾਲ ਮੋਬਿਲ ਆਇਲ ਟੈਂਕੀ ਵਿਚ ਪਾਉਣ ਲੱਗਿਆਂ ਥੋੜਾ ਜਿਹਾ ਡੁੱਲ ਗਿਆ। ਮੈਂ ਸਾਈਡ ਤੇ ਹੋ ਕੇ, ਪੁਰਾਣੇ ਕੱਪੜੇ ਨਾਲ ਸਾਫ ਕੀਤਾ। ਕਿੱਕ ਮਾਰੀ ਟੁਰ ਗਿਆ।

ਉਨ੍ਹਾਂ ਦਿਨਾਂ ਵਿਚ ਕਰੈਡਿਟ ਕਾਰਡ ਨਾਮ ਦੀ ਬਿਮਾਰੀ ਹਾਲੇ ਤੱਕ ਲੋਕਾਂ ਦੇ ਹੱਡਾਂ ਵਿਚ ਨਹੀਂ ਸੀ ਬੈਠੀ। ਸੋ ਸਾਰਾ ਦਿਨ ਨਗਦ ਸਮਾਨ ਖਰੀਦੀਦਾ ਸੀ। ਰਾਤ ਨੂੰ ਵਾਪਿਸ ਘਰ ਪਹੁੰਚ ਕੇ ਜੇਬ ਵਿਚੋਂ ਪੈਸੇ ਕੱਢ ਕੇ, ਅੰਗੀਠੀ (ਫੋਟੋਆਂ ਵਾਲੀ ਸਲੈਬ) ਤੇ ਰੱਖਣ ਲੱਗਿਆਂ, ਸਾਰਾ ਦਿਨ ਕੀਤੇ ਹੋਏ ਖਰਚੇ ਅਤੇ ਜੇਬ ਵਿਚ ਬਚੇ ਹੋਏ ਪੈਸਿਆਂ ਨੂੰ ਇੱਕ ਵਾਰ ਮਿਲਾਉਣ ਦੀ ਕੁਦਰਤਨ ਚੰਗੀ ਆਦਤ ਸੀ। ਜਦੋਂ ਪੈਸੇ ਰੱਖਣ ਲੱਗਿਆਂ ਗਿਣੇ, ਤੇ ਸਾਰੇ ਦਿਨ ਦੇ ਖਰਚੇ ਨਾਲੋਂ ਪੰਜਾਹ ਰੁਪਏ ਵੱਧ ਸਨ। ਮਨ ਨੂੰ ਫਿਕਰ ਹੋਇਆ ਕਿ ਕਿੱਥੇ ਗਲਤੀ ਲੱਗੀ?। ਖੈਰ ਪੰਜ-ਸੱਤ ਮਿੰਟ ਤੱਕ ਜਦੋਂ ਸਾਰੇ ਦੀ ਫਿਲਮ, ਅੱਖਾਂ ਵਿਚੋਂ ਕੱਢੀ ਤਾਂ ਯਾਦ ਆ ਗਿਆ ਕਿ ਪੈਟਰੋਲ ਪੰਪ ਵਾਲੇ ਮੁੰਡੇ ਦੇ ਪੈਸੇ, ਮੋਬਿਲ ਆਇਲ ਸਾਫ ਕਰਨ ਦੇ ਚੱਕਰ ਵਿਚ ਦੇ ਨਹੀਂ ਹੋਏ।

ਅਗਲੇ ਦਿਨ ਕੰਮ ਤੋਂ ਵਾਪਿਸ ਆਉਂਦਿਆਂ, ਪੈਟਰੋਲ ਪੰਪ ਦੂਜੇ ਹੱਥ ਪੈਣਾ ਸੀ। ਮੈਂ ਸਕੂਟਰ, ਪੰਪ 'ਤੇ ਲਾਇਆ ਤੇ ਉਨ੍ਹਾਂ ਦੇ ਮੈਨੇਜਰ ਨੂੰ ਕੱਲ ਦੇ ਕੋਈ ਪੈਸੇ ਘਟਣ ਬਾਰੇ ਪੁੱਛਿਆ ਤਾਂ ਉਹ ਕਹਿੰਦਾ, ਜੀ ਇੱਕ ਮੁੰਡੇ ਦੇ 50 ਰੁਪਏ ਘੱਟ ਸਨ। ਮੈਂ ਪੰਜਾਹ ਦਾ ਨੋਟ ਫੜਾਇਆ, ਕਿੱਕ ਮਾਰੀ। ਜਿਓਂ ਹੀ ਸਕੂਟਰ ਮੁੜ ਸੜਕ 'ਤੇ ਪਾਇਆ ਤਾਂ ਅੱਗੇ ਅੱਗੇ ਇੱਕ ਖੋਤਾ ਰੇਹੜਾ ਜਾ ਰਿਹਾ ਸੀ। ਅੱਗੋਂ ਬੱਸ ਆਈ ਤੇ ਖੋਤੇ ਰੇਹੜੇ ਵਾਲੇ ਨੇ ਖੋਤੇ ਦੀ ਰੱਸੀ ਐਸੀ ਖਿੱਚੀ ਕੀ BMW ਦੇ Disc Brake ਫੇਲ੍ਹ।

ਰੇਹੜਾ ਪੈਰ ਉੱਤੇ ਜਾਮ। ਸੋਚਣ ਦਾ ਮੌਕਾ ਈ ਨਹੀਂ ਮਿਲਿਆ। ਸਕੂਟਰ ਸਿੱਧਾ ਰੇੜੇ ਵਿਚ ਜਾਂ ਵੱਜਾ। ਸੱਜੇ ਪਾਸੇ ਵਾਲਾ ਸਕੂਟਰ ਦਾ ਪੈਨਲ, 6 ਇੰਚ ਮੁੜ ਗਿਆ, ਤੇ ਮਾੜਾ ਜਿਹਾ ਗੋਡੇ ਤੇ ਵੱਜਾ। ਕੋਈ ਖਾਸ ਸੱਟ ਨਹੀਂ ਲੱਗੀ। ਮੈਂ ਸਕੂਟਰ ਸਾਈਡ ਤੇ ਲਾ ਕੇ ਪੈਨਲ ਸਿੱਧਾ ਕਰਣ ਦਾ ਜੁਗਾੜ ਕਰਨ ਲੱਗਾ।

ਮਨ ਵਿਚ ਵਾਰ-ਵਾਰ ਇੱਕ ਹੀ ਸੁਆਲ ਅਤੇ ਰੱਬ ਨਾਲ ਕਈ ਗਿਲ-ਸ਼ਿਕਵੇ, ਕਿ ਮਨਾਂ ਇਹ ਸਕੂਟਰ ਦਾ ਲੋਹਾ ਨਹੀਂ ਚੰਗਾ, ਦੂਜੇ ਦਿਨ ਹੀ ਐਕਸੀਡੈਂਟ ਹੋ ਗਿਆ। ਦੂਜਾ ਵੱਡਾ ਗਿਲਾ ਇਹ ਕਿ ਜੇਕਰ ਮੈਂ ਇਹ ਕੱਲ ਵਾਲੇ ਦੇਣ ਤੋਂ ਰਹਿ ਗਏ ਪੈਸੇ, ਨਾ ਮੋੜਨ ਜਾਂਦਾ ਤਾਂ ਇਹ ਐਕਸੀਡੈਂਟ ਨਹੀਂ ਸੀ ਹੋਣਾ। ਇਹਦਾ ਮਤਲਬ ਕਿ ਇਮਾਨਦਾਰੀ ਦੀ ਵੀ ਸਜ਼ਾ ਮਿਲਦੀ ਹੈ। ਇੱਕ ਭਲਾ ਕਰੋ, ਉੱਤੋਂ ਸਕੂਟਰ ਟੁੱਟ ਕੇ ਵਿੰਗਾ ਹੋ ਗਿਆ।

ਖਿੱਚ ਧੂਹ ਕੇ ਪੈਨਲ ਥੋੜਾ ਸਿੱਧਾ ਕੀਤਾ, ਕਿੱਕ ਮਾਰੀ ਫਿਰ ਟੁਰ ਪਿਆ ਪਰ ਸੁਆਲ ਤੇ ਗਿਲਾ ਪਿੱਛਾ ਨਾ ਛੱਡਣ। ਇੱਕੋ ਗੱਲ ਕਿ ਰੱਬ ਸਾਹਮਣੇ ਆਵੇ ਤਾਂ ਪੁੱਛਾਂ, ਕਿ 'ਭਾਈ ਤੂੰ ਚੰਗਾ ਭਲਾਮਾਨਸ ਏ, ਇੱਕ ਚੰਗੇ ਕੀਤੇ ਕੰਮ ਦੀ ਕੋਈ ਸ਼ਾਬਾਸ਼ ਤਾਂ ਕੀ ਦੇਣੀ, ਤੂੰ ਤਾਂ ਸਕੂਟਰ ਵੀ ਤੋੜ ਛੱਡਿਆ।

ਚਲਦਿਆਂ ਚਲਦਿਆਂ, ਫਿਰ ਨਜ਼ਰ, ਟੁੱਟੇ ਤੇ ਵਿੰਗੇ ਹੋਏ ਪੈਨਲ ਅਤੇ ਬਿਲਕੁਲ ਤੰਦਰੁਸਤ ਸਾਬਤ ਪਏ ਗੋਡੇ ਉੱਤੇ ਗਈ ਤੇ ਇੱਕ ਕਮਾਲ ਦਾ ਖਿਆਲ ਆਇਆ ਕਿ ਮਨਾਂ ਜੇ ਇਹ ਐਕਸੀਡੈਂਟ ਸਕੂਟਰ ਦੀ ਬਜਾਏ, ਸਿਰਫ ਦੋ ਦਿਨ ਪਹਿਲਾਂ, ਮੋਟਰ ਸਾਈਕਲ 'ਤੇ ਹੁੰਦਾ ਤਾਂ ਟੁੱਟਣ ਵਾਲੀ ਚੀਜ਼ 'ਪੈਨਲ' ਨਹੀਂ ਸੀ ਹੋਣਾ, 'ਗੋਡਾ' ਹੋਣਾ ਸੀ। ਤੇ ਪੈਨਲ ਤਾਂ ਖਿੱਚ ਕੇ ਗੁਜ਼ਾਰਾ ਚੱਲਣ ਜੋਗਾ ਹੋ ਗਿਆ, ਜੇਕਰ ਗੋਡਾ ਟੁੱਟ ਜਾਂਦਾ, ਹੁਣ ਤੱਕ ਹਸਪਤਾਲ ਬੈਠਾ ਹੋਣਾ ਸੀ, ਸੋ ਬੰਦਾ ਬਣ ਜਾ। ਆਪਾਂ ਇੱਕ ਦਮ, ਗਿਲਾ-ਸ਼ਿਕਵਾ ਛਡ, ਸ਼ਾਂਤ ਚਿਤ ਹੋ ਕੇ ਸਕੂਟਰ ਦਾ ਚੌਥਾ ਗੇਅਰ ਪਾ ਲਿਆ।

# ਅਮਰੀਕਾ ਇਜ਼ਰਾਈਲ ਅੱਗੇ ਝੁਕਣ ਦੀ ਥਾਂ ਖਾਮਨੇਈ ਨੇ ਚੁਣੀ ਸ਼ਹਾਦਤ

ਅਜੋਕੇ ਸਮੇਂ ਮਹਾਂ ਸ਼ਕਤੀ ਸਮਝੇ ਜਾਂਦੇ ਸੁਪਰ ਪਾਵਰ ਦੇਸ਼ਾਂ ਦੀ ਸੱਤਾ 'ਤੇ ਬਿਰਾਜਮਾਨ ਲੀਡਰਸ਼ਿਪ ਦੀ ਹਉਮੈ, ਪਸਾਰਵਾਦੀ ਅਤੇ ਪਦਾਰਥਵਾਦੀ ਸੋਚ ਨੇ ਦੁਨੀਆ ਨੂੰ ਮੁੜ ਜੰਗ ਦੇ ਦਹਾਨੇ 'ਤੇ ਲਿਆ ਖੜ੍ਹਾ ਕੀਤਾ ਹੈ। ਸ਼ਨਿਚਰਵਾਰ ਨੂੰ ਜਿਸ ਤਰ੍ਹਾਂ ਇਜ਼ਰਾਈਲ ਤੇ ਅਮਰੀਕਾ ਨੇ ਇਰਾਨ 'ਤੇ ਇੱਕ ਤੋਂ ਬਾਅਦ ਇੱਕ ਹਮਲੇ ਕੀਤੇ ਅਤੇ ਇਸ ਦੇ ਜਵਾਬ 'ਚ ਇਰਾਨ ਨੇ ਜਿਸ ਤਰ੍ਹਾਂ ਇਜ਼ਰਾਈਲ ਸਮੇਤ ਜਿਨ੍ਹਾਂ ਮੱਧ ਪੂਰਬੀ ਦੇਸ਼ਾਂ ਵਿਚ ਅਮਰੀਕੀ ਫੌਜਾਂ ਤਾਇਨਾਤ ਸਨ, ਉਨ੍ਹਾਂ ਸੱਤ ਦੇਸ਼ਾਂ 'ਤੇ ਮਿਜ਼ਾਈਲਾਂ ਦਾਗੀਆਂ ਅਤੇ ਯੂ.ਏ.ਈ, ਕਤਰ ਅਤੇ ਸਾਊਦੀ ਅਰਬ ਸਮੇਤ ਅੱਧੀ ਦਰਜਨ ਤੋਂ ਵੱਧ ਦੇਸ਼ਾਂ ਵਿਚ ਬੈਠੀਆਂ ਅਮਰੀਕੀ ਫੌਜਾਂ ਨੂੰ ਆਪਣੇ



ਮੁਹੰਮਦ ਅੱਬਾਸ ਧਾਲੀਵਾਲ
ਫੋਨ: 98552-59650

ਨਿਸ਼ਾਨੇ 'ਤੇ ਲਿਆ, ਉਸ ਤੋਂ ਸਪਸ਼ਟ ਸੀ ਕਿ ਇਸ ਵਾਰ ਇਰਾਨ ਆਰ-ਪਾਰ ਦੀ ਲੜਾਈ ਦੇ ਮੂਡ ਵਿਚ ਹੈ।

ਇਰਾਨ ਦਾ ਸੁਪਰੀਮ ਲੀਡਰ ਖਾਮਨੇਈ ਜਦੋਂ ਆਪਣੀ ਦਫ਼ਤਰ ਨੁਮਾ ਲਾਇਬ੍ਰੇਰੀ ਵਿਚ ਮੌਜੂਦ ਸਨ ਤਾਂ ਉਨ੍ਹਾਂ 'ਤੇ ਇਜ਼ਰਾਈਲ ਅਤੇ ਅਮਰੀਕਾ ਵਲੋਂ ਸਮੂਹਿਕ ਹਮਲਾ ਕੀਤਾ ਗਿਆ ਜਿਸ ਦੌਰਾਨ ਕਰੀਬ 86 ਸਾਲਾ ਖਾਮਨੇਈ ਸ਼ਹੀਦ ਹੋ ਗਏ। ਉਨ੍ਹਾਂ ਦੀ ਸ਼ਹਾਦਤ ਨਾਲ ਦੁਨੀਆਂ ਭਰ 'ਚ ਹੱਕ ਦੀ ਆਵਾਜ਼ ਉਠਾਉਣ ਵਾਲਿਆਂ ਜਾਂ ਇਸਦਾ ਸਿੱਧੇ ਜਾਂ ਅਸਿੱਧੇ ਰੂਪ ਵਿਚ ਸਮਰਥਨ ਕਰਨ ਵਾਲਿਆਂ ਨੂੰ ਬਹੁਤ ਜ਼ਿਆਦਾ ਨੁਕਸਾਨ ਤੇ ਡਾਢਾ ਦੁੱਖ ਪਹੁੰਚਿਆ ਹੈ, ਜਿਸ ਦੀ ਭਰਪਾਈ ਮੁਸ਼ਕਿਲ ਹੈ।

ਜ਼ਿਕਰਯੋਗ ਹੈ ਕਿ ਪਿਛਲੇ ਤਕਰੀਬਨ ਪੰਤਾਲੀ ਸਾਲਾਂ ਤੋਂ ਆਇਤ-ਉੱਲਾ-ਖਾਮਨੇਈ ਇਰਾਨ ਦੇ ਸੁਪਰੀਮ ਲੀਡਰ ਵਜੋਂ ਪੂਰੀ ਦੁਨੀਆ ਵਿਚ ਜਾਣੇ ਜਾਂਦੇ ਸਨ। ਇਰਾਕ ਦੇ ਸੱਦਾਮ ਹੁਸੈਨ ਤੋਂ ਮਗਰੋਂ ਖਾਮਨੇਈ ਇਕਲੌਤੇ ਨੇਤਾ ਸਨ ਜੋ ਲਗਭਗ ਪਿਛਲੀ ਅੱਧੀ ਸਦੀ ਤੋਂ ਅਮਰੀਕਾ ਤੇ ਇਜ਼ਰਾਈਲ ਨੂੰ ਮੂੰਹ ਤੋੜ ਜਵਾਬ ਦੇਣ ਦੀ ਜੁਰਅਤ ਅਤੇ ਜਜ਼ਬਾ ਰੱਖਦੇ ਸਨ। ਇਹੋ ਵਜਾਹ ਹੈ ਕਿ ਇਜ਼ਰਾਈਲ ਤੇ ਅਮਰੀਕੀ ਸ਼ਾਸਕਾਂ ਨੂੰ ਉਹ ਇੱਕ ਅੱਖ ਨਹੀਂ ਸਨ ਭਾਉਂਦੇ।

ਹੁਣ ਜਦੋਂ ਖਾਮਨੇਈ ਸ਼ਹੀਦ ਹੋ ਚੁੱਕੇ ਹਨ ਤਾਂ ਇਹ ਸਮਾਂ ਨਾ ਸਿਰਫ਼ ਇਰਾਨ ਬਲਕਿ ਪੂਰੀ ਦੁਨੀਆਂ ਦੇ ਮੁਸਲਮਾਨਾਂ ਲਈ ਸੰਵੇਦਨਸ਼ੀਲ ਹੈ।

ਰਾਹਤ ਇੰਦੌਰੀ ਨੇ ਕਦੇ ਕਿਹਾ ਸੀ:

ਲਗੇਗੀ ਆਗ ਤੋ ਆਏਂਗੇ ਘਰ ਕਈ ਜ਼ਦ ਮੇਂ।
ਯਹਾਂ ਪੇ ਸਿਰਫ਼ ਹਮਾਰਾ ਮਕਾਨ ਥੋੜ੍ਹੀ ਹੈ॥

ਉਧਰ, ਖ਼ਾਮਨੇਈ ਦੀ ਸ਼ਹਾਦਤ ਤੋਂ ਇਕ ਦਿਨ ਬਾਅਦ ਅਲ-ਜ਼ਜੀਰਾ ਦੀ ਆਈ ਇੱਕ ਰਿਪੋਰਟ ਮੁਤਾਬਕ ਇਜ਼ਰਾਇਲੀ ਫੌਜ ਨੇ ਤਹਿਰਾਨ ਦੇ ਅੰਦਰਲੇ ਇਲਾਕਿਆਂ ਵਿਚ ਹਮਲੇ ਸ਼ੁਰੂ ਕਰ ਦਿੱਤੇ ਹਨ। ਜਦੋਂ ਕਿ ਈਰਾਨ ਦੀ ਇਸਲਾਮਿਕ ਰੈਵੋਲੂਸ਼ਨਰੀ ਗਾਰਡ ਕੋਰ ਨੇ ਬਦਲੇ ਵਜੋਂ ਇਜ਼ਰਾਇਲੀ ਫੌਜੀ ਠਿਕਾਣਿਆਂ ਅਤੇ ਮੱਧ ਪੂਰਬ ਵਿਚ ਅਮਰੀਕਾ ਦੇ 27 ਅੱਡਿਆਂ ਨੂੰ ਨਿਸ਼ਾਨਾ ਬਣਾਉਂਦਿਆਂ 'ਵਿਆਪਕ ਮਿਜ਼ਾਈਲ ਅਤੇ ਡਰੋਨ' ਹਮਲਿਆਂ ਦੀ ਛੇਵੀਂ ਲਹਿਰ ਦਾ ਐਲਾਨ ਕੀਤਾ।

ਇਸ ਤੋਂ ਪਹਿਲਾਂ ਈਰਾਨ ਦੇ ਸਰਕਾਰੀ ਮੀਡੀਆ ਨੇ ਖ਼ਾਮਨੇਈ ਦੀ ਸ਼ਹਾਦਤ ਦੀ ਪੁਸ਼ਟੀ ਕੀਤੀ, ਨਾਲ ਹੀ ਸੁਰੱਖਿਆ ਸਲਾਹਕਾਰ ਅਲੀ ਸ਼ਮਖਾਨੀ ਅਤੇ ਗ੍ਰਿਫ਼ ਦੇ ਕਮਾਂਡਰ-ਇਨ-ਚੀਫ਼ ਮੁਹੰਮਦ ਪਾਕਪੂਰ ਦੇ ਮਾਰੇ ਜਾਣ ਦੀ ਵੀ ਪੁਸ਼ਟੀ ਕੀਤੀ। ਜਦੋਂ ਕਿ ਹਮਸ਼ਹਰੀ ਅਖ਼ਬਾਰ ਮੁਤਾਬਕ ਅਹਿਮਦ ਵਾਹਿਦੀ ਨੂੰ ਗ੍ਰਿਫ਼ ਦਾ ਨਵਾਂ ਕਮਾਂਡਰ-ਇਨ-ਚੀਫ਼ ਨਿਯੁਕਤ ਕੀਤਾ ਗਿਆ ਹੈ। ਅਲ-ਜ਼ਜੀਰਾ ਇਸ ਖ਼ਬਰ ਦੀ ਸੁਤੰਤਰ ਤੌਰ 'ਤੇ ਪੁਸ਼ਟੀ ਨਹੀਂ ਕਰ ਸਕਿਆ।

ਹਮਲਿਆਂ ਵਿੱਚ ਈਰਾਨੀ ਸ਼ਸਤਰ ਬਲਾਂ ਦੇ ਚੀਫ਼-ਆਫ਼-ਸਟਾਫ਼ ਅਬਦੁਲ ਰਹੀਮ ਮੂਸਵੀ ਅਤੇ ਰੱਖਿਆ ਮੰਤਰੀ ਅਜ਼ੀਜ਼ ਨਾਸਿਰਜ਼ਾਦੇਹ ਵੀ ਸ਼ਹੀਦ ਹੋ ਗਏ।

ਈਰਾਨ ਦੇ ਸਰਕਾਰੀ ਟੀਵੀ ਮੁਤਾਬਕ ਤਿੰਨ ਮੈਂਬਰੀ ਕੌਂਸਲ — ਜਿਸ ਵਿਚ ਈਰਾਨ ਦੇ ਰਾਸ਼ਟਰਪਤੀ ਮਸਊਦ ਪੇਜ਼ੇਸ਼ਕਿਆਨ, ਨਿਆਂਪਾਲਿਕਾ ਦੇ ਮੁਖੀ ਅਤੇ ਗਾਰਡੀਅਨ ਕੌਂਸਲ ਦੇ ਇੱਕ ਜੂਰਿਸਟ ਸ਼ਾਮਲ ਹਨ — ਅਸਥਾਈ ਤੌਰ 'ਤੇ ਦੇਸ਼ ਦੀਆਂ ਸਾਰੀਆਂ ਜ਼ਿੰਮੇਵਾਰੀਆਂ ਸੰਭਾਲੇਗੀ। ਈਰਾਨ ਦੇ ਸੀਨੀਅਰ ਸੁਰੱਖਿਆ ਅਧਿਕਾਰੀ ਅਲੀ ਲਾਰਿਜਾਨੀ ਨੇ ਕਿਹਾ ਕਿ ਖ਼ਾਮਨੇਈ ਦੀਆਂ ਜ਼ਿੰਮੇਵਾਰੀਆਂ ਨਿਭਾਉਣ ਲਈ ਇੱਕ ਅਸਥਾਈ ਸ਼ਾਸਕੀ ਸੰਰਚਨਾ ਬਣਾਉਣ ਦੀ ਯੋਜਨਾ ਤਿਆਰ ਹੈ।

ਉਧਰ ਦੱਖਣੀ ਇਰਾਨ ਦੇ ਮੀਨਾਬ ਸ਼ਹਿਰ ਵਿਚ ਕੁੜੀਆਂ ਦੇ ਇਕ ਪ੍ਰਾਇਮਰੀ ਸਕੂਲ 'ਤੇ ਹਮਲੇ ਵਿਚ ਮਰਨ ਵਾਲਿਆਂ ਦੀ ਗਿਣਤੀ ਵਧ ਕੇ 148 ਹੋ ਗਈ ਹੈ, ਜਦਕਿ 95 ਹੋਰ ਲੋਕ ਜ਼ਖ਼ਮੀ ਹੋਏ ਹਨ।

ਖ਼ਾਮਨੇਈ ਦੇ ਸਮਰਥਕ ਉਨ੍ਹਾਂ ਦੀ ਹੱਤਿਆ 'ਤੇ ਸੋਗ ਮਨਾਉਣ ਲਈ ਤਹਿਰਾਨ ਅਤੇ ਇਸਫਹਾਨ ਸਮੇਤ ਇਰਾਨ ਦੇ ਮੁੱਖ ਸ਼ਹਿਰਾਂ ਦੀਆਂ ਸੜਕਾਂ 'ਤੇ ਉਤਰ ਆਏ। ਇਸ ਦੇ ਨਾਲ ਹੀ ਖ਼ਾਮਨੇਈ ਦੀ ਹੱਤਿਆ ਦੀ ਨਿੰਦਾ ਕਰਦਿਆਂ ਪ੍ਰਦਰਸ਼ਨਾਂ ਦੀਆਂ ਖ਼ਬਰਾਂ ਹੋਰ ਸ਼ਹਿਰਾਂ — ਸ਼ੀਰਾਜ਼, ਯਾਸੂਜ ਅਤੇ



ਲੋਰਿਸਤਾਨ ਤੋਂ ਵੀ ਮਿਲੀਆਂ ਹਨ। ਪ੍ਰਦਰਸ਼ਨਕਾਰੀਆਂ ਆਖਿਆ, 'ਰਸਮੀ ਸਮਾਗਮ ਹੋਣ ਦੀ ਉਮੀਦ ਹੈ,' ਅਤੇ ਇਹ ਵੀ ਦੱਸਿਆ ਕਿ ਸੰਭਵ ਹੈ ਇਹ ਸਮਾਗਮ ਦੇਸ਼ ਭਰ ਵਿਚ ਜਾਰੀ ਬੰਬਾਰੀ ਦੇ ਦਰਮਿਆਨ ਹੀ ਕਰਵਾਏ ਜਾਣ।

ਇਰਾਨ ਦੇ ਸਰਕਾਰੀ ਮੀਡੀਆ ਵੱਲੋਂ ਦਿਖਾਈ ਗਈ ਫੁਟੇਜ ਵਿਚ ਮਸ਼ਹਦ ਵਿਚ ਇਮਾਮ ਰਜ਼ਾ ਦੀ ਦਰਗਾਹ 'ਤੇ ਸਮਰਥਕਾਂ ਨੂੰ ਸੋਗ ਮਨਾਉਂਦੇ ਹੋਏ ਵਿਖਾਇਆ ਗਿਆ, ਜਿੱਥੇ ਕਈ ਲੋਕ ਰੋਂਦੇ ਅਤੇ ਦੁੱਖ ਨਾਲ ਬੇਹੋਸ਼ ਹੁੰਦੇ ਨਜ਼ਰ ਆਏ।

ਇਸ ਹੱਤਿਆ ਕਾਰਨ ਗੁਆਂਢੀ ਦੇਸ਼ ਇਰਾਕ ਵਿਚ ਵੀ ਪ੍ਰਦਰਸ਼ਨ ਹੋਏ, ਜਿੱਥੇ ਤਿੰਨ ਦਿਨਾਂ ਦੇ ਸਰਕਾਰੀ ਸੋਗ ਦਾ ਐਲਾਨ ਕੀਤਾ ਗਿਆ। ਬਗ਼ਦਾਦ ਵਿਚ ਪ੍ਰਦਰਸ਼ਨਕਾਰੀਆਂ ਨੇ ਸਖ਼ਤ ਸੁਰੱਖਿਆ ਵਾਲੇ ਗ੍ਰੀਨ ਜ਼ੋਨ ਵਿਚ ਸੁਰੱਖਿਆ ਬਲਾਂ ਦਾ ਸਾਹਮਣਾ ਕੀਤਾ, ਜਿੱਥੇ ਇਰਾਕੀ ਸਰਕਾਰੀ ਇਮਾਰਤਾਂ ਅਤੇ ਵਿਦੇਸ਼ੀ ਦੂਤਾਵਾਸ ਸਥਿਤ ਹਨ।

ਖ਼ਾਮਨੇਈ ਦੀ ਸ਼ਹਾਦਤ ਤੋਂ ਬਾਅਦ ਕੈਮਰੇ ਸਾਹਮਣੇ ਆਉਣ ਵਾਲੇ ਇਰਾਨ ਦੇ ਸਭ ਤੋਂ ਉੱਚੇ ਅਧਿਕਾਰੀ, ਸੰਸਦ ਦੇ ਸਪੀਕਰ ਮੁਹੰਮਦ ਬਾਕਿਰ ਗਾਲੀਬਾਫ ਨੇ ਅਮਰੀਕਾ ਅਤੇ ਇਜ਼ਰਾਈਲ ਦੇ ਨੇਤਾਵਾਂ ਨੂੰ 'ਗੰਦੇ ਅਪਰਾਧੀ' ਕਹਿੰਦੇ ਹੋਏ ਚੇਤਾਵਨੀ ਦਿੱਤੀ ਕਿ ਉਨ੍ਹਾਂ ਨੂੰ 'ਤਬਾਹਕੁਨ ਝਟਕੇ' ਮਿਲਣਗੇ ਅਤੇ ਆਖ਼ਿਰਕਾਰ ਉਹ ਖ਼ੁਦ ਰਹਿਮ ਦੀ ਭਿਖ ਮੰਗਣ 'ਤੇ ਮਜਬੂਰ ਹੋਣਗੇ।

ਖਾਮਨੇਈ ਦੀ ਸ਼ਹਾਦਤ 'ਤੇ ਆਪਣੀ ਫੇਸਬੁੱਕ ਵਾਲ 'ਤੇ ਪੱਤਰਕਾਰ ਰਵੀਸ਼ ਕੁਮਾਰ ਨੇ ਲਿਖਿਆ, 'ਦੁਨੀਆ ਖ਼ਾਮਨੇਈ ਦੀ ਸ਼ਹਾਦਤ ਨੂੰ ਯਾਦ ਰੱਖੇਗੀ। ਉਨ੍ਹਾਂ ਦੀ ਬਹਾਦਰੀ ਦੀ ਮਿਸਾਲ ਸ਼ਹਾਦਤ ਦੇ ਹਰ ਜ਼ਿਕਰ ਵਿਚ ਅੱਗੇ ਰਹੇਗੀ। ਉਨ੍ਹਾਂ ਨੂੰ ਪਤਾ ਸੀ ਕਿ ਅਮਰੀਕਾ ਉਨ੍ਹਾਂ ਨੂੰ ਟਾਰਗੇਟ ਕਰ ਸਕਦਾ ਸੀ, ਫਿਰ ਵੀ ਉਹ ਤਹਿਰਾਨ ਛੱਡ ਕੇ ਨਹੀਂ ਭੱਜੇ, ਕਿਸੇ ਬੰਕਰ ਵਿਚ ਨਹੀਂ ਗਏ, ਸਗੋਂ ਆਪਣੇ ਦਫ਼ਤਰ ਵਿਚ ਕੰਮ ਕਰਦੇ ਹੋਏ ਉਨ੍ਹਾਂ ਨੇ ਸ਼ਹਾਦਤ ਨੂੰ ਗਲੇ ਲਗਾ ਲਿਆ। ਟਰੰਪ, ਖ਼ਾਮਨੇਈ ਨੂੰ ਮਾਰ ਕੇ ਆਪਣੇ ਆਪ ਨੂੰ ਜੇਤੂ ਹੋਣ ਦਾ ਦਾਅਵਾ ਨਹੀਂ ਕਰ ਸਕਦੇ ਕਿਉਂਕਿ ਖ਼ਾਮਨੇਈ ਦੀ ਸ਼ਹਾਦਤ ਦੇ ਸਾਹਮਣੇ ਉਨ੍ਹਾਂ ਦੀ ਇਹ ਕਥਿਤ ਬਹਾਦਰੀ ਬਹੁਤ ਮਾਮੂਲੀ ਹੈ। ਖ਼ਾਮਨੇਈ ਦੀ ਸ਼ਹਾਦਤ ਮੱਧ ਪੂਰਬ ਦੇ ਪਿਛਲੇ ਸੱਤਰ-ਅੱਸੀ ਸਾਲਾਂ ਦੇ ਇਤਿਹਾਸ ਦੀ ਸਭ ਤੋਂ ਵੱਡੀ ਘਟਨਾ ਹੈ। ਇਸ ਘਟਨਾ ਦਾ ਵਿਸ਼ਾਲ ਅਸਰ ਹੋਣ ਵਾਲਾ ਹੈ। ਇੱਥੋਂ ਵਾਕਈ ਇਰਾਨ ਦੇ ਅਸਤਿਤਵ ਦੀ ਲੜਾਈ ਸ਼ੁਰੂ ਹੋ ਜਾਂਦੀ ਹੈ। ਜਿਸ ਅਸਤਿਤਵ ਦੇ ਨਾਮ 'ਤੇ ਇਰਾਨ ਟਿਕਿਆ ਰਿਹਾ, ਹੁਣ ਉਸ ਦੀਆਂ ਸਾਰੀਆਂ ਤਿਆਰੀਆਂ ਦੀ ਪਰਖ ਦਾ ਸਮਾਂ ਆ ਗਿਆ ਹੈ।'

ਕੁੱਲ ਮਿਲਾ ਕੇ ਖਾਮਨੇਈ ਦੀ ਸ਼ਹਾਦਤ ਨੇ ਦੁਨੀਆ ਦੇ ਵੱਖ-ਵੱਖ ਦੇਸ਼ਾਂ ਦੀਆਂ ਹਕੂਮਤਾਂ ਦੇ ਸ਼ਾਸਕਾਂ ਨੂੰ ਝੰਜੋੜ ਕੇ ਰੱਖ ਦਿੱਤਾ ਹੈ।

ਉਧਰ, ਸੋਸ਼ਲ ਮੀਡੀਆ ਨਾਲ ਜੁੜੇ ਹੋਏ ਵੱਖ-ਵੱਖ ਲੋਕਾਂ ਨੇ ਸ਼ਹੀਦ ਖਾਮਨੇਈ ਨੂੰ ਆਪਣੇ ਆਪਣੇ ਅੰਦਾਜ਼ ਵਿਚ ਇਸ ਤਰ੍ਹਾਂ ਸ਼ਰਧਾਂਜਲੀ ਦਿੱਤੀ। ਇਸ ਸੰਦਰਭ ਵਿਚ ਸਰਫ਼ਰਾਜ ਬਜ਼ਮੀ ਲਿਖਦੇ ਹਨ:

ਰਾਹੇ ਵਫਾ ਕੇ ਸ਼ਹੀਦੋ ਸਲਾਮ ਹੋ ਤੁਮ ਪਰ,
ਤੁਮਹੀਂ ਤੋ ਗ਼ੈਰਤ ਏ ਉੱਮਤ ਕੀ ਆਨ ਬਾਨ ਹੂਏ।
ਝੁਕੇ ਨਖੂਤੇ ਸ਼ਾਹੀ ਕੇ ਆਸਤਾਨੇ ਪਰ,
ਬਲਾ ਸੇ ਰਾਹ ਏ ਵਫ਼ਾ ਮੇਂ ਲਹੂ ਲੁਹਾਨ ਹੂਏ।

ਡਾ. ਵਫ਼ਾ ਨਕਵੀ ਖਾਮਨੇਈ ਨੂੰ ਸ਼ਰਧਾਂਜਲੀ ਦਿੰਦੇ ਹੋਏ ਲਿਖਦੇ ਹਨ:

ਹਰ ਦੌਰ ਕਾ ਸ਼ਹੀਦ ਤੇਰੇ ਕਾਫਲੇ ਮੇਂ ਹੈ,
ਹੋਤੀ ਨਹੀਂ ਹੁਸੈਨ ਤੇਰੀ ਕਰਬਲਾ ਤਮਾਮ।

ਸਾਬਰ ਜ਼ਾਫ਼ਰ ਲਿਖਦੇ ਹਨ:

ਨਾ ਇੰਤਜ਼ਾਰ ਕਰੋ ਉਨਕਾ ਐ ਅਜ਼ਾ-ਦਾਰੋ,
ਸ਼ਹੀਦ ਜਾਤੇ ਹੈਂ ਜੰਨਤ ਕੋ, ਘਰ ਨਹੀਂ ਆਤੇ।

# ਰੂਹਾਨੀ ਮੁਹੱਬਤ ਦਾ ਹਿਸਾਬ-ਕਿਤਾਬ

ਜ਼ਿੰਦਗੀ ਨਾਮਾ



ਹਰਪ੍ਰੀਤ ਸਿੰਘ ਜਵੰਦਾ

***ਹਰਪ੍ਰੀਤ ਜਵੰਦਾ ਸੱਚਮੁੱਚ ਨਿੱਕੀ ਕਹਾਣੀ ਦਾ ਬਾਦਸ਼ਾਹ ਹੈ। ਆਪਣੇ ਆਲੇ-ਦੁਆਲੇ ਤੋਂ ਬੜੇ ਸੂਖਮ ਜਿਹੇ ਵਿਸ਼ੇ ਲੈ ਕੇ ਕਹਾਣੀ ਲਿਖਦਾ ਹੈ, ਜਿਸ ਵਿਚ ਕੋਈ ਸਾਰਥਕ ਸੁਨੇਹਾ ਵੀ ਹੁੰਦਾ ਹੈ। ਕਹਾਣੀ ਜਾਂ ਅਸਲੀ ਬਿਰਤਾਂਤ ਨੂੰ ਇੰਨੇ ਘੱਟ ਸ਼ਬਦਾਂ ਵਿਚ ਸਮੇਟਣਾ ਆਪਣੇ-ਆਪ ਵਿਚ ਲਾਜਵਾਬ ਹੈ। ਅਸੀਂ ਹਰਪ੍ਰੀਤ ਜਵੰਦਾ ਦਾ 'ਜ਼ਿੰਦਗੀ ਨਾਮਾ' ਕਾਲਮ ਸ਼ੁਰੂ ਕੀਤਾ ਹੈ। ਉਮੀਦ ਹੈ ਪਾਠਕਾਂ ਨੂੰ ਪਸੰਦ ਆ ਰਿਹਾ ਹੋਵੇਗਾ।***

ਰੂਹਾਨੀ ਮੁਹੱਬਤ ਦਾ ਹਿਸਾਬ ਕਿਤਾਬ ਓਦੋਂ ਪੱਲੇ ਪਿਆ ਜਦੋਂ ਇੱਕ ਤੋਂ ਦੋ ਹੋਣ ਦਾ ਸਬੱਬ ਬਣਿਆ...ਸਾਲ ਮਗਰੋਂ ਵਜੂਦ ਅੰਦਰੋਂ ਜਿਉਂਦੀ ਜਾਗਦੀ ਸ਼ੈਅ ਨੇ ਸਾਡੇ ਦੋਹਾਂ ਦੇ ਐਨ ਵਿਚਕਾਰ ਵਾਲੀ ਥਾਂ ਆਣ ਮੱਲੀ...!

ਪਹਿਲੋਂ ਮੇਰੇ 'ਤੇ ਅਨੇਕਾਂ ਬੰਦਿਸ਼ਾਂ, ਪਾਬੰਦੀਆਂ...ਪਾਉਣਾ, ਖਾਣਾ, ਹੰਢਾਉਣਾ...ਕਿਦੇ ਨਾਲ ਗੱਲ ਕਰਨੀ...ਅੰਦਰ ਬਾਹਰ ਜਾਣਾ...ਸਭ ਕੁਝ ਇੱਕ ਹੋਰ ਧਿਰ ਤੈਅ ਕਰਿਆ ਕਰਦੀ ਸੀ...!

ਅੱਖਰ...ਸਿਆਹੀ...ਕਾਗਜ਼...ਵਰਕੇ, ਇਮਤਿਹਾਨ ਅਤੇ ਕਿਤਾਬਾਂ ਮੇਰੀ ਜ਼ਿੰਦਗੀ ਦਵਾਲੇ ਵਲਗਣ ਦਾ ਕੰਮ ਕਰਦੇ...!

ਮੇਰੇ ਮੁਕੱਦਰਾਂ ਦਾ ਉੱਚਾ ਲੰਮਾਂ ਸਿਕੰਦਰ...ਵਰਦੀ ਵਾਲਾ ਵੱਡਾ ਅਫਸਰ ਸੀ ਅਤੇ ਮੈਂ ਸਮਰਪਿਤ ਅਧਿਆਪਕਾ...ਹਮੇਸ਼ਾਂ ਰੱਬ ਦਾ ਸ਼ੁਕਰ ਕਰਦੀ...ਜ਼ਿੰਦਗੀ ਨੇ ਸਭ ਕੁਝ ਦਿੱਤਾ...ਇੱਜ਼ਤ ਮਾਣ ਰੁਤਬਾ ਸਿਫਤ ਸਲਾਹੁਤਾਂ...!

ਫੇਰ ਖੁਸ਼ੀ ਦੇ ਇਹ ਪਲ ਅੱਖ ਦੇ ਫ਼ੋਰ ਵਿਚ ਨਿੱਕਲ ਗਏ...ਪੁੱਤਰ ਵੱਡਾ ਹੋ ਕੇ ਅੱਗੋਂ ਪੜ੍ਹਾਈ ਕਰਨ ਬਾਹਰ ਚਲਾ...ਇੱਕ ਹੋਰ ਗੱਲ...ਮੇਰੀ ਜੀਵਨ ਪੱਤਰੀ ਵਿਚ ਚੌਥੀ ਧਿਰ ਦੀ ਆਮਦ ਵੀ ਹੋਈ...ਪਰ ਧੀ ਦਾ ਸੁਖ ਸ਼ਾਇਦ ਕਰਮਾਂ ਵਿਚ ਨਹੀਂ ਸੀ ਲਿਖਿਆ!

ਚਾਲੀਆਂ ਤੋਂ ਟੱਪਦਿਆਂ ਹੀ ਕੁਝ ਸਰੀਰਕ ਪੇਚੀਦਗੀਆਂ ਨੇ ਥਾਂ ਆਣ ਮੱਲੀ...ਓਪਰੇਸ਼ਨ ਦੇ ਬਾਅਦ ਵਜੂਦ ਥੋੜ੍ਹਾ ਭਾਰੀ ਹੋ ਗਿਆ...ਇੱਕ ਅਜੀਬ ਅਹਿਸਾਸ ਅਕਸਰ ਹੀ ਵਜੂਦ ਦੀਆਂ ਕੰਧਾਂ ਨਾਲ ਖਹਿ ਕੇ ਲੰਘਿਆ ਕਰਦਾ...ਇੰਝ ਲੱਗਦਾ ਇੱਕ ਨਿੱਜੀ ਸ਼ੈਅ ਪਲ-ਪਲ ਮੈਥੋਂ ਦੂਰ ਹੁੰਦੀ ਜਾ ਰਹੀ ਹੈ...ਇਕੱਲਾਪਣ ਰੂਹ ਨੂੰ ਚੋਰੀ-ਚੋਰੀ ਕੁਤਰਨ ਲੱਗਾ...ਕਿਸੇ ਦੇ ਕੋਲ ਹੋਣ ਦੀ ਤ੍ਰਿਸ਼ਨਾ ਮਨ 'ਤੇ ਭਾਰੂ ਹੁੰਦੀ ਤਾਂ ਮੈਂ ਸੰਸਾਰ ਜੰਗਲ ਵਿਚ ਇਕੱਲੀ ਭਟਕਣ ਨਿੱਕਲ ਜਾਂਦੀ...!

ਫੌਜੀ ਵਰਦੀ ਸਰੀਰਕ ਤੌਰ 'ਤੇ ਕੋਲ ਹੁੰਦੀ ਪਰ ਮਾਨਸਿਕਤਾ ਕਿਧਰੇ ਹੋਰ ਹੀ ਭਟਕ ਰਹੀ ਹੁੰਦੀ...ਜੀ ਕਰਦਾ ਇਸਦਾ ਫੋਨ ਕੰਧ ਨਾਲ ਮਾਰ ਕੇ ਭੰਨ ਦਿਆਂ...ਪਰ ਕੁਝ ਆਖਣ ਪੁੱਛਣ ਦਾ ਹੀਆ ਨਾ ਪੈਂਦਾ...ਬੱਸ ਅੰਦਰੋਂ ਅੰਦਰ ਹੀ ਇੱਕ ਜੰਗ ਚੱਲਦੀ ਰਹਿੰਦੀ...!

ਪ੍ਰਮੋਸ਼ਨ ਮਗਰੋਂ ਪੋਸਟਿੰਗ ਹੋਰ ਦੂਰ ਹੋ ਗਈ...ਨਾਗਾਲੈਂਡ ਕੋਹਿਮਾ ਵੱਲ...ਗੱਲਬਾਤ ਦਾ ਮਾਧਿਆਮ ਸਿਰਫ ਵ੍ਹਟਸਐਪ ਅਤੇ ਮਿਲਣਾ-ਜੁਲਣਾ ਨਾ ਮਾਤਰ...!

ਫੇਰ ਜੀਵਨ ਜਾਚ ਨੇ ਇੱਕ ਕਸੂਤਾ ਜਿਹਾ ਪਾਸਾ ਵੱਟਿਆ...ਨਿੱਕੀ-ਨਿੱਕੀ ਗੱਲ 'ਤੇ ਬਹਿਸ ਬੁਲਾਰਾ ਵਧ ਗਿਆ...ਮੁਹੱਬਤ ਵਾਲੀ ਕਿਆਰੀ ਅੰਦਰ ਲਾਏ ਬੂਟੇ ਵੀ ਸੁੱਕਣ ਲੱਗੇ...ਸਿਧੀ ਗੱਲ ਦਾ ਕਸੂਤਾ ਜਿਹਾ ਜੁਆਬ...ਕਦੇ ਰੱਜ ਕੇ ਲੜਾਈ ਤੇ ਕਦੇ-ਕਦੇ ਇਸਤੋਂ ਵੀ ਬਹੁਤ ਅੱਗੇ...ਸਾਰੀ-ਸਾਰੀ ਰਾਤ ਸੋਚਾਂ ਦੀ ਘੁੰਮਣ ਘੇਰੀ ਅੰਦਰ ਨਿੱਕਲ ਜਾਂਦੀ!

ਘੰਟਿਆਂਬੱਧੀ ਸ਼ੀਸ਼ੇ ਮੂਹਰੇ ਖਲੋਤੀ ਕਿਆਫ਼ੇ ਲਾਉਂਦੀ ਰਹਿੰਦੀ...ਖੁਦ ਅੰਦਰੋਂ ਨੁਕਸ ਘਾਟਾਂ ਲੱਭਦੀ...ਹਰੇਕ 'ਤੇ ਹੀ ਗੁੱਸਾ ਆਉਂਦਾ...ਕਿਧਰੇ ਪੜ੍ਹਿਆ ਸੀ...ਸੂਰਜ ਨੂੰ ਗ੍ਰਹਿਣ ਓਦੋਂ ਲੱਗਦਾ ਜਦੋਂ ਕੋਈ ਤੀਜੀ ਧਿਰ ਐਨ ਵਿਚਕਾਰ ਆਣ ਬੈਠਦੀ...ਇਥੇ ਵੀ ਗ੍ਰਹਿਣ ਦੀ ਅਸਲ ਵਜ੍ਹਾ ਤੀਜੀ ਧਿਰ ਹੀ ਸੀ...ਉਮਰੋਂ ਕਾਫੀ ਛੋਟੀ...ਮੁੱਕ ਚੁਕੇ ਕਿਸੇ ਜੂਨੀਅਰ ਅਫਸਰ ਦੇ ਘਰੋਂ...ਘੋਖ ਵਾਲੀ ਰੰਬੀ ਨਾਲ ਥੋੜ੍ਹਾ ਡੂੰਘਾ ਪੱਟਿਆ ਤਾਂ ਹੋਰ ਵੀ ਕਿੰਨਾ ਕੁਝ ਪਤਾ ਲੱਗਾ...ਉਹ ਕੱਲੀ ਨਹੀਂ ਸਗੋਂ ਉਸ ਵਰਗੀਆਂ ਹੋਰ ਵੀ ਕਿੰਨੀਆਂ ਸਾਰੀਆਂ ਸਨ...ਸ਼ਹਿਦ ਦੀ ਝਾਕ ਵਿਚ ਉੱਡਦੀਆਂ ਫਿਰਦੀਆਂ ਡੰਗ ਮਾਰੂ ਸ਼ੈਵਾਂ!



ਸਿਕੰਦਰ ਨੂੰ ਬਿਹਾ ਭੋਜਨ ਪਸੰਦ ਨਹੀਂ ਸੀ...ਹਮੇਸ਼ਾਂ ਤਵੇ ਤੋਂ ਲੱਥਦੀ ਗਰਮ-ਗਰਮ ਅਤੇ ਤਾਜ਼ੇ ਤੋੜੇ ਅੰਗੂਰਾਂ ਦਾ ਸ਼ੌਕੀਨ...ਅਕਸਰ ਆਖਦਾ ਕਿਸ਼ਮਿਸ਼ ਮੈਨੂੰ ਐਲਰਜੀ ਕਰਦੀ...!

ਕਈ ਵੇਰ ਖੁਦ ਦਾ ਚੇਹਰਾ ਮੈਨੂੰ ਕਿਸ਼ਮਿਸ਼ ਵਰਗਾ ਲੱਗਣ ਲੱਗਾ...ਸੱਜਣ ਸੰਵਰਨ ਦੀ ਝਾਕ ਖੰਭ ਲਾ ਕੇ ਉੱਡ ਗਈ...ਸਿਰ 'ਤੇ ਧੌਲੇ ਚਿੱਟੀਆਂ ਲਿਟਾਂ...ਮੂੰਹ 'ਤੇ ਝੁਰੜੀਆਂ ਦੇ ਝਲਕਾਰੇ...!

ਖੁਦ ਦਾ ਬਚਾਅ ਕਰਦੀ ਆਖਦੀ...ਮੈਂ ਕੋਈ ਜੱਗੋਂ ਤੇਹਰਵੀਂ ਥੋੜਾ ਕੀਤੀ...ਉਮਰ ਦਾ ਸੁਹਾਗਾ ਤੇ ਹਰੇਕ 'ਤੇ ਹੀ ਫਿਰਦਾ ਆਇਆ...ਪਰ ਮੇਰੀ ਸੋਚ ਅਤੇ ਵਜੂਦ ਅੰਦਰ ਅਜੇ ਵੀ ਉਸ ਲਈ ਮੁਹੱਬਤ ਦਾ ਸਮੁੰਦਰ ਠਾਠਾਂ ਮਾਰ ਰਿਹਾ ਸੀ...!

ਬੇਟੇ ਨਾਲ ਦਿਲ ਫਰੋਲਿਆ...ਬਾਹਰ ਦੀ ਚਕਾ-ਚੌਂਧ...ਭੱਜ-ਨੱਠ...ਉਸ ਨੇ ਸਭ ਕੁਝ ਵਹਿਮ ਵਾਲੀ ਪਟਾਰੀ ਅੰਦਰ ਸੁੱਟ ਕਿੰਨੀਆਂ ਸਾਰੀਆਂ ਦੁਨਿਆਵੀ ਥੈਰੇਪੀਆਂ ਘੱਲ ਦਿੱਤੀਆਂ...!

ਕਦੇ ਜੀ ਕਰਦਾ ਸਿਕੰਦਰ ਨੂੰ ਓਸੇ ਦੇ ਹਥਿਆਰ ਨਾਲ ਜੁਆਬ ਦੇਵਾਂ...ਇਸਦੇ ਮੂਹਰੇ ਕੋਈ ਤੀਜੀ ਧਿਰ ਲਿਆ ਖੜ੍ਹੀ ਕਰਾਂ...ਪਰ ਇੰਝ ਸ਼ਾਇਦ ਵੱਸੋਂ ਬਾਹਰ ਸੀ...ਜ਼ਮੀਰ ਦੀ ਕੰਧ 'ਤੇ ਟੰਗੀ ਬੀਜੀ ਬਾਪੂ ਦੀ ਫੋਟੋ ਨੇ ਲਾਹਣਤਾਂ ਜੂ ਪਾਉਣੀਆਂ ਸਨ...ਸ਼ੇਰ ਮਰਦਾ ਮਰ ਜਾਊ ਪਰ ਘਾਹ ਕਦੇ ਨਾ ਖਾਊ!

ਗੱਲ ਸਮੇਟਣੀ ਪੈਣੀ...ਉਸ ਦਿਨ ਵੀ ਬਹਿਸ ਮਗਰੋਂ ਕੌੜੀ ਪੁੜੀ ਮੁੱਠ ਵਿਚ ਘੁੱਟ ਕਿੰਨੀ ਦੇਰ ਉਡੀਕਦੀ ਰਹੀ...ਉਹ ਆਵੇਗਾ...ਗਲ਼ ਨਾਲ ਲਾਵੇਗਾ ਤੇ ਆਖੇਗਾ ਕਮਲੀਏ ਆਹ ਕੀ ਕਰਨ ਲੱਗੀ ਸੈਂ...!

ਪਰ ਉਹ ਨਹੀਂ ਆਇਆ...ਉਲਟਾ ਫੋਨ ਕਰ ਕੇ ਪੁੱਛਣ ਲੱਗਾ...ਤੂੰ ਅਜੇ ਮਰੀ ਨਹੀਂ...!

ਫੇਰ ਮੈਥੋਂ ਨਾ ਰਿਹਾ ਗਿਆ...ਹਾਲਾਂਕਿ ਕੁਝ ਨੇ ਇਸਨੂੰ ਬੁਜ਼ਦਿਲੀ ਦਾ ਵੀ ਨਾਮ ਦਿੱਤਾ...ਮਗਰੋਂ ਸੰਸਕਾਰ ਭੋਗ ਅੰਤਿਮ ਅਰਦਾਸ ਅਫਸੋਸ ਮਕਾਣਾਂ ਗੋਸ਼ਟੀਆਂ ਯਾਦਾਂ ਲੰਗਰ ਕਵੀ ਦਰਬਾਰ ਅਤੇ ਵਗਦੇ ਹੰਝੂਆਂ ਦੀ ਸੁਨਾਮੀ...!

ਲੋਕ ਹਮਦਰਦੀ ਜਤਾਉਣ ਆਉਂਦੇ...ਮੈਨੂੰ ਯਾਦ ਕਰਦੇ...ਚੰਗੀਆਂ ਗੱਲਾਂ ਸਾਹਮਣੇ ਜ਼ਾਹਿਰ ਕਰਦੇ...ਅਖੌਤੀ ਸਿਕੰਦਰ ਉੱਚੀ-ਉੱਚੀ ਰੋ ਕੇ ਵਖਾ ਦਿੰਦਾ...ਅਗਲਾ ਬਰੂਹਾਂ ਵੀ ਨਾ ਟੱਪਦਾ ਤੇ ਇਸਦੇ ਚੇਹਰੇ 'ਤੇ ਸਭ ਕੁਝ ਸਾਫ...ਰੇਗਿਸਤਾਨ 'ਤੇ ਪਏ ਛਰਾਟੇ ਅਤੇ ਔੜ 'ਤੇ ਪਈ ਵਾਛੜ ਵਾਂਙ...ਦੋਗਲੇਪਣ ਦਾ ਮੁਜੱਸਮਾਂ...!

ਫੇਰ ਇੱਕ ਦਿਨ ਤੀਜੀ ਧਿਰ ਪੱਕੇ ਤੌਰ 'ਤੇ ਮੇਰੇ ਘਰ ਆਣ ਬੈਠੀ...ਮੈਂ ਫੋਟੋ ਫਰੇਮ ਵਿਚ ਲੱਗੀ ਰਹਿ ਗਈ...ਜ਼ਮੀਰ 'ਤੇ ਲੱਗਦੇ ਟੱਕ...ਮੇਰੇ ਬਿਸਤਰੇ 'ਤੇ ਮੇਰੀ ਰੂਹ ਨਿੱਤ ਹਲਾਲ ਹੁੰਦੀ...ਕਦੇ-ਕਦੇ ਫੋਟੋ ਤੋਂ ਘੱਟਾ ਪੂੰਝ ਦਿੰਦਾ...ਅਖੀਰ ਯੱਬ ਮੁਕਾ ਦਿੱਤਾ...ਫੋਟੋ ਹੀ ਚੁੱਕ ਦਿੱਤੀ...ਇੱਕ ਮਿਆਨ ਵਿਚ ਦੋ ਤਲਵਾਰਾਂ ਕਿਥੇ ਟਿਕਦੀਆਂ!

ਅੱਜ ਦੂਰ ਵੱਸੀ ਇੱਕ ਦੁਨੀਆ ਵਿਚ ਖਬਰ ਮਿਲ਼ੀ...ਸਿਕੰਦਰ ਵੀ ਆ ਰਿਹਾ...ਇਸਨੂੰ ਉਡੀਕ ਰਹੀ ਹਾਂ...ਬੇਸਬਰੀ...ਬੇਤਾਬੀ ਨਾਲ...ਕਦੇ ਵੀ ਬਿੜਕ ਹੋ ਸਕਦੀ...ਮੇਰੇ ਅੰਦਰ ਇਕੱਠੇ ਹੋਏ ਕਿੰਨੇ ਸਵਾਲ ਨੇ...ਇਸਦੀ ਪਿਛਲੇ ਪੰਝੀਆਂ ਸਾਲਾਂ ਦੀ ਜ਼ਿੰਦਗੀ ਬਾਰੇ...!

ਪਰ ਮੇਰਾ ਸਭ ਤੋਂ ਪਹਿਲਾ ਸਵਾਲ...ਜਦੋਂ ਮੈਂ ਮੁਹੱਬਤ ਵਾਲਾ ਸਮੁੰਦਰ ਝੋਲੀ ਵਿਚ ਪਾਈ ਤੇਰੀ ਉਡੀਕ ਕਰ ਰਹੀ ਸਾਂ ਤਾਂ ਫੇਰ ਤੂੰ ਇੱਕ ਗੰਦੇ ਛੱਪੜ ਵਿਚ ਡੁਬਕੀ ਕਿਓਂ ਲਾਈ...ਪਰ ਮੈਨੂੰ ਪਤਾ ਇਸਨੇ ਅੱਖੀਆਂ ਹੀ ਨਹੀਂ ਮਿਲਾਉਣੀਆਂ...ਕਿਓਂਕਿ ਜਦੋਂ ਝੂਠਾ ਹੁੰਦਾ...ਇਹੋ ਤਕਨੀਕ ਵਰਤਦਾ ਹੁੰਦਾ ਸੀ...!

ਅਖੀਰੀ ਗੱਲ...ਇਹੋ ਜਿਹੇ ਸਿਕੰਦਰਾਂ ਦੇ ਮੂੰਹ ਮੋੜਨੇ ਹੋਣ ਤਾਂ ਪੋਰਸ ਬਣਨਾ ਪੈਂਦਾ...ਸਾਹ ਲੈਂਦਾ ਜਿਉਂਦਾ ਜਾਗਦਾ ਪੋਰਸ...!

# ਔਰਨ ਕੀ ਹੋਲੀ ਮਮ ਹੋਲਾ



ਹੋਲਾ-ਮਹੱਲਾ ਸਿੱਖ ਧਰਮ ਦਾ ਨਿਵੇਕਲਾ ਤੇ ਜੋਸ਼ੀਲਾ ਤਿਉਹਾਰ ਹੈ। ਇਹ ਤਿਉਹਾਰ ਹਰ ਸਾਲ ਹੋਲੀ ਤੋਂ ਅਗਲੇ ਦਿਨ ਸਿੱਖ ਜਗਤ ਵਿਚ ਪੂਰੇ ਜੋਸ਼ ਅਤੇ ਪੁਰਾਤਨ ਪਰੰਪਰਾ ਮੁਤਾਬਕ ਮਨਾਇਆ ਜਾਂਦਾ ਹੈ। ਇਸ ਲੇਖ ਵਿਚ ਵਿਸਤਾਰ ਵਿਚ ਇਸ ਦੀ ਆਰੰਭਤਾ, ਵਿਕਾਸ ਅਤੇ ਮੌਜੂਦਾ ਸਰੂਪ ਬਾਰੇ ਸਹੀ ਅਤੇ ਸਟੀਕ ਜਾਣਕਾਰੀ ਪਾਠਕਾਂ ਨਾਲ ਸਾਂਝੀ ਕਰਾਂਗੇ ਕਿ ਅੱਜ ਦੇ ਸੰਦਰਭ ਵਿਚ ਇਹ ਤਿਉਹਾਰ ਕਿਸ ਤਰ੍ਹਾਂ ਦਾ ਰੂਪ ਅਖਤਿਆਰ ਕਰ ਗਿਆ ਹੈ? ਇਸ ਨੂੰ ਆਰੰਭ ਕਰਨ ਪਿੱਛੇ ਗੁਰੂ ਸਾਹਿਬ ਜੀ ਦਾ ਮੂਲ ਉਦੇਸ਼ ਕੀ ਸੀ? ਤੇ ਮੌਜੂਦਾ ਦੌਰ ਵਿਚ ਇਹ ਉਦੇਸ਼ ਕਿੰਨਾ ਕੁ ਪ੍ਰਸੰਗਕ ਰਹਿ ਗਿਆ ਹੈ? ਹੋਲੇ-ਮਹੱਲੇ ਦੇ ਪਿਛੋਕੜ ਅਤੇ ਇਤਿਹਾਸਕ ਪਰਿਪੇਖ ਬਾਰੇ ਚਰਚਾ ਕੀਤੀ ਜਾਵੇਗੀ ਅਤੇ ਇਸ ਵਕਤ ਹੋਲੇ-ਮਹੱਲੇ ਦੀ ਸਾਰਥਕਤਾ ਉਪਰ ਵੀ ਕੁਝ ਨੁਕਤੇ ਪੇਸ਼ ਕੀਤੇ ਜਾਣਗੇ।

ਅਸਲ ਵਿਚ ਤਿਉਹਾਰਾਂ, ਉਤਸਵਾਂ ਦਾ ਇਤਿਹਾਸ ਉਨਾ ਹੀ ਪੁਰਾਣਾ ਅਤੇ ਗੌਰਵਮਈ ਹੈ ਜਿੰਨਾ ਕਿ ਮਨੁੱਖੀ ਸੱਭਿਅਤਾ ਦਾ। ਮਨੁੱਖ ਦੇ ਸਮਾਜਿਕ ਹੋਣ ਤੋਂ ਲੈ ਕੇ ਸਮਕਾਲ ਤੀਕ; ਤਿੱਥ-ਤਿਉਹਾਰ, ਰਹੁ-ਰੀਤਾਂ, ਧਾਰਮਿਕ ਆਯੋਜਨ ਅਤੇ ਉਤਸਵ ਮਨੁੱਖ ਦੇ ਨਾਲ-ਨਾਲ ਹੀ ਚੱਲਦੇ ਆ ਰਹੇ ਹਨ। ਦੂਜੀ ਅਹਿਮ ਅਤੇ ਮਹੱਤਵਪੂਰਨ ਗੱਲ, ਆਦਿ ਕਾਲ ਤੋਂ ਲੈ ਕੇ ਸਮਕਾਲ ਤੀਕ ਤਿੱਥਾਂ-ਤਿਉਹਾਰਾਂ, ਰਹੁ-ਰੀਤਾਂ ਅਤੇ ਉਤਸਵਾਂ ਦੇ ਸਰੂਪ, ਸਿਧਾਂਤ ਅਤੇ



ਡਾ. ਨਿਸ਼ਾਨ ਸਿੰਘ ਰਾਠੌਰ
ਫੋਨ: 90414-98009

ਸੰਕਲਪ ਬਦਲਦੇ ਰਹੇ ਹਨ। ਕਿਸੇ ਖ਼ਾਸ ਉਦੇਸ਼ ਜਾਂ ਮਨੌਤ ਕਰਕੇ ਆਰੰਭ ਹੋਇਆ ਕੋਈ ਤਿੱਥ-ਤਿਉਹਾਰ (ਆਯੋਜਨ) ਅਜੋਕੇ ਸੰਦਰਭ 'ਚ ਕਿਸੇ ਹੋਰ ਉਦੇਸ਼ ਦੀ ਪੂਰਤੀ ਹਿੱਤ ਮਨਾਇਆ ਜਾ ਰਿਹਾ ਹੈ। ਇਹ ਬਦਲਾਓ ਲਾਜ਼ਮੀ ਅਤੇ ਕੁਦਰਤੀ ਹਨ। ਇਹ ਕੁਦਰਤੀ ਨਿਯਮ ਹੈ ਕਿ ਵਕਤ ਦੇ ਨਾਲ-ਨਾਲ ਮਨੁੱਖ ਦੇ ਸੁਭਾਓ ਤੇ ਕੁਦਰਤ ਦੇ ਨਿਯਮ ਵਿਚ ਬਦਲਾਓ ਹੋ ਜਾਂਦਾ ਹੈ।

ਸਮਾਜਿਕ ਨਿਯਮਾਂ ਦੀ ਆਰੰਭਤਾ ਤੋਂ ਹੀ ਮਨੁੱਖ ਆਪਣੇ ਨਿੱਤ ਦੇ ਕਾਰ-ਵਿਹਾਰ, ਉਕੇਵੇਂ ਜਾਂ ਖ਼ਾਸ ਧਾਰਮਿਕ ਮਨੌਤਾਂ, ਪਰੰਪਰਾਵਾਂ ਦੇ ਅਧੀਨ ਤਿੱਥਾਂ-ਤਿਉਹਾਰਾਂ ਨੂੰ ਮਨਾਉਂਦਾ ਆ ਰਿਹਾ ਹੈ। ਇਹ ਤਿਉਹਾਰ ਕਦੇ ਰੁੱਤਾਂ ਦੇ ਬਦਲਣ ਮੌਕੇ ਮਨਾਏ ਜਾਂਦੇ ਹਨ/ ਕਦੇ ਇਤਿਹਾਸਕ ਪਰਿਪੇਖ ਦੀ ਇਵਜ਼ ਵਿਚ ਅਤੇ ਕਦੇ ਸਮਾਜਿਕ ਸੰਦਰਭ ਵਿਚ ਮਨਾਏ ਜਾਂਦੇ ਹਨ। ਇਨ੍ਹਾਂ ਦਾ ਮੂਲ ਉਦੇਸ਼ ਮਨੁੱਖੀ ਜੀਵਨ ਦੇ ਅੰਦਰ ਖੜੋਤ ਨੂੰ ਰੋਕਣਾ ਅਤੇ ਨਵ-ਚੇਤਨਾ ਦਾ ਸੰਚਾਰ ਕਰਨਾ ਹੁੰਦਾ ਹੈ। ਮਨੁੱਖ ਦੇ ਜੀਵਨ ਅੰਦਰ ਨਵ-ਊਰਜਾ ਦਾ ਸੰਚਾਰ ਕਰਨਾ ਹੈ।

ਮਨੁੱਖਤਾ ਦਾ ਇਤਿਹਾਸ ਸਦੀਆਂ ਪੁਰਾਣਾ ਹੈ। ਜਦੋਂ ਤੋਂ ਸ੍ਰਿਸ਼ਟੀ ਦੀ ਰਚਨਾ ਹੋਈ ਹੈ ਉਦੋਂ ਤੋਂ ਲੈ ਕੇ ਹੁਣ ਤੱਕ ਮਨੁੱਖੀ ਜੀਵਨ ਵਿਚ ਬਦਲਾਓ ਹੁੰਦੇ ਆ ਰਹੇ ਹਨ। ਉਂਝ ਇਹ ਬਦਲਾਓ ਲਾਜ਼ਮੀ ਵੀ ਹਨ ਕਿਉਂਕਿ ਖੜੋਤ ਹਮੇਸ਼ਾ ਗਿਰਾਵਟ ਅਤੇ ਵਿਨਾਸ਼ (ਖ਼ਤਮ ਹੋਣ) ਦੀ ਨਿਸ਼ਾਨੀ ਹੁੰਦੀ ਹੈ। ਆਦਿਕਾਲ ਤੋਂ ਮਨੁੱਖੀ ਸੱਭਿਅਤਾ ਵਿਚ ਬਦਲਾਓ ਹੁੰਦੇ ਆਏ ਹਨ ਅਤੇ ਮਨੁੱਖਤਾ ਇਨ੍ਹਾਂ ਬਦਲਾਵਾਂ ਨੂੰ ਸਹਿਜਤਾ ਨਾਲ ਸਵੀਕਾਰ ਵੀ ਕਰਦੀ ਆਈ ਹੈ। ਸਮਾਜਕ ਬਣਤਰ ਨੂੰ ਦਰੁੱਸਤ ਢੰਗ ਨਾਲ ਚਲਾਉਣ ਵਾਸਤੇ 'ਧਰਮ' ਨੇ ਜਨਮ ਲਿਆ। ਇਹ ਧਰਮ ਹੀ ਸੀ ਜਿਸਨੇ ਮਨੁੱਖ ਨੂੰ ਉਸਦੀਆਂ ਜ਼ਿੰਮੇਵਾਰੀਆਂ ਦਾ ਅਹਿਸਾਸ ਕਰਵਾਇਆ। ਮਨੁੱਖ ਪਹਿਲਾਂ ਨਾਲੋਂ ਵਧੇਰੇ ਜਾਗਰੂਕ ਅਤੇ ਜ਼ਿੰਮੇਵਾਰ ਬਣ ਗਿਆ।

ਫੇਰ ਸਹਿਜੇ-ਸਹਿਜੇ ਮਨੁੱਖ ਇਨ੍ਹਾਂ ਜ਼ਿੰਮੇਵਾਰੀਆਂ ਦੇ ਬੋਝ ਹੇਠਾਂ ਇੰਨਾ ਦੱਬ ਗਿਆ ਕਿ ਉਹ ਆਪਣੇ ਜੀਵਨ 'ਚ ਤਬਦੀਲੀਆਂ/ ਬਦਲਾਓ ਚਾਹੁਣ ਲੱਗਾ। ਇਸੇ ਤਬਦੀਲੀ/ ਬਦਲਾਓ ਦੀ ਚਾਹਤ ਅਤੇ ਇੱਛਾ ਕਰਕੇ ਤਿੱਥਾਂ-ਤਿਉਹਾਰਾਂ, ਉਤਸਵਾਂ ਨੇ ਜਨਮ ਲਿਆ। ਅਸਲ ਵਿਚ ਮਨੁੱਖ ਆਪਣੇ ਨਿੱਤ ਦੇ ਕਾਰ-ਵਿਹਾਰ ਤੋਂ ਕੁਝ ਸਮੇਂ ਲਈ ਨਿਜ਼ਾਤ ਚਾਹੁੰਦਾ ਸੀ/ ਮੁਕਤੀ ਚਾਹੁੰਦਾ ਸੀ। ਇਸ ਲਈ ਉਸਨੇ ਮਨੋਰੰਜਨ ਜਾਂ ਕੁਝ ਹੱਦ ਤੱਕ ਸ਼ਰਧਾ/ਪ੍ਰੇਮ ਕਰਕੇ ਕਈ ਤਰ੍ਹਾਂ ਦੇ ਮੇਲੇ-ਤਿਉਹਾਰਾਂ ਦਾ ਆਯੋਜਨ ਕਰਨਾ ਸ਼ੁਰੂ ਕਰ ਦਿੱਤਾ। ਇਨ੍ਹਾਂ ਮੇਲਿਆਂ-ਤਿਉਹਾਰਾਂ ਨੂੰ ਰੁੱਤਾਂ, ਮੌਸਮਾਂ ਦੇ ਬਦਲਾਓ ਜਾਂ ਇਤਿਹਾਸਕ, ਸਮਾਜਿਕ ਪਰਿਪੇਖ ਵਿਚ ਮਨਾਇਆ ਜਾਣ ਲੱਗਾ। ਕੁਝ ਤਿਉਹਾਰ ਦੇਵੀ-ਦੇਵਤਿਆਂ ਨੂੰ ਪ੍ਰਸੰਨ (ਖ਼ੁਸ਼) ਕਰਨ ਹਿੱਤ ਮਨਾਏ ਜਾਂਦੇ ਸਨ। ਸੰਖੇਪ 'ਚ ਕਿਹਾ ਜਾ ਸਕਦਾ ਹੈ ਕਿ ਲੋਕ ਇਨ੍ਹਾਂ ਤਿਉਹਾਰਾਂ ਨੂੰ ਸ਼ਰਧਾ ਅਤੇ ਮਨੋਰੰਜਨ ਹਿੱਤ ਹੀ ਮਨਾਉਂਦੇ ਸਨ। ਦੂਜੀ ਗੱਲ, ਆਪਣੇ ਨਿੱਤ ਦੇ ਅਕੇਵੇਂ ਨੂੰ ਦੂਰ ਕਰਨ ਹਿੱਤ ਕੁਝ ਆਯੋਜਨ ਸਹਿਜੇ-ਸਹਿਜੇ ਤਿਉਹਾਰਾਂ ਦੇ ਰੂਪ ਵਿਚ ਪ੍ਰਚੱਲਤ ਹੋ ਗਏ। ਜਿਹੜੇ ਕਿਸੇ ਨਾ ਕਿਸੇ ਰੂਪ ਵਿਚ ਅੱਜ ਵੀ ਚੱਲਦੇ ਆ ਰਹੇ ਹਨ।

ਦੁਨੀਆਂ ਦੇ ਨਕਸ਼ੇ ਤੇ 'ਖ਼ਾਲਸਾ ਪੰਥ' ਦੀ ਆਮਦ ਨਾਲ ਜਿੱਥੇ ਸਿਆਸੀ, ਸਮਾਜਿਕ ਬਦਲਾਓ ਆਇਆ ਉੱਥੇ ਹੀ ਮਨੁੱਖੀ ਜੀਵਨ ਵਿਚ ਕੇਵਲ ਮਨੋਰੰਜਨ ਅਤੇ ਸ਼ਰਧਾ ਹਿੱਤ ਮਨਾਏ ਜਾਂਦੇ ਤਿਉਹਾਰਾਂ ਦੀ ਰੂਪ-ਰੇਖਾ ਵੀ ਬਦਲ ਗਈ। ਇਨ੍ਹਾਂ ਤਿਉਹਾਰਾਂ ਵਿਚੋਂ ਇੱਕ ਹੈ ਹੋਲਾ-ਮਹੱਲਾ। ਹਾਲਾਂਕਿ ਹੋਲੇ-ਮਹੱਲੇ ਦਾ ਹੋਲੀ ਨਾਲ ਕੋਈ ਸਿੱਧਾ ਸੰਬੰਧ ਨਹੀਂ ਹੈ, ਪਰ ਇਹ ਤਿਉਹਾਰ ਹੋਲੀ ਤੋਂ ਅਗਲੇ ਦਿਨ ਮਨਾਇਆ ਜਾਂਦਾ ਹੈ ਅਤੇ ਇਸਦਾ ਨਾਮ ਵੀ ਹੋਲਾ ਹੈ ਸੋ ਆਮ ਲੋਕਾਂ ਨੂੰ ਭੁਲੇਖਾ ਪੈਂਦਾ ਹੈ ਕਿ ਖ਼ਬਰੇ ਇਹ ਤਿਉਹਾਰ ਹੋਲੀ ਦਾ ਸੁਧਰਿਆ ਰੂਪ ਹੈ। ਹੋਲੀ ਜਿੱਥੇ ਰੰਗਾਂ ਦਾ ਤਿਉਹਾਰ ਹੈ ਉੱਥੇ ਹੋਲਾ ਮਹੱਲਾ ਸ਼ਸਤਰ-ਵਿੱਦਿਆ ਅਤੇ ਚੜ੍ਹਦੀ ਕਲਾ ਦਾ ਤਿਉਹਾਰ ਹੈ। ਇਹ ਖ਼ਾਲਸੇ ਦਾ ਕੌਮੀ ਜੋੜ-ਮੇਲਾ ਹੈ।

ਹੋਲਾ-ਮਹੱਲਾ ਕੋਈ ਇਕੱਲਾ ਇੱਕ ਤਿਉਹਾਰ ਹੀ ਨਹੀਂ ਹੈ ਬਲਕਿ ਇੱਕ ਜਜ਼ਬਾ ਹੈ ਜਿਹੜਾ ਹਰ ਵਰ੍ਹੇ ਨਵੇਂ ਸੰਕਲਪ ਪੇਸ਼ ਕਰਦਾ ਹੈ। ਇਨ੍ਹਾਂ ਸੰਕਲਪਾਂ 'ਤੇ ਪੂਰਾ ਉਤਰ ਕੇ ਅੱਜ ਦਾ ਮਨੁੱਖ ਆਪਣੇ ਜੀਵਨ ਵਿਚ ਖੜੋਤ ਦਾ ਸ਼ਿਕਾਰ ਹੋਣ ਤੋਂ ਬਚ ਸਕਦਾ ਹੈ/ ਅਕੇਵੇਂ ਦੀ ਜ਼ਿੰਦਗੀ ਤੋਂ ਛੁਟਕਾਰਾ ਪਾ ਸਕਦਾ ਹੈ ਅਤੇ ਖੁਸ਼ਹਾਲੀ ਭਰਿਆ ਜੀਵਨ ਬਤੀਤ ਕਰ ਸਕਦਾ ਹੈ। ਬਸ਼ਰਤੇ! ਉਹ ਸਹੀ ਅਰਥਾਂ ਵਿਚ ਹੋਲਾ-ਮਹੱਲੇ ਦੇ ਸੰਕਲਪ ਨੂੰ ਸਮਝ ਸਕਣ ਦੀ ਸਮਰੱਥਾ ਰੱਖਦਾ ਹੋਵੇ।

ਦਸਵੇਂ ਪਾਤਸ਼ਾਹ ਸਾਹਿਬ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਚੇਤ ਵਦੀ ਇੱਕ ਸੰਮਤ 1757 ਬਿਕ੍ਰਮੀ ਵਾਲੇ ਦਿਨ, ਸ੍ਰੀ ਅਨੰਦਪੁਰ ਸਾਹਿਬ ਵਿਖੇ, ਕਿਲ੍ਹਾ ਲੋਹਗੜ੍ਹ ਦੇ ਅਸਥਾਨ ਤੇ ਹੋਲੇ ਮਹੱਲੇ ਦੀ ਆਰੰਭਤਾ ਕੀਤੀ। ਕਵੀ ਸੁਮੇਰ ਸਿੰਘ 'ਗੁਰ ਪਦ ਪ੍ਰੇਮ ਪ੍ਰਕਾਸ਼' ਵਿਚ ਲਿਖਦੇ ਹਨ;

'ਔਰਨ ਕੀ ਹੋਲੀ ਮਮ ਹੋਲਾ
ਕਹਯੋ ਕ੍ਰਿਪਾਨਿਧ ਬਚਨ ਅਮੋਲਾ।'

ਦਸਮ ਪਿਤਾ ਸਿੱਖਾਂ ਅੰਦਰ ਜਿੱਤ, ਜਜ਼ਬੇ ਅਤੇ ਜੰਗ ਦੇ ਭਾਵਨਾ ਨੂੰ ਪ੍ਰਚੰਡ ਕਰਨਾ ਚਾਹੁੰਦੇ ਸਨ। ਅਸਲ ਵਿਚ ਇਹ ਸਮੇਂ ਦੀ ਜ਼ਰੂਰਤ ਸੀ। ਆਮ ਲੋਕਾਂ ਦੇ ਮਨਾਂ ਅੰਦਰ ਹਕੂਮਤ (ਹਾਕਮ) ਦਾ ਡਰ ਇੰਨਾ ਜ਼ਿਆਦਾ ਘਰ ਕਰ ਚੁਕਿਆ ਸੀ ਕਿ ਲੋਕ ਡਰ-ਡਰ ਕੇ ਜਿਉਂਦੇ ਸਨ। ਗੁਰੂ ਸਾਹਿਬ ਆਮ ਲੋਕਾਂ ਦੇ ਮਨਾਂ 'ਚੋਂ ਇਸ ਡਰ ਨੂੰ ਮੂਲੋਂ ਹੀ ਖ਼ਤਮ ਕਰਨਾ ਚਾਹੁੰਦੇ ਸਨ। ਇਸ ਲਈ ਉਨ੍ਹਾਂ ਨੇ ਜਿੱਥੇ ਖ਼ਾਲਸਾ ਪੰਥ ਸਾਜਿਆ। ਉੱਥੇ ਹੀ ਸਮਾਜ 'ਚ ਚੱਲ ਰਹੇ ਤਿੱਥਾਂ-ਤਿਉਹਾਰਾਂ ਨੂੰ ਨਵੇਂ ਰੂਪ 'ਚ ਮਨਾਉਣ ਦੀ ਆਰੰਭਤਾ ਕੀਤੀ। ਗੁਰੂ ਸਾਹਿਬ ਇਨ੍ਹਾਂ ਤਿਉਹਾਰਾਂ ਨੂੰ ਕੇਵਲ ਮਨੋਰੰਜਨ ਜਾਂ ਸ਼ਰਧਾ ਹਿੱਤ ਮਨਾਉਣ ਦੇ ਪੱਖ ਵਿਚ ਨਹੀਂ ਸਨ ਬਲਕਿ ਉਹ ਇਨ੍ਹਾਂ ਤਿਉਹਾਰਾਂ ਦੇ ਮਾਧਿਅਮ ਰਾਹੀਂ ਲੋਕ-ਮਨਾਂ 'ਚ ਨਵ-ਚੇਤਨਾ ਦਾ ਸੰਚਾਰ ਕਰਨਾ ਚਾਹੁੰਦੇ ਸਨ। ਖ਼ਾਲਸਈ ਜਾਲੋ-ਜਲਾਲ ਦਾ ਪ੍ਰਤੀਕ ਹੋਲਾ ਮਹੱਲਾ ਇਸੇ ਉਦੇਸ਼ ਦੀ ਪੂਰਤੀ ਹਿੱਤ ਨਵ- ਰੂਪ ਅਖ਼ਤਿਆਰ ਕਰ ਗਿਆ ਜਿਹੜਾ ਅੱਜ ਵੀ ਚੜ੍ਹਦੀ ਕਲਾ ਦਾ ਪ੍ਰਤੀਕ ਮੰਨਿਆ ਜਾਂਦਾ ਹੈ ਅਤੇ ਸਿੱਖਾਂ ਅੰਦਰ ਨਵ-ਊਰਜਾ ਦਾ ਸੰਚਾਰ ਕਰਦਾ ਹੈ।

ਹੋਲਾ-ਮਹੱਲਾ ਦਾ ਸ਼ਬਦੀ ਅਰਥ ਅਤੇ ਵਿਚਾਰ—

ਹੋਲਾ 'ਅਰਬੀ' ਭਾਸ਼ਾ ਦੇ ਸ਼ਬਦ 'ਹੂਲ' ਤੋਂ ਬਣਿਆ ਹੈ, ਜਿਸਦਾ ਅਰਥ ਹੈ ਲੋਕਾਂ ਦੀ ਭਲਾਈ ਲਈ ਜੂਝਣਾ, ਸੀਸ ਤਲੀ ਤੇ ਧਰ ਕੇ ਲੜਨਾ, ਤਲਵਾਰ ਦੀ ਧਾਰ 'ਤੇ ਚੱਲਣਾ ਭਾਵ ਸਰਬੱਤ ਦੇ ਭਲੇ ਲਈ ਤੱਤਪਰ ਹੋਣਾ। ਇਹੋ ਉਦੇਸ਼ ਖ਼ਾਲਸੇ ਦਾ ਮੂਲ ਉਦੇਸ਼ ਹੈ। ਖ਼ਾਲਸਾ ਸਦਾ ਤੋਂ ਹੀ ਮਜ਼ਲੂਮਾਂ ਦੀ ਰੱਖਿਆ ਖ਼ਾਤਰ ਜੂਝਦਾ ਰਿਹਾ ਹੈ ਅਤੇ ਅੱਜ ਵੀ ਜੂਝ ਰਿਹਾ ਹੈ। 'ਮਹੱਲਾ' ਸ਼ਬਦ ਦਾ ਅਰਥ ਹੈ- ਉਹ ਥਾਂ ਜਿਸ ਨੂੰ ਜਿੱਤ ਕੇ, ਫਤਿਹ ਕਰਕੇ ਉੱਥੇ ਟਿਕਾਣਾ ਕੀਤਾ ਜਾਵੇ, ਪੜਾਅ ਕੀਤਾ ਜਾਵੇ, ਰੁਕਿਆ ਜਾਵੇ।

ਭਾਈ ਕਾਨ੍ਹ ਸਿੰਘ ਨਾਭਾ ਹੋਲਾ ਦੇ ਅਰਥ ਕਰਦੇ ਹਨ, 'ਹਮਲਾ ਕਰਨਾ ਅਤੇ ਜਿੱਥੇ ਹਮਲਾ ਕਰਦੇ ਹਨ।' ਮਹੱਲਾ ਇੱਕ ਤਰ੍ਹਾਂ ਦੀ ਬਨਾਉਟੀ ਲੜਾਈ ਹੈ। ਇਸ ਲੜਾਈ ਦਾ ਮੁੱਖ ਮੰਤਵ ਸ਼ਸਤਰ-ਵਿੱਦਿਆ ਦਾ ਅਭਿਆਸ ਕਰਨਾ ਹੁੰਦਾ ਹੈ। ਮਹੱਲਾ ਇੱਕ ਪ੍ਰਕਾਰ ਦੀ ਮਸਨੂਈ ਭਾਵ ਬਨਾਉਟੀ ਲੜਾਈ ਹੁੰਦੀ ਹੈ। ਇਸ ਵਿਚ ਪੈਦਲ ਅਤੇ ਘੋੜ- ਸਵਾਰ ਸ਼ਸਤਰਧਾਰੀ ਸਿੰਘ (ਦੋ) ਦਲ ਬਣਾ ਕੇ ਨਕਲੀ ਲੜਾਈ ਰਾਹੀਂ ਕਈ ਪ੍ਰਕਾਰ ਦੀਆਂ ਜੰਗੀ ਕਰਤੱਬਾਂ ਦਾ ਅਭਿਆਸ ਕਰਦੇ ਸਨ। ਅਸਲ ਵਿਚ ਹੋਲਾ-ਮਹੱਲਾ ਸਿੱਖਾਂ ਅੰਦਰ ਚੜ੍ਹਦੀ ਕਲਾ ਦੇ ਸੰਕਲਪ ਨੂੰ ਰੂਪਮਾਨ ਕਰਦਾ ਹੈ।

### ਖ਼ਾਲਸੇ ਅੰਦਰ ਜੰਗਜੂ ਬਿਰਤੀ ਦਾ ਸੰਚਾਰ ਅਤੇ ਜਜ਼ਬਾ—

ਗੁਰੂ ਸਾਹਿਬ ਦਾ ਮੂਲ ਮੰਤਵ ਸਿੱਖਾਂ ਅੰਦਰ ਜੰਗਜੂ ਬਿਰਤੀ ਦੀ ਪਿਰਤ ਪਾਉਣਾ ਸੀ। ਇਹ ਇਕੱਲੇ ਹੋਲਾ ਮਹੱਲੇ ਤੇ ਤਿਉਹਾਰ ਕਰਕੇ ਨਹੀਂ ਪੈ ਸਕਦੀ ਸੀ ਜਾਂ ਇਕੱਲੇ ਤਿੱਥਾਂ-ਤਿਉਹਾਰਾਂ ਦੇ ਨਵ-ਸਰੂਪਾਂ ਕਰਕੇ ਨਹੀਂ ਪੈ ਸਕਦੀ ਸੀ। ਇਸ ਲਈ ਗੁਰੂ ਸਾਹਿਬ ਨੇ ਜਿੱਥੇ ਦਸਤਾਰ ਬਖ਼ਸ਼ੀ ਉੱਥੇ ਤਲਵਾਰ (ਕ੍ਰਿਪਾਨ) ਰੱਖਣ ਦੀ ਤਾਕੀਦ ਕੀਤੀ। ਅਸਲ ਵਿਚ ਦਸਤਾਰ ਮਨੁੱਖ ਨੂੰ ਬਾਦਸ਼ਾਹ ਹੋਣ ਦਾ ਅਹਿਸਾਸ ਕਰਵਾਉਂਦੀ ਹੈ। ਦਸਤਾਰ (ਉਹ ਤਾਜ) ਹੈ ਜਿਹੜਾ ਰਾਜਿਆਂ-ਮਹਾਰਾਜਿਆਂ ਦੇ ਸਿਰ 'ਤੇ ਸੋਭਦਾ ਹੈ। ਤਲਵਾਰ ਰੱਖਣ ਦਾ ਹੌਸਲਾ ਉਸ ਮਨੁੱਖ ਕੋਲ ਹੁੰਦਾ ਹੈ ਜਿਹੜਾ ਜੰਗਜੂ (ਲੜਾਕੂ) ਬਿਰਤੀ ਦਾ ਮਾਲਕ ਹੋਵੇ ਅਤੇ ਜਿਹੜਾ ਸੂਰਬੀਰ ਦੂਜੇ ਲੋਕਾਂ ਦੀ ਮਦਦ ਹਿੱਤ ਜੂਝਣ (ਲੜਨ) ਦਾ ਹੌਸਲਾ ਰੱਖਦਾ ਹੋਵੇ। ਖ਼ਾਲਸੇ ਅੰਦਰ ਇਹ ਸਪਿਰਟ ਹੋਲਾ ਮਹੱਲੇ ਦੇ ਮੌਜੂਦਾ ਸਵਰੂਪ ਕਰਕੇ ਕਾਰਗਰ ਸਿੱਧ ਹੋਈ ਹੈ।

### ਅਜੋਕੇ ਸੰਦਰਭ ਵਿਚ ਹੋਲੇ ਮਹੱਲੇ ਦੀ ਪ੍ਰਸੰਗਤਾ

ਇਹ ਕੁਦਰਤੀ ਨਿਯਮ ਹੈ ਕਿ ਸਮਾਜਿਕ ਰਹੁ-ਰੀਤਾਂ ਵਿਚ ਤਬਦੀਲੀ ਅਤੇ ਗਿਰਾਵਟ ਆ ਜਾਂਦੀ ਹੈ। ਇਸਨੂੰ ਰੋਕਿਆ ਨਹੀਂ ਜਾ ਸਕਦਾ ਕਿਉਂਕਿ ਇਹ ਕੁਦਰਤੀ ਅਤੇ ਲਾਜ਼ਮੀ ਵਰਤਾਰਾ ਹੈ। ਹਾਂ, ਇਸ ਨੂੰ ਕੁਝ ਵਕਤ ਲਈ ਟਾਲਿਆ ਜਾ ਸਕਦਾ ਹੈ ਪਰ ਅਸਲੋਂ ਹੀ ਖ਼ਤਮ ਨਹੀਂ ਕੀਤਾ ਜਾ ਸਕਦਾ। ਇਹ ਵਰਤਾਰਾ ਆਦਿ-ਕਾਲ ਤੋਂ ਚੱਲਦਾ ਆ ਰਿਹਾ ਹੈ ਅਤੇ ਚੱਲਦਾ ਹੀ ਰਹੇਗਾ। ਚੀਜ਼ਾਂ ਬਣਦੀਆਂ-ਟੁੱਟਦੀਆਂ ਹਨ ਤੇ ਫਿਰ ਬਣਦੀਆਂ ਹਨ। ਇਹ ਕੁਦਰਤ ਦਾ ਨਿਯਮ ਹੈ।

ਅੱਜ ਹੋਲੇ ਮਹੱਲੇ ਦੇ ਸੰਦਰਭ 'ਚ ਗੱਲ ਕਰਦਿਆਂ ਬਹੁਤ ਹੈਰਾਨੀ ਅਤੇ ਚਿੰਤਾ ਹੁੰਦੀ ਹੈ ਕਿ ਅਜੋਕਾ ਨੌਜਵਾਨ ਤਬਕਾ ਸ਼ਸਤਰ-ਵਿੱਦਿਆ ਨੂੰ ਕੇਵਲ ਨਿਹੰਗ ਸਿੰਘਾਂ ਜਾਂ ਫੌਜੀ ਦਸਤਿਆਂ ਦਾ ਕੰਮ ਸਮਝਦਾ ਹੈ। ਇਸ ਤਿਉਹਾਰ ਤੇ ਕਈ ਪ੍ਰਕਾਰ ਦੇ ਨਸ਼ੇ ਤੇ ਹੁਲੜਬਾਜ਼ੀ ਕੀਤੀ ਜਾਂਦੀ ਹੈ, ਜੋ ਗੁਰੂ ਸਾਹਿਬ ਜੀ ਦੇ ਸਿਧਾਂਤ ਦੇ ਅਸਲੋਂ ਹੀ ਉਲਟ ਹੈ। ਪਹਿਲਾਂ ਲੋਕ ਹੋਲੀ ਦੇ ਤਿਉਹਾਰ 'ਤੇ ਭੰਗ, ਸ਼ਰਾਬ ਪੀ ਕੇ, ਨਸ਼ੇ ਕਰਕੇ; ਰੰਗ ਇੱਕ-ਦੂਜੇ ਉਪਰ ਸੁੱਟਦੇ ਸਨ ਪਰ! ਅਜੋਕੇ ਵਕਤ ਖ਼ਾਲਸਈ ਜਾਲੋ-ਜਲਾਲ ਦੇ ਪ੍ਰਤੀਕ ਤਿਉਹਾਰ ਹੋਲੇ-ਮਹੱਲੇ 'ਤੇ ਵੀ ਕੁਝ ਲੋਕ ਨਸ਼ੇ ਦਾ ਸੇਵਨ ਕਰਦੇ ਹਨ। ਹੁਲੜਬਾਜ਼ੀ ਕਰਦੇ ਹਨ। ਇਹ ਬਹੁਤ ਮੰਦਭਾਗੀ ਗੱਲ ਹੈ।

ਸਾਰੀ ਵਿਚਾਰ-ਚਰਚਾ ਦੇ ਆਧਾਰ 'ਤੇ ਕਿਹਾ ਜਾ ਸਕਦਾ ਹੈ ਕਿ ਤਿਉਹਾਰ ਮਨੁੱਖੀ ਮਨਾਂ 'ਚ ਨਵ-ਚੇਤਨਾ ਦਾ ਸੰਚਾਰ ਕਰਦੇ ਹਨ। ਸਾਨੂੰ ਸਭ ਨੂੰ ਆਪਣੇ ਇਤਿਹਾਸ, ਵਿਰਸੇ ਅਤੇ ਸੱਭਿਆਚਾਰ ਨਾਲ ਜੋੜਦੇ ਹਨ। ਇਨ੍ਹਾਂ ਤਿਉਹਾਰਾਂ ਦੇ ਮੂਲ ਉਦੇਸ਼ਾਂ ਨੂੰ ਸਮਝਣਾ ਚਾਹੀਦਾ ਹੈ ਤਾਂ ਕਿ ਸਾਡੇ ਮਨਾਂ ਅੰਦਰ ਨਵ-ਜਾਗ੍ਰਿਤੀ ਦਾ ਸੰਚਾਰ ਹੋ ਸਕੇ ਅਤੇ ਅਸੀਂ ਗੁਰੂ ਸਾਹਿਬ ਜੀ ਦੇ ਅਸਲ ਉਦੇਸ਼ ਅਤੇ ਸਿੱਖਿਆ ਨੂੰ ਸਮਝ ਸਕੀਏ ਅਤੇ ਆਪਣਾ ਜੀਵਨ ਵਧੀਆ ਢੰਗ ਨਾਲ ਬਤੀਤ ਕਰ ਸਕੀਏ। ਉਸ ਨਾਲ ਜਿੱਥੇ ਸਾਡੇ ਮਨਾਂ ਵਿਚ ਸਕੂਨ ਪੈਦਾ ਹੋਵੇਗਾ, ਉੱਥੇ ਅਸੀਂ ਸਮਾਜ ਨੂੰ ਸਹੀ ਸੇਧ ਅਤੇ ਸਿੱਖਿਆ ਦੇਵਾਂਗੇ। ਸਮਾਜ ਵਿਚ ਸੁਧਾਰ ਦੀ ਸੰਭਾਵਨਾ ਵੱਧ ਜਾਵੇਗੀ। ਪਰ ਇਹ ਹੁੰਦਾ ਕਦੋਂ ਹੈ? ਇਹ ਅਜੇ ਭਵਿੱਖ ਦੀ ਕੁੱਖ ਵਿਚ ਹੈ। ਜਿਉਂਦੇ-ਵੱਸਦੇ ਰਹੋ ਸਾਰੇ।

## ਹੋਲਾ ਮਹੱਲਾ

ਹੋਲਾ ਤੇ ਮਹੱਲਾ ਹੈ ਜੈਕਾਰੇ ਲਾਉਣ ਵਾਲਾ
ਬਾਂਹ ਖੜ੍ਹੀ ਕਰ, ਜ਼ਿੰਦਗੀ ਨੂੰ ਚਾਹੁਣ ਵਾਲਾ।

ਨਿਸਚੇ ਦੀ ਜਿੱਤ ਦਾ, ਜੈਕਾਰਾ ਜਿਹਨੇ ਦਿੱਤਾ
ਜੈਕਾਰਿਆਂ 'ਚੋਂ ਜਾਪੇ, ਬਾਜਾਂ ਵਾਲਾ ਆਉਣ ਵਾਲਾ।

ਜ਼ਿੰਦਗੀ ਤਾਂ ਲੋੜਦੀ ਹੈ ਹਰ ਪਲ ਖਾਲਸਾ
ਬਦੀ ਦੇ ਇਰਾਦੇ ਨੂੰਹ ਮਾਰ ਢਾਉਣ ਵਾਲਾ।

ਬਹੁ ਸੰਮਤੀ ਤਾਂ ਸਦਾ ਹੌਸਲੇ ਦੀ ਹੁੰਦੀ
ਸਵਾ ਲੱਖ ਨਾਲ ਇੱਕ ਨੂੰ ਲੜਾਉਣ ਵਾਲਾ।

ਦੀਵਾਨਾ, ਮਸਤਾਨਾ ਰਣ ਤੱਤੇ ਵਿਚ ਗੱਜਦਾ
ਛੰਦ ਬੀਰ ਰਸ ਦੇ ਹੈ ਚਿੱਤ ਗਾਉਣ ਵਾਲਾ।

ਖਜ਼ਾਨੇ ਭਰਪੂਰ ਨੇ ਤੇ ਕਦੀ ਵੀ ਨਾ ਡੋਲਣਾ
ਨਾਮ ਹੈ ਅਕਾਲ ਦਾ ਹੀ ਪੂਰੀ ਪਾਉਣ ਵਾਲਾ।

ਸਮੇਂ ਨੇ ਚੁਣੌਤੀਆਂ ਤੋਂ ਬਾਜ਼ ਨਹੀਓਂ ਆਉਣਾ
ਪੰਥ ਹੈ ਪਿਆਰਾ ਗੱਜ ਕੇ ਦਿਖਾਉਣ ਵਾਲਾ।

ਚੜ੍ਹਦੀ ਕਲਾ ਤੇ ਚੜ੍ਹਾਈ ਹੋਵੇ ਸਦਾ 'ਢੇਸੀ'
ਸ਼ਬਦ ਇਲਾਹੀ ਸਾਧਨਾ ਸਿਖਾਉਣ ਵਾਲਾ।

*-ਕੁਲਵੰਤ ਸਿੰਘ 'ਢੇਸੀ' ਯੂ ਕੇ*

---

# ਭੇਸ ਬਦਲ ਕੇ ਮਦਦ ਕਰਦੀ ਜ਼ਿੰਦਗੀ

ਦੋਸਤਾਂ ਦੀ ਮਹਿਫਲ ਲੱਗੀ ਹੋਈ ਸੀ। ਚਰਚਿਲ ਨੇ ਆਪਣਾ ਵਾਈਨ ਵਾਲਾ ਗਲਾਸ ਉੱਚਾ ਕੀਤਾ ਅਤੇ ਕਿਹਾ: 'ਮੈਂ ਕਿਸੇ ਨੂੰ ਤੰਦਰੁਸਤੀ ਜਾਂ ਦੌਲਤ ਦੀ ਬਜਾਏ ਖੁਸ਼ਕਿਸਮਤੀ ਦੀਆਂ ਸ਼ੁਭਕਾਮਨਾਵਾਂ ਦੇਣਾ ਪਸੰਦ ਕਰਦਾ ਹਾਂ, ਕਿਉਂਕਿ ਟਾਈਟੈਨਿਕ ਜਹਾਜ਼ 'ਤੇ ਜ਼ਿਆਦਾਤਰ ਲੋਕ ਸਿਹਤਮੰਦ ਅਤੇ ਅਮੀਰ-ਦੋਵੇਂ ਸਨ ਪਰ ਉਨ੍ਹਾਂ ਵਿਚੋਂ ਖੁਸ਼ਕਿਸਮਤ ਬਹੁਤ ਥੋੜ੍ਹੇ ਸਨ।'

ਇਹ ਗੱਲ ਸੋਚਣ ਲਈ ਮਜਬੂਰ ਕਰਦੀ ਹੈ।

ਕੀ ਤੁਸੀਂ ਜਾਣਦੇ ਹੋ ਕਿ 9/11 ਦੇ ਹਮਲੇ ਵਿਚ ਇੱਕ ਸੀਨੀਅਰ ਅਧਿਕਾਰੀ ਸਿਰਫ਼ ਇਸ ਲਈ ਬਚ ਗਿਆ, ਕਿਉਂਕਿ ਉਸ ਦਿਨ ਉਹ ਆਪਣੇ ਪੁੱਤਰ ਨੂੰ ਪਹਿਲੇ ਦਿਨ ਉਸਦੇ ਸਕੂਲ (ਕਿੰਡਰਗਾਰਟਨ) ਛੱਡਣ ਗਿਆ ਸੀ? ਇੱਕ ਹੋਰ ਆਦਮੀ ਬਚ ਗਿਆ, ਕਿਉਂਕਿ ਉਸ ਦਿਨ ਸਹਿਕਰਮੀਆਂ ਲਈ ਡੋਨਟਸ ਲਿਆਉਣ ਦੀ ਵਾਰੀ ਉਸਦੀ ਸੀ।

ਇੱਕ ਔਰਤ ਬਚ ਗਈ, ਕਿਉਂਕਿ ਉਸ ਦਿਨ ਉਸਦਾ ਅਲਾਰਮ ਨਹੀਂ ਵੱਜਿਆ ਤੇ ਉਹ ਦੇਰ ਨਾਲ ਉੱਠੀ ਸੀ। ਇੱਕ ਹੋਰ ਵਿਅਕਤੀ ਦੇਰ ਨਾਲ ਪਹੁੰਚਿਆ, ਕਿਉਂਕਿ ਉਹ ਨਿਊ ਜਰਸੀ ਤੋਂ ਨਿਊਯਾਰਕ ਆਉਂਦਾ ਸੀ ਤੇ ਉਸ ਦਿਨ ਟ੍ਰੈਫਿਕ ਜਾਮ ਵਿਚ ਫਸ ਗਿਆ ਸੀ। ਕੋਈ ਬੱਸ ਛੁੱਟਣ ਕਰਕੇ ਬਚ ਗਿਆ। ਕਿਸੇ ਦੇ ਕੱਪੜਿਆਂ 'ਤੇ ਕੌਫੀ ਡੁੱਲ੍ਹ ਗਈ ਅਤੇ ਉਸਨੂੰ ਕੱਪੜੇ ਬਦਲਣ ਲਈ ਵਾਪਿਸ ਘਰ ਜਾਣਾ ਪਿਆ। ਕਿਸੇ ਦੀ ਕਾਰ ਸਟਾਰਟ ਨਹੀਂ ਹੋਈ। ਕਿਸੇ ਨੂੰ ਘਰੋਂ ਜ਼ਰੂਰੀ ਫ਼ੋਨ ਆ ਗਿਆ ਤੇ ਉਹ ਵਾਪਸ ਘਰ ਚਲਾ ਗਿਆ। ਇੱਕ ਮਾਂ ਨੂੰ ਦੇਰ ਹੋ ਗਈ ਕਿਉਂਕਿ ਉਸਦੇ ਬੱਚੇ ਉਸ ਦਿਨ ਸਕੂਲ ਜਾਣ ਲਈ ਹੋਰ ਦਿਨਾਂ ਨਾਲੋਂ ਹੌਲੀ ਤਿਆਰ ਹੋਏ ਸਨ। ਇੱਕ ਆਦਮੀ ਟੈਕਸੀ ਹੀ ਨਹੀਂ ਫੜ ਸਕਿਆ।

ਪਰ ਉਹ ਕਹਾਣੀ ਜਿਸਨੇ ਮੈਨੂੰ ਸਭ ਤੋਂ ਵੱਧ ਪ੍ਰਭਾਵਿਤ ਕੀਤਾ—

ਇੱਕ ਆਦਮੀ ਨੇ ਉਸ ਦਿਨ ਕੰਮ 'ਤੇ ਜਾਣ ਲੱਗੇ ਨਵੇਂ ਜੁੱਤੇ ਪਾਏ ਸਨ। ਰਸਤੇ ਵਿਚ ਉਸਦੇ ਪੈਰ ਜ਼ਖ਼ਮੀ ਹੋ ਗਏ, ਉਹ ਬੈਂਡ-ਏਡ ਖਰੀਦਣ ਲਈ ਇੱਕ ਫਾਰਮੇਸੀ 'ਤੇ ਰੁਕਿਆ। ਉਸ ਛੋਟੀ ਜਿਹੀ ਦੇਰੀ ਨੇ ਉਸਦੀ ਜਾਨ ਬਚਾ ਲਈ। ਇਹ ਛੋਟੀਆਂ-ਛੋਟੀਆਂ ਘਟਨਾਵਾਂ ਸਨ, ਬਿਲਕੁਲ ਆਮ ਗੱਲਾਂ ਪਰ ਇਨ੍ਹਾਂ ਛੋਟੇ-ਛੋਟੇ ਪਲਾਂ ਨੇ ਉਸ ਦਿਨ ਉਨ੍ਹਾਂ ਦੇ ਜੀਵਨ ਨੂੰ ਸਮਝਣ ਦੇ ਤਰੀਕੇ ਨੂੰ ਬਦਲ ਦਿੱਤਾ।

ਜਦੋਂ ਤੋਂ ਮੈਂ ਇਹ ਸੁਣਿਆ ਹੈ, ਮੇਰੇ ਸੋਚਣ ਦਾ ਢੰਗ ਬਦਲ ਗਿਆ ਹੈ। ਹੁਣ ਜਦੋਂ ਮੈਂ ਟ੍ਰੈਫਿਕ ਵਿਚ ਫਸਿਆ ਹੁੰਦਾ ਹਾਂ...ਲਿਫਟ ਤੋਂ ਖੁੰਝ ਜਾਂਦਾ ਹਾਂ...ਕੁਝ ਭੁੱਲ ਜਾਂਦਾ ਹਾਂ ਅਤੇ ਵਾਪਸ ਮੁੜਨਾ ਪੈਂਦਾ ਹੈ...ਮੇਰੀ ਸਵੇਰ ਸੋਚੀ ਹੋਈ ਯੋਜਨਾ ਮੁਤਾਬਕ ਨਹੀਂ ਹੁੰਦੀ...ਤਾਂ ਮੈਂ ਪੂਰੀ ਤਰ੍ਹਾਂ ਸਹਿਜ ਹੋ ਕੇ ਆਪਣੇ ਆਪ ਨੂੰ ਭਰੋਸਾ ਦਿਵਾਉਂਦਾ ਹਾਂ ਕਿ ਇਹ ਬਦਕਿਸਮਤੀ ਨਹੀਂ ਬਲਕਿ ਦੈਵਿਕ ਸਮਾਂ ਹੈ। ਮੈਂ ਬਿਲਕੁਲ ਉੱਥੇ ਹਾਂ ਜਿੱਥੇ ਮੈਨੂੰ ਹੋਣਾ ਚਾਹੀਦਾ ਹੈ। ਹੋ ਸਕਦਾ ਹੈ ਕਿ ਕੁਝ ਮੈਨੂੰ ਉਸ ਸਭ ਤੋਂ ਬਚਾ ਰਿਹਾ ਹੋਵੇ, ਜੋ ਮੈਨੂੰ ਦਿਖਾਈ ਵੀ ਨਹੀਂ ਦਿੰਦਾ। ਇਸ ਲਈ ਅਗਲੀ ਵਾਰ ਜਦੋਂ ਚੀਜ਼ਾਂ ਤੁਹਾਡੇ ਹਿਸਾਬ ਨਾਲ ਨਾ ਹੋਣ, ਚਾਬੀਆਂ ਗਵਾਚ ਜਾਣ, ਬੱਚੇ ਦੇਰ ਕਰਵਾ ਦੇਣ, ਟ੍ਰੈਫਿਕ ਜਾਮ ਹੋ ਜਾਵੇ, ਟਾਇਰ ਪੰਕਚਰ ਹੋ ਜਾਵੇ, ਤੁਹਾਡੀਆਂ ਯੋਜਨਾਵਾਂ ਸਿਰੇ ਨਾ ਚੜ੍ਹਨ ਤਾਂ ਤਣਾਅ ਨਾ ਲਵੋ, ਗੁੱਸਾ ਨਾ ਕਰੋ।

ਰੁਕੋ! ਗਹਿਰਾ ਸਾਹ ਲਵੋ। ਸ਼ਾਇਦ ਇਹ ਕੋਈ ਗੜਬੜ ਨਾ ਹੋ ਕੇ ਲੁਕੀ ਹੋਈ ਖੁਸ਼ਕਿਸਮਤੀ ਹੋਵੇ। ਹੋ ਸਕਦਾ ਹੈ ਕਿ ਜ਼ਿੰਦਗੀ ਭੇਸ ਬਦਲ ਕੇ ਤੁਹਾਡੀ ਮਦਦ ਕਰ ਰਹੀ ਹੋਵੇ। ਬਹੁਤੀ ਵਾਰ, ਜੋ ਦੇਰੀ ਸਾਨੂੰ ਨਿਰਾਸ਼ ਕਰਦੀ ਹੈ ਉਹੀ ਸਾਡਾ ਬਚਾਅ ਕਰਦੀ ਹੈ।

*-ਇੱਕ ਅੰਗ੍ਰੇਜ਼ੀ ਪੋਸਟ ਦਾ ਪੰਜਾਬੀ ਅਨੁਵਾਦ-*

# ਕਾਬਿਲ ਜਾਂ ਕਾਤਲ ਬਣਨਗੇ ਭਵਿੱਖ ਵਿਚ ਬਣਨ ਵਾਲੇ ਡਾਕਟਰ...?

ਭਾਰਤ ਵਿਚ ਡਾਕਟਰੀ ਪੇਸ਼ੇ ਨੂੰ ਹਮੇਸ਼ਾ ਉੱਚੇ ਨੈਤਿਕ ਅਤੇ ਵਿਗਿਆਨਕ ਮਿਆਰਾਂ ਨਾਲ ਜੋੜ ਕੇ ਵੇਖਿਆ ਜਾਂਦਾ ਹੈ। ਡਾਕਟਰ ਨੂੰ ਭਗਵਾਨ ਦਾ ਰੂਪ ਮੰਨਿਆ ਜਾਂਦਾ ਹੈ ਕਿਉਂਕਿ ਉਹ ਜਾਨਾਂ ਬਚਾਉਂਦੇ ਹਨ ਅਤੇ ਬਿਮਾਰੀਆਂ ਨੂੰ ਦੂਰ ਕਰਦੇ ਹਨ। ਪਰ ਮੌਜੂਦਾ ਸਮੇਂ ਡਾਕਟਰੀ ਸਿੱਖਿਆ ਪ੍ਰਣਾਲੀ ਵਿਚ ਆ ਰਹੀਆਂ ਤਬਦੀਲੀਆਂ ਅਤੇ ਵਿਵਾਦਾਂ ਨੇ ਇਸ ਪੇਸ਼ੇ ਦੀ ਸਾਖ ਨੂੰ ਖ਼ਤਰੇ ਵਿਚ ਪਾ ਦਿੱਤਾ ਹੈ। ਖ਼ਾਸ ਕਰਕੇ ਨੀਟ ਪੀਜੀ ਪ੍ਰੀਖਿਆ ਵਿਚ ਨੈਗੇਟਿਵ ਅੰਕ ਪ੍ਰਾਪਤ ਕਰਨ ਵਾਲੇ ਵਿਦਿਆਰਥੀਆਂ ਨੂੰ ਰਾਖਵੇਂ ਕੋਟੇ ਅਧੀਨ ਸੀਟਾਂ ਅਲਾਟ ਕੀਤੇ ਜਾਣ ਨੇ ਵੱਡਾ ਵਿਵਾਦ ਖੜ੍ਹਾ ਕਰ ਦਿੱਤਾ ਹੈ। ਇਹ ਸਵਾਲ ਉੱਠ ਰਿਹਾ ਹੈ ਕਿ ਅਜਿਹੇ ਵਿਦਿਆਰਥੀ ਭਵਿੱਖ ਵਿਚ ਕਾਬਲ ਡਾਕਟਰ ਬਣਨਗੇ ਜਾਂ ਅਣਜਾਣੇ ਵਿਚ



ਸੰਦੀਪ ਕੁਮਾਰ
ਫੋਨ:70098-07121

ਕਾਤਲ? ਇਸ ਲੇਖ ਵਿਚ ਅਸੀਂ ਇਸ ਮੁੱਦੇ ਨੂੰ ਵਿਸਥਾਰ ਨਾਲ ਵਿਚਾਰਾਂਗੇ ਅਤੇ ਵੇਖਾਂਗੇ ਕਿ ਰਾਖਵਾਂਕਰਨ ਪ੍ਰਣਾਲੀ ਦੇ ਨਾਂ ਹੇਠ ਸਮਾਜ ਨੂੰ ਕਿਸ ਤਰ੍ਹਾਂ ਨੁਕਸਾਨ ਪਹੁੰਚ ਰਿਹਾ ਹੈ।

ਹਾਲ ਹੀ ਵਿਚ ਨੀਟ ਪੀਜੀ 2025 ਪ੍ਰੀਖਿਆ ਵਿਚ ਕਟ-ਆਫ ਨੂੰ ਬਹੁਤ ਨੀਵਾਂ ਕਰ ਦਿੱਤਾ ਗਿਆ ਹੈ, ਜਿਸ ਨਾਲ ਨੈਗੇਟਿਵ ਅੰਕ ਵਾਲੇ ਵਿਦਿਆਰਥੀ ਵੀ ਯੋਗ ਘੋਸ਼ਿਤ ਹੋ ਗਏ ਹਨ। ਨੈਸ਼ਨਲ ਬੋਰਡ ਆਫ ਐਗਜ਼ਾਮੀਨੇਸ਼ਨਜ਼ ਇਨ ਮੈਡੀਕਲ ਸਾਇੰਸਿਜ਼ (ਐੈਨਬੀਈਐੈਮਐੈਸ) ਨੇ ਐਲਾਨ ਕੀਤਾ ਕਿ ਜਨਰਲ ਕੈਟਾਗਰੀ ਲਈ ਕਟ-ਆਫ 7ਵੇਂ ਪਰਸੈਂਟਾਈਲ ਤੱਕ ਘਟਾਇਆ ਗਿਆ ਹੈ, ਜੋ ਲਗਭਗ 103 ਅੰਕਾਂ ਦੇ ਬਰਾਬਰ ਹੈ। ਪਰ ਐੈਸਸੀ/ਐੈਸਟੀ/ਓਬੀਸੀ ਵਰਗਾਂ ਲਈ ਸਾਰੇ ਉਮੀਦਵਾਰਾਂ ਨੂੰ ਯੋਗ ਮੰਨ ਲਿਆ ਗਿਆ ਹੈ, ਭਾਵੇਂ ਉਨ੍ਹਾਂ ਦੇ ਅੰਕ ਨੈਗੇਟਿਵ ਹੀ ਕਿਉਂ ਨਾ ਹੋਣ। ਇਸ ਨਾਲ ਮਾਈਨਸ 40 ਤੱਕ ਨੈਗੇਟਿਵ ਅੰਕ ਵਾਲੇ ਵਿਦਿਆਰਥੀ ਵੀ ਕਾਉਂਸਲਿੰਗ ਵਿਚ ਹਿੱਸਾ ਲੈ ਸਕਦੇ ਹਨ। ਇਹ ਤਬਦੀਲੀ ਪਹਿਲਾਂ ਵਾਲੇ ਮਿਆਰਾਂ ਤੋਂ ਬਹੁਤ ਵੱਖਰੀ ਹੈ, ਜਿੱਥੇ ਜਨਰਲ ਵਰਗ ਲਈ 50ਵਾਂ ਪਰਸੈਂਟਾਈਲ ਅਤੇ ਰਾਖਵੇਂ ਵਰਗਾਂ ਲਈ 40ਵਾਂ ਪਰਸੈਂਟਾਈਲ ਜ਼ਰੂਰੀ ਸੀ। ਇਸ ਫੈਸਲੇ ਨੇ ਮੈਡੀਕਲ ਭਾਈਚਾਰੇ ਵਿਚ ਵੱਡਾ ਵਿਰੋਧ ਪੈਦਾ ਕੀਤਾ ਹੈ ਅਤੇ ਸਮਾਜਿਕ ਤੌਰ 'ਤੇ ਮਰੀਜ਼ਾਂ ਦੀ ਸੁਰੱਖਿਆ ਨੂੰ ਲੈ ਕੇ ਚਿੰਤਾਵਾਂ ਵਧ ਗਈਆਂ ਹਨ।

ਰਾਖਵਾਂਕਰਨ ਪ੍ਰਣਾਲੀ ਦਾ ਮੂਲ ਉਦੇਸ਼ ਸਮਾਜ ਦੇ ਵੰਚਿਤ ਵਰਗਾਂ ਨੂੰ ਉੱਚਾ ਚੁੱਕਣਾ ਅਤੇ ਉਨ੍ਹਾਂ ਨੂੰ ਬਰਾਬਰੀ ਦੇ ਮੌਕੇ ਪ੍ਰਦਾਨ ਕਰਨਾ ਹੈ। ਇਹ ਚੰਗੀ ਸੋਚ ਹੈ ਅਤੇ ਭਾਰਤੀ ਸੰਵਿਧਾਨ ਵਿਚ ਵੀ ਇਸ ਨੂੰ ਮਾਨਤਾ ਮਿਲੀ ਹੈ। ਪਰ ਮੌਜੂਦਾ ਸਰਕਾਰਾਂ ਇਸ ਪ੍ਰਣਾਲੀ ਨੂੰ ਵੋਟ ਬੈਂਕ ਵਜੋਂ ਵਰਤ ਰਹੀਆਂ ਹਨ। ਉਹ ਵੰਚਿਤ ਵਰਗਾਂ ਨੂੰ ਉੱਚਾ ਚੁੱਕਣ ਦੇ ਨਾਂ ਹੇਠ ਅਜਿਹੇ ਫੈਸਲੇ ਲੈ ਰਹੀਆਂ ਹਨ ਜੋ ਨਾ ਸਿਰਫ਼ ਮੈਰਿਟ ਨੂੰ ਨੁਕਸਾਨ ਪਹੁੰਚਾਉਂਦੇ ਹਨ ਬਲਕਿ ਪੂਰੇ ਸਮਾਜ ਦੀ ਸਿਹਤ ਪ੍ਰਣਾਲੀ ਨੂੰ ਖਤਰੇ ਵਿਚ ਪਾ ਰਹੇ ਹਨ। ਨੀਟ ਪੀਜੀ ਵਿਚ ਮਾਈਨਸ 12 ਅੰਕ ਵਾਲੇ ਉਮੀਦਵਾਰ ਨੂੰ ਐੈਮਡੀ ਫਿਜ਼ੀਓਲਾਜੀ ਵਿਚ ਏ.ਸੀ.ਐੈਸ. ਮੈਡੀਕਲ ਕਾਲਜ, ਚੇਨਈ ਵਿਚ ਓਬੀਸੀ ਵਰਗ ਅਧੀਨ ਸੀਟ ਅਲਾਟ ਹੋਈ ਹੈ। ਇਸੇ ਤਰ੍ਹਾਂ ਮਾਈਨਸ 8 ਅੰਕ ਵਾਲੇ ਨੂੰ ਐੈਸਟੀ ਵਰਗ ਅਧੀਨ ਗਵਰਨਮੈਂਟ ਮੈਡੀਕਲ ਕਾਲਜ, ਹਲਦਵਾਨੀ ਵਿਚ ਐੈਮਡੀ ਬਾਇਓਕੈਮਿਸਟਰੀ ਵਿਚ ਸੀਟ ਮਿਲੀ ਹੈ ਅਤੇ ਮਾਈਨਸ 5 ਅੰਕ ਵਾਲੇ ਨੂੰ ਸਿੰਬਾਇਓਸਿਸ ਮੈਡੀਕਲ ਕਾਲਜ ਫਾਰ ਵੂਮੈਨ, ਪੁਣੇ ਵਿਚ ਸੀਟ ਮਿਲੀ ਹੈ। ਇਸੇ ਤਰ੍ਹਾਂ ਰੋਹਤਕ ਮੈਡੀਕਲ ਕਾਲਜ ਵਿਚ ਨੈਗੇਟਿਵ ਅੰਕ ਪ੍ਰਾਪਤ ਰਾਖਵੀਂ ਸ਼੍ਰੇਣੀ ਦੇ ਉਮੀਦਵਾਰਾਂ ਨੂੰ ਦਾਖਲੇ ਮਿਲੇ ਹਨ। ਇਹ ਉਦਾਹਰਣਾਂ ਦੱਸਦੀਆਂ ਹਨ ਕਿ ਕਿਵੇਂ ਨੈਗੇਟਿਵ ਅੰਕ ਵਾਲੇ ਵਿਦਿਆਰਥੀ ਡਾਕਟਰ ਬਣਨ ਜਾ ਰਹੇ ਹਨ।

ਹੁਣ ਸਵਾਲ ਇਹ ਉੱਠਦਾ ਹੈ ਕਿ ਅਜਿਹੇ ਡਾਕਟਰ ਭਵਿੱਖ ਵਿਚ ਕਾਬਲ ਹੋਣਗੇ ਜਾਂ ਉਹ ਅਣਜਾਣੇ ਵਿਚ ਮਰੀਜ਼ਾਂ ਦੀ ਜਾਨ ਨੂੰ ਖਤਰੇ ਵਿਚ ਪਾ ਸਕਦੇ ਹਨ? ਨੈਗੇਟਿਵ ਅੰਕ ਪ੍ਰਾਪਤ ਕਰਨਾ ਇਹ ਦਰਸਾਉਂਦਾ ਹੈ ਕਿ ਵਿਦਿਆਰਥੀ ਨੂੰ ਬੁਨਿਆਦੀ ਵਿਗਿਆਨਕ ਗਿਆਨ ਵੀ ਨਹੀਂ ਹੈ। ਨੀਟ ਪੀਜੀ ਵਿਚ 200 ਪ੍ਰਸ਼ਨ ਹੁੰਦੇ ਹਨ, ਹਰ ਸਹੀ ਜਵਾਬ ਲਈ ਪੌਜ਼ੀਟਿਵ 4 ਅੰਕ ਅਤੇ ਗਲਤ ਲਈ ਨੈਗੇਟਿਵ 1 ਅੰਕ। ਜੇਕਰ ਕੋਈ ਵਿਦਿਆਰਥੀ ਬਹੁਤ ਸਾਰੇ ਗਲਤ ਜਵਾਬ ਦਿੰਦਾ ਹੈ ਤਾਂ ਉਸ ਦੇ ਅੰਕ ਨੈਗੇਟਿਵ ਹੋ ਜਾਂਦੇ ਹਨ। ਅਜਿਹੇ ਵਿਦਿਆਰਥੀ ਨੂੰ ਪੋਸਟ ਗ੍ਰੈਜੂਏਟ ਮੈਡੀਕਲ ਸਿੱਖਿਆ ਵਿਚ ਦਾਖਲਾ ਦੇਣਾ ਇਹ ਯਕੀਨੀ ਬਣਾਉਂਦਾ ਹੈ ਕਿ ਭਵਿੱਖ ਵਿਚ ਉਹ ਗਲਤ ਨਿਦਾਨ ਜਾਂ ਇਲਾਜ ਕਰ ਸਕਦੇ ਹਨ, ਜਿਸ ਨਾਲ ਮਰੀਜ਼ਾਂ ਦੀ ਜਾਨ ਜਾ ਸਕਦੀ ਹੈ। ਇਹ ਨੁਕਸਾਨ ਸਿਰਫ਼ ਜਨਰਲ ਵਰਗ ਨਾਲ ਸੰਬੰਧਿਤ ਵਿਅਕਤੀਆਂ ਨੂੰ ਨਹੀਂ ਹੋਵੇਗਾ ਬਲਕਿ ਪੂਰੇ ਸਮਾਜ ਨੂੰ ਹੋਵੇਗਾ, ਕਿਉਂਕਿ ਡਾਕਟਰ ਸਾਰਿਆਂ ਲਈ ਹੁੰਦੇ ਹਨ। ਬੱਚਿਆਂ ਦੇ ਮਾਹਿਰ ਅਤੇ ਸਮਾਜ ਸੇਵੀ ਮਹਿਲਾ ਡਾਕਟਰ ਹਰਸ਼ਿੰਦਰ ਕੌਰ ਨੇ ਇਸ ਫ਼ੈਸਲੇ 'ਤੇ ਸੋਸ਼ਲ ਮੀਡੀਆ ਰਾਹੀਂ ਪ੍ਰਤੀਕਿਰਿਆ ਦਿੰਦੇ ਹੋਏ ਦੱਸਿਆ, ਕਿ ਕਿਸ ਤਰ੍ਹਾਂ ਇਸੇ ਪ੍ਰਣਾਲੀ ਰਾਹੀਂ ਚੁਣ ਕੇ ਬਣੇ ਡਾਕਟਰ ਦੇ ਇਲਾਜ ਨਾਲ ਉਨ੍ਹਾਂ ਦੇ ਪਤੀ ਦੇ ਪੈਰ ਦੀ ਹਾਲਤ ਵਿਗੜ ਗਈ ਸੀ।

ਇਹ ਘਟਨਾ ਪਹਿਲੀ ਵਾਰ ਨਹੀਂ ਵਾਪਰ ਰਹੀ। ਪਹਿਲਾਂ ਵੀ ਨੀਟ ਪੀਜੀ 2023 ਵਿਚ ਕਟ-ਆਫ ਨੂੰ ਜ਼ੀਰੋ ਪਰਸੈਂਟਾਈਲ ਤੱਕ ਘਟਾਇਆ ਗਿਆ ਸੀ, ਜਿਸ ਨਾਲ ਨੈਗੇਟਿਵ ਅੰਕ ਵਾਲੇ ਵੀ ਯੋਗ ਹੋ ਗਏ ਸਨ। ਨਾ ਸਿਰਫ਼ ਮੈਡੀਕਲ ਖੇਤਰ ਵਿਚ ਬਲਕਿ ਹੋਰ ਵਿਭਾਗਾਂ ਵਿਚ ਵੀ ਅਜਿਹਾ ਵਾਪਰਦਾ ਰਿਹਾ ਹੈ। ਉਦਾਹਰਨ ਵਜੋਂ, ਸਿੱਖਿਆ ਖੇਤਰ ਵਿਚ ਰਾਖਵਾਂਕਰਨ ਅਧੀਨ ਨੈਗੇਟਿਵ ਅੰਕ ਵਾਲੇ



ਵਿਅਕਤੀ ਅਧਿਆਪਕ ਵਜੋਂ ਨੌਕਰੀ ਪ੍ਰਾਪਤ ਕਰ ਚੁੱਕੇ ਹਨ। ਹੁਣ ਸੋਚੋ, ਜੇਕਰ ਇੱਕ ਅਧਿਆਪਕ ਨੈਗੇਟਿਵ ਅੰਕ ਨਾਲ ਪਾਸ ਹੋ ਕੇ ਬੱਚਿਆਂ ਨੂੰ ਪੜ੍ਹਾਉਂਦਾ ਹੈ ਤਾਂ ਉਹ ਕਿਸ ਤਰ੍ਹਾਂ ਦੀ ਸਿੱਖਿਆ ਪ੍ਰਦਾਨ ਕਰੇਗਾ? ਕੀ ਉਹ ਬੱਚਿਆਂ ਨੂੰ ਸਕਾਰਾਤਮਕ ਅਤੇ ਗੁਣਵੱਤਾ ਵਾਲੀ ਵਿਦਿਆ ਦੇ ਸਕੇਗਾ? ਨਹੀਂ, ਇਹ ਸਿਰਫ਼ ਸਮਾਜ ਨੂੰ ਪਿੱਛੇ ਧੱਕੇਗਾ ਅਤੇ ਅਗਲੀ ਪੀੜ੍ਹੀ ਨੂੰ ਅਯੋਗ ਬਣਾਏਗਾ। ਇਸੇ ਤਰ੍ਹਾਂ ਡਾਕਟਰੀ ਵਿਚ ਅਜਿਹੇ ਵਿਅਕਤੀ ਆਉਣ ਨਾਲ ਸਿਹਤ ਸੇਵਾਵਾਂ ਦੀ ਗੁਣਵੱਤਾ ਘਟੇਗੀ ਅਤੇ ਲੋਕਾਂ ਦਾ ਵਿਸ਼ਵਾਸ ਟੁੱਟੇਗਾ। ਸਰਕਾਰਾਂ ਦਾ ਤਰਕ ਹੈ ਕਿ ਇਹ ਫੈਸਲਾ ਵੇਕੈਂਟ ਸੀਟਾਂ ਨੂੰ ਭਰਨ ਲਈ ਲਿਆ ਗਿਆ ਹੈ। 18,000 ਤੋਂ ਵੱਧ ਪੀਜੀ ਸੀਟਾਂ ਖਾਲੀ ਸਨ, ਜਿਸ ਨਾਲ ਸਿੱਖਿਆ ਵਿਵਸਥਾ ਨੂੰ ਨੁਕਸਾਨ ਹੋ ਰਿਹਾ ਸੀ। ਪਰ ਕੀ ਖਾਲੀ ਸੀਟਾਂ ਭਰਨ ਲਈ ਮਿਆਰਾਂ ਨੂੰ ਇੰਨਾ ਨੀਵਾਂ ਕਰਨਾ ਜਾਇਜ਼ ਹੈ? ਕੀ ਇਹ ਨਹੀਂ ਹੋ ਸਕਦਾ ਕਿ ਅਜਿਹੀਆਂ ਸੀਟਾਂ ਨੂੰ ਅਗਲੇ ਸੈਸ਼ਨ ਲਈ ਰੱਖ ਲਿਆ ਜਾਵੇ ਜਾਂ ਮਿਆਰਾਂ ਨੂੰ ਥੋੜ੍ਹਾ ਹੀ ਘਟਾਇਆ ਜਾਵੇ? ਸੁਪਰੀਮ ਕੋਰਟ ਨੇ ਵੀ ਇਸ ਫੈਸਲੇ 'ਤੇ ਹੈਰਾਨੀ ਪ੍ਰਗਟ ਕੀਤੀ ਹੈ ਅਤੇ ਕੇਂਦਰ ਸਰਕਾਰ ਤੋਂ ਵਿਸਥਾਰਤ ਜਵਾਬ ਮੰਗਿਆ ਹੈ। ਕੋਰਟ ਨੇ ਕਿਹਾ ਹੈ ਕਿ ਇਹ ਮੈਡੀਕਲ ਮਿਆਰਾਂ ਨੂੰ ਨੁਕਸਾਨ ਪਹੁੰਚਾ ਸਕਦਾ ਹੈ ਅਤੇ ਮਰੀਜ਼ਾਂ ਦੀ ਸੁਰੱਖਿਆ ਨੂੰ ਖਤਰੇ ਵਿਚ ਪਾ ਸਕਦਾ ਹੈ। ਯੂਨਾਈਟਿਡ ਡਾਕਟਰਜ਼ ਫਰੰਟ ਵਰਗੇ ਸੰਗਠਨਾਂ ਨੇ ਪੀਆਈਐੈਲ ਦਾਇਰ ਕੀਤੀ ਹੈ ਅਤੇ ਇਸ ਨੂੰ ਸੰਵਿਧਾਨ ਵਿਰੋਧੀ ਦੱਸਿਆ ਹੈ।


ਰਾਖਵਾਂਕਰਨ ਨੂੰ ਬੰਦ ਨਹੀਂ ਕੀਤਾ ਜਾਣਾ ਚਾਹੀਦਾ ਪਰ ਇਸ ਨੂੰ ਵਧੇਰੇ ਵਿਗਿਆਨਕ ਅਤੇ ਨਿਰਪੱਖ ਬਣਾਉਣਾ ਚਾਹੀਦਾ ਹੈ। ਜੇਕਰ ਵੰਚਿਤ ਵਰਗਾਂ ਨੂੰ ਵਿਸ਼ੇਸ਼ ਸਹੂਲਤਾਂ ਦੇਣੀਆਂ ਹਨ ਤਾਂ ਉਹ ਸਿਰਫ਼ ਕਾਬਲ ਵਿਅਕਤੀਆਂ ਨੂੰ ਹੀ ਦਿੱਤੀਆਂ ਜਾਣ। ਰਾਖਵੇਂ ਵਰਗਾਂ ਵਿਚੋਂ ਵੀ ਬਹੁਤ ਸਾਰੇ ਵਿਦਿਆਰਥੀ ਉੱਚ ਅੰਕ ਪ੍ਰਾਪਤ ਕਰਦੇ ਹਨ ਅਤੇ ਉਨ੍ਹਾਂ ਨੂੰ ਮੌਕੇ ਮਿਲਣੇ ਚਾਹੀਦੇ ਹਨ। ਪਰ ਜੇਕਰ ਕੋਈ ਵੰਚਿਤ ਵਰਗ ਵਿਚ ਕਾਬਲ ਉਮੀਦਵਾਰ ਨਹੀਂ ਮਿਲਦਾ ਤਾਂ ਉਸ ਸੀਟ ਨੂੰ ਖਾਲੀ ਰੱਖ ਕੇ ਅਗਲੇ ਸੈਸ਼ਨ ਵਿਚ ਭਰਿਆ ਜਾਵੇ, ਨਾ ਕਿ ਅਯੋਗ ਵਿਅਕਤੀ ਨੂੰ ਦਿੱਤਾ ਜਾਵੇ। ਇਸ ਨਾਲ ਨਾ ਸਿਰਫ਼ ਵੰਚਿਤ ਵਰਗਾਂ ਨੂੰ ਫਾਇਦਾ ਹੋਵੇਗਾ ਬਲਕਿ ਸਮਾਜ ਨੂੰ ਵੀ ਗੁਣਵੱਤਾ ਵਾਲੇ ਪੇਸ਼ੇਵਰ ਮਿਲਣਗੇ। ਅਜਿਹਾ ਕਰਨ ਨਾਲ ਵੋਟ ਬੈਂਕ ਪਾਲਸੀ ਨੂੰ ਰੋਕਿਆ ਜਾ ਸਕੇਗਾ ਅਤੇ ਅਸਲ ਸਮਾਜਿਕ ਨਿਆਂ ਹੋਵੇਗਾ।

ਇਸ ਮੁੱਦੇ 'ਤੇ ਸਮਾਜ ਵਿਚ ਵੱਡਾ ਵਿਰੋਧ ਹੋ ਰਿਹਾ ਹੈ। ਸੋਸ਼ਲ ਮੀਡੀਆ 'ਤੇ ਡਾਕਟਰ ਅਤੇ ਵਿਦਿਆਰਥੀ ਇਸ ਨੂੰ ਚੁਣੌਤੀ ਦੇ ਰਹੇ ਹਨ। ਕੁਝ ਲੋਕ ਰਾਖਵਾਂਕਰਨ ਨੂੰ ਪੂਰੀ ਤਰ੍ਹਾਂ ਖਤਮ ਕਰਨ ਦੀ ਮੰਗ ਕਰ ਰਹੇ ਹਨ। ਵੋਟ ਬੈਂਕ ਦੀ ਰਾਜਨੀਤੀ ਦੇ ਚੱਲਦਿਆਂ ਸਿਆਸੀ ਪਾਰਟੀਆਂ, ਰਾਖਵਾਂਕਰਨ ਨੂੰ ਸਮਾਜਿਕ ਨਿਆਂ ਲਈ ਜ਼ਰੂਰੀ ਦੱਸਦੀਆਂ ਹਨ। ਪਰ ਮੌਜੂਦਾ ਸਮੇਂ ਦੀ ਮੰਗ ਅਨੁਸਾਰ ਇਸ ਨੂੰ ਸਮਾਜਿਕ ਮਿਆਰਾਂ ਨਾਲ ਜੋੜ ਕੇ ਰੱਖਣਾ ਚਾਹੀਦਾ ਹੈ। ਸਰਕਾਰਾਂ ਨੂੰ ਚਾਹੀਦਾ ਹੈ ਕਿ ਉਹ ਵੰਚਿਤ ਵਰਗਾਂ ਲਈ ਬੁਨਿਆਦੀ ਸਿੱਖਿਆ ਅਤੇ ਕੋਚਿੰਗ ਵਿਚ ਨਿਵੇਸ਼ ਕਰਨ ਤਾਂ ਜੋ ਉਹ ਬਿਨਾਂ ਨੈਗੇਟਿਵ ਅੰਕਾਂ ਦੇ ਮੈਰਿਟ 'ਤੇ ਆ ਸਕਣ। ਇਸ ਨਾਲ ਅਸਲ ਤਰੱਕੀ ਹੋਵੇਗੀ ਅਤੇ ਸਮਾਜ ਵਿਚ ਬਰਾਬਰੀ ਆਵੇਗੀ।

ਨੀਟ ਪੀਜੀ ਵਰਗੇ ਵਿਵਾਦਾਂ ਨੇ ਇਹ ਸਾਬਤ ਕਰ ਦਿੱਤਾ ਹੈ ਕਿ ਵੋਟ ਬੈਂਕ ਰਾਜਨੀਤੀ ਨੇ ਸਮਾਜ ਨੂੰ ਨੁਕਸਾਨ ਪਹੁੰਚਾਉਣਾ ਸ਼ੁਰੂ ਕਰ ਦਿੱਤਾ ਹੈ। ਜੇਕਰ ਅਸੀਂ ਚਾਹੁੰਦੇ ਹਾਂ ਕਿ ਭਵਿੱਖ ਵਿਚ ਡਾਕਟਰ ਕਾਬਲ ਬਣਨ ਤਾਂ ਮਿਆਰਾਂ ਨੂੰ ਉੱਚਾ ਰੱਖਣਾ ਪਵੇਗਾ ਅਤੇ ਰਾਖਵਾਂਕਰਨ ਨੂੰ ਵਿਗਿਆਨਕ ਬਣਾਉਣਾ ਪਵੇਗਾ। ਨਹੀਂ ਤਾਂ ਇਹ ਪ੍ਰਣਾਲੀ ਨਾ ਸਿਰਫ਼ ਅਯੋਗ ਡਾਕਟਰ ਪੈਦਾ ਕਰੇਗੀ ਬਲਕਿ ਸਮਾਜ ਨੂੰ ਪੂਰਨ ਰੂਪ ਵਿਚ ਨੁਕਸਾਨ ਪਹੁੰਚਾਏਗੀ। ਸਮਾਂ ਆ ਗਿਆ ਹੈ ਕਿ ਸਰਕਾਰਾਂ ਅਤੇ ਨੀਤੀ ਨਿਰਮਾਤਾ ਇਸ 'ਤੇ ਧਿਆਨ ਦੇਣ ਅਤੇ ਬਰਾਬਰ ਮਾਪਦੰਡ ਤੈਅ ਕਰਨ, ਤਾਂ ਜੋ ਭਵਿੱਖ ਵਿਚ ਡਾਕਟਰ ਕਾਬਲ ਬਣਨ ਨਾ ਕਿ ਅਣਜਾਣੇ ਕਾਤਲ।

## ਕਾਵਿ-ਕਿਆਰੀ

ਅਮਰੀਕ ਸਿੰਘ
ਸ਼ਿਕਾਗੋ



### ਰੋਂਦੀਆਂ ਅੱਖਾਂ ਨਾਲ ਹੱਸਦੇ ਲੋਕ

ਰੋਂਦੀਆਂ ਅੱਖਾਂ ਨਾਲ ਹੱਸਦੇ ਨੇ ਲੋਕ,
ਜ਼ਖ਼ਮਾਂ ਨੂੰ ਛੁਪਾ ਕੇ ਦੱਸਦੇ ਨੇ ਲੋਕ,
ਅੰਦਰੋਂ ਟੁੱਟੇ, ਬਾਹਰੋਂ ਪੱਥਰ ਜਿਹੇ,
ਇਹੀ ਏ ਦਰਦ—ਇਹੀ ਰੱਬ ਦੀ ਖੇਡ।

ਰਾਜਪੁਰ ਦੀਆਂ ਗਲੀਆਂ 'ਚ ਖੇਡੇ ਸੀ ਕਦੇ,
ਉਹ ਬਚਪਨ ਦੇ ਦਿਨ — ਸੱਚੇ ਅਤੇ ਸਾਦੇ,
ਉਹ ਖੇਤਾਂ ਦੀ ਮਹਿਕ, ਬੋਹੜ ਦੀ ਛਾਂ,
ਮਾਂ ਦੀਆਂ ਬਾਹਾਂ, ਦੁਨੀਆਂ ਦੀ ਸਭ ਤੋਂ ਵੱਡੀ ਥਾਂ।
ਹੁਣ ਸ਼ਿਕਾਗੋ ਦੀਆਂ ਸੜਕਾਂ 'ਤੇ ਭਟਕਦਾਂ,
ਰਾਜਪੁਰ ਦੀ ਮਿੱਟੀ ਦੀ ਖੁਸ਼ਬੂ ਲੱਭਦਾਂ।
ਰੋਂਦੀਆਂ ਅੱਖਾਂ ਨਾਲ...।

ਕਿਸੇ ਦੀ ਭੁੱਖ ਨੇ ਤੋੜੀ ਰੀੜ੍ਹ ਦੀ ਹੱਡੀ,
ਕਿਸੇ ਦੀ ਮਾਂ ਨੇ ਰੋ-ਰੋ ਦਰਦਾਂ 'ਚ ਰਾਤ ਕੱਢੀ,
ਕਿਸੇ ਦਾ ਪੁੱਤ ਵਿਦੇਸ਼ ਗਿਆ ਕਮਾਈ ਖਾਤਰ,
ਘਰ ਵਿਚ ਰਹੀਆਂ ਉਡੀਕਾਂ — ਖ਼ਾਲੀ ਛਾਤੀਆਂ ਦਾ ਦਰਦ।
ਕੋਈ ਨਾ ਪੁੱਛੇ ਹਾਲ ਜਦੋਂ ਟੁੱਟਦਾ ਹੈ ਇਨਸਾਨ,
ਬੱਸ ਕੰਮ ਪੈਣ 'ਤੇ ਯਾਦ ਆਉਂਦੇ ਨੇ ਸਾਰੇ ਜਹਾਨ।
ਰੋਂਦੀਆਂ ਅੱਖਾਂ ਨਾਲ...।

ਤਨਹਾਈ ਦੀ ਰਾਤ ਵਿਚ ਦੀਵਾ ਜਲਦਾ ਨਹੀਂ,
ਬ੍ਰਿਹਾ ਦਾ ਦਰਦ ਕਿਸੇ ਨੂੰ ਦੱਸਿਆ ਜਾਂਦਾ ਨਹੀਂ,
ਸੁੱਕੀਆਂ ਅੱਖੀਆਂ ਵਿਚ ਵੀ ਦਰਿਆ ਵਗਦੇ ਨੇ,
ਉਹ ਜ਼ਖ਼ਮ ਅੰਦਰੇ-ਅੰਦਰ ਡੂੰਘੇ ਲਗਦੇ ਨੇ।
ਕਿਸੇ ਦੀ ਉਡੀਕ ਵਿਚ ਉਮਰਾਂ ਨੇ ਲੰਘ ਜਾਂਦੀਆਂ,
ਉਮੀਦਾਂ ਦੇ ਦੀਵੇ —ਹਨੇਰੇ ਵਿਚ ਬੁਝਾ ਜਾਂਦੀਆਂ ।
ਰੋਂਦੀਆਂ ਅੱਖਾਂ ਨਾਲ...।

ਕਿਸੇ ਦੀ ਧੀ ਨੇ ਸੁਪਨੇ ਦੱਬੇ ਵਿਚ ਚੁੱਪ,
ਕਿਸੇ ਦਾ ਬਾਪ ਬੁੱਢਾ ਰੋਂਦਾ ਵਿਚ ਧੁੱਪ,
ਕਿਰਤੀ ਦੇ ਹੱਥਾਂ ਵਿਚ ਛਾਲੇ ਨੇ ਡੂੰਘੇ,
ਪਰ ਮਹਿਲਾਂ ਵਾਲੇ ਸੌਂਦੇ ਨੇ ਖ਼ੁਆਬਾਂ ਵਿਚ ਲੂੰਘੇ।

ਇਹ ਦੁਨੀਆਂ ਪੁੱਛਦੀ ਤੇਰਾ ਭਾਅ — ਕੀ ਕਮਾਇਆ,
ਕੋਈ ਨਾ ਪੁੱਛੇ — ਕਿੰਨਾ ਕੁਝ ਗਵਾਇਆ।
ਰੋਂਦੀਆਂ ਅੱਖਾਂ ਨਾਲ...।

ਅਮਰ ਕਹੇ — ਮੈਂ ਵੀ ਪ੍ਰਦੇਸੀ, ਦੂਰੋਂ ਦੇਖਦਾਂ,
ਸ਼ਿਕਾਗੋ ਦੀਆਂ ਰਾਤਾਂ ਵਿਚ ਪੰਜਾਬ ਲੱਭਦਾਂ,
ਉਮੀਦਾਂ ਦੇ ਬੀਜ ਬੀਜੇ ਸੀ ਮਨ ਦੀ ਜ਼ਮੀਨ ਵਿਚ,
ਫ਼ਸਲ ਨਾ ਹੋਈ — ਰੁੱਤ ਗਈ, ਦਰਦ ਰਿਹਾ ਸੀਨੇ ਵਿਚ।
ਪਰ 'ਅਮਰ' ਨਾ ਟੁੱਟੇ — ਨਾ ਝੁਕੇ ਕਦੇ,
ਲੋਕਾਂ ਦਾ ਦਰਦ ਗਾਉਂਦਾ ਰਹੇਗਾ — ਜਿਉਂਦਾ ਰਹੇ।
ਰੋਂਦੀਆਂ ਅੱਖਾਂ ਨਾਲ...।

---

### ਸਲੀਕਾ

ਵਿੱਚ ਸਲੀਕੇ ਸਭ ਕੁੱਝ ਆਉਂਦਾ,
ਰਹਿਣੀ, ਬਹਿਣੀ ਤੇ ਕਹਿਣੀ,
ਨਾ.ਲ ਤਰੀਕੇ ਹੈ ਜੀਣਾ ਆਉਂਦਾ,
ਨਾ.ਲ ਮਿੱਠੇ ਬੋਲਾਂ ਠੰਢ ਪੈਣੀ।

ਖਾਣਾ-ਪੀਣਾ, ਪਹਿਨਣਾ ਹੈ ਕਿੱਦਾਂ,
ਰਫ਼ਤਾਰ ਦਸਤਾਰ ਸਜਾਉਣੀ,
ਵਰਤ ਵਤੀਰੇ ਵਿਚ ਸਮਾਜ ਕਿੱਦਾਂ,
ਆਪਣੀ ਹੈ ਪੈਂਠ ਬਣਾਉਣੀ।

ਸਬਰ ਸੰਤੋਖ ਸੰਗ ਕਰਕੇ ਗੁਜ਼ਾਰਾ,
ਸੁੱਚੀ ਕਿਰਤ ਵੰਡ ਕੇ ਖਾਣੀ,
ਹੱਕ-ਸੱਚ ਇਨਸਾਫ਼ ਲਈ ਖੜ੍ਹਨਾ,
ਕਦੇ ਵੰਡ ਨ ਸਹਿਣੀ ਕਾਣੀ।

ਦੂਸਰਿਆਂ ਦੇ ਹਮੇਸ਼ ਕੰਮ ਆਉਣਾ,
ਭਾਵੇਂ ਆਪਣੀ ਟੁੱਟ'ਜੇ ਤਾਣੀ,
ਦੁੱਖ ਸੁੱਖ ਸਹਿਜੇ ਇਵੇਂ ਸਹਿ ਜਾਣਾ,
ਜਿਉਂ ਮਿਲੇ ਹਾਣ ਨੂੰ ਹਾਣੀ।

ਗਿਲਾ ਸ਼ਿਕਵਾ ਨ ਕਿਸੇ 'ਤੇ ਕਰਨਾ,
ਹੱਸ ਹੱਸ ਵਕਤ ਟਪਾਉਣਾ,
ਹੱਸਮੁੱਖ ਬਣ ਕੇ ਖਿੜੇ ਮੱਥੇ ਮਿਲਣਾ,
ਘੁੱਟ-ਘੁੱਟ ਜੱਫ਼ੀ ਪਾਉਣਾ।

ਨਾ ਕੋਈ ਵੈਰੀ ਨਾਂ ਹੀ ਬੇਗਾਨਾ,
ਪਰਾਈ ਤਾਤ ਭੁਲਾਉਣਾ,
ਸਰਬੱਤ ਦਾ ਭਲਾ ਲੋਚਣਾ ਤੇ ਕਰਨਾ,
ਰੱਬ ਦਾ ਨਾਂ ਧਿਆਉਣਾ।

ਪਾਉਣੀਆਂ ਨਵੀਆਂ ਪਿਰਤਾਂ ਸਿੱਖ ਕੇ,
ਰਸਤਾ ਨਵਾਂ ਬਣਾਈਦਾ,
ਵਾਂਗਰਾਂ ਕੋਹਲੂ ਦੇ ਬੈਲ ਨਹੀਂ ਘੁੰਮਦੇ,
ਟੀਸੀ 'ਤੇ ਚੜ੍ਹ ਜਾਈਦਾ।

ਨਾ.ਲ ਸਲੀਕੇ ਸਭ ਦਾ ਦਿਲ ਜਿੱਤ ਕੇ,
ਡੰਕਾ ਫਤਹਿ ਵਜਾਈਦਾ,
ਦੇਖ 'ਨੂਰਪੁਰੀ' ਜੱਗ ਉੱਤੇ ਵਡਿਆਈ,
ਐਵੇਂ ਨ੍ਹੀਂ ਫੁੱਲ ਜਾਈਦਾ।

***-ਸੇਵਾ ਸਿੰਘ 'ਨੂਰਪੁਰੀ'***

---

### ਮੈਂ ਐਨ ਆਰ ਆਈ ਹਾਂ

ਮੈਂ ਐਨ ਆਰ ਆਈ ਪੰਜਾਬ ਦਾ
ਕੋਈ ਮੇਰੀ ਸੁਣੋ ਪੁਕਾਰ।
ਮਾਂ ਬਾਪ ਤੜਫਦੇ ਛੱਡ ਕੇ
ਲੱਭਣ ਗਿਆ ਰੁਜ਼ਗਾਰ।
ਭਾਈ ਭੈਣ ਦੀ ਮਦਦ ਕਰਨ ਲਈ
ਕਰਿਆ ਕਰ ਉਪਰਾਲਾ ਅਖਤਿਆਰ
ਔਖਾ-ਸੌਖਾ ਹੋ ਕੇ,
ਕੀਤੇ ਟੁਕੜੇ 'ਕੱਠੇ ਚਾਰ।

ਮਾਂ-ਬਾਪ ਨੇ ਅੱਖਾਂ ਮੀਟੀਆਂ
ਸਭ ਭੁੱਲ ਗਏ ਸਤਿਕਾਰ।
ਆ ਗਏ ਬਲੀ ਦੇ ਬੱਕਰੇ,
ਖੁੰਢੀਆਂ ਛੁਰੀਆਂ ਦੇ ਸ਼ਿਕਾਰ।
ਕੋਈ ਅੱਖਾਂ ਕੱਢ ਵਿਖਾਂਵਦਾ
ਕੋਈ ਡੌਲੇ ਕਰੇ ਤਿਆਰ,
ਕਹਿੰਦੇ ਆ ਦਈਏ ਹਿੱਸਾ ਤੇਰਾ
ਕਦ ਕੀਤਾ ਸੀ ਇਕਰਾਰ?

ਹੁਣ ਸਭ ਕੁਝ ਸਾਡਾ ਹੋ ਗਿਆ,
ਤੂੰ ਨੀ ਮੰਨਣਾ ਨਾਲ ਪਿਆਰ?
ਇੱਥੋਂ ਭੱਜ ਜਾ ਭੋਲੇ ਪੰਛੀਆ
ਨਹੀਂ ਪਿੰਜਰਾ ਵੀ ਤਿਆਰ।
ਜਿਸਮ ਦੇ ਟੋਟੇ ਕਰਕੇ
ਦਊਂ ਖੇਤਾਂ ਵਿਚ ਖਿਲਾਰ,
ਔਹ ਦੇਖ ਦੁਨਾਲੀ ਲਟਕਦੀ
ਔਹ ਕਿੱਲੇ ਤੇ ਹਥਿਆਰ।

ਕੋਰਟ ਕਚਹਿਰੀ ਸਾਡੀਆਂ,
ਵਿਚ ਪੁਲਸ ਦੇ ਰਿਸ਼ਤੇਦਾਰ
ਤੇਰੀ ਕੂਕ ਕਿਤੇ ਨੀਂ ਪਹੁੰਚਣੀ
ਮਚਾ ਲੈ ਹਾਹਾਕਾਰ।
ਰੱਬ ਹੀ ਰਾਖਾ ਮੁਲਕ ਦਾ,
ਸਭ ਆਪਣੇ ਹੀ ਰਹੇ ਮਾਰ।
ਲਹੂ ਹੀ ਚਿੱਟਾ ਹੋ ਗਿਆ,
ਕਰੂ ਠਾਕਰ ਕੀ ਇਤਬਾਰ।

***-ਠਾਕਰ ਬਸਾਤੀ***

---

### ਸਾਹਾਂ ਦੀ ਕਰੰਸੀ

ਇਸ ਦੁਨੀਆ 'ਤੇ ਸਭ ਤੋਂ ਘੱਟ,
ਗਰੰਟੀ ਸਾਹਾਂ ਦੀ
ਹੁੰਦੀ ਆ ਬਈ ਸਭ ਤੋਂ ਬੜੀ,
ਕਰੰਸੀ ਸਾਹਾਂ ਦੀ।
ਖਰਚ ਉੜਾਏ ਪੈਸੇ ਇੱਕ ਦਿਨ,
ਵਾਪਸ ਮੁੜ ਜਾਂਦੇ
ਕਦੇ ਨਾ ਮੁੜਦੇ ਸਾਹਾਂ ਦੇ ਜਦ,
ਪੰਛੀ ਉੜ ਜਾਂਦੇ
ਕੋਈ ਪਤਾ ਨੀ ਰੁੱਸ ਜਾਣੀ ਕਦ,
ਆਂਟੀ ਸਾਹਾਂ ਦੀ
ਸਭ ਤੋਂ ਮਹਿੰਗੀ ਹੁੰਦੀ ਸਦਾ,
ਕਰੰਸੀ ਸਾਹਾਂ ਦੀ।

ਕਿੰਨਾ balance ਰਹਿੰਦਾ ਇਸਦਾ,
ਕੋਈ ਪਤਾ ਨਹੀਂ
ਕਿੰਨਾ ਘਾਟਾ ਪੈਂਦਾ ਇਸਦਾ,
ਕੋਈ ਪਤਾ ਨਹੀਂ
ਕੋਈ ਪਤਾ ਨੀ ਮੁੱਕਣੀ ਕਦੋਂ,
ਨੌਟੰਕੀ ਸਾਹਾਂ ਦੀ
ਤਾਹੀਓਂ ਸਭ ਤੋਂ ਮਹਿੰਗੀ ਯਾਰ,
ਕਰੰਸੀ ਸਾਹਾਂ ਦੀ।
ਸੋਚ ਸਮਝ ਕੇ ਖਰਚੀਂ ਮਿੱਤਰਾ,
ਮਹਿੰਗੀ ਪੂੰਜੀ ਨੂੰ
ਕਿਤੇ ਗਵਾ ਨਾ ਬੈਠੀਂ ਜਿੰਦੇ ਵਾਲੀ ਕੁੰਜੀ ਨੂੰ
ਡਾਨਸੀਵਾਲੀਆ ਸਦਾ ਨੀ ਵੱਜਣੀ, ਘੰਟੀ ਸਾਹਾਂ ਦੀ
ਹੁੰਦੀ ਆ ਬਈ ਸਭ ਤੋਂ ਬੜੀ, ਕਰੰਸੀ ਸਾਹਾਂ ਦੀ।

***-ਕੁਲਵੀਰ ਸਿੰਘ ਡਾਨਸੀਵਾਲ***

# ਦਲਿਤ ਵਰਗ ਦੇ ਮਨੁੱਖੀ ਹੱਕਾਂ ਦੀ ਪੈਰਵਾਈ ਕਰਦਾ ਨਾਵਲ – 'ਪਹੁ ਫੁਟਾਲਾ'

**ਲੇਖਕ: ਦਵਿੰਦਰ ਸਿੰਘ ਸੇਖਾ**
**ਅਲਫਾਜ਼ ਪ੍ਰਕਾਸ਼ਨ: ਲੁਧਿਆਣਾ**

ਪੰਜਾਬੀ ਭਾਸ਼ਾ ਦੇ ਪ੍ਰਬੁੱਧ ਨਾਵਲਕਾਰ ਤੇ ਆਨਲਾਈਨ ਸਾਹਿਤ ਪਰਚੇ 'ਪੰਜਾਬੀ ਮਾਂ' ਦੇ ਸੰਪਾਦਕ ਦਵਿੰਦਰ ਸਿੰਘ ਸੇਖਾ ਦੇ ਨਾਵਲ 'ਪਹੁ ਫੁਟਾਲਾ' ਦਾ ਪਹਿਲਾ ਐਡੀਸ਼ਨ ਸੰਨ 1999 ਵਿਚ ਛਪਿਆ ਸੀ ਤੇ ਹੁਣ ਇਸ ਦਾ ਦੂਜਾ ਐਡੀਸ਼ਨ ਅਲਫਾਜ਼ ਪ੍ਰਕਾਸ਼ਨ ਲੁਧਿਆਣਾ ਵੱਲੋਂ ਛਾਪਿਆ ਗਿਆ ਹੈ। ਇਹ ਨਾਵਲ ਸਦੀਆਂ ਤੋਂ ਸਮਾਜਿਕ, ਆਰਥਿਕ, ਤੇ ਮਾਨਸਿਕ ਅਪੂਰਤੀਆਂ ਦੇ ਮਨੋ-ਸੰਤਾਪ ਨੂੰ ਹੰਢਾ ਰਹੇ ਦਲਿਤ ਵਰਗ ਨੂੰ ਇਹ ਅਹਿਸਾਸ ਕਰਾਉਣ ਦੀ ਇੱਛਾ ਰੱਖਦਾ ਹੈ ਕਿ ਸਮਾਜ ਦੇ ਹੋਰਨਾਂ ਵਰਗਾਂ ਵਾਂਗ ਉਹ ਵੀ ਬਰਾਬਰ ਦੇ ਮਨੁੱਖੀ ਹੱਕਾਂ ਵਾਲਾ ਸਨਮਾਨਿਤ ਜੀਵਨ ਜਿਉਣ ਦੇ ਹੱਕਦਾਰ ਹਨ। ਭਾਵੇਂ ਆਜੋਕੇ ਸਮੇਂ ਵਿਚ ਦਲਿਤ ਵਰਗ ਪਹਿਲਾਂ ਦੇ ਮੁਕਾਬਲੇ ਆਪਣੇ ਹੱਕਾਂ ਤੇ ਹਿੱਤਾਂ ਪ੍ਰਤੀ ਬਹੁਤ ਸੁਚੇਤ ਵਿਖਾਈ ਦਿੰਦਾ




**ਨਿਰੰਜਣ ਬੋਹਾ**
**ਫੋਨ: 89682-82700**

ਹੈ ਪਰ ਨਾਵਲ ਦੀ ਕਹਾਣੀ 20ਵੀਂ ਸਦੀ ਦੇ ਅੱਠਵੇਂ ਤੇ ਨੌਵੇਂ ਦਹਾਕੇ ਦੇ ਉਨ੍ਹਾਂ ਸਮਿਆਂ ਦੀ ਪੁਨਰ ਪੇਸ਼ਕਾਰੀ ਕਰਦੀ ਹੈ ਜਦੋਂ ਪਿੰਡਾਂ ਵਿਚਲੇ ਜਾਗੀਰਦਾਰੀ ਮਾਨਸਿਕਤਾ ਵਾਲੇ ਧਨਾਢ ਕਿਸਾਨ ਆਪਣੇ ਦਲਿਤ ਸੀਰੀਆਂ-ਪਾਲੀਆਂ ਨਾਲ ਗੁਲਾਮਾਂ ਵਰਗਾ ਵਰਤਾਓ ਤੇ ਵਿਵਹਾਰ ਕਰਦੇ ਸਨ। ਨਾਵਲ ਅਨੁਸਾਰ ਉਸ ਸਮੇਂ ਦੀ ਜਾਗੀਰਦਾਰੀ ਮਾਨਸਿਕਤਾ ਜਿੱਥੇ ਦਲਿਤ ਵਰਗ ਦੇ ਮਰਦਾਂ ਨੂੰ ਆਪਣਾ ਜ਼ਰ ਖਰੀਦ ਗੁਲਾਮ ਸਮਝ ਕੇ ਉਨ੍ਹਾਂ ਦਾ ਆਰਥਿਕ ਤੇ ਮਾਨਸਿਕ ਸ਼ੋਸ਼ਣ ਕਰਦੀ ਰਹੀ ਹੈ, ਉੱਥੇ ਘਰ ਤੇ ਖੇਤਾਂ ਵਿਚ ਕੰਮ ਕਰਦੀਆਂ ਦਲਿਤ ਔਰਤਾਂ ਦੀ ਇੱਜ਼ਤ ਨਾਲ ਖਿਲਵਾੜ ਕਰਨਾ ਵੀ ਉਹ ਆਪਣਾ ਹੱਕ ਸਮਝਦੀ ਰਹੀ ਹੈ।

ਨਾਵਲ ਦੀ ਕਹਾਣੀ ਅਨੁਸਾਰ ਪਿੰਡ ਦਾ ਸਰਪੰਚ ਤੇ ਧਨਾਢ ਜ਼ਿਮੀਂਦਾਰ ਜਸਵੰਤ ਸਿੰਘ ਆਪਣੇ ਚਾਰੂ ਨਾਂ ਦੇ ਸੀਰੀ ਦੀ ਬੇ-ਕਿਰਕੀ ਨਾਲ ਲੁੱਟ ਕਰਦਾ ਹੈ, ਪਰ ਚਾਰੂ ਅੰਦਰਲੇ ਗੁਲਾਮੀ ਤੇ ਹੀਣਤਾ ਦੇ ਭਾਵ ਏਨੇ ਪ੍ਰਬਲ ਹਨ ਕਿ ਉਹ ਆਪਣੇ ਨਾਲ ਹੋਣ ਵਾਲੀਆਂ ਸਾਰੀਆਂ ਜ਼ਿਆਦਤੀਆਂ ਨੂੰ ਸਹਿਣ ਕਰਕੇ ਵੀ ਉਸਨੂੰ ਆਪਣਾ 'ਅੰਨਦਾਤਾ' ਸਮਝਦਾ ਰਹਿੰਦਾ ਹੈ। ਸਰਪੰਚ ਜਿੱਥੇ ਉਸ ਤੋਂ ਉਸਦੀ ਸਮਰੱਥਾ ਤੋਂ ਵੱਧ ਕੰਮ ਲੈਣ ਲਈ ਉਸ ਨੂੰ ਨਸ਼ਿਆਂ ਦਾ ਆਦੀ ਬਣਾਉਂਦਾ ਹੈ, ਉੱਥੇ ਉਸਦੇ ਬਾਕੀ ਪਰਿਵਾਰ ਤੋਂ ਵੀ ਵਗਾਰ ਵਿਚ ਗੋਹਾ ਕੂੜਾ ਕਰਵਾਉਂਦਾ ਹੈ। ਚਾਰੂ, ਆਪਣੀ ਮਰਹੂਮ ਪਤਨੀ ਦੀ ਇੱਛਾ ਪੂਰੀ ਕਰਨ ਲਈ ਆਪਣੇ ਪੁੱਤਰ ਰੁਲਦੂ ਨੂੰ ਪੜ੍ਹਾ-ਲਿਖਾ ਕੇ ਕਾਮਯਾਬ ਇਨਸਾਨ ਬਣਾਉਣਾ ਚਾਹੁੰਦਾ ਹੈ ਤਾਂ ਸਰਪੰਚ ਵੱਲੋਂ ਉਸਦਾ ਇਹ ਰਾਹ ਰੋਕਣ ਦੀ ਕੋਸ਼ਿਸ਼ ਵੀ ਕੀਤੀ ਜਾਂਦੀ ਹੈ। ਰੁਲਦੂ ਦੇ ਪੜ੍ਹਾਈ ਵਿਚ ਹੁਸ਼ਿਆਰ ਹੋਣ ਦੀ ਗੱਲ ਸਰਪੰਚ ਦੇ ਮੁੰਡੇ ਹਰਦੇਵ ਅੰਦਰ ਉਸ ਪ੍ਰਤੀ ਈਰਖਾ ਪੈਦਾ ਕਰਦੀ ਤਾਂ ਉਹ ਆਪਣੀ ਇਸ ਭਾਵਨਾ ਨੂੰ ਛੁਪਾ ਕੇ ਨਹੀਂ ਰੱਖਦਾ ਸਗੋਂ ਆਪਣੇ ਦੋਸਤ ਬਲਕਾਰ ਨਾਲ ਮਿਲ ਕੇ ਰੁਲਦੂ ਦੀ ਕੁੱਟ-ਮਾਰ ਕਰਦਿਆਂ ਉਸਨੂੰ ਚਿਤਾਵਨੀ ਵੀ ਦਿੰਦਾ ਹੈ ਕਿ ਜੇ ਉਸ ਅੱਗੇ ਤੋਂ ਵੱਧ ਨੰਬਰ ਲਏ ਤਾਂ ਉਸਦਾ ਹਸ਼ਰ ਮਾੜਾ ਹੋਵੇਗਾ। ਹਰਦੇਵ ਆਪਣੇ ਪਿਤਾ ਨੂੰ ਵੀ ਇਸ ਗੱਲ ਲਈ ਪਾਬੰਦ ਕਰਦਾ ਹੈ ਕਿ ਦਸਵੀਂ ਜਮਾਤ ਦਾ ਦਾਖਲਾ ਭਰਨ ਲਈ ਰੁਲਦੂ ਨੂੰ ਪੈਸੇ ਨਾ ਦਿੱਤੇ ਜਾਣ। ਚਾਹੇ ਰੁਲਦੂ ਦੀ ਫੀਸ ਭਰਨ ਲਈ ਚਾਰੂ ਨੂੰ ਸ਼ਹਿਰ ਦੇ ਹਸਪਤਾਲ ਵਿਚ ਆਪਣਾ ਖ਼ੂਨ ਵੇਚਣਾ ਪੈਂਦਾ ਹੈ ਪਰ ਫਿਰ ਵੀ ਉਹ ਆਪਣੇ 'ਅੰਨਦਾਤਾ' ਪ੍ਰਤੀ ਆਪਣੀ ਵਫਾਦਾਰੀ ਬਣਾਈ ਰੱਖਦਾ ਹੈ।

ਨਾਵਲ ਦੀ ਕਹਾਣੀ ਵਿਚ ਫੈਸਲਾਕੁਨ ਮੋੜ ਉਸ ਵੇਲੇ ਆਉਂਦਾ ਹੈ ਜਦੋਂ ਰੁਲਦੂ ਦਸਵੀਂ ਜਮਾਤ ਵਿਚੋਂ ਸਾਰੇ ਪੰਜਾਬ ਵਿਚੋਂ ਪੰਜਵੀਂ ਪੁਜ਼ੀਸ਼ਨ ਹਾਸਲ ਕਰ ਲੈਂਦਾ ਹੈ ਤੇ ਸਰਪੰਚ ਦਾ ਮੁੰਡਾ ਫੇਲ੍ਹ ਹੋ ਜਾਂਦਾ ਹੈ। ਇਹ ਅਣਚਾਹਿਆ ਨਤੀਜਾ ਚਾਹੇ ਸਰਪੰਚ ਨੂੰ ਵੀ ਪ੍ਰੇਸ਼ਾਨ ਕਰਦਾ ਹੈ ਪਰ ਹਰਦੇਵ ਇਸ ਗੱਲ ਨੂੰ ਕਿਸੇ ਵੀ ਕੀਮਤ 'ਤੇ ਬਰਦਾਸ਼ਤ ਕਰਨ ਲਈ ਤਿਆਰ ਨਹੀਂ। ਉਹ ਆਪਣੇ ਦੋਸਤ ਨਾਲ ਮਿਲ ਕੇ ਰੁਲਦੂ ਨੂੰ ਸਬਕ ਸਿਖਾਉਣ ਦੀ ਜਿਹੜੀ ਵਿਉਂਤਬੰਦੀ ਤਿਆਰ ਕਰਦਾ ਹੈ ਉਹ ਰੁਲਦੂ ਦੇ ਜਾਨ ਤੋਂ ਹੱਥ ਧੋਣ ਦਾ ਕਾਰਨ ਬਣ ਜਾਂਦੀ ਹੈ। ਭਾਵੇਂ ਹਰਦੇਵ ਦਾ ਮਕਸਦ ਰੁਲਦੂ ਦੀ ਜਾਨ ਲੈਣਾ ਨਹੀਂ ਸੀ, ਪਰ ਰੁਲਦੂ ਨੂੰ ਕੁਝ ਸਮਾਂ ਪਾਣੀ ਦੀ ਟੈਂਕੀ ਵਿਚ ਡੋਬ ਕੇ ਸਬਕ ਸਿਖਾਉਣ ਦੀ ਵਿਉਂਤਬੰਦੀ ਵਿਚ ਖਾਮੀ ਰਹਿ ਜਾਣ ਕਾਰਨ ਰੁਲਦੂ ਦੀ ਬਜਾਇ ਉਸਦੀ ਲਾਸ਼ ਹੀ ਪਾਣੀ ਦੀ ਟੈਂਕੀ ਵਿਚੋਂ ਕੱਢੀ ਜਾਂਦੀ ਹੈ।

ਨਾਵਲ ਵਿਚ ਮਨੁੱਖੀ ਸੰਵੇਦਨਹੀਣਤਾ ਤੇ ਦਰਿੰਦਗੀ ਦਾ ਸਿਖ਼ਰ ਉਸ ਵੇਲੇ ਬਣਦਾ ਹੈ, ਜਦੋਂ ਸਰਪੰਚ ਆਪਣੇ ਸੀਰੀ ਦੇ ਇਕਲੌਤੇ ਨੌਜਵਾਨ ਪੁੱਤਰ ਦੇ ਕਤਲ ਬਾਰੇ ਚਿੰਤਾ ਕਰਨ ਦੀ ਬਜਾਇ ਸਿਰਫ਼ ਇਸ ਗੱਲ ਦੀ ਹੀ ਚਿੰਤਾ ਕਰਦਾ ਹੈ ਕਿ ਉਸਦੇ ਹਰਦੇਵ ਪੁੱਤਰ ਵੱਲੋਂ ਇਹ ਕਤਲ ਆਪਣੇ ਹੀ ਖੇਤ ਵਿਚ ਕਿਉਂ




*ਨਾਵਲ 'ਪਹੁ ਫੁਟਾਲਾ' ਦਾ ਸਰਵਰਕ।*

ਕੀਤਾ ਗਿਆ ਹੈ? ਉਸਨੂੰ ਇਸ ਗੱਲ ਦਾ ਵੀ ਗੁੱਸਾ ਹੈ ਕਿ ਕਤਲ ਕੇਸ ਨੂੰ ਖ਼ੁਦਕੁਸ਼ੀ ਵਿਚ ਬਦਲਣ ਲਈ ਥਾਣੇਦਾਰ ਨੂੰ ਦੋ ਹਜ਼ਾਰ ਰਿਸ਼ਵਤ ਵਜੋਂ ਦੇਣੇ ਪਏ ਹਨ। ਜਦੋਂ ਉਹ ਥਾਣੇਦਾਰ ਨੂੰ ਦਿੱਤੇ ਪੈਸਿਆਂ ਦੀ ਵਸੂਲੀ ਚਾਰੂ ਤੋਂ ਕਰਨ ਲਈ ਉਸ ਤੋਂ ਵਗਾਰ ਲੈਣ ਦੀ ਕੋਸ਼ਿਸ਼ ਕਰਦਾ ਹੈ ਤਾਂ ਪਾਠਕੀ ਮਨਾਂ ਵਿਚ ਉਸ ਪ੍ਰਤੀ ਨਫਰਤ ਤੇ ਗੁੱਸੇ ਦੇ ਤੀਬਰ ਭਾਵ ਪੈਦਾ ਹੋਣ ਲੱਗਦੇ ਹਨ। ਜਿਉਂ-ਜਿਉਂ ਸਰਪੰਚ ਤੇ ਉਸਦੇ ਪੁੱਤਰ ਵੱਲੋਂ ਚਾਰੂ 'ਤੇ ਕੀਤੇ ਜਾਣ ਵਾਲਾ ਜ਼ਬਰ-ਜ਼ੁਲਮ ਵਧਦਾ ਜਾਂਦਾ ਹੈ ਤਾਂ ਪਾਠਕਾਂ ਦੇ ਮਨਾਂ ਵਿਚ ਉਨ੍ਹਾਂ ਪ੍ਰਤੀ ਨਫਰਤ ਵੀ ਵਧਦੀ ਜਾਂਦੀ ਹੈ। ਜਦੋਂ ਆਪਣੇ ਪੁੱਤਰ ਦੇ ਕਾਤਲਾਂ ਦਾ ਪਤਾ ਲੱਗਣ 'ਤੇ ਚਾਰੂ ਦੀ ਸਦਮੇ ਵਿਚ ਮੌਤ ਹੋ ਜਾਂਦੀ ਹੈ ਤੇ ਸਰਪੰਚ ਪਿਉ-ਪੁੱਤ ਉਸਦੀ ਜੁਆਨ ਧੀ ਚੰਨੀ 'ਤੇ ਆਪਣੀ ਅੱਖ ਰੱਖ ਲੈਂਦੇ ਹਨ ਤਾਂ ਪਾਠਕੀ ਨਜ਼ਰਾਂ ਵਿਚ ਉਹ ਮਨੁੱਖ ਦੀ ਬਜਾਏ ਪੂਰੀ ਤਰ੍ਹਾਂ ਦਰਿੰਦੇ ਬਣ ਜਾਂਦੇ ਹਨ।

ਦੋਵੇਂ ਪਿਉ-ਪੁੱਤ ਵਾਰੋ-ਵਾਰੀ ਮਜਬੂਰ ਚੰਨੀ ਨੂੰ ਆਪਣੀ ਹਵਸ ਦਾ ਨਿਸ਼ਾਨਾ ਹੀ ਨਹੀਂ ਬਣਾਉਂਦੇ ਸਗੋਂ ਉਸਨੂੰ ਹਮੇਸ਼ਾ ਲਈ ਆਪਣੀ ਰਖੇਲ ਬਣਾ ਕੇ ਵੀ ਰੱਖਣਾ ਚਾਹੁੰਦੇ ਹਨ। ਜ਼ੁਲਮ ਦੀ ਇੰਤਹਾ ਹੋਣ 'ਤੇ ਚੰਨੀ ਆਪਣੀ ਸਹੇਲੀ ਦੇ ਖਾੜਕੂ ਭਰਾ ਦੀ ਪ੍ਰੇਰਣਾ ਨਾਲ ਗੁਰੂ ਗੋਬਿੰਦ ਸਿੰਘ ਦੀ ਸਿੰਘਣੀ ਸੱਜ ਜਾਂਦੀ ਹੈ ਤੇ ਜ਼ਾਲਮਾਂ ਨੂੰ ਸਬਕ ਸਿਖਾਉਣ ਲਈ ਤਲਵਾਰ ਵੀ ਉਠਾ ਲੈਂਦੀ ਹੈ। ਨਾਵਲਕਾਰ ਇਸ ਗੱਲੋਂ ਪੂਰੀ ਤਰ੍ਹਾਂ ਸੁਚੇਤ ਹੈ ਕਿ ਚੰਨੀ ਦਾ ਇਹ ਕਦਮ, ਉਸ ਲਈ ਆਤਮਘਾਤੀ ਸਾਬਤ ਹੋਣ ਦੀ ਬਜਾਇ ਉਸਦੇ ਜੀਵਨ ਦਾ ਪਹੁ-ਫੁਟਾਲਾ ਬਣੇ, ਇਸ ਲਈ ਉਹ ਇਹ ਨੌਬਤ ਨਹੀਂ ਆਉਣ ਦਿੰਦਾ ਕਿ ਉਸਨੂੰ ਆਪਣੇ ਭਰਾ ਤੇ ਪਿਉ ਦੇ ਕਾਤਲਾਂ ਨੂੰ ਮਾਰਨ ਲਈ ਹਥਿਆਰ ਦੀ ਵਰਤੋਂ ਕਰਕੇ ਜੇਲ੍ਹ ਜਾਣਾ ਪਵੇ। ਇਸ ਲਈ ਸਰਪੰਚ ਦੀ ਮੌਤ ਚੰਨੀ ਦੀ ਤਲਵਾਰ ਦੇ ਵਾਰ ਦੀ ਬਜਾਇ ਉਸਦੇ ਡਰ ਕਾਰਨ ਦਿਲ ਦਾ ਦੌਰਾ ਪੈਣ ਕਾਰਨ ਹੋਈ ਵਿਖਾਈ ਗਈ ਹੈ।

ਭਾਵੇਂ ਸਰਪੰਚ ਵਾਲੀ ਧਿਰ ਦੀ ਸ਼ੈਤਾਨੀਅਤ ਤੇ ਚਾਰੂ ਵਾਲੀ ਧਿਰ ਦੀ ਸਹਿਣਸ਼ੀਲਤਾ ਪੂਰੀ ਤਰ੍ਹਾਂ ਯਥਾਰਥਕ ਰੰਗਤ ਵਾਲੀ ਨਹੀਂ ਹੈ, ਫਿਰ ਵੀ ਇਹ ਜਾਗੀਰਦਾਰੀ ਯੁੱਗ ਦਾ ਅੱਧਾ ਜਾਂ ਪੌਣਾ ਸੱਚ ਜ਼ਰੂਰ ਹੈ। ਦਲਿਤ ਵਰਗ ਵਿਚ ਆਪਣੇ ਹੱਕਾਂ ਤੇ ਹਿੱਤਾਂ ਦੀ ਚੇਤਨਾ ਦੇ ਉਥਾਨ ਲਈ ਅਜਿਹੀਆਂ ਲਿਖਤਾਂ ਮਹੱਤਵਪੂਰਨ ਯੋਗਦਾਨ ਪਾ ਸਕਦੀਆਂ ਹਨ। 125 ਪੰਨੇ ਦੇ ਨਾਵਲ ਦੀ ਕੀਮਤ ਸਿਰਫ 120 ਰੁਪਏ ਪੜ੍ਹ ਕੇ ਮੈਨੂੰ ਵਿਸ਼ੇਸ਼ ਰੂਪ ਵਿਚ ਰਾਹਤ ਮਹਿਸੂਸ ਹੋਈ ਹੈ। ਇਹ ਘੱਟ ਕੀਮਤ ਦਰਸਾਉਂਦੀ ਹੈ ਕਿ ਪ੍ਰਕਾਸ਼ਕ ਦਾ ਮਕਸਦ ਲੇਖਕਾਂ ਤੇ ਪਾਠਕਾਂ ਦੀ ਲੁੱਟ ਕਰਨਾ ਨਹੀਂ ਸਗੋਂ ਇਸ ਨਾਵਲ ਨੂੰ ਵੱਧ ਤੋਂ ਵੱਧ ਪਾਠਕਾਂ ਦੇ ਹੱਥਾਂ ਵਿਚ ਪਹੁੰਚਾਉਣਾ ਹੈ।

# ਤੇਰੀ ਮੇਰੀ ਇੱਕ ਕਹਾਣੀ, ਦੋ ਹਿੱਸਿਆਂ ਵਿਚ ਉਲਝੀ ਤਾਣੀ

ਵਿਦੇਸ਼ਾਂ ਵਿਚ ਜਾਣ ਦਾ ਰੁਝਾਨ ਢਾਈ ਕੁ ਦਹਾਕੇ ਪਹਿਲਾਂ ਪ੍ਰਚੱਲਿਤ ਹੋਇਆ। ਪਰ ਉਸ ਸਮੇਂ ਕੋਈ ਵਿਰਲਾ-ਟਾਵਾਂ ਹੀ ਇਸ ਦੌੜ ਵਿਚ ਸ਼ਾਮਲ ਸੀ। ਕੋਈ-ਕੋਈ ਪਿੰਡ ਹੁੰਦਾ ਸੀ, ਜਿਸ ਵਿਚੋਂ ਦੋ-ਚਾਰ ਘਰ ਬਾਹਰ ਜਾ ਕੇ, ਉਥੇ ਹੀ ਆਪਣਾ ਪੱਕਾ ਬਸੇਰਾ ਕਰ ਲੈਂਦੇ ਸਨ। ਬਹੁਤ ਸਮਾਂ ਇਹ ਰੁਝਾਨ ਕੇਵਲ ਵਿਆਹ ਕਰਵਾ ਕੇ ਜਾਂ ਕੰਮ ਕਰਨ ਖਾਤਰ ਜਾਣ ਦਾ ਹੀ ਰਿਹਾ। ਪਰ ਹੁਣ ਡੇਢ ਕੁ ਦਹਾਕੇ ਤੋਂ ਇਹ ਰੁਝਾਨ ਘਟਿਆ ਨਹੀਂ, ਸਗੋਂ ਬੜੀ ਤੇਜ਼ੀ ਨਾਲ ਵਧਿਆ ਹੈ। ਫ਼ਰਕ ਕੇਵਲ ਇਹ ਹੈ ਕਿ

**ਕੰਵਲ ਹਿਰਦੇਪਾਲ ਕੌਰ ਛੀਨਾ**
**ਫੋਨ: 97790-52732**

ਹੁਣ ਜਾਣ ਦੇ ਤਰੀਕਿਆਂ ਵਿਚ ਅੰਤਰ ਆ ਗਿਆ ਹੈ। ਹੁਣ ਪੜ੍ਹ-ਲਿਖ ਕੇ ਤੇ ਸਿਆਣੇ ਹੋ ਕੇ, ਵਿਦੇਸ਼ੀ ਧਰਤੀ 'ਤੇ ਪੈਰ ਰੱਖਣ ਦੀ ਬਜਾਏ, ਪੜ੍ਹਨ ਲਈ ਜਾਣ ਵਾਲੀ ਭਾਵ ਉਮਰ ਪੱਖੋਂ ਨਿਆਣੀ ਨਹੀਂ ਤਾਂ ਸਿਆਣੀ ਵੀ ਨਾ ਕਹੀ ਜਾ ਸਕਣ ਵਾਲੀ ਪੀੜ੍ਹੀ ਨੇ ਲੈ ਲਈ ਹੈ। ਕਿਹਾ ਜਾ ਸਕਦਾ ਹੈ ਕਿ ਜਿੱਥੇ ਪਹਿਲਾਂ ਆਰਥਿਕ ਮਜ਼ਬੂਰੀਆਂ ਨੇ ਲੋਕਾਂ ਨੂੰ ਵਿਦੇਸ਼ਾਂ ਵੱਲ ਭੱਜਣ ਲਈ ਪ੍ਰੇਰਿਤ ਕੀਤਾ ਸੀ, ਹੁਣ ਇਹ ਦੌੜ ਬਿਹਤਰ ਭਵਿੱਖ ਖਾਤਰ ਲੱਗ ਗਈ ਹੈ।

ਕੱਚੀ ਉਮਰੇ ਆਪਣੀ ਜਨਮਭੂਮੀ ਛੱਡ ਕੇ, ਵਿਦੇਸ਼ੀ ਧਰਤੀ ਵੱਲ ਤੁਰ ਜਾਣ ਵਾਲੇ ਬੱਚੇ ਘਰ ਤੋਂ ਦੂਰ ਹੋਣ ਦਾ ਦੁੱਖ ਤੇ ਇਕੱਲਤਾ ਹੰਢਾਉਂਦੇ, ਆਪਣੇ ਸੁਪਨਿਆਂ ਨੂੰ ਪੂਰਾ ਕਰਨ ਦਾ ਸੰਘਰਸ਼ ਕਰਦੇ ਹੋਏ, ਕਦੋਂ ਵਿਦੇਸ਼ੀ ਰੰਗ ਵਿਚ ਰੰਗੇ ਜਾਂਦੇ ਹਨ, ਉਨ੍ਹਾਂ ਨੂੰ ਖੁਦ ਵੀ ਪਤਾ ਨਹੀਂ ਲੱਗਦਾ। ਤੇ ਫਿਰ 'ਮੇਰਾ ਭਾਰਤ ਮਹਾਨ', 'ਆਈ ਲਵ ਮਾਈ ਇੰਡੀਆ' ਜਿਹੇ ਸਲੋਗਾਂ ਤੇ ਭਾਵੁਕ ਹੋਣ ਵਾਲੇ ਨੌਜਵਾਨ ਮੁੰਡੇ-ਕੁੜੀਆਂ ਅਕਸਰ ਇਹ ਕਹਿਣ ਲੱਗ ਪੈਂਦੇ ਹਨ ਕਿ ਹੁਣ ਤਾਂ ਮੁੜਨਾ ਮੁਸ਼ਕਲ ਹੈ।

ਇਸ ਪੀੜ੍ਹੀ ਨੂੰ ਵਿਦੇਸ਼ਾਂ ਦਾ ਸਿਸਟਮ, ਕੰਮ ਦਾ ਮਿਲਦਾ ਚੰਗਾ ਵੇਤਨ ਤੇ ਆਲ਼ੇ-ਦੁਆਲ਼ੇ ਦਾ ਸਾਫ਼-ਸੁਥਰਾ ਵਾਤਾਵਰਨ ਆਕਰਸ਼ਿਤ ਕਰਦਾ ਹੈ। ਤੇ ਜਦੋਂ ਕੁਝ ਕੁ ਸਾਲਾਂ ਬਾਅਦ ਉਹ ਆਪਣੇ ਵਤਨੀਂ ਗੇੜਾ ਮਾਰਦੇ ਹਨ ਤਾਂ ਪਹਿਲੇ ਦੋ ਕੁ ਹਫ਼ਤੇ ਤਾਂ ਬੜੇ ਚਾਅ ਨਾਲ ਘੁੰਮਦੇ-ਫਿਰਦੇ ਹਨ ਤੇ ਫਿਰ ਇੱਥੇ ਆਹ ਨਹੀਂ ਠੀਕ, ਔਹ ਨਹੀਂ ਠੀਕ ਦਾ ਰਾਗ ਅਲਾਪਣ ਲੱਗ ਪੈਂਦੇ ਹਨ। ਆਖ਼ਰ ਬੱਚਿਆਂ ਦੇ ਪੱਕਾ ਵਿਦੇਸ਼ ਵੱਸਣ ਦੇ ਫ਼ੈਸਲੇ ਨੂੰ ਮਾਪੇ ਵੀ ਤਰਜੀਹ ਦਿੰਦੇ ਹਨ। ਪਰ ਫਿਰ ਸ਼ੁਰੂ ਹੁੰਦੀ ਹੈ ਅਸਲ ਕਹਾਣੀ। ਹੁਣ ਮਾਪਿਆਂ ਦੀ ਜ਼ਿੰਦਗੀ ਦੋ ਧਿਰਾਂ ਵਿਚ ਵੰਡ ਕੇ ਰਹਿ ਜਾਂਦੀ ਹੈ।

ਔਲਾਦ ਦਾ ਮੋਹ ਖਿੱਚ ਲੈਂਦਾ ਹੈ ਵਿਦੇਸ਼ੀ ਧਰਤੀ ਵੱਲ, ਪਰ ਆਪਣੀ ਧਰਤੀ ਦੀ ਮੁਹੱਬਤ ਹੈ ਕਿ ਉੱਥੇ ਟਿਕਣ ਨਹੀਂ ਦਿੰਦੀ।

ਬੱਚਿਆਂ ਦੇ ਵਿਦੇਸ਼ਾਂ ਵਿਚ ਪੱਕੇ ਤੌਰ 'ਤੇ ਵੱਸ ਜਾਣ ਕਾਰਨ ਮਾਪਿਆਂ ਦਾ ਉਨ੍ਹਾਂ ਕੋਲ਼ ਆਪਣੀ ਬਜ਼ੁਰਗ ਉਮਰ ਕੱਟਣ ਤੋਂ ਬਿਨਾਂ ਕੋਈ ਹੱਲ ਨਹੀਂ ਹੁੰਦਾ। ਤੇ ਪਿੱਛੇ ਉਨ੍ਹਾਂ ਦੁਆਰਾ ਬਣਾਈਆਂ ਗਈਆਂ ਆਲੀਸ਼ਾਨ ਹਵੇਲੀਆਂ ਵਿਚ ਕਬੂਤਰ ਬੋਲਦੇ ਨਜ਼ਰ ਆਉਂਦੇ ਹਨ। ਇਨ੍ਹਾਂ ਘਰਾਂ ਵਿਚ ਉਨ੍ਹਾਂ ਵਲੋਂ ਬੜੀ ਹੀ ਸ਼ਿੱਦਤ ਨਾਲ ਲਗਾਏ ਗਏ ਫ਼ਲ, ਫੁੱਲਾਂ ਦੇ ਪੌਦੇ ਵੀ ਆਪਣਿਆਂ ਦੇ ਮੋਹ ਨੂੰ ਤਰਸ ਕੇ ਕੁੱਝ ਸਮੇਂ ਪਿੱਛੋਂ ਮੁਰਝਾਉਣੇ ਜਾਂ ਸੁੱਕਣੇ ਸ਼ੁਰੂ ਹੋ ਜਾਂਦੇ ਹਨ। ਓਪਰੀ ਧਰਤੀ 'ਤੇ ਅਧੇੜ ਉਮਰ ਵਿਚ ਗਏ ਮਾਪੇ, ਬੱਚਿਆਂ ਦੇ ਘਰਾਂ ਵਿਚ ਬੰਦ ਹੋ ਕੇ ਰਹਿ ਜਾਂਦੇ ਹਨ। ਉਹ ਨਾ ਤਾਂ ਆਪਣੇ ਅਤੀਤ ਨੂੰ ਪੂਰੀ ਤਰ੍ਹਾਂ ਛੱਡ ਪਾਉਂਦੇ ਹਨ ਤੇ ਨਾ ਹੀ ਵਰਤਮਾਨ ਵਿਚ ਜੀ ਪਾਉਂਦੇ ਹਨ। ਕੋਹਾਂ ਦੂਰ ਬੈਠਾ ਮੈਂ, ਮਾਤ-ਭੂਮੀ ਨੂੰ ਚਾਹੁੰਦਾ ਹਾਂ, ਅੱਖਾਂ ਮੂਹਰੇ ਆਵੇ ਹਰਦਮ, ਉਹ ਮੇਰੀ ਪੰਜਾਬੀ ਧਰਤੀ। ਫਰ 'ਆਪੇ ਫਾਥੜੀਏ ਤੈਨੂੰ ਕੌਣ ਛੁਡਾਵੇ' ਵਾਲੀ ਗੱਲ ਹੋ ਨਿਬੜਦੀ ਹੈ। ਇੱਕੋ ਛੱਤ ਥੱਲੇ ਰਹਿ ਕੇ ਵੀ ਦੋ ਧਾਰਾਵਾਂ ਬਣ ਜਾਂਦੀਆਂ ਹਨ, ਜਿੱਥੇ ਬੱਚੇ ਆਧੁਨਿਕਤਾ ਦਾ ਪੱਖ ਪੂਰਦੇ ਹੋਏ, ਮਾਪਿਆਂ ਦੇ ਸੱਭਿਆਚਾਰ ਨੂੰ ਨਜ਼ਰ-ਅੰਦਾਜ਼ ਕਰਦੇ ਨਜ਼ਰ ਆਉਂਦੇ ਹਨ ਤੇ ਮਾਪੇ ਆਪਣੇ ਸੱਭਿਆਚਾਰ ਨੂੰ ਬਚਾਉਣ ਦੀ ਦੁਹਾਈ ਦਿੰਦੇ ਰਹਿੰਦੇ ਹਨ।

ਇਹ ਕਹਾਣੀ ਤਾਂ ਹੁੰਦੀ ਹੈ ਉੱਥੇ ਪਹੁੰਚ ਚੁੱਕੇ ਮਾਪਿਆਂ ਦੀ। ਤੇ ਜਿਹੜੇ ਮਾਪੇ ਆਪਣੀ ਜਨਮ-ਭੋਂਇ 'ਤੇ ਰਹਿ ਜਾਂਦੇ ਹਨ, ਉਹ ਵੀ ਜਿਹੇ ਸ਼ਸ਼ੋਪੰਜ ਵਿਚ ਫ਼ਸ ਕੇ ਰਹਿ ਜਾਂਦੇ ਹਨ, ਜਿਥੇ ਉਨ੍ਹਾਂ ਨੂੰ ਕੋਈ ਹੱਲ ਨਜ਼ਰੀਂ ਨਹੀਂ ਆਉਂਦਾ। ਕਈ ਵਾਰ ਤਾਂ ਤਰਸਦੀਆਂ ਅੱਖਾਂ ਨਾਲ ਆਪਣੇ ਤੋਂ ਦੂਰ ਬੈਠੇ ਆਪਣੇ ਨਜ਼ਦੀਕੀਆਂ ਨੂੰ ਉਡੀਕਦਿਆਂ ਉਹ ਇਸ ਫ਼ਾਨੀ-ਸੰਸਾਰ ਨੂੰ ਅਲਵਿਦਾ ਆਖ ਦਿੰਦੇ ਹਨ। ਕਾਗਜ਼-ਪੱਤਰ ਪੂਰੇ ਕਰਨ ਦੀ ਦੌੜ ਵਿਚ ਫਸਿਆ ਮਨੁੱਖ ਕਈ ਵਾਰ ਆਪਣਿਆਂ ਦੇ ਅੰਤਮ-ਦਰਸ਼ਨ ਕਰਨ ਤੋਂ ਵੀ ਵਾਂਝਾ ਰਹਿ ਜਾਂਦਾ ਹੈ। ਇੱਥੇ ਸੁਰਜੀਤ ਪਾਤਰ ਦੀਆਂ ਸਤਰਾਂ ਬੜੀਆਂ ਢੁੱਕਵੀਆਂ ਹਨ-

ਜੋ ਬਿਦੇਸ਼ਾਂ 'ਚ ਰੁਲਦੇ ਨੇ ਰੋਟੀ ਲਈ, ਜਦੋਂ ਦੇਸ਼ ਪਰਤਣਗੇ ਆਪਣੇ ਕਦੀ,

ਕੁਝ ਤਾਂ ਸੇਕਣਗੇ ਮਾਂ ਦੇ ਸਿਵੇ ਦੀ ਅਗਨ, ਬਾਕੀ ਕਬਰਾਂ ਦੇ ਰੁੱਖ ਹੇਠ ਜਾ ਬਹਿਣਗੇ।

ਭਾਵ ਦੂਰ ਬੈਠਾ ਮਨੁੱਖ, ਜ਼ਰੂਰੀ ਨਹੀਂ ਕਿ ਹਰ ਦੁੱਖ-ਸੁੱਖ ਵਿਚ ਪਹੁੰਚ ਸਕੇ। ਉਸਦੀਆਂ ਮਜ਼ਬੂਰੀਆਂ, ਉਸਨੂੰ ਕਈ ਦੁੱਖ-ਸੁੱਖ ਇੱਕਲਿਆਂ ਭੋਗਣ ਲਈ ਮਜ਼ਬੂਰ ਕਰ ਦਿੰਦੀਆਂ ਹਨ। ਇੱਕ ਥਾਂ 'ਤੇ ਰਹਿ ਕੇ ਵੀ ਉਹ ਹਮੇਸ਼ਾਂ ਦੋ ਹਿੱਸਿਆਂ ਵਿਚ ਵੰਡਿਆ ਮਹਿਸੂਸ ਕਰਦਾ ਹੈ। ਪਰ ਹੁਣ ਇਸ ਉਲਝੀ ਹੋਈ ਤਾਣੀ ਨੂੰ ਸੁਲਝਾਉਣਾ ਉਸ ਦੇ ਵੱਸੋਂ ਬਾਹਰੀ ਗੱਲ ਜਾਪਦੀ ਹੈ।

# ਖਿੜੀਆਂ ਰੂਹਾਂ

ਜਦੋਂ ਕਦੀ ਉਹ ਮੇਰੇ ਘਰ ਆਉਂਦੀ ਏ ਤਾਂ ਪਿਛਲੇ ਗੁਆਂਢੀ ਅਕਸਰ ਪੁੱਛਦੇ ਨੇਂ 'ਕੌਣ ਆਇਆ ਸੀ ਅੱਜ ਤੁਹਾਡੇ ਘਰ?' ਕਿਉਂਕਿ ਉਹ ਗੱਲਾਂ ਕਰਦੀ ਬੜਾ ਖੁੱਲ੍ਹ ਕੇ ਹੱਸਦੀ ਏ ਅਕਸਰ। ਪਰ ਅਸਲ ਜਾਣਦਿਆਂ ਮੈਂ ਅਕਸਰ ਸੋਚਦੀ ਹਾਂ ਕਿ ਜਿਹਦੇ ਹਾਸੇ ਦੀਆਂ ਫੁਹਾਰਾਂ ਗੁਆਂਢੀਆਂ ਘਰ ਵੀ ਜਾ ਡਿੱਗਦੀਆਂ ਨੇਂ ਉਹਦਾ ਜੇਰਾ ਕਿੱਡਾ ਵੱਡਾ ਏ। ਜ਼ਿੰਦਗੀ ਦੇ ਪੰਜਾਹ ਵਰ੍ਹਿਆਂ 'ਚੋਂ ਅੱਧ ਤਲਖ ਹਕੀਕਤਾਂ ਨਾਲ ਨਿਭਾਉਣ ਤੋਂ ਬਾਅਦ ਵੀ ਇੰਝ ਖਿੜਨਾਂ ਕਿਸੇ-ਕਿਸੇ ਨੂੰ ਹੀ ਆਉਂਦਾ। ਜਿਹਦੀ ਰੂਹ ਦਾ ਹਾਣੀ ਉਹਦੇ ਚਾਵਾਂ ਨੂੰ ਤਾਰ-ਤਾਰ ਕਰਦਾ ਰਿਹਾ ਹੋਵੇ ਤਮਾਮ ਉਮਰ, ਉਹ ਕਿੰਝ ਹੱਸਦੀ ਰਹਿੰਦੀ ਏ ਇੰਝ? ਉਹਦੇ ਕੋਲ ਬੈਠ ਆਪਣੇ ਵੀ ਨਿੱਕੇ-ਵੱਡੇ ਸਾਰੇ ਦੁੱਖ ਭੁੱਲ ਜਾਈਦਾ। ਨਿਆਣਿਆਂ ਨਾਲ ਨਿਆਣੀ ਤੇ ਸਿਆਣਿਆਂ ਨਾਲ ਸਿਆਣੀ ਹੋ ਜਾਂਦੀ ਏ। ਪਲ ਭਰ ਵੀ ਬੈਠ ਜਾਓ ਤਾਂ ਰੂਹ ਖਿੜ ਜਾਂਦੀ ਏ। ਸੁੱਖ ਤੇ ਦੁੱਖ ਦੀ ਰੁੱਤ ਹਰ ਜਿੰਦੜੀ 'ਤੇ ਆਉਂਦੀ ਏ, ਪਰ ਜੇਰਾ ਕਰਕੇ ਨਿਭਣਾ ਹਰ ਕਿਸੇ ਨੂੰ ਨਹੀਂ ਆਉਂਦਾ।

ਦੋ ਕੁ ਸਾਲ ਪਹਿਲਾਂ ਇਕਲੌਤੇ ਪੁੱਤਰ ਨੂੰ ਗੁਆ ਚੁੱਕੇ ਇੱਕ ਜੋੜੇ ਨੂੰ ਕਿਸੇ ਵਿਆਹ 'ਚ ਬੇਹੱਦ ਖੁਸ਼ ਤੱਕਿਆ, ਵੀਹਾਂ ਕੁ ਵਰ੍ਹਿਆਂ ਦਾ ਜੁਆਨ ਪੁੱਤਰ ਪਲ ਵਿਚ ਹੀ ਹੱਥਾਂ 'ਚੋਂ ਰੇਤ ਵਾਂਗ ਕਿਰ ਗਿਆ ਸੀ, ਪਰ ਉਨ੍ਹਾਂ ਨੂੰ ਵੇਖ ਕੇ ਰਤਾ ਵੀ ਨਾ ਲੱਗਿਆ ਕਿ ਕੋਈ ਤੂਫਾਨ ਘਰ ਦੀਆਂ ਨੀਹਾਂ ਹਿਲਾ ਕੇ ਲੰਘਿਆ ਏ। ਦੋਵੇਂ ਸ਼ਰੀਕੇ ਦੇ ਉਸ ਵਿਆਹ ਵਿਚ ਹਰ ਰਸਮ 'ਚ ਬੜੇ ਚਾਅ ਨਾਲ ਹਿੱਸਾ ਲੈ ਰਹੇ ਸੀ। ਗੱਲਾਂ-ਗੱਲਾਂ ਵਿਚ ਹੀ ਕਿਸੇ ਕਰੀਬੀ ਨਾਲ ਉਨ੍ਹਾਂ ਬਾਰੇ ਗੱਲ ਚੱਲ ਪਈ, ਤਾਂ ਉਹ ਆਖਣ ਲੱਗੇ, 'ਦੋਵਾਂ ਜੀਆਂ ਦਾ ਦੁੱਖ ਵੇਖਿਆ ਨਹੀਂ ਜਾਂਦਾ ਪਰ ਜਿਸ ਸ਼ਿੱਦਤ ਨਾਲ ਸਮੇਟ ਲਿਆ ਦੋਵਾਂ, ਉਹਨੇ ਕਈਆਂ ਨੂੰ ਹਿੰਮਤ ਦਿੱਤੀ ਏ। ਆਖਦੇ ਨੇ ਸਾਡਾ ਪੁੱਤਰ ਬੜਾ ਪਿਆਰ ਕਰਦਾ ਸੀ ਸਾਨੂੰ, ਇੰਝ ਮੁਰਝਾਏ ਤੇ ਮੋਇਆਂ ਵਰਗੇ ਨਹੀਂ ਵੇਖ ਸਕਣਾ ਉਹਨੇ। ਮੈਂ ਸੋਚ ਰਹੀ ਸਾਂ ਖੌਰੇ ਕਿੰਨਾ ਕੁ ਪਿਆਰ ਕਰਦੇ ਹੋਣਗੇ ਉਹਨੂੰ ਜਿਹੜਾ ਉਹਦੇ ਜਾਣ ਤੋਂ ਬਾਅਦ ਵੀ ਉਹਦੀ ਫਿਕਰ ਕਰਦੇ ਨੇ? ਪਰ ਇਹੋ ਜਿਹੀਆਂ ਰੂਹਾਂ ਵੀ ਆਮ ਨਹੀਂ ਮਿਲਦੀਆਂ ਆਪਣੇ ਗ਼ਮ ਭੁੱਲ ਦੂਜਿਆਂ ਦੇ ਚਿਹਰਿਆਂ ਦੀਆਂ ਖੁਸ਼ੀਆਂ ਬਰਕਰਾਰ ਰੱਖਣ ਵਾਲੀਆਂ। ਕਈ ਤਾਂ ਦੁਨੀਆਂ 'ਤੇ ਜਿਵੇਂ ਆਉਂਦੇ ਹੀ ਹਾਸੇ ਵੰਡਣ ਨੇ। ਰਿਸ਼ਤੇਦਾਰੀ 'ਚੋਂ ਇੱਕ ਭੂਆ ਲੱਗਦੀ ਸੀ ਜਵਾਨੀ ਪਹਿਰੇ ਹੀ ਸਾਈਂ ਦਾ ਸਾਥ ਗੁਆ ਚੁੱਕੀ ਸੀ, ਸਾਲ ਕੁ ਦਾ ਪੁੱਤਰ ਹੋਣਾ ਉਹਦਾ ਮਸਾਂ ਉਦੋਂ। ਪਰ ਪਤਾ ਨਹੀਂ ਕੀ ਸੀ ਉਹਦੀ ਸੀਰਤ 'ਚ, ਸਾਹਮਣੇ ਵਾਲੇ ਨੂੰ ਕੀਲ ਕੇ ਰੱਖ ਦਿੰਦੀ ਸੀ। ਬੁੱਢੀ ਹੋ ਗਈ ਸੀ ਪਰ ਸਹੁਰੇ ਧੀਆਂ ਤੋਂ ਵੱਧ ਚਾਹੁੰਦੇ ਸੀ ਉਹਨੂੰ। ਹਮੇਸ਼ਾ ਹੱਸਦੀ ਰਹਿੰਦੀ, ਜਿਹਨੂੰ ਕਿਸੇ ਨੂੰ ਵੇਖ ਲੈਣਾਂ ਵੀ ਉਹਨੂੰ ਬੁਲਾਏ ਬਿਨਾਂ ਲੰਘ ਚੱਲਿਆ ਏ, ਤਾਂ ਆਖਣਾਂ, ਕੁੜੇ ਫਲਾਣਾ ਕਿਵੇਂ ਮੈਥੋਂ ਸੰਗਦਾ ਜਿਹਾ ਲੰਘ ਚੱਲਿਆ, ਮੈਂ ਕਿਹੜਾ ਇਹਦੀਆਂ ਟੂੰਮਾਂ ਲਾ ਲੈਣੀਆਂ ਸੀ। ਜਿਹਦੇ ਕੋਲ ਬਹਿੰਦੀ ਜੀਅ ਕਰਨਾ ਵੀ ਉੱਠ ਕੇ ਜਾਵੇ ਹੀ ਨਾ। ਉਹਨੂੰ ਵੇਖ ਕੇ ਲੱਗਦਾ ਨਹੀਂ ਸੀ ਵੀ ਸਾਰੀ ਉਮਰ ਰੰਡੇਪੇ ਦਾ ਦਰਦ ਹੰਢਾਇਆ ਉਹਨੇ, ਆਪਣਾ ਦੁੱਖ ਕਿਸੇ ਹੋਰ ਨਾਲ ਹੌਲਾ ਕਰਦਿਆਂ ਨਹੀਂ ਸੀ ਵੇਖਿਆ ਉਹਨੂੰ ਮੈਂ। ਜਦੋਂ ਵੇਖੋ ਹੱਸਦੀ ਰਹਿਣਾਂ। ਉਹਨੂੰ ਤੁਰੀ ਆਉਂਦੀ ਵੇਖ ਹੀ ਸਾਡੇ ਚਿਹਰਿਆਂ 'ਤੇ ਹਾਸਿਆਂ ਨੇ ਥਾਂ ਮੱਲ ਲੈਣੀ।

ਕੁੱਝ ਕੁ ਦਿਨ ਪਹਿਲਾਂ ਕਾਲਜ ਦੀ ਇੱਕ ਸਹੇਲੀ ਪੰਦਰਾਂ ਵਰ੍ਹਿਆਂ ਬਾਅਦ ਮਿਲੀ। ਉਹਦਾ ਸੋਹਣਾ ਪਹਿਰਾਵਾ ਤੇ ਦਗਦਾ ਚਿਹਰਾ ਵੇਖ ਮੈਂ ਬਿਨਾਂ ਪੁੱਛਿਆਂ ਹੀ ਹਿਸਾਬ ਜਿਹਾ ਲਾ ਲਿਆ ਵੀ ਡਾਢੀ ਖੁਸ਼ ਏ ਆਪਣੀ ਜ਼ਿੰਦਗੀ ਵਿਚ। ਫੋਨ 'ਤੇ ਹੋਈਆਂ ਇੱਕ-ਦੋ ਵਾਰ ਦੀਆਂ ਗੱਲਾਂ ਤੋਂ ਬਾਅਦ ਇੱਕ ਦਿਨ ਮੈਂ ਆਖਿਆ, 'ਬਹੁਤ ਕਿਸਮਤ ਵਾਲੀ ਏਂ ਤੂੰ ਜੋ ਸਦਾ ਹੱਸਦੀ ਰਹਿੰਦੀ ਏਂ, ਕੁਦਰਤ ਨੇ ਡਾਢੀਆਂ ਨਿਆਮਤਾਂ ਬਖਸ਼ੀਆਂ ਤੈਨੂੰ'। ਕਹਿਣ ਲੱਗੀ, 'ਹਾਂ ਆਪਣਾ ਕਮਾਉਂਦੀ ਤੇ ਖਾਂਦੀ ਹਾਂ, ਇੱਕ ਧੀ ਏ ਜੋ ਚੰਗੇ ਸਕੂਲ 'ਚ ਪੜ੍ਹਨੇ ਪਾਈ ਏ'। ਮੈਂ ਕਿਹਾ, 'ਤੇ ਉਹ'? ਕਹਿੰਦੀ, 'ਉਹ ਪਿਛਲੇ ਪੰਜਾਂ ਕੁ ਵਰ੍ਹਿਆਂ ਤੋਂ ਬੇਗਾਨੀ ਔਰਤ ਦੀ ਮੁਹੱਬਤ ਦੇ ਸਰੂਰ 'ਚ ਡੁੱਬਿਆ ਮੇਰੇ ਤੇ ਮੇਰੀ ਧੀ ਤੋਂ ਕਿਨਾਰਾ ਕਰ ਗਿਆ। ਮੇਰੀ ਧੀ ਨੂੰ ਭਾਵੇਂ ਹੋਵੇ ਪਰ ਮੈਨੂੰ ਇੱਕ ਦਗੇਬਾਜ਼ ਦੀ ਮੁਹੱਬਤ ਦੀ ਰਤਾ ਲੋੜ ਨਹੀਂ। ਧੀ ਨੂੰ ਕਾਬਲ ਬਣਾਉਣਾ ਤੇ ਖ਼ੁਦ ਨੂੰ ਬੇਹਤਰ, ਜੋ ਦਰਦ ਦਾ ਦੌਰ ਸੀ ਉਹ ਗੁਜ਼ਰ ਗਿਆ ਏ, ਉਸਨੇ ਮੈਨੂੰ ਤਲਾਕ ਦਿੱਤਾ, ਮੈਂ ਮੇਰੀ ਜ਼ਿੰਦਗੀ ਤੇ ਚਾਵਾਂ ਨੂੰ ਨਹੀਂ'। ਉਹਦਾ ਹੌਸਲਾ ਕਾਬਲੇ ਤਾਰੀਫ਼ ਏ। ਇੰਝ ਝੱਖੜ ਝੁੱਲਦਿਆਂ 'ਚ ਵੀ ਖੜ੍ਹੇ ਰਹਿਣਾ ਹਰੇਕ ਦੇ ਵਸ ਦਾ ਨਹੀਂ ਹੁੰਦਾ। ਨਹੀਂ ਤਾਂ ਕਈ ਇਹੋ ਜਿਹੇ ਵੀ ਨੇ ਜਿਹੜੇ ਸਭ ਕੁੱਝ ਹੁੰਦਿਆਂ ਵੀ ਬਿਨਾਂ ਸ਼ਿਕਵੇ ਤੋਂ ਕੁੱਝ ਬੋਲਣ ਲਈ ਮੂੰਹ ਖੋਲਦੇ ਹੀ ਨਹੀਂ। ਇੰਜਨੀਅਰਿੰਗ ਕਰ ਚੁੱਕੇ ਇੱਕ ਮੁੰਡੇ ਨੇ ਇਸ ਲਈ ਆਤਮਹੱਤਿਆ ਕਰ ਲਈ ਕਿ ਉਹਦੇ ਨਾਲ ਦੇ ਸਾਥੀ ਨੂੰ ਉਸ ਤੋਂ ਜ਼ਿਆਦਾ ਤਨਖਾਹ ਦੀ ਨੌਕਰੀ ਮਿਲੀ ਸੀ ਜਦਕਿ ਉਹ ਲੱਖਾਂ ਰੁਪਏ ਮਹੀਨੇ ਦੀ ਤਨਖਾਹ ਲੈ ਰਿਹਾ ਸੀ। ਇੱਕ ਕਰੋੜਪਤੀ ਦੇ ਘਰ ਦੂਸਰਾ ਪੋਤਰਾ ਹੋਣ 'ਤੇ ਕੁੱਝ ਲੋਕ ਵਧਾਈ ਦੇਣ ਗਏ ਤਾਂ ਉਹ ਲੋਕਾਂ ਨੂੰ ਬੁਰਾ-ਭਲਾ ਕਹਿਣ ਦੇ ਨਾਲ-ਨਾਲ ਰੱਬ ਨੂੰ ਵੀ ਸ਼ਿਕਵਿਆਂ ਦਾ ਰੋਣਾ ਰੋ ਰਿਹਾ ਸੀ। ਕਿਉਂਕਿ ਉਸ ਨੂੰ ਦੁੱਖ ਸੀ ਕਿ ਉਹਦੀ ਜਾਇਦਾਦ ਹੁਣ ਦੋ ਟੁਕੜਿਆਂ ਵਿਚ ਵੰਡੀ ਜਾਏਗੀ। ਕੁਦਰਤ ਦੇ ਰੰਗ ਨੇ ਕੋਈ ਭਰਿਆ ਵੀ ਖੁਸ਼ ਨਹੀਂ ਤੇ ਕੋਈ ਊਣਾ ਵੀ ਖਿੜਿਆ ਰਹਿੰਦਾ ਏ। ਖੇਡਾ ਤਾਂ ਰੂਹ ਦਾ ਏ, ਜਿਹੜਾ ਰੂਹ ਨੂੰ ਇਹੋ ਜਿਹੇ ਸਰੂਰ 'ਚ ਰੱਖਦਾ ਏ ਵੀ ਬੰਦਾ ਕੁੱਲੀ 'ਚ ਵੀ ਮੁਸਕਰਾਉਂਦਾ ਏ। ਜਿਊਂਦੀਆਂ ਰਹਿਣ ਇਹ ਖਿੜੀਆਂ-ਖਿੜੀਆਂ ਰੂਹਾਂ!

***–ਰੁਪਿੰਦਰ ਸੰਧੂ***

# ਸ਼ਹੀਦ ਦੀ ਆਤਮਹੱਤਿਆ- ਇਕਬਾਲ

ਪ੍ਰੋ. ਅਵਤਾਰ ਸਿੰਘ

ਨਵੇਂ ਸ਼ਹਿਰ ਦੇ ਆਰ ਕੇ ਆਰੀਆ ਕਾਲਜ ਵਿਚ ਪੜ੍ਹਦਿਆਂ ਮੇਰੇ ਬਚਪਨ ਦਾ ਦੋਸਤ ਸੋਢੀ ਕਨੇਡਾ ਚਲਿਆ ਗਿਆ ਤੇ ਮੇਰਾ ਮਨ ਚੱਕਿਆ ਗਿਆ। ਮੈਂ ਨਵਾਂ ਸ਼ਹਿਰ ਛੱਡ ਕੇ ਬੰਗਿਆਂ ਦੇ ਸਿੱਖ ਨੈਸ਼ਨਲ ਕਾਲਜ ਵਿਚ ਦਾਖਲ ਹੋ ਗਿਆ। ਰੋਜ਼ ਪਿੰਡੋਂ ਜਾਡਲੇ ਤੱਕ ਸਾਈਕਲ 'ਤੇ ਜਾਣਾ ਤੇ ਅੱਗੇ ਬੱਸ ਰਾਹੀਂ ਬੰਗਿਆਂ ਨੂੰ ਜਾਣਾ।

ਇਕ ਲੰਬੇ ਜਿਹੇ ਮੋਨੇ ਮੁੰਡੇ ਨੇ ਨਵੇਂ ਸ਼ਹਿਰੋਂ ਰੋਜ਼ ਮੇਰੇ ਨਾਲ਼ ਬੱਸ ਚੜ੍ਹਨਾ, ਜੋ ਦੇਖਣ ਪਾਖਣ ਨੂੰ ਤੇਜ਼ ਬੁੱਧ, ਸਾਊ ਅਤੇ ਅਮੀਰ ਲੱਗਦਾ ਸੀ। ਇਕ ਦਿਨ ਉਹ ਮੇਰੇ ਨਾਲ਼ ਬੈਠ ਗਿਆ ਤੇ ਗੱਲਾਂ ਕਰਨ ਲੱਗ ਪਿਆ। ਪਤਾ ਲੱਗਾ ਕਿ ਉਹ ਲੰਗੜੋਏ ਤੋਂ ਹੈ ਤੇ ਜਾਡਲੇ ਵਾਲ਼ੇ ਕੋਲਡ ਸਟੋਰਾਂ ਦੇ ਮਾਲਕ ਦਾ ਮੁੰਡਾ ਹੈ। ਉਹ ਨੌਨ-ਮੈਡੀਕਲ ਪੜ੍ਹਦਾ ਸੀ। ਉਹਦਾ ਨਾਂ ਇਕਬਾਲ ਸੀ ਤੇ ਇਸ ਨਾਂ ਦਾ, ਮੈਨੂੰ ਮਿਲਿਆ, ਉਹ ਪਹਿਲਾ ਸ਼ਖਸ ਸੀ।

ਜਾਡਲੇ ਦੇ ਅੱਡੇ 'ਤੇ ਸਾਈਕਲ ਰੱਖਣ ਦੀ ਮੈਨੂੰ ਹਰ ਰੋਜ਼ ਅਠਿਆਨੀ ਦੇਣੀ ਪੈਂਦੀ ਸੀ। ਹੁਣ ਮੈਂ ਇਕਬਾਲ ਹੋਰਾਂ ਦੇ ਕੋਲਡ ਸਟੋਰ 'ਤੇ ਸਾਈਕਲ ਰੱਖਣ ਲੱਗ ਪਿਆ ਤੇ ਅਸੀਂ ਰੋਜ਼ ਇਕੱਠੇ ਜਾਣ ਲੱਗ ਪਏ। ਉਹ ਲੇਟ ਹੁੰਦਾ ਤਾਂ ਮੈਂ ਉਡੀਕ ਲੈਂਦਾ। ਮੈਂ ਲੇਟ ਹੁੰਦਾ ਤਾਂ ਉਹ ਉਡੀਕ ਲੈਂਦਾ।

ਉਹ ਕਾਮਰੇਡ ਸੀ ਤੇ ਮੇਰੇ ਨਾਲ਼ ਧਰਮ ਦੇ ਖਿਲਾਫ ਸਦਾ ਆਢਾ ਲਾਈ ਰੱਖਦਾ। ਉਹ ਸਾਇੰਸ ਪੜ੍ਹਦਾ ਸੀ ਤੇ ਮੇਰੇ 'ਤੇ ਆਪਣੀ ਸਾਰੀ ਸਾਇੰਸ ਝਾੜ ਦਿੰਦਾ। ਮੈਂ ਆਪਣੀ ਆਸਥਾ ਦੇ ਬਚਾਅ ਵਿਚ ਦਲੀਲਾਂ ਦੀਆਂ ਥੰਮੀਆਂ ਦੇ-ਦੇ ਕੇ ਧਰਮ ਨੂੰ ਡਿਗਣ ਤੋਂ ਬਚਾਉਂਦਾ। ਜਦ ਵੀ ਅਸੀਂ ਮਿਲ਼ਦੇ ਤਾਂ ਧਰਮ ਤੇ ਸਾਇੰਸ ਦੀ ਜੰਗ ਛਿੜ ਜਾਂਦੀ। ਉਹਦੇ ਨਾਲ਼ ਕਈ ਜਣੇ ਹੁੰਦੇ ਤੇ ਮੈਂ ਸਵਾ ਲੱਖ ਹੀ ਡਟਿਆ ਰਹਿੰਦਾ।

ਮੈਂ ਉਹਦੇ ਕੋਲੋਂ ਮਾਰਕਸਵਾਦ ਦੀ ਬਜਾਏ ਐਟਮ, ਇਲੈਕਟ੍ਰੌਨ, ਨਿਊਟ੍ਰੌਨ, ਪ੍ਰੋਟੌਨ, ਐਲੀਮੈਂਟ, ਕੰਪਾਊਂਡ ਅਤੇ ਮੌਲਿਕਿਊਲ ਵਿਚਲੇ ਫਰਕ ਸਮਝਣ ਦੀ ਕੋਸ਼ਿਸ਼ ਕਰਦਾ ਤੇ ਉਹ ਮੈਨੂੰ ਸਾਇੰਸ ਦੇ ਕਿਣਕਿਆਂ ਤੋਂ ਲੈ ਕੇ ਮਾਰਕਸਵਾਦ ਤੱਕ ਦੇ ਨੁਕਤੇ ਸਮਝਾਉਂਦਾ। ਮੈਂ ਦੇਖਿਆ ਕਿ ਉਹਦੇ ਲਈ ਮਾਰਕਸਵਾਦ ਦਾ ਅਰਥ ਇਹੀ ਸੀ ਕਿ ਰੱਬ ਨਹੀਂ ਹੈ ਜਾਂ ਅਮੀਰਾਂ ਦਾ ਵਾਧੂ ਪੈਸਾ ਗ਼ਰੀਬਾਂ ਦਾ ਖ਼ੂਨ ਨਿਚੋੜ ਕੇ ਬਣਦਾ ਹੈ। ਵੈਸੇ ਮੇਰੇ ਲਈ ਵੀ ਉਦੋਂ ਧਰਮ ਦਾ ਅਰਥ ਇਹੀ ਸੀ ਕਿ ਰੱਬ ਹੈ ਤੇ ਜੋ ਕੁਝ ਵੀ ਹੁੰਦਾ ਹੈ ਉਹੀ ਕਰਦਾ ਹੈ। ਇਹਤੋਂ ਅੱਗੇ-ਪਿੱਛੇ ਮੈਨੂੰ ਵੀ ਕੁਝ ਨਹੀਂ ਸੀ ਪਤਾ। ਹੁਣ ਮੈਂ ਅਕਸਰ ਸੋਚਦਾ ਹਾਂ ਕਿ ਉਦੋਂ ਸਾਡੀ ਬਹਿਸ ਕਿੰਨੀ ਫ਼ਜ਼ੂਲ ਅਤੇ ਤੁੱਛ ਹੁੰਦੀ ਸੀ।

ਵਿਦਿਆਰਥੀ ਜਥੇਬੰਦੀ ਦੀ ਚੋਣ ਦਾ ਬਿਗਲ ਵੱਜਿਆ ਤਾਂ ਉਹਨੇ ਸਕੱਤਰ ਦੀ ਚੋਣ ਲੜਨ ਲਈ ਐਲਾਨ ਕਰ ਦਿੱਤਾ। ਮੇਰਾ ਇਕ ਹੋਰ ਦੋਸਤ ਵੀ ਚੋਣ ਲੜ ਰਿਹਾ ਸੀ। ਮੈਂ ਦੁਵਿਧਾ ਵਿਚ ਪੈ ਗਿਆ ਤੇ ਚੋਣਾਂ ਵਾਲ਼ੇ ਦਿਨ ਕਿਤੇ ਟਿਭ ਗਿਆ। ਦਰਅਸਲ ਪ੍ਰੋ. ਹਰਪਾਲ ਸਿੰਘ ਨੇ ਮੈਨੂੰ ਚੰਡੀਗੜ੍ਹ ਦੀ ਗੁਰੂ ਗੋਬਿੰਦ ਸਿੰਘ ਫਾਊਂਡੇਸ਼ਨ ਵਿਚ ਕੁਝ ਵਿਦਿਆਰਥੀਆਂ ਦੇ ਵਜ਼ੀਫੇ ਦੇ ਫ਼ਾਰਮ ਜਮਾਂ ਕਰਾਉਣ ਲਈ ਭੇਜ ਦਿੱਤਾ ਸੀ। ਵਾਪਸ ਆਇਆ ਤਾਂ ਪਤਾ ਲੱਗਾ ਕਿ ਇਕਬਾਲ ਸਿਰਫ ਇੱਕ ਵੋਟ ਦੇ ਫਰਕ ਨਾਲ਼ ਹਾਰ ਗਿਆ। ਉਹਨੂੰ ਲੱਗਿਆ ਕਿ ਉਹ ਵੋਟ ਮੇਰੀ ਹੀ ਸੀ। ਪਰ ਉਹਨੂੰ ਮੇਰੀ ਦੁਵਿਧਾ ਦਾ ਨਹੀਂ ਸੀ ਪਤਾ ਕਿ ਇਹ ਵੀ ਹੋ ਸਕਦਾ ਸੀ ਕਿ ਉਹ ਮੇਰੇ ਕਰਕੇ ਇੱਕ ਦੀ ਬਜਾਏ ਦੋ ਵੋਟਾਂ ਨਾਲ਼ ਹਾਰਦਾ। ਮੈਂ ਉਹਨੂੰ ਮਿਲ਼ਿਆ ਤਾਂ ਉਹਨੇ ਮੇਰੇ ਨਾਲ਼ ਉਹ ਕੁਪੱਤ ਕੀਤੀ ਕਿ ਪੁੱਛੋ ਕੁਝ ਨਾ। ਮੈਂ ਹੈਰਾਨ ਹੋ ਗਿਆ ਕਿ ਉਹ ਅਗਲੇ ਦਿਨ ਮੇਰੇ ਨਾਲ਼ ਬਿਲਕੁਲ ਆਮ ਵਾਂਗ ਹੋ ਗਿਆ ਸੀ।

ਅਕਾਲੀਆਂ ਦੇ 'ਧਰਮ-ਯੁੱਧ' ਮੋਰਚੇ ਵਿਚ ਜਾਣ ਕਾਰਨ ਮੇਰਾ ਇੱਕ ਸਾਲ ਦਾ ਗੈਪ ਪੈ ਗਿਆ। ਉਹਦੀ ਬੀ.ਐੱਸ.ਸੀ. ਮੁਕੰਮਲ ਹੋ ਗਈ ਤੇ ਉਹ ਕੋਲਡ ਸਟੋਰ 'ਤੇ ਬਹਿਣ ਲੱਗ ਪਿਆ। ਮੋਰਚੇ 'ਤੋਂ ਪਰਤ ਕੇ ਮੈਂ ਉਹਨੂੰ ਮਿਲ਼ਿਆ ਤਾਂ ਉਹ ਬੇਹੱਦ ਉਦਾਸ ਸੀ। ਮੈਂ ਬੰਗੇ ਰਹਿਣ ਲੱਗ ਪਿਆ ਤਾਂ ਉਹ ਕਦੀ-ਕਦੀ ਮੈਨੂੰ ਮਿਲਣ ਆਉਂਦਾ। ਮੈਂ ਪਿੰਡ ਆਉਂਦਾ ਤਾਂ ਕਿੰਨੀ-ਕਿੰਨੀ ਦੇਰ ਅਸੀਂ ਕੋਲਡ ਸਟੋਰ ਦੇ ਅੰਦਰ ਬੈਠੇ ਰਹਿੰਦੇ। ਆਪਣੇ ਸ਼ੁਗਲ ਮੇਲੇ ਦੀਆਂ ਗੱਲਾਂ ਤੋਂ ਇਲਾਵਾ ਅਸੀਂ ਖ਼ੂਬ ਸਿਆਸਤ ਘੋਟਦੇ। ਮੈਂ ਉਹਦੇ ਕੋਲ਼ਡ ਸਟੋਰਾਂ ਨੂੰ ਸਰਦਖ਼ਾਨੇ ਕਹਿੰਦਾ ਤੇ ਉਹ ਮੇਰੇ ਵੱਲ੍ਹ ਦੇਖਦਾ ਤੇ ਹੱਸ ਪੈਂਦਾ।

ਮੈਂ ਉਨ੍ਹਾਂ ਦਿਨਾਂ ਵਿਚ ਭਾਈ ਸਾਹਿਬ ਕਪੂਰ ਸਿੰਘ ਨੂੰ ਪੜ੍ਹਦਾ ਸੀ ਤੇ ਮੈਂ ਉਹਦੇ ਨਾਲ਼ ਵੀ ਉਨ੍ਹਾਂ ਦੀਆਂ ਗੱਲਾਂ ਸਾਂਝੀਆਂ ਕਰਦਾ ਰਹਿੰਦਾ। ਮੈਂ ਦੇਖਿਆ ਕਿ ਉਹਦਾ ਝੁਕਾਅ ਸਿੱਖੀ ਵੱਲ੍ਹ ਵਧ ਰਿਹਾ ਸੀ ਤੇ ਮਾਰਕਸਵਾਦ ਵਲੋਂ ਘਟ ਰਿਹਾ ਸੀ। ਗਿਆਨ ਦੇ ਮਾਮਲੇ ਵਿਚ ਉਹ ਅੜੀਅਲ ਨਹੀਂ ਸੀ।

ਉਹ ਅਕਸਰ ਮੇਰੇ ਨਾਲ਼ ਪਿੰਡ ਆ ਜਾਂਦਾ ਤੇ ਦੋ-ਦੋ ਦਿਨ ਮੇਰੇ ਨਾਲ਼ ਰਹਿੰਦਾ। ਮੇਰੇ ਭਾਈਆ ਜੀ ਉਹਨੂੰ ਸਿੱਖ ਇਤਿਹਾਸ ਦੀਆਂ ਗੱਲਾਂ ਸੁਣਾਉਂਦੇ ਰਹਿੰਦੇ ਤੇ ਮੇਰਾ ਵੱਡਾ ਭਾਈ ਉਹਨੂੰ ਸਿੱਖ ਸਿਆਸਤ ਦੇ ਟੋਟਕੇ ਦੱਸਦਾ ਰਹਿੰਦਾ ਤੇ ਉਹ ਸੁਣ-ਸੁਣ ਕੇ ਦੋਹਰਾ-ਤੇਹਰਾ ਹੋ-ਹੋ ਹੱਸਦਾ। ਆਪਣੇ ਹਾਸੇ 'ਤੇ ਉਹਦਾ ਕਾਬੂ ਨਹੀਂ ਸੀ ਰਹਿੰਦਾ। ਇਕ ਦਿਨ ਉਹ ਮੇਰੇ ਕੋਲ਼ ਬੰਗੇ ਆਇਆ ਤਾਂ ਅਸੀਂ ਸੋਚਿਆ ਕਿ ਪਿੰਡ ਚੱਲੀਏ। ਨਵੇਂਸ਼ਹਿਰ ਪਹੁੰਚ ਕੇ ਮੀਂਹ ਲੱਗ ਗਿਆ ਤੇ ਅਸੀਂ ਪੂਰੀ ਤਰ੍ਹਾਂ ਭਿੱਜ ਗਏ। ਉਹ ਕਹਿਣ ਲੱਗਾ ਕਿ ਹੁਣ ਅਸੀਂ ਉਹਦੇ ਪਿੰਡ ਲੰਗੜੋਏ ਹੀ ਰੁਕੀਏ ਤਾਂ ਅਸੀਂ ਘਰ ਚਲੇ ਗਏ।

ਉਹਨੇ ਆਪਣੇ ਕੱਪੜੇ ਬਦਲੇ ਤੇ ਮੈਨੂੰ ਵੀ ਆਪਣਾਂ ਕਮੀਜ਼ ਪਜਾਮਾ ਦੇ ਦਿੱਤਾ। ਬਾਹਰ ਜ਼ੋਰਦਾਰ ਮੀਂਹ ਲੱਗਾ ਹੋਇਆ ਸੀ ਤੇ ਅਸੀਂ ਬਿਸਤਰਿਆਂ ਵਿਚ ਵੜ ਗਏ। ਉਹਦੀ ਬੇਹੱਦ ਸਾਊ ਤੇ ਸੰਗਾਊ ਭੈਣ ਸਾਨੂੰ ਉੱਥੇ ਹੀ ਦੋ ਥਾਲਾਂ ਵਿਚ ਰੋਟੀ ਪਰੋਸ ਕੇ ਦੇ ਗਈ। ਇਸਤਰ੍ਹਾਂ ਦੀ ਰੋਟੀ ਕਦੀ-ਕਦੀ ਹੀ ਨਸੀਬ ਹੁੰਦੀ ਹੈ; ਜਿਵੇਂ ਉਹਦੀ ਮਾਂ ਨੇ ਰੋਟੀ ਵਿਚ ਸਾਰੀ ਮਮਤਾ ਡੋਲ੍ਹ ਦਿੱਤੀ ਹੋਵੇ ਤੇ ਪਿਆਰ ਗੁੰਨ੍ਹ ਦਿੱਤਾ ਹੋਵੇ; ਜਿਵੇਂ ਉਹਦੀ ਭੈਣ ਨੇ ਖਾਣੇ ਦੇ ਉੱਤੇ ਹਯਾ ਤ੍ਰੌਂਕ ਦਿੱਤੀ ਹੋਵੇ।

ਸੌਣ ਲੱਗਿਆਂ ਦੁੱਧ ਦੇ ਦੋ ਗਲਾਸ ਆ ਗਏ। ਸਰਦੀਆਂ ਵਾਲ਼ੀ ਬਰਸਾਤ ਦੀ ਸਾਰੀ ਠਰਨ ਗਰਮ ਗਰਮ ਦੁੱਧ ਨੇ ਚੂਸ ਲਈ ਤੇ ਅਸੀਂ ਦੋਵੇਂ ਜਾਣੇ ਆਪੋ-ਆਪਣੀ ਰਜਾਈ ਵਿਚ ਘੁਸ ਗਏ ਤੇ ਕੁਝ ਪਤਾ ਨਾ ਰਿਹਾ ਕਿ ਕਿੱਥੇ ਪਏ ਹਾਂ। ਗੱਲਾਂ ਕਰਦਿਆਂ ਪਤਾ ਹੀ ਨਾ ਰਿਹਾ ਕਦ ਨੀਂਦ ਆ ਗਈ। ਸਵੇਰੇ ਉੱਠੇ ਤਾਂ ਨਿੰਬਲ਼ ਹੋਇਆ ਹੋਇਆ ਸੀ ਤੇ ਅਸੀਂ ਉਨ੍ਹਾਂ ਦੇ ਖੇਤਾਂ ਵਿਚ ਘੁੰਮ ਫਿਰ ਕੇ ਆਏ। ਇਸ਼ਨਾਨ ਕੀਤਾ ਤਿਆਰ ਹੋਏ। ਦਹੀਂ ਨਾਲ਼ ਦੋ ਦੋ ਪਰੌਂਠੇ ਤੇ ਨਾਲ਼ ਫਿਰ ਗਰਮ ਦੁੱਧ ਦੇ ਗਲਾਸ; ਸਾਡੀ ਨਿਸ਼ਾ ਹੋ ਗਈ।

ਅਸੀਂ ਉਹਦੇ ਸਕੂਟਰ 'ਤੇ ਜਾਡਲੇ ਅੱਡੇ 'ਤੇ ਆ ਗਏ ਤੇ ਕੋਲਡ ਸਟੋਰ ਦੇ ਦਫਤਰ ਵਿਚ ਹੀਟਰ ਸੇਕਦੇ ਰਹੇ ਤੇ ਗੱਲਾਂ ਚੱਲ ਸੋ ਚੱਲ। ਦੁਪਹਿਰ ਸਮੇਂ ਅਸੀਂ ਪਿੰਡ ਆ ਗਏ। ਮੇਰੀ ਭਾਬੀ ਨੇ ਰੋਟੀ ਬਣਾਈ ਤੇ ਅਸੀਂ ਖਾ ਕੇ ਭਾਈਆ ਜੀ ਦੇ ਕੋਲ਼ ਗੱਲਾਂ ਸੁਣਨ ਬੈਠ ਗਏ। ਉਹੀ ਸਿੱਖੀ, ਉਹੀ ਸਿਆਸਤ ਤੇ ਵਿਚ-ਵਿਚ ਮੇਰੇ ਵੱਡੇ ਭਾਈ ਦੇ ਟੋਟਕੇ। ਭਾਈਆ ਜੀ ਨੇ ਕਿਸੇ ਗੱਲ ਵਿਚ ਇਕਬਾਲ ਵੱਲ੍ਹ ਇਸ਼ਾਰਾ ਕਰਕੇ ਕਹਿ ਦਿੱਤਾ ਕਿ ਫਲਾਣੇ ਦੇ ਵੀ ਸਿਰ 'ਤੇ ਤੇਰੇ ਜਿਹੇ ਬੋਦੇ ਸਨ। ਇਕਬਾਲ ਸੁਣ ਕੇ ਹੱਸ-ਹੱਸ ਦੋਹਰਾ ਹੋ ਗਿਆ ਕਿ 'ਭਾਈਆ ਜੀ ਮੈਨੂੰ ਕਹਿੰਦੇ ਤੇਰੇ ਵਰਗੇ ਬੋਦੇ'। ਮੈਂ ਦੇਖਿਆ ਕਿ ਉਹਨੇ ਰਤਾ ਵੀ ਬੁਰਾ ਨਾ ਮਨਾਇਆ ਸਗੋਂ ਸਾਡੇ ਘਰ ਵਿਚ ਹੋਰ ਘੁਲ਼-ਮਿਲ਼ ਗਿਆ।

ਮੈਂ ਬੀਏ ਕਰਕੇ ਪੰਜਾਬ ਯੂਨੀਵਰਸਿਟੀ, ਚੰਡੀਗੜ੍ਹ ਪੜ੍ਹਨ ਚਲਿਆ ਗਿਆ। ਜਦ ਵੀ ਮੈਂ ਆਉਣਾ ਕੋਲਡ ਸਟੋਰ 'ਚ ਉਹਦੇ ਕੋਲ਼ ਬਹਿ ਜਾਣਾ ਤੇ ਸੂਰਜ ਛਿਪੇ 'ਤੇ ਉਹਨੇ ਮੈਨੂੰ ਪਿੰਡ ਛੱਡ ਆਉਣਾ। ਮੇਰੇ ਪਿੰਡ ਰਹਿੰਦੇ ਉਹ ਫਿਰ ਵੀ ਆ ਜਾਂਦਾ। ਅਚਾਨਕ ਸਕੂਟਰ ਦੀ ਘੁਰ ਘੁਰ ਸੁਣਨੀ। ਦੇਖਣਾ ਤਾਂ ਇਕਬਾਲ ਨੇ ਘਾਟੀ ਚੜ੍ਹੇ ਆਉਂਦੇ ਹੋਣਾ। ਸਕੂਟਰ ਖੜ੍ਹਾ ਕਰਕੇ ਉਹਨੇ ਸਿੱਧਾ ਭਾਈਆ ਜੀ ਕੋਲ਼ ਜਾਣਾ ਤੇ ਬਹਿ ਜਾਣਾ।

ਇਕ ਵਾਰੀ ਉਹ ਯੂਨੀਵਰਸਿਟੀ 'ਚ ਮੈਨੂੰ ਮਿਲਣ ਆਇਆ ਤੇ ਚਾਰ ਦਿਨ ਮੇਰੇ ਕੋਲ਼ ਰਿਹਾ। ਮੈਂ ਉਹਨੂੰ ਆਪਣੇ ਦੋਸਤ ਮਿੱਤਰ ਕਲਾਸਫੈਲੋ ਤੇ ਫੈਲਣਾ ਨਾਲ਼ ਮਿਲਾਇਆ। ਉਹ ਬੜਾ ਹੀ ਖੁਸ਼ ਹੋਇਆ। ਰਾਤੀਂ ਸੌਣ ਲੱਗਿਆ ਅਸੀਂ ਗੱਲਾਂ ਕਰਨ ਲੱਗ ਪਏ ਤਾਂ ਉਹ ਬੇਹੱਦ ਉਦਾਸ ਹੋ ਗਿਆ ਸੀ। ਮੈਂ ਕਾਰਣ ਪੁੱਛਿਆ ਤਾਂ ਕਹਿਣ ਲੱਗਾ ਕਿ ਉਹ ਪੜ੍ਹਨਾ ਚਾਹੁੰਦਾ ਸੀ, ਪਰ ਉਹਦੇ ਬਾਪ ਨੇ ਉਹਨੂੰ ਮੱਲੋ-ਮੱਲੀ ਕੋਲ਼ਡ ਸਟੋਰ 'ਤੇ ਬਹਾਲ਼ ਦਿੱਤਾ। ਮੈਂ ਉਹਨੂੰ ਧੀਰਜ ਦੇਣ ਲੱਗ ਪਿਆ ਤੇ ਜਿਆਦਾ ਪੜ੍ਹਨ ਲਿਖਣ ਦੇ ਨੁਕਸ ਗਿਣਾਉਣੇ ਸ਼ੁਰੂ ਕਰ ਦਿੱਤੇ। ਉਹ ਮੇਰੀਆਂ ਗੱਲਾਂ ਸੁਣ ਕੇ ਹੱਸ ਪਿਆ ਤੇ ਸ਼ਾਂਤ ਹੋ ਗਿਆ। ਅਗਲੇ ਦਿਨ ਉਹ ਵਾਪਸ ਚਲਿਆ ਗਿਆ।

ਯੂਨੀਵਰਸਿਟੀ 'ਚ ਦੋ ਹਫ਼ਤੇ ਦੀਆਂ ਛੁਟੀਆਂ ਹੋ ਗਈਆਂ ਤੇ ਮੈਂ ਪਿੰਡ ਨੂੰ ਆ ਗਿਆ। ਜਾਡਲੇ ਕੋਲਡ ਸਟੋਰ ਵਿਚ ਉਹਨੂੰ ਦੇਖਿਆ, ਪਰ ਉਹ ਜਾ ਚੁੱਕਾ ਸੀ। ਮੈਂ ਦਫਤਰ ਦੀ ਕੁੰਡੀ ਵਿਚ ਸਲਿੱਪ ਲਿਖ ਕੇ ਫਸਾ ਆਇਆ। ਅਗਲੇ ਦਿਨ ਉਹ ਸ਼ਾਮ ਨੂੰ ਮੇਰੇ ਘਰ ਆ ਗਿਆ। ਮੈਂ ਉਹਨੂੰ ਦੇਖ ਕੇ ਹੈਰਾਨ ਹੋ ਗਿਆ; ਉਹਨੇ ਖੱਟੀ ਕੇਸਰੀ ਪੱਗ ਬੰਨ੍ਹੀ ਹੋਈ ਸੀ ਤੇ ਉਹਦੀ ਦਾੜ੍ਹੀ ਵੀ ਵਧੀ ਹੋਈ ਸੀ। ਮੈਨੂੰ ਲੱਗਿਆ ਜਿਵੇਂ ਉਹ ਜਨਮ ਤੋਂ ਹੀ ਇਸਤਰ੍ਹਾਂ ਸੀ। ਮੈਂ ਉਹਨੂੰ ਪੁੱਛਿਆ ਕਿ ਉਹਨੇ ਪੱਗ ਕਿਉਂ ਬੰਨ੍ਹ ਲਈ। ਕਹਿਣ ਲੱਗਾ, 'ਯਾਰ, ਭਾਈਆ ਜੀ ਤੋਂ ਸ਼ਰਮ ਆਉਂਦੀ ਸੀ'। ਖ਼ੈਰ, ਉਹਨੂੰ ਪੱਗ ਜਚਦੀ ਸੀ ਤੇ ਉਹ ਹੋਰ ਸੋਹਣਾ ਲੱਗਣ ਲੱਗ ਪਿਆ ਸੀ। ਉਸ ਰਾਤ ਰੋਟੀ ਖਾਣ ਬਾਦ ਅਸੀਂ ਬਹੁਤ ਸਾਰੀਆਂ ਗੱਲਾਂ ਕੀਤੀਆਂ ਤੇ ਪਤਾ ਹੀ ਨਾ ਲੱਗਾ ਕਿ ਅਸੀਂ ਕਦ ਸੌਂ ਗਏ।

ਅਗਲੇ ਦਿਨ ਅਸੀਂ ਲੇਟ ਉੱਠੇ ਤੇ ਨੈੜੀ 'ਤੇ ਘੁੰਮਣ ਚਲੇ ਗਏ। ਪਰਤ ਕੇ ਇਸ਼ਨਾਨ ਕੀਤਾ ਤੇ ਤਿਆਰ ਹੋ ਗਏ। ਉਹਨੇ ਪੱਗ ਨੂੰ ਡੇਢ ਘੰਟਾ ਲਾਇਆ। ਦਹੀਂ ਨਾਲ਼ ਪਰੌਂਠੇ ਖਾਧੇ ਤੇ ਅਸੀਂ ਮੰਜੇ ਮੱਲ ਕੇ ਬੈਠ ਗਏ। ਮੈਂ ਸੋਚਦਾ ਸੀ ਇਹਨੂੰ ਕਹਾਂ ਕਿ ਸ਼ਾਮ ਨੂੰ ਚਲਾ ਜਾਵੇ। ਪਰ ਮੈਂ ਹੈਰਾਨ ਹੋ ਗਿਆ ਕਿ ਉਹ ਕਹਿਣ ਲੱਗਾ, 'ਮੈਂ ਅੱਜ ਜਾਣਾ ਨਹੀਂ'। ਮੇਰੇ ਮਨ ਵਿਚ ਕੋਈ ਸ਼ੱਕ ਜਹੀ ਉੱਠੀ, ਪਰ ਜਿਵੇਂ ਉੱਠੀ, ਉਵੇਂ ਬਹਿ ਗਈ। ਸੋਚਿਆ ਕਿ ਹੋਰ ਰਹਿਣ ਨੂੰ ਜੀ ਕਰ ਪਿਆ ਹੋਊ। ਅਗਲੀ ਸਵੇਰ ਫਿਰ ਨਾ ਗਿਆ ਤੇ ਇਸੇ ਤਰਾਂ ਹਫ਼ਤਾ ਬੀਤ ਗਿਆ। ਫਿਰ ਕਿਤੇ ਇਕ ਦਿਨ ਸ਼ਾਮ ਨੂੰ ਉਹਦੇ ਡੈਡੀ ਆ ਗਏ ਤੇ ਉਹਨੂੰ ਝਿੜਕ-ਝੁੜਕ ਕੇ ਲੈ ਗਏ।

ਇਕ ਦਿਨ ਮੈਂ ਵੀ ਉਹਨੂੰ ਮਿਲਣ ਗਿਆ ਤੇ ਉਹ ਉਦਾਸ ਬੈਠਾ ਸੀ। ਮੈਂ ਕਾਰਨ ਪੁੱਛਿਆ ਤਾਂ ਕਹਿਣ ਲੱਗਾ, 'ਯਾਰ, ਮੈਂ ਪੜ੍ਹਨਾ ਚਾਹੁੰਨਾ, ਪਰ ਘਰਦੇ ਮੇਰੇ ਲਈ ਕੁੜੀ ਲੱਭਦੇ ਆ'। ਮੈਂ ਹੱਸਣ ਲੱਗ ਪਿਆ ਕਿ ਜੇ ਕਿਤੇ ਮੇਰੇ ਘਰਦੇ ਮੇਰੇ ਲਈ ਕੁੜੀ ਲੱਭਦੇ ਹੁੰਦੇ ਤਾਂ ਮੈਂ ਮਿੰਟ ਨਾ ਲਾਉਂਦਾ। ਮੇਰੀ ਗੱਲ ਸੁਣ ਕੇ ਉਹ ਹੱਸਿਆ ਜ਼ਰੂਰ, ਪਰ ਉਹ ਅੰਦਰੋਂ ਉਦਾਸ ਸੀ।

ਸਿਲਸਿਲਾ ਇਸੇ ਤਰਾਂ ਚੱਲਦਾ ਰਿਹਾ। ਉਹਨੇ ਮੇਰੇ ਪਿੰਡ ਆਉਣਾਂ, ਮੰਜਿਆਂ 'ਤੇ ਬੈਠੇ ਰਹਿਣਾ। ਮੇਰਾ ਭਤੀਜਾ ਹਰਦੀਪ, ਬੱਲੀ ਤੇ ਭਤੀਜੀ ਬਾਵੀ ਵੀ ਸਾਡੇ ਅੱਗੇ ਪਿੱਛੇ ਫਿਰਦੇ ਰਹਿੰਦੇ ਤੇ ਸਾਨੂੰ 'ਚਾਚਾ ਜੀ, ਚਾਚਾ ਜੀ' ਕਰਦੇ ਰਹਿੰਦੇ। ਗੱਲਾਂ ਸੁਣ-ਸੁਣ ਹੱਸਦੇ। ਇਕਬਾਲ ਦਾ ਹਾਸਾ ਕੁਝ ਇਸਤਰ੍ਹਾਂ ਦਾ ਸੀ, ਜਿਵੇਂ ਉਹਨੂੰ ਹੁੱਥੂ ਛਿੜਦਾ ਹੋਵੇ। ਉਹਦੇ ਹਾਸੇ 'ਤੇ ਵੀ ਹੋਰ ਹਾਸਾ ਛਿੜ ਜਾਂਦਾ; ਜਿਵੇਂ ਵਿਆਜ ਨੂੰ ਵਿਆਜ ਲੱਗਦਾ ਹੋਵੇ।

ਉਹਨੂੰ ਪੱਗ ਦੀ ਜਾਚ ਆ ਗਈ ਸੀ ਤੇ ਹੁਣ ਉਹਦੀ ਕੱਕੀ ਦਾਹੜੀ ਵੀ ਬੰਨ੍ਹਣ ਜੋਗੀ ਹੋ ਗਈ ਸੀ। ਉਹ ਅਕਸਰ ਕੋਕਾ-ਕੋਲਾ ਕੌਡੁਰਾਇ ਦੀ ਪੈਂਟ ਪਾਉਂਦਾ। ਹਲਕੇ ਜਿਹੇ ਰੰਗ ਦੀ ਕਮੀਜ਼ ਹੋਣੀ ਤੇ ਸਿਰ 'ਤੇ ਖੱਟੇ ਕੇਸਰੀ ਰੰਗ ਦੀ ਪੱਗ ਬੰਨ੍ਹਣੀ। ਛੈਲ ਗੱਭਰੂ ਇੰਨਾ ਸਜਦਾ ਕਿ ਜਿੰਨਾ ਉਹੀ ਸੱਜਦਾ ਸੀ। ਉਹ ਕੋਲ਼ਡ ਸਟੋਰਾਂ ਦੇ ਮਾਲਕ ਦਾ ਮੁੰਡਾ ਸੀ ਤੇ ਮੇਰੇ ਭਾਈਆ ਜੀ ਸਿਰਫ ਗੱਲਾਂ ਦੇ ਮਾਲਕ ਸਨ। ਫਿਰ ਵੀ ਮੇਰੇ ਘਰੋਂ ਜਾਣ ਨੂੰ ਉਹਦਾ ਜੀ ਨਾ ਕਰਦਾ। ਸਾਡੇ ਘਰ ਦੇ ਸਾਦਾ ਖਾਣੇ ਵਿਚ ਮਾਂ ਦੀ ਮਮਤਾ



ਤੇ ਭਾਬੀ ਦੇ ਪਿਆਰ ਦੇ ਇਲਾਵਾ ਘਰ ਦੇ ਕੱਲੇ-ਕੱਲੇ ਜੀਅ ਦਾ ਕੁਝ ਨਾ ਕੁਝ ਮਿਲ਼ਿਆ ਹੁੰਦਾ। ਕੋਈ ਰੋਟੀ ਦੇ ਜਾਂਦਾ, ਕੋਈ ਦਾਲ਼ ਪਾ ਜਾਂਦਾ, ਕੋਈ ਪਾਣੀ ਦੇ ਗਲਾਸ ਭਰ ਜਾਂਦਾ ਤੇ ਕੋਈ 'ਹੋਰ ਕੁਝ ਲਿਆਵਾਂ' ਪੁੱਛ ਜਾਂਦਾ।

ਭਾਈਆ ਜੀ ਗੁਰ ਇਤਿਹਾਸ ਛੇੜੀ ਰੱਖਦੇ ਤੇ ਵੱਡੇ ਭਾਈ ਦੇ ਉਹੀ ਟੋਟਕੇ — ਹਾਸੇ ਦੇ ਟੋਕਰੇ। ਇੰਨੇ ਕਾਰਗਰ ਕਿ ਕਈ ਵਾਰੀ ਇਕਬਾਲ ਰੋਟੀ ਖਾਂਦਾ-ਖਾਂਦਾ ਹੱਸਣ ਲੱਗ ਜਾਂਦਾ ਤੇ ਉਹਨੂੰ ਹੁੱਥੂ ਛਿੜ ਜਾਂਦਾ। ਉਹਦੀਆਂ ਅੱਖਾਂ 'ਚ ਪਾਣੀ ਆ ਜਾਂਦਾ ਤੇ ਪਤਾ ਹੀ ਨਾ ਲੱਗਦਾ ਕਿ ਇਹ ਹੁੱਥੂ ਹੈ ਕਿ ਹਾਸਾ। ਉਹਨੂੰ ਮਸਾਂ ਚੈਨ ਆਉਂਦੀ ਤੇ ਫਿਰ ਰੋਟੀ ਖਾਣ ਲੱਗ ਪੈਂਦਾ।

ਦੇਖਣ ਨੂੰ ਲੱਗਦਾ ਜਿਵੇਂ ਉਹਨੂੰ ਸਿਰਫ ਹੱਸਣਾ ਹੀ ਆਉਂਦਾ ਹੋਵੇ। ਪਰ ਜਦ ਅਸੀਂ ਇਕੱਲੇ ਹੁੰਦੇ ਤਾਂ ਉਹ ਬਹੁਤ ਗਹਿਰ-ਗੰਭੀਰ ਗੱਲਾਂ ਕਰਦਾ। ਉਹਨੇ ਮਾਰਕਸਵਾਦ ਸੁਣਿਆ ਹੋਇਆ ਸੀ, ਪੜ੍ਹਿਆ ਨਹੀਂ ਸੀ। ਉਹ ਸਿਰਫ ਸਾਇੰਸ ਦਾ ਵਿਦਿਆਰਥੀ ਸੀ ਤੇ ਸਾਇੰਸ ਦੇ ਜ਼ਰੀਏ ਮਾਰਕਸਵਾਦ ਨੂੰ ਸਮਝਣ ਦੀ ਕੋਸ਼ਿਸ਼ ਕਰਦਾ।

ਉਹ ਦੱਸਦਾ ਕਿ ਕਾਲਜੀਏਟਾਂ ਨੇ ਉਸਦੀ ਸਿੱਖ ਸ਼ਰਧਾ ਮਾਰ ਦਿੱਤੀ ਸੀ ਤੇ ਉਹਨੇ ਕੇਸ ਕਟਾ ਲਏ ਸਨ। ਉਹ ਦੱਸਦਾ ਕਿ ਭਾਈਆ ਜੀ ਨੇ ਉਹਦੀ ਸ਼ਰਧਾ ਬਹਾਲ ਕਰ ਦਿੱਤੀ ਹੈ ਤੇ ਉਹਨੂੰ ਮੁੜ ਕੇ ਸਿੱਖ ਬਣਾ ਦਿੱਤਾ ਹੈ। ਸਾਇੰਸ ਦੇ ਜ਼ਰੀਏ ਹੁਣ ਉਹ ਸਿੱਖੀ ਨੂੰ ਵੀ ਸਮਝਣ ਦੀ ਕੋਸ਼ਿਸ਼ ਕਰਦਾ। ਉਹ ਇਮਾਨਦਾਰ ਸੀ। ਮਾਰਕਸਵਾਦ ਤੇ ਸਿੱਖੀ ਦੇ ਰਲ਼ੇ-ਮਿਲ਼ੇ ਪ੍ਰਭਾਵ ਸਦਕਾ ਉਹ ਆਪਣੇ ਬਾਪ ਨੂੰ ਪੂੰਜੀਵਾਦ ਦਾ ਵੱਡਾ ਸਰਗਣਾ ਸਮਝਣ ਲੱਗ ਪਿਆ। ਉਹਦਾ ਬਾਪ ਵੀ ਉਹਨੂੰ ਰੂਸ ਦਾ ਦੂਤ ਸਮਝਦਾ ਸੀ ਤੇ ਬਾਪ-ਬੇਟੇ ਦੀ ਰੱਤੀ ਭਰ ਨਹੀਂ ਸੀ ਬਣਦੀ। ਦੋਹਵੇਂ ਜਣੇ ਘਰ ਹੁੰਦੇ ਤਾਂ ਇਵੇਂ ਰਹਿੰਦੇ ਜਿਵੇਂ ਰੂਸ ਤੇ ਅਮਰੀਕਾ ਆਹਮੋ-ਸਾਹਮਣੇ ਆ ਗਏ ਹੋਣ। ਉਹਦੇ ਬਾਪ ਨੇ ਉਹਦੇ ਵਿਆਹ ਦੀ ਪੱਕੀ ਠਾਣ ਲਈ ਸੀ ਤੇ ਹੋਰ ਪੜ੍ਹਾਉਣ ਤੋਂ ਇਨਕਾਰ ਕਰ ਦਿੱਤੀ। ਉਹ ਚਾਹੁੰਦਾ ਸੀ ਕਿ ਉਹਨੂੰ ਵਿਆਹ ਦੇ ਬੰਧਨ ਵਿਚ ਨਰੜ ਦਿੱਤਾ ਜਾਵੇ। ਉਹ ਸਮਝਦਾ ਸੀ ਕਿ ਇਸਤਰ੍ਹਾਂ ਉਹਦੀ ਕਾਮਰੇਡੀ ਝੜ ਜਾਵੇਗੀ ਤੇ ਉਹ ਬੰਦਾ ਬਣ ਜਾਵੇਗਾ।

ਉਹਦਾ ਬਾਪ ਡਾਂਟ ਅਤੇ ਝਾੜ ਝੰਬ ਦਾ ਕੋਈ ਮੌਕਾ ਹੱਥੋਂ ਨਾ ਜਾਣ ਦਿੰਦਾ ਤੇ ਉਹਨੂੰ ਬੰਦਾ ਬਣਾਉਣ ਦੇ ਮੌਕੇ ਲੱਭਦਾ ਰਹਿੰਦਾ। ਰੱਬ ਦੀ ਮਰਜ਼ੀ ਕਿ ਬੰਦਾ ਤਾਂ ਉਹਨੇ ਕੀ ਬਣਨਾ ਸੀ, ਉਹ ਸਿੱਖ ਬਣ ਗਿਆ। ਸਭ ਕਾਸੇ ਦੇ ਜਮਾਂ-ਘਟਾਓ ਦਾ ਉਹਦੇ ਉੱਤੇ ਇਹ ਅਸਰ ਹੋਇਆ ਕਿ ਉਹ ਨਿਰਾਸ਼ ਤੇ ਉਦਾਸ ਹੋ ਗਿਆ। ਉਹ ਦੱਸਦਾ ਕਿ ਉਹਦੀ ਮਾਂ ਚਾਹੁੰਦੀ ਹੈ ਕਿ ਉਹ ਪੜ੍ਹੇ ਪਰ ਬਾਪ ਸਾਹਮਣੇ ਉਹ ਰੱਤੀ ਭਰ ਵੀ ਕੁਸਕ ਨਹੀਂ ਸਕਦੀ। ਉਹਦਾ ਬਾਪ ਇੰਨਾ ਸਖ਼ਤ ਮਿਜ਼ਾਜ ਸੀ ਕਿ ਉਹਦੀ ਮਰਜ਼ੀ ਬਿਨਾ ਘਰ ਵਿਚ ਸਿਰਫ ਪੱਤੇ ਹੀ ਹਿੱਲ ਸਕਦੇ ਸਨ। ਉਹਦੀ ਭੈਣ ਘਰ ਵਿਚ ਇਸਤਰ੍ਹਾਂ ਰਹਿੰਦੀ, ਜਿਵੇਂ ਰਹਿੰਦੀ ਹੀ ਨਾ ਹੋਵੇ।

ਕੋਲ਼ਡ ਸਟੋਰ ਵਿਚ ਕਦੀ-ਕਦੀ ਮੈਂ ਉਹਦੇ ਕੋਲ਼ ਘੰਟਿਆਂ-ਬੱਧੀ ਬੈਠਾ ਰਹਿੰਦਾ। ਉਹ ਕੰਮ ਵਿਚ ਰੱਤੀ ਭਰ ਹੇਰ ਫੇਰ ਨਹੀਂ ਸੀ ਕਰਦਾ। ਉਹਦੇ ਬਾਪ ਦੀ ਨਜ਼ਰ ਵਿਚ ਉਹਦਾ ਵੱਡਾ ਗੁਨਾਹ ਇਹੀ ਸੀ ਕਿ ਉਹ ਜ਼ਿਮੀਂਦਾਰਾਂ ਦੀ 'ਫੇਰ' 'ਤੇ ਯਕੀਨ ਕਰ ਲੈਂਦਾ ਸੀ। ਆਲੂਆਂ ਦਾ ਕਿਰਾਇਆ ਦੇਣ ਲੱਗੇ ਕਈ ਜ਼ਿੰਮੀਦਾਰ ਉਹਨੂੰ ਸਾਊ ਸਮਝ ਕੇ ਕਹਿ ਛੱਡਦੇ ਕਿ 'ਬਾਕੀ ਪੈਸੇ ਫੇਰ ਸਹੀ'। ਜ਼ਿੰਮੀਦਾਰਾਂ ਦੀ 'ਫੇਰ' ਤਾਂ ਕਿਤੇ ਰਹੀ, ਉਹ ਮੁੜ ਕੇ ਫੇਰਾ ਵੀ ਨਾ ਪਾਉਂਦੇ। ਉਨ੍ਹਾਂ ਦਾ ਇਹੀ 'ਫੇਰ' ਇਕਬਾਲ ਦਾ ਵੱਡਾ ਹੇਰ-ਫੇਰ ਸੀ, ਜਿਸ ਲਈ ਉਹਨੂੰ ਬਾਪ ਦੇ ਕਟਹਿਰੇ ਵਿਚ ਪੇਸ਼ ਹੋਣਾ ਪੈਂਦਾ ਤੇ ਝਾੜ-ਝੰਭ ਦੀ ਮੋਹਲੇ-ਧਾਰ ਵਰਖਾ ਵਿਚ ਆਪਣੀਆਂ ਸਧਰਾਂ ਦਾ ਸੱਤਿਆਨਾਸ ਕਰਾਉਣਾ ਪੈਂਦਾ।

ਮੈਂ ਹੁਣ ਜਦ ਵੀ ਚੰਡੀਗੜ੍ਹੋਂ ਆਉਂਦਾ ਤਾਂ ਉਹ ਉਦਾਸ ਹੀ ਮਿਲ਼ਦਾ ਤੇ ਯੂਨੀਵਰਸਿਟੀ ਦੀਆਂ ਗੱਲਾਂ ਸੁਣ ਕੇ ਨਿਰਾਸ਼ ਹੋ ਜਾਂਦਾ। ਉਹ ਮੈਨੂੰ ਪਿੰਡ ਛੱਡਣ ਜਾਂਦਾ ਤੇ ਅਸੀਂ ਨੈੜੀ ਵੱਲ੍ਹ ਨਿਕਲ਼ ਜਾਂਦੇ। ਕਦੀ-ਕਦੀ ਮੇਰੇ ਪਿੰਡ ਦੇ ਦੋਸਤ ਹਰਜਿੰਦਰ ਤੇ ਕਸ਼ਮੀਰ ਵੀ ਨਾਲ਼ ਹੁੰਦੇ। ਉਹ ਹੱਸਦਾ ਜ਼ਰੂਰ, ਪਰ ਉਹਦੇ ਹਾਸੇ ਵਿਚ ਉਹਦੀ ਨਿਰਾਸ਼ਾ ਵੀ ਹੱਸਦੀ। ਮੈਨੂੰ ਬਹੁਤੀ ਉਹੀ ਸੁਣਦੀ ਤੇ ਮੈਂ ਚੁੱਪ ਕਰ ਜਾਂਦਾ। ਘਰ ਵਾਪਸ ਆਉਂਦੇ, ਚਾਹ-ਪਾਣੀ ਪੀਂਦੇ ਤੇ ਉਹ ਪਰਤ ਜਾਂਦਾ।

ਐਤਕੀਂ ਵੀ ਇਸੇ ਤਰ੍ਹਾਂ ਹੋਇਆ। ਮੈਂ ਚੰਡੀਗੜ੍ਹੋਂ ਆਇਆ, ਉਹਦੇ ਨਾਲ਼ ਗੱਲਾਂ ਕੀਤੀਆਂ। ਹਰ ਵਾਰ ਦੀ ਤਰ੍ਹਾਂ ਪਾਖਰ ਦੀ ਹੱਟੀ ਦੀ ਚਾਹ ਪੀਤੀ ਤੇ ਪਕੌੜੇ ਖਾਧੇ ਤੇ ਉਹ ਮੈਨੂੰ ਪਿੰਡ ਛੱਡਣ ਆ ਗਿਆ। ਪਰ ਇਸ ਵਾਰ ਉਹ ਨੈੜੀ 'ਤੇ ਨਾ ਗਿਆ; ਅਖੇ ਜ਼ਰੂਰੀ ਕੰਮ ਹੈ। ਮੈਂ ਵੀ ਜ਼ੋਰ ਨਾ ਪਾਇਆ ਤੇ ਉਹਨੂੰ ਜਾਣ ਦਿੱਤਾ। ਅਗਲੀ ਸਵੇਰ ਮੈਂ ਤੇ ਮੇਰੇ ਮਿੱਤਰ—ਪਾਲਾ, ਹਰਜਿੰਦਰ ਤੇ ਕਸ਼ਮੀਰ—ਨੈੜੀ ਵੱਲ੍ਹ ਨਿਕਲ਼ ਗਏ। ਘੁੰਮ ਫਿਰ ਕੇ ਗਿਆਰਾਂ ਕੁ ਵਜੇ ਘਰੇ ਆਏ। ਮੇਰੀ ਮਾਂ ਭੁੱਬੀਂ ਰੋ ਰਹੀ ਸੀ। ਰੋ ਕਾਹਦੀ ਵੈਣ ਹੀ ਪਾ ਰਹੀ ਸੀ। ਮੇਰੀ ਭਾਬੀ ਬੇਹੱਦ ਸੋਗਵਾਰ ਮੂੰਹ ਬਣਾ ਕੇ ਬੈਠੀ ਸੀ। ਮੈਨੂੰ ਦੇਖਦੇ ਹੀ ਉਹ ਫੁੱਟ ਫੁੱਟ ਕੇ ਰੋਣ ਲੱਗ ਪਈ। ਮੇਰਾ ਭਾਈ ਘਰ ਨਹੀਂ ਸੀ ਤੇ ਭਾਈਆ ਜੀ ਬੜੀ ਹੀ ਗ਼ਮਗੀਨ ਮੁਦਰਾ ਵਿਚ ਪਰੇ ਮੰਜੇ 'ਤੇ ਬੈਠੇ ਕਿਆਫੇ ਲਗਾ ਰਹੇ ਸਨ। ਮੈਂ ਹੈਰਾਨ ਹੋ ਕੇ ਦੇਖ ਰਿਹਾ ਸੀ ਕਿ ਆਖਰ ਮਾਜਰਾ ਕੀ ਹੈ। ਭਾਬੀ ਨੇ ਦੱਸਿਆ ਕਿ ਉਡਦੀ-ਉਡਦੀ ਖ਼ਬਰ ਆਈ ਹੈ ਕਿ ਇਕਬਾਲ ਨੇ ਜ਼ਹਿਰ ਨਿਗ਼ਲ ਲਈ ਹੈ।

ਮੈਂ ਸਾਈਕਲ ਚੁੱਕਿਆ, ਹਰਜਿੰਦਰ ਤੇ ਕਸ਼ਮੀਰ ਨੂੰ ਨਾਲ਼ ਲਿਆ ਤੇ ਜਾਡਲੇ ਕੋਲ਼ਡ ਸਟੋਰ 'ਤੇ ਚਲੇ ਗਏ। ਪਤਾ ਲੱਗਾ ਕਿ ਉਹ ਰਾਤ ਘਰ ਨਹੀਂ ਸੀ ਗਿਆ। ਫਿਕਰ ਦੇ ਮਾਰੇ ਘਰਦੇ ਉਹਨੂੰ ਦੇਖਣ ਆਏ ਤਾਂ ਉਹ ਦਫਤਰ ਵਿਚ ਪਏ ਮੰਜੇ 'ਤੇ ਲੁੜਕਿਆ ਪਿਆ ਸੀ। ਉਸ ਵਿਚ ਕੋਈ ਹਿਲ-ਜੁਲ ਤੇ ਸਾਹ-ਸਤ ਨਹੀਂ ਸੀ। ਉਹਨੂੰ ਚੁੱਕ ਕੇ ਫਟਾਫਟ ਘਰ ਲੈ ਗਏ।

ਅਸੀਂ ਦੇਖਿਆ ਕਿ ਉੱਥੇ ਹੁਣ ਖਾਲੀ ਸ਼ੀਸ਼ੀ ਲੁੜਕੀ ਪਈ ਸੀ ਨਾਲ਼ ਚਾਹ ਦਾ ਖਾਲੀ ਕੱਪ ਪਿਆ ਸੀ, ਜਿਹਦੇ ਉੱਤੇ ਮੱਖੀਆਂ ਭਿਣਕ ਰਹੀਆਂ ਸਨ। ਕੰਧ 'ਤੇ ਲਟਕਦੀ ਭਗਤ ਸਿੰਘ ਦੀ ਤਸਵੀਰ ਇਕਬਾਲ ਦੇ ਜੂਠੇ ਕੱਪ 'ਤੇ ਭਿਣਕਦੀਆਂ ਮੱਖੀਆਂ ਵੱਲ੍ਹ ਇਸਤਰਾਂ ਝਾਕ ਰਹੀਂ ਸੀ, ਜਿਵੇਂ ਕਿਸੇ ਸ਼ਹੀਦ ਨੇ ਆਤਮ ਹੱਤਿਆ ਕਰ ਲਈ ਹੋਵੇ। ਦਫਤਰ ਵਿਚ ਸਭ ਕੁਝ ਡਰਾਉਣਾ ਅਤੇ ਅਵਾਜ਼ਾਰ ਜਿਹਾ ਲੱਗ ਰਿਹਾ ਸੀ। ਉੱਥੇ ਖੜ੍ਹਨਾ ਮੁਸ਼ਕਲ ਹੋ ਰਿਹਾ ਸੀ ਤੇ ਅਸੀਂ ਫਟਾਫਟ ਉਹਦੇ ਘਰ ਨੂੰ ਚਲੇ ਗਏ। ਸਮਝ ਨਹੀਂ ਸੀ ਲੱਗ ਰਹੀ ਕਿ ਇਹ ਹੱਤਿਆ ਹੈ ਕਿ ਆਤਮ-ਹੱਤਿਆ।

ਲੰਗੜੋਏ ਪਹੁੰਚੇ ਤਾਂ ਉਹਦੇ ਘਰ ਦੇ ਬਾਹਰ ਸਾਈਕਲ, ਸਕੂਟਰ ਤੇ ਕਾਰਾਂ ਵਿਰਲਾਪ ਦੀ ਮੁਦਰਾ ਵਿਚ ਖੜ੍ਹੀਆਂ ਦਿਸ ਰਹੀਆਂ ਸਨ। ਜਿਵੇਂ ਸਾਈਕਲ ਰੋ ਰਹੇ ਹੋਣ, ਸਕੂਟਰ ਪਿੱਟ ਰਹੇ ਹੋਣ ਤੇ ਕਾਰਾਂ ਵੈਣ ਪਾ ਰਹੀਆਂ ਹੋਣ। ਜਿਵੇਂ ਸਾਰੇ ਪਿੰਡ 'ਤੇ ਕੋਈ ਕਹਿਰ ਢਹਿ ਪਿਆ ਹੋਵੇ। ਘਰ ਦੇ ਅੰਦਰ ਵਰਾਂਡੇ ਵਿਚ ਇਕਬਾਲ ਦੀ ਦੇਹ ਪਈ ਸੀ। ਕੌਡੁਰਾਇ ਦੀ ਕੋਕਾ-ਕੋਲਾ ਪੈਂਟ, ਹਲਕੇ ਰੰਗ ਦੀ ਕਮੀਜ਼ ਤੇ ਉਹੀ ਖੱਟੇ ਕੇਸਰੀ ਰੰਗ ਦੀ ਪੱਗ ਤੇ ਬੰਨ੍ਹੀ ਹੋਈ ਕੱਕੀ ਦਾਹੜੀ। ਉਹਦਾ ਖੱਬਾ ਹੱਥ ਉਹਦੀ ਹਿੱਕ 'ਤੇ ਟਿਕਿਆ ਹੋਇਆ ਸੀ ਤੇ ਸੱਜਾ ਬਿਲਕੁਲ ਖੁੱਲ੍ਹਾ ਸੀ। ਉਹਦੀਆਂ ਅੱਖਾਂ ਵਿਚ ਮਰੇ ਹੋਏ ਸੁਪਨੇ ਤੈਰਦੇ ਦਿਸ ਰਹੇ ਸਨ। ਇੱਥੇ ਵੀ ਖੜ੍ਹੇ ਰਹਿਣਾ ਬੇਹੱਦ ਮੁਸ਼ਕਲ ਸੀ।

ਉਹ ਇਸਤਰ੍ਹਾਂ ਪਿਆ ਸੀ ਜਿਵੇਂ ਸਿੱਖੀ ਹਾਰ ਗਈ ਹੋਵੇ ਤੇ ਰੂਸ ਢਹਿ ਗਿਆ ਹੋਵੇ। ਉਹਦਾ ਬਾਪ ਕੋਲ਼ ਖੜਾ ਗਹਿਰੀਆਂ ਸੋਚਾਂ ਵਿਚ ਉਤਰਿਆ ਹੋਇਆ ਸੀ, ਜਿਵੇਂ ਅਮਰੀਕਾ ਰੋ ਰਿਹਾ ਹੋਵੇ; ਜਿਵੇਂ ਉਸਨੂੰ ਪੁੱਤਰ ਤੋਂ ਵੱਧ ਆਪਣੇ ਸਰਦਖਾਨਿਆਂ ਦੇ ਵਾਰਿਸ ਦੇ ਤੁਰ ਜਾਣ ਦਾ ਦੁੱਖ ਹੋਵੇ। ਉਹ ਖੜ੍ਹਾ ਸੀ ਤੇ ਬਸ ਖੜ੍ਹਾ ਹੀ ਸੀ। ਇਕਬਾਲ ਦੀ ਸਾਊ ਤੇ ਸੰਗਾਊ ਭੈਣ ਨੂੰ ਵਾਰ-ਵਾਰ ਦੰਦਲ਼ਾਂ ਪੈਂਦੀਆਂ ਤੇ ਹਾਲੋਂ-ਬੇਹਾਲ ਹੋਈ ਹੋਈ ਮਾਂ ਦੇ ਕੀਰਨੇ ਸੁਣੇ ਨਾ ਜਾਂਦੇ। ਕੋਈ ਉਹਦੀ ਭੈਣ ਨੂੰ ਸਾਂਭਦਾ ਤੇ ਕੋਈ ਮਾਂ ਨੂੰ। ਉਹਦੀ ਭੈਣ ਨੂੰ ਹੋਸ਼ ਆਉਂਦੀ ਤਾਂ ਉਹ ਧਾਹ ਮਾਰਦੀ ਤੇ ਭੱਜ ਕੇ ਵੀਰ 'ਤੇ ਢਹਿ ਪੈਂਦੀ ਤੇ ਉਸਨੂੰ ਮੁੜ ਦੰਦਲ਼ ਪੈ ਜਾਂਦੀ। ਰਹਿ-ਰਹਿ ਕੇ ਮਨ ਵਿਚ ਹੁੱਫਰੇ ਉੱਠਦੇ ਤੇ ਉਹ ਘਰ ਇਵੇਂ ਲੱਗਦਾ ਜਿਵੇਂ ਪੂੰਜੀਵਾਦ ਦਾ ਵੱਡਾ ਸਾਰਾ ਸਿਵਾ ਬਲ਼ਦਾ ਹੋਵੇ।

ਉਸ ਮਾਸੂਮ ਦੀ ਦੇਹ ਨੂੰ ਅੰਤਮ ਸਮੇਂ ਸੱਚੇ ਘਰ ਲਿਜਾਇਆ ਗਿਆ। ਉਹਨੂੰ ਚਿਤਾ 'ਤੇ ਲਿਟਾ ਦਿੱਤਾ ਗਿਆ ਤੇ ਲਾਂਬੂ ਲਗਾ ਦਿੱਤਾ। ਇਲਾਕੇ ਦੇ ਮਸ਼ਹੂਰ ਪਾਠੀ ਸੁਰਜੀਤ ਸਿੰਘ ਨੇ ਕੀਰਤਨ ਸੋਹਿਲੇ ਦਾ ਪਾਠ ਕੀਤਾ। ਸੱਚੇ-ਸੁੱਚੇ, ਬੀਬੇ ਤੇ ਨੇਕ ਇਨਸਾਨ ਦੀ ਕੁੰਦਨ ਜਹੀ ਦੇਹ ਰਾਖ ਵਿਚ ਬਦਲ ਰਹੀ ਸੀ। ਧੂਆਂ ਬੱਦਲ਼ਾਂ ਵੱਲ੍ਹ ਨੂੰ ਧਾਹ ਧਾਹ ਕੇ ਵਧ ਰਿਹਾ ਸੀ ਤੇ ਸਾਡਾ ਰੋਮ-ਰੋਮ ਰੋ ਰਿਹਾ ਸੀ। ਅਸੀਂ ਚੁੱਪ-ਗੜੁੱਪ ਵਾਪਸ ਪਰਤ ਆਏ। ਸਾਡੇ ਮਨਾਂ ਵਿਚ ਛਾਇਆ ਹੋਇਆ ਇਹ ਕਿਸਤਰ੍ਹਾਂ ਦਾ ਕਹਿਰ ਅਤੇ ਸੋਗ ਸੀ, ਜਿਵੇਂ ਕਿਸੇ ਸ਼ਹੀਦ ਨੇ ਆਤਮ-ਹੱਤਿਆ ਕਰ ਲਈ ਹੋਵੇ।

ਮੈਂ ਮੁੜ ਕਦੀ ਉਧਰ ਨਾ ਗਿਆ। ਕਈ ਸਾਲ ਬਾਅਦ ਸੁਣਿਆ ਕਿ ਇਕਬਾਲ ਦੇ ਬਾਪ ਨੇ ਆਪਣੇ ਸਰਦਖਾਨਿਆਂ ਦਾ ਨਵਾਂ ਵਾਰਸ ਪੈਦਾ ਕਰਨ ਲਈ ਹੋਰ ਵਿਆਹ ਕਰਵਾ ਲਿਆ ਹੈ। ਕਹਿੰਦੇ ਹਨ ਕਿ ਇਕਬਾਲ ਨੇ ਆਪਣੀ ਇੱਛਰਾਂ ਜਹੀ ਮਾਂ ਨੂੰ ਜਲਦੀ ਆਪਣੇ ਕੋਲ ਬੁਲਾ ਲਿਆ ਸੀ। ਉਹਦੀ ਸਾਊ ਤੇ ਸੰਗਾਊ ਭੈਣ ਕਿਤੇ ਵਿਆਹ ਦਿੱਤੀ ਗਈ। ਬੜੀ ਵਾਰ ਉਹਨੂੰ ਮਿਲਣ ਨੂੰ ਜੀਅ ਕਰਦਾ ਹੈ, ਪਰ ਹੌਸਲਾ ਨਹੀਂ ਪੈਂਦਾ। ਮੈਂ ਕਦੀ ਨਵੇਂਸ਼ਹਿਰ ਨੂੰ ਜਾਂਦਾ ਹੋਇਆ ਜਾਡਲੇ 'ਚੋਂ ਲੰਘਦਾ ਹਾਂ ਤਾਂ ਉਹ ਸਰਦਖਾਨੇ ਕਿਤੇ ਨਜ਼ਰ ਨਹੀਂ ਆਉਂਦੇ; ਜਿਵੇਂ ਉਨ੍ਹਾਂ ਨੂੰ ਕੋਈ ਸਰਾਪ ਅਤੇ ਪਾਪ ਖਾ ਗਿਆ ਹੋਵੇ।

ਫਿਰ ਲੰਗੜੋਏ ਦੇ ਸ਼ਮਸ਼ਾਨ ਘਾਟ ਕੋਲੋਂ ਲੰਘਦਿਆਂ ਉਹਨੂੰ ਚੇਤੇ ਕਰਦਾ ਹਾਂ ਤਾਂ ਮਨ ਵਿਚ ਹਰ ਵਾਰ ਇਹੀ ਧੁਨ ਭਿਣਕ ਪੈਂਦੀ ਹੈ: ਨਹੀਂਓਂ ਲੱਭਣੇ ਲਾਲ ਗਵਾਚੇ, ਮਿੱਟੀ ਨਾ ਫਰੋਲ ਜੋਗੀਆ।

# ਫ਼ਿਲਮ ਲੋਕ

## ਦਰਸ਼ਕਾਂ ਦੇ ਦਿਲਾਂ 'ਚ ਵਸਦੀ ਰੀਨਾ ਰਾਏ

ਰੀਨਾ ਰਾਏ ਬਾਲੀਵੁੱਡ ਦਾ ਇਕ ਐਸਾ ਚਮਕਦਾ ਸਿਤਾਰਾ ਰਹੀ ਹੈ, ਜਿਸ ਨੇ ਆਪਣੀ ਖ਼ੂਬਸੂਰਤੀ ਤੇ ਬੇਹਤਰੀਨ ਅਦਾਕਾਰੀ ਦੇ ਦਮ 'ਤੇ ਸਿਨੇ ਪ੍ਰੇਮੀਆਂ ਦੇ ਦਿਲਾਂ 'ਤੇ ਲੰਬਾ ਸਮਾਂ ਰਾਜ ਕੀਤਾ। 70 ਅਤੇ 80 ਦੇ ਦਹਾਕੇ ਵਿਚ ਰੀਨਾ ਰਾਏ ਦਾ ਸ਼ੁਮਾਰ ਬਾਲੀਵੁੱਡ ਦੀਆਂ ਚੋਟੀ ਦੀਆਂ ਅਭਿਨੇਤਰੀਆਂ 'ਚ ਹੁੰਦਾ ਸੀ। ਰੀਨਾ ਰਾਏ ਨੇ ਆਪਣੇ ਕਰੀਅਰ ਦੌਰਾਨ ਇਕ ਤੋਂ ਬਾਅਦ ਇਕ ਕਈ ਹਿੱਟ ਫਿਲਮਾਂ 'ਚ ਆਪਣੀ ਅਦਾਕਾਰੀ ਨਾਲ ਸਭ ਦਾ ਮਨ ਮੋਹਿਆ। ਫਿਲਮ ਇੰਡਸਟਰੀ ਵਿਚ ਰੀਨਾ ਰਾਏ ਦਾ ਆਪਣਾ ਇਕ ਅਲਗ ਮੁਕਾਮ ਸੀ। ਉਨ੍ਹਾਂ ਦੀਆਂ ਬਹੁਤ ਸਾਰੀਆਂ ਫਿਲਮਾਂ ਨੂੰ ਦਰਸ਼ਕ ਅੱਜ ਵੀ ਓਨਾ ਹੀ ਪਿਆਰ ਦਿੰਦੇ ਜਿੰਨਾ ਉਦੋਂ ਦਿੰਦੇ ਸਨ। ਉਨ੍ਹਾਂ ਦੀ ਅਦਾਕਾਰੀ, ਡਾਂਸ ਅਤੇ ਸਟਾਇਲ ਦੇ ਸਭ ਦੀਵਾਨੇ ਸਨ। ਕਰੀਅਰ ਦੇ ਸਿਖ਼ਰ 'ਤੇ ਪਹੁੰਚ ਕੇ ਰੀਨਾ ਰਾਏ ਫਿਲਮ ਇੰਡਸਟਰੀ ਨੂੰ ਅਲਵਿਦਾ ਕਹਿ ਗਏ। ਰੀਨਾ ਰਾਏ ਦਾ ਜਨਮ 7 ਜਨਵਰੀ 1957 ਨੂੰ ਮੁੰਬਈ ਵਿਖੇ ਹੋਇਆ।



ਉਨ੍ਹਾਂ ਦਾ ਅਸਲ ਨਾਂ ਸਾਇਰਾ ਅਲੀ ਸੀ। ਦੋ ਭੈਣਾਂ ਬਰਖਾ ਰਾਏ ਅਤੇ ਅੰਜੂ ਰਾਏ ਤੋਂ ਛੋਟੀ ਅਤੇ ਇਕ ਭਰਾ ਰਾਜਾ ਰਾਏ ਤੋਂ ਵੱਡੀ ਰੀਨਾ ਦੇ ਪਿਤਾ ਦਾ ਨਾਂ ਸ਼ਾਕਿਬ ਅਲੀ ਸੀ ਜੋ ਫਿਲਮਾਂ 'ਚ ਛੋਟੇ ਮੋਟੇ ਰੋਲ ਕਰਦੇ ਸਨ।ਮਾਂ ਸ਼ਾਰਦਾ ਰਾਏ ਵੀ ਫਿਲਮਾਂ 'ਚ ਅਦਾਕਾਰੀ ਕਰਦੀ ਸੀ। ਰੀਨਾ ਅਜੇ ਛੋਟੀ ਹੀ ਸੀ ਜਦੋਂ ਉਸ ਦੇ ਮਾਂ ਬਾਪ ਦਾ ਤਲਾਕ ਹੋ ਗਿਆ। ਤਲਾਕ ਤੋਂ ਬਾਅਦ ਰੀਨਾ ਦੀ ਮਾਂ ਨੇ ਬੱਚਿਆਂ ਦੇ ਨਾਂ ਬਦਲ ਦਿੱਤੇ । ਰੀਨਾ ਦੀ ਮਾਂ ਨੇ ਰੀਨਾ ਦਾ ਨਾਂ ਰੂਪਾ ਰਾਏ ਰੱਖ ਦਿੱਤਾ।

ਆਪਣੇ ਪਰਿਵਾਰ ਦੀ ਮਾਲੀ ਮਦਦ ਕਰਨ ਲਈ ਰੀਨਾ ਰਾਏ ਨੇ ਛੋਟੀ ਉਮਰ ਵਿਚ ਹੀ ਫਿਲਮਾਂ 'ਚ ਆਉਣ ਦਾ ਫੈਸਲਾ ਕੀਤਾ।

ਸੰਨ 1972 ਵਿਚ ਰੀਨਾ ਰਾਏ ਨੂੰ ਬਾਲੀਵੁੱਡ ਵਿਚ ਪਹਿਲਾ ਬ੍ਰੇਕ ਮਿਲਿਆ ਨਿਰਦੇਸ਼ਕ ਬੀ.ਆਰ. ਇਸ਼ਾਰਾ ਦੀ ਫਿਲਮ 'ਨਈ ਦੁਨੀਆ ਨਏ ਲੋਗ' ਤੋਂ ਪਰ ਕਿਸੇ ਵਜ੍ਹਾ ਕਰ ਕੇ ਇਹ ਰਿਲੀਜ਼ ਨਾ ਹੋ ਸਕੀ। ਫਿਰ ਇਸ਼ਾਰਾ ਨੇ ਹੀ ਬਤੌਰ ਹੀਰੋਇਨ ਰੀਨਾ ਰਾਏ ਨੂੰ ਲੈ ਕੇ ਇਕ ਹੋਰ ਫਿਲਮ 'ਜ਼ਰੂਰਤ' ਬਣਾਈ। 18 ਮਾਰਚ 1972 ਨੂੰ ਪ੍ਰਦਰਸ਼ਿਤ ਹੋਈ ਇਹ ਫਿਲਮ ਉਸ ਦੀ ਪਹਿਲੀ ਫਿਲਮ ਬਣੀ। ਇਸ ਤੋਂ ਹੀ ਰੂਪਾ ਤੋਂ ਬਦਲ ਕੇ ਫਿਲਮੀ ਨਾਂ ਰੀਨਾ ਰਾਏ ਮਿਲਿਆ। 12 ਸਤੰਬਰ 1972 ਨੂੰ ਰੀਨਾ ਦੀ ਦੂਸਰੀ ਫਿਲਮ 'ਮਿਲਾਪ' ਰਿਲੀਜ਼ ਹੋਈ। ਇਸੇ ਸਾਲ 27 ਦਸੰਬਰ ਨੂੰ ਉਸ ਦੀ ਤੀਸਰੀ ਫਿਲਮ 'ਜੰਗਲ ਮੇ ਮੰਗਲ' ਰਿਲੀਜ਼ ਹੋਈ।

24 ਮਈ 1973 ਨੂੰ ਰੀਨਾ ਰਾਏ ਦੀ ਫਿਲਮ 'ਜੈਸੇ ਕੋ ਤੈਸਾ' ਰਿਲੀਜ਼ ਹੋਈ । ਫਿਲਮ ਸੁਪਰ ਹਿੱਟ ਹੋਈ। ਫਿਲਮ 'ਚ ਜਤਿੰਦਰ ਤੇ ਰੀਨਾ ਰਾਏ 'ਤੇ ਫਿਲਮਾਇਆ ਬਾਰਿਸ਼ ਵਾਲਾ ਗੀਤ 'ਅਬ ਕੇ ਸਾਵਨ ਮੇਂ ਜੀਆ ਡਰੇ' ਮਕਬੂਲ ਹੋਇਆ। ਇਸ ਦੀ ਕਾਮਯਾਬੀ ਨੇ ਰੀਨਾ ਰਾਏ ਦੀ ਫਿਲਮ ਇੰਡਸਟਰੀ ਤੇ ਦਰਸ਼ਕਾਂ 'ਚ ਪਛਾਣ ਬਣਾਉਣ ਵਿਚ ਅਹਿਮ ਭੂਮਿਕਾ ਨਿਭਾਈ। ਸਾਲ 1974 'ਚ ਰੀਨਾ ਦੀਆਂ ਦੋ ਫਿਲਮਾਂ 'ਮਦਹੋਸ਼', 'ਗੂੰਜ' ਅਤੇ ਸਾਲ 1975 ਵਿਚ ਪੰਜ ਫਿਲਮਾਂ 'ਵਰਦਾਨ', 'ਉਮਰ ਕੈਦ', 'ਰਾਣੀ ਔਰ ਲਾਲ ਪਰੀ', 'ਆਪਣੇ ਦੁਸ਼ਮਣ' ਅਤੇ 'ਜ਼ਖ਼ਮੀ' ਰਿਲੀਜ਼ ਹੋਈਆਂ। ਹੌਲੀ ਹੌਲੀ ਆਪਣੀਮਿਹਨਤ, ਲਗਨ ਅਤੇ ਪ੍ਰਤਿਕਾ ਦੇ ਦਮ ਤੇ ਰੀਨਾ ਰਾਏ ਨੂੰ ਵੱਡ ਬਜਟ ਦੀਆਂ ਫਿਲਮਾਂ 'ਚ ਬਤੌਰ ਹੀਰੋਇਨ ਕਿਰਦਾਰ ਮਿਲਣ ਲੱਗੇ।

1976 ਤੋਂ ਲੈ ਕੇ 1983 ਤੱਕ ਉਸ ਨੇ ਬਹੁਤ ਹਿੱਟ ਫਿਲਮਾਂ ਦਿੱਤੀਆਂ। ਹੀਰੋਇਨ ਦੇ ਤੌਰ 'ਤੇ ਉਸ ਦੀ ਆਖ਼ਰੀ ਫਿਲਮ 1985 'ਚ ਰਿਲੀਜ਼ ਹੋਈ ਜੇਪੀ ਦੱਤਾ ਦੀ ਫਿਲਮ 'ਗੁਲਾਮੀ' ਸੀ।



ਕਰੀਅਰ ਦੀਆਂ ਉਚਾਈਆਂ 'ਤੇ 1983 'ਚ ਰੀਨਾ ਨੇ ਪਾਕਿ ਕ੍ਰਿਕਟਰ ਮੋਹਸਿਨ ਖਾਨ ਨਾਲ ਸ਼ਾਦੀ ਕਰ ਕੇ ਫਿਲਮਾ ਨੂੰ ਅਲਵਿਦਾ ਕਹਿ ਦਿੱਤੀ। ਬੇਟੀ ਸਨਮ ਖ਼ਾਨ ਹੋਈ ਪਰ ਮੋਹਸਿਨ ਨਾਲ ਸ਼ਾਦੀ ਜਿਆਦਾ ਦੇਰ ਨਾ ਚੱਲ ਸਕੀ ਤੇ ਦੋਵਾਂ ਦਾ ਤਲਾਕ ਹੋ ਗਿਆ। ਸਾਲ 1993 ਵਿਚ ਫਿਲਮ 'ਆਦਮੀ ਖਿਲੌਨਾ ਹੈ' ਨਾਲ ਇਕ ਚਰਿੱਤਰ ਅਭਿਨੇਤਰੀ ਦੇ ਤੌਰ 'ਤੇ ਰੀਨਾ ਰਾਏ ਨੇ ਦੁਬਾਰਾ ਫਿਲਮਾਂ ਵਿਚ ਵਾਪਸੀ ਕੀਤੀ। ਇਸ ਤੋਂ ਬਾਅਦ ਲਗਪਗ 10 ਫਿਲਮਾਂ ਵਿਚ ਕੰਮ ਕੀਤਾ। ਇਸ ਦੌਰਾਨ ਕੁਝ ਟੀਵੀ ਸੀਰੀਅਲਾਂ ਵਿਚ ਵੀ ਕੰਮ ਕੀਤਾ।

ਫਿਲਮ ਇੰਡਸਟਰੀ ਵਿਚ ਪਾਏ ਮਹੱਤਵਪੂਰਣ ਯੋਗਦਾਨ ਬਦਲੇ ਸਾਲ 1998 ਵਿਚ ਇਨ੍ਹਾਂ ਨੂੰ ਲਾਈਫ ਟਾਈਮ ਅਚੀਵਮੈਂਟ ਫਿਲਮ ਫੇਅਰ ਐਵਾਰਡ ਨਾਲ ਸਨਮਾਨਿਤ ਕੀਤਾ ਗਿਆ। ਸਾਲ 2000 ਵਿਚ ਰਿਲੀਜ਼ ਹੋਈ ਫਿਲਮ ਰਿਫ਼ਿਊਜ਼ੀ ਰੀਨਾ ਰਾਏ ਦੀ ਆਖ਼ਰੀ ਫਿਲਮ ਸੀ। ਆਪਣੇ ਪੂਰੇ ਫਿਲਮੀ ਸਫ਼ਰ ਦੌਰਾਨ ਰੀਨਾ ਰਾਏ ਨੇ ਕੁੱਲ 150 ਫਿਲਮਾਂ ਵਿਚ ਕੰਮ ਕੀਤਾ। ਅੱਜ-ਕੱਲ੍ਹ ਰੀਨਾ ਰਾਏ ਮੁੰਬਈ ਵਿਚ ਫਿਲਮੀ ਦੁਨੀਆ ਤੋਂ ਦੂਰ ਸਕੂਨ ਦੀ ਜ਼ਿੰਦਗੀ ਬਸਰ ਕਰ ਰਹੇ ਹਨ।

## ਸੁਨੀਲ ਗਰੋਵਰ ਦੇ ਸੰਘਰਸ਼ ਦੀ ਗਾਥਾ

ਪ੍ਰਿੰਸੀਪਲ ਵਿਜੈ ਕੁਮਾਰ

ਫ਼ਿਲਮੀ ਅਦਾਕਾਰ ਸੁਨੀਲ ਗਰੋਵਰ ਦੀ ਜ਼ਿੰਦਗੀ ਦੇ ਸੰਘਰਸ਼ ਦਾ ਇਹ ਬਿਰਤਾਂਤ ਉਨ੍ਹਾਂ ਲੋਕਾਂ ਨੂੰ ਸਮਰਪਿਤ ਹੈ ਜੋ ਆਪਣੀ ਮੰਜ਼ਿਲ ਨੂੰ ਹਾਸਲ ਕਰਨ ਲਈ ਜ਼ਿੰਦਗੀ ਦੇ ਸੰਘਰਸ਼ ਅੱਗੇ ਹਾਰ ਨੂੰ ਕਦੇ ਵੀ ਕਬੂਲ ਨਹੀਂ ਕਰਦੇ। ਜੋ ਇਸ ਗੱਲ ਤੋਂ ਜਾਣੂ ਹੁੰਦੇ ਹਨ ਕਿ ਜ਼ਿੰਦਗੀ ਦੇ ਸੰਘਰਸ਼ ਅੱਗੇ ਉਹੀ ਟਿਕ ਪਾਉਂਦੇ ਹਨ ਜਿਹੜੇ ਡਿੱਗਣ ਤੋਂ ਬਾਅਦ ਵੀ ਉੱਠ ਕੇ ਚੱਲਣ ਦਾ ਇਰਾਦਾ ਅਤੇ ਹੌਸਲਾ ਰੱਖਦੇ ਹਨ। ਜ਼ਿੰਦਗੀ ਦੇ ਸੁਪਨਿਆਂ ਨੂੰ ਪੂਰਾ ਕਰਨ ਲਈ ਕਿਸੇ ਵੀ ਹੱਦ ਤੱਕ ਜਾਣ ਲਈ ਤਿਆਰ ਰਹਿੰਦੇ ਹਨ।

ਸੁਨੀਲ ਗਰੋਵਰ ਦੇ ਫ਼ਰਸ਼ ਤੋਂ ਅਰਸ਼ ਤੱਕ ਪਹੁੰਚਣ ਦੀ ਕਹਾਣੀ ਤੋਂ ਸਿੱਖਣ ਵਾਲੀਆਂ ਗੱਲਾਂ ਇਹ ਹਨ ਕਿ ਮਨੁੱਖ ਦੀ ਪ੍ਰਤਿਭਾ ਮੰਜ਼ਿਲ ਦਾ ਕੇਵਲ ਦਰਵਾਜ਼ਾ ਖੋਲ੍ਹਦੀ ਹੈ, ਮੰਜ਼ਿਲ ਤੱਕ ਮਨੁੱਖ ਨੂੰ ਉਸ ਦੇ ਯਤਨ, ਹੌਸਲਾ ਅਤੇ ਅਕੀਦਾ ਹੀ ਪਹੁੰਚਾਉਂਦੇ ਹਨ। ਕੋਈ ਵੀ ਕੰਮ ਛੋਟਾ ਨਹੀਂ ਹੁੰਦਾ। ਵੱਡੀ ਸਫ਼ਲਤਾ ਛੋਟੇ ਕੰਮ ਤੋਂ ਹੀ ਸ਼ੁਰੂ ਹੁੰਦੀ ਹੈ। ਹਾਰ ਮੰਨ ਲੈਣਾ ਹੀ ਹਾਰ ਹੁੰਦੀ ਹੈ। ਅਸਫ਼ਲਤਾ ਹਾਰ ਨਹੀਂ ਹੁੰਦੀ ਸਗੋਂ ਪ੍ਰੀਖਿਆ ਹੁੰਦੀ ਹੈ। ਦੂਜਿਆਂ ਦੀ ਅਸਫ਼ਲਤਾ ਤੋਂ ਸਬਕ ਸਿੱਖ ਕੇ ਉਸ ਨੂੰ ਚੁਣੌਤੀ ਬਣਾਇਆ ਜਾ ਸਕਦਾ ਹੈ।

ਅਸਫ਼ਲਤਾ ਤੋਂ ਬਾਅਦ ਰੁੱਕ ਜਾਣਾ ਜ਼ਿੰਦਗੀ ਭਰ ਲਈ ਪਛਤਾਵਾ ਬਣ ਜਾਂਦਾ ਹੈ। ਸਫ਼ਲਤਾ ਦੇ ਸਿਖਰ ਤੱਕ ਪਹੁੰਚਣ ਤੋਂ ਬਾਅਦ ਵੀ ਜ਼ਮੀਨ ਨਾਲ ਜੁੜੇ ਰਹਿਣਾ ਮਨੁੱਖ ਨੂੰ ਮਹਾਨ ਬਣਾ ਦਿੰਦਾ ਹੈ। 3 ਅਗਸਤ 1977 ਨੂੰ ਹਰਿਆਣਾ ਦੇ ਸਿਰਸਾ ਜ਼ਿਲ੍ਹੇ 'ਚ ਜਨਮੇ ਸੁਨੀਲ ਗਰੋਵਰ ਨੂੰ ਆਪਣੀ ਜ਼ਿੰਦਗੀ ਵਿਚ ਬਹੁਤ ਉਤਰਾਅ ਚੜ੍ਹਾਅ ਵੇਖਣੇ ਪਏ। ਉਸ ਦੇ ਪਿਤਾ ਬੈਂਕ ਵਿਚ ਕੰਮ ਕਰਦੇ ਸਨ। ਬਚਪਨ ਤੋਂ ਹੀ ਉਸ ਦੇ ਮਨ ਦੀ ਇੱਛਾ ਸੀ ਕਿ ਉਹ ਆਪਣੀ ਕਲਾ ਰਾਹੀਂ ਵੱਡਾ ਕਾਮੇਡੀਅਨ ਬਣ ਕੇ ਸਾਰੀ ਦੁਨੀਆ ਨੂੰ ਆਪਣੀ ਆਵਾਜ਼ ਸੁਣਾਵੇ । ਉਸ ਨੂੰ ਐਕਟਿੰਗ ਦਾ ਸ਼ੌਕ ਹੋਣ ਕਾਰਨ ਉਹ ਅਮਿਤਾਭ ਬੱਚਨ ਅਤੇ ਸ਼ਾਹਰੁਖ ਖਾਨ ਦੀਆਂ ਫਿਲਮਾਂ ਵੇਖਦਾ ਸੀ।



ਸਕੂਲੀ ਦਿਨਾਂ ਵਿਚ ਬਾਹਰਵੀਂ ਜਮਾਤ ਵਿਚ ਇਕ ਨਾਟਕ ਵਿਚ ਉਸ ਦੀ ਐਕਟਿੰਗ ਵੇਖ ਕੇ ਮੁੱਖ ਮਹਿਮਾਨ ਨੇ ਕਹਿ ਦਿੱਤਾ ਸੀ ਕਿ ਉਹ ਵੱਡਾ ਹੋ ਕੇ ਇਕ ਵੱਡਾ ਅਦਾਕਾਰ ਬਣੇਗਾ। ਉਸ ਨੂੰ ਇਹ ਗੱਲ ਛੇਤੀ ਸਮਝ ਆ ਗਈ ਸੀ ਕਿ ਹੁਨਰ ਦੇ ਨਾਲ ਸੰਘਰਸ਼ ਅਤੇ ਯਤਨ ਵੀ ਜ਼ਰੂਰੀ ਹਨ।

ਆਪਣੇ ਥਿਏਟਰ ਦੇ ਜਨੂੰਨ ਨੂੰ ਪੂਰਾ ਕਰਨ ਲਈ ਉਸ ਨੇ ਪੰਜਾਬ ਯੂਨੀਵਰਸਟੀ ਚੰਡੀਗੜ੍ਹ ਤੋਂ ਥਿਏਟਰ 'ਚ ਮਾਸਟਰ ਡਿਗਰੀ ਕੀਤੀ । ਕਾਮੇਡੀਅਨ ਜਸਪਾਲ ਭੱਟੀ ਨੇ ਉਸ ਨੂੰ ਗੁਟਰ੍ਹ ਗੂੰ ਪ੍ਰੋਗਰਾਮ ਵਿਚ ਲੈ ਲਿਆ। 1998 ਵਿਚ ਅਜੈ ਦੇਵਗਣ ਦੀ ਫਿਲਮ 'ਚ ਛੋਟੀ ਜਿਹੀ ਭੂਮਿਕਾ ਨੇ ਉਸ ਦੀ ਫ਼ਿਲਮੀ ਦੁਨੀਆ ਵਿਚ ਪਹਿਚਾਣ ਬਣਾ ਦਿੱਤੀ। ਬੜੇ ਸੁਪਨੇ ਲੈ ਕੇ ਮੁੰਬਈ ਪਹੁੰਚਣ 'ਤੇ ਉਸ ਨੇ ਬਹੁਤ ਸਾਰੇ ਫ਼ਿਲਮੀ ਖੇਤਰ ਵਿਚ ਸੰਘਰਸ਼ ਕਰਦੇ ਹੋਏ ਵੇਖਿਆ। ਮਕਾਨ ਦੇ ਕਿਰਾਏ, ਖੁੱਲ੍ਹੇ ਖਰਚੇ ਨੇ ਛੇਤੀ ਹੀ ਉਸ ਦੇ ਜੋੜੇ ਹੋਏ ਅਤੇ ਘਰ ਤੋਂ ਲਿਆਂਦੇ ਪੈਸੇ ਖ਼ਤਮ ਕਰ ਦਿੱਤੇ। ਉਸ ਨੇ ਸੋਚਿਆ ਕਿ ਭਾਵੇਂ ਮੈਨੂੰ ਹੁਣ ਸੰਘਰਸ਼ ਕਰਨਾ ਪੈ ਰਿਹਾ ਹੈ ਪਰ ਆਉਣ ਵਾਲੇ ਸਮੇਂ ਵਿਚ ਉਸ ਨੂੰ ਸਫ਼ਲਤਾ ਜ਼ਰੂਰ ਮਿਲੇਗੀ। ਲੋਕਾਂ ਨੂੰ ਸੰਘਰਸ਼ ਕਰਦਿਆਂ ਵੇਖ ਕੇ ਉਸ ਨੂੰ ਛੇਤੀ ਹੀ ਗੱਲ ਸਮਝ ਆ ਗਈ ਕਿ ਸਫ਼ਲਤਾ ਹਾਸਲ ਕਰਨੀ ਸੌਖੀ ਨਹੀਂ ਹੈ। ਉਸ ਨੂੰ ਬਹੁਤ ਵੇਰ ਨਿਰਾਸ਼ਤਾ ਦਾ ਸਾਹਮਣਾ ਕਰਨਾ ਪਿਆ। ਕਦੇ ਉਸ ਨੂੰ ਕਿਸੇ ਪ੍ਰੋਗਰਾਮ ਲਈ ਚੁਣੇ ਜਾਣ ਤੋਂ ਬਾਅਦ ਵੀ ਮਨ੍ਹਾ ਕਰ ਦਿੱਤਾ ਗਿਆ, ਕਦੇ ਸ਼ੂਟਿੰਗ ਉੱਤੇ ਦੇਰ ਨਾਲ ਪਹੁੰਚਣ ਕਾਰਨ ਉਸ ਨੂੰ ਨਾਂਹ ਕਰ ਦਿੱਤੀ ਗਈ।ਉਸ ਨੇ ਰਿਜੈਕਸ਼ਨ ਨੂੰ ਅਸਫ਼ਲਤਾ ਸਮਝਿਆ। ਫ਼ਿਲਮਾਂ ਅਤੇ ਟੈਲੀਵਿਜ਼ਨ ਵਿਚ ਕੰਮ ਤੋਂ ਨਾਂਹ ਹੋਣ ਤੋਂ ਬਾਅਦ ਉਸ ਨੇ ਮੰਚ ਸੰਚਾਲਨ ਦਾ ਕੰਮ ਕਰਨਾ ਸ਼ੁਰੂ ਕਰ ਦਿੱਤਾ। ਉਸ ਨੇ ਕਿਸੇ ਵੀ ਕੰਮ ਨੂੰ ਛੋਟਾ ਵੱਡਾ ਨਹੀਂ ਸਮਝਿਆ। ਉਸ ਨੇ ਕਿਹਾ ਕਿ ਛੋਟੀ ਕਮਾਈ ਵੱਡੇ ਸੁਪਨਿਆਂ ਨੂੰ ਪੂਰਾ ਕਰਨ ਦਾ ਸਾਧਨ ਬਣਦੀ ਹੈ। ਉਸ ਨੇ ਆਪਣੇ ਪਿਤਾ ਦੇ ਰੇਡੀਓ ਦੇ ਅਨਾਊਂਸਰ ਨਾ ਬਣ ਸਕਣ ਦੇ ਪਛਤਾਵੇ ਤੋਂ ਸਬਕ ਲੈ ਕੇ ਇਹ ਫੈਸਲਾ ਕਰ ਲਿਆ ਕਿ ਉਹ ਹਿੰਮਤ ਹਾਰ ਕੇ ਉਮਰ ਭਰ ਪਛਤਾਏਗਾ ਨਹੀਂ।ਉਸ ਨੇ ਆਪਣੇ ਸੁਪਨਿਆਂ ਨੂੰ ਮਰਨ ਨਹੀਂ ਦਿੱਤਾ। ਰੇਡੀਓ ਉੱਤੇ ਮਿਲੇ ਇਕ ਪ੍ਰੋਗਰਾਮ ਤੋਂ ਮਿਲੀ ਪ੍ਰਸਿੱਧੀ ਤੋਂ ਬਾਅਦ ਉਸ ਨੂੰ ਰੇਡੀਓ ਅਤੇ ਫ਼ਿਲਮਾਂ 'ਚ ਕੰਮ ਮਿਲਣਾ ਸ਼ੁਰੂ ਹੋ ਗਿਆ। ਟੈਲੀਵਿਜ਼ਨ ਦੇ ਕਪਿਲ ਸ਼ਰਮਾ ਦੇ ਸ਼ੋਅ ਵਿਚ ਮਿਲੀ ਗੁੱਥੀ ਦੀ ਭੂਮਿਕਾ ਨੇ ਲੋਕਾਂ ਨੂੰ ਉਸ ਦਾ ਦੀਵਾਨਾ ਬਣਾ ਦਿੱਤਾ । ਕਪਿਲ ਸ਼ਰਮਾ ਦੇ ਪ੍ਰੋਗਰਾਮ 'ਚ ਡਾਕਟਰ ਮਸ਼ਹੂਰ ਗੁਲਾਟੀ, ਰਿੰਕੂ ਭਾਬੀ ਅਤੇ ਗੱਬਰ ਇਜ਼ ਬੈਕ, ਬਾਗੀ, ਭਾਰਤ ਜਵਾਨ, ਵੈਬ ਸੀਰੀਜ਼, ਤਾਂਡਵ ਅਤੇ ਸੰਸਾਰ ਵਿਚ ਨਿਭਾਈਆਂ ਭੂਮਿਕਾਵਾਂ ਨੇ ਉਸ ਨੂੰ ਫ਼ਿਲਮ ਖੇਤਰ ਵਿਚ ਨਾਮੀ ਅਦਾਕਾਰ ਬਣਾ ਦਿੱਤਾ। ਇਕ ਮੌਕੇ ਕਪਿਲ ਸ਼ਰਮਾ ਨਾਲ ਹੋਏ ਤਕਰਾਰ ਨਾਲ ਉਸ ਦੀ ਪ੍ਰਸਿੱਧੀ ਵਿਚ ਕੋਈ ਫਰਕ ਨਹੀਂ ਪਿਆ। ਸਨ 2022 ਵਿਚ ਅਚਾਨਕ ਦਿਲ ਦਾ ਦੌਰਾ ਪੈਣ ਨਾਲ ਬਾਈ ਪਾਸ ਸਰਜਰੀ ਨੇ ਉਸ ਦੀ ਜ਼ਿੰਦਗੀ ਨੂੰ ਨਵਾਂ ਮੋੜ ਦਿੱਤਾ ਪਰ ਉਹ ਪਹਿਲਾਂ ਨਾਲੋਂ ਵੀ ਮਜ਼ਬੂਤ ਹੋ ਗਿਆ। ਸਫ਼ਲਤਾ, ਪੈਸਾ, ਨਾਮ ਸਿਖਰ ਉੱਤੇ, ਲਗਜ਼ਰੀ ਗੱਡੀਆਂ ਅਤੇ ਇਕ ਐਪੀਸੋਡ ਦੀ ਲੱਖਾਂ ਰੁਪਏ ਫੀਸ ਨਾਲ ਵੀ ਉਸ ਵਿਚ ਘੁਮੰਡ ਦੀ ਭਾਵਨਾ ਪੈਦਾ ਨਹੀਂ ਹੋਈ। ਉਹ ਆਪਣੇ ਪਰਿਵਾਰ ਨਾਲ ਸਧਾਰਨ ਜ਼ਿੰਦਗੀ ਜੀ ਰਿਹਾ ਹੈ।

# Golden State Realty

**Real Estate and Loans Under One Roof**

ਘਰਾਂ ਦੀ ਵਧੀਆ ਡੀਲ ਤੇ ਘਟ ਤੋਂ ਘਟ ਵਿਆਜ ਦਰਾਂ 'ਤੇ ਲੋਨ ਲੈ ਕੇ ਦੇਣ ਲਈ ਮਸ਼ਹੂਰ

**Selling Homes from Gilroy to Sacramento, CA**

Call us before visiting new model homes to save big time.

ਪਿਛਲੇ 39 ਸਾਲਾਂ ਤੋਂ ਬਿਜ਼ਨਸ ਵਿਚ ਭਰਪੂਰ ਸਹਿਯੋਗ ਲਈ ਸਮੂਹ ਭਾਈਚਾਰੇ ਦਾ ਧੰਨਵਾਦ

**Time to buy new home in Tracy, Manteca, Lothrop and Stockton**

Pinnacle Award Winner 2014, 2015, 2016 & 2017

Grand Master Award Winner: 2018-2021, Platinum Award 2022

## *Call for Listing Special 2026*

## Ph: 510-304-9292 or 408-666-8279



Anmol Singh Gill
REALTOR
Bre. # 02062952



Armaan Singh Gill
Sales Agent
Bre. # 02161166
Ph: 510-709-7987



Jaswinder (Jassi) Gill
M.Sc (PAU)
CA BRE# 00966763
Broker/Owner



Harjot Singh Gill
REALTOR
Bre. # 02036421
Ph: 408.413.8350



Rakesh Pabla
REALTOR
Lic no: 01507068
Ph: 408.531.5464

Fremont Office: 86 Pilgrim Loop, Fremont CA 94539
Tel: 510-440-9292

Visit us @ www.jassigill.com for hot listings

## Recent Sales

1. 2447 Capri Ct, Manteca CA 95337
2. 946 Martiri court, Gilroy CA 95020
3. 4201 Saturn way, Union city CA 94587
4. 6746 Sapphire Street, Dublin CA 94568
5. 7722 Curry Dr, Gilroy CA 95020
6. 4643 Sloan St, Fremont CA 94538
7. 5645 Evergreen terr, Fremont CA 94536
8. 1916 Ticino Ct, Pleasanton CA 94566
9. 776 Vereda ct San Jose CA 95123
10. 8455 Peachtree Ave, Newark CA 94560
11. 1777 Osage Ave, Hayward CA 94545
12. 2249 moody ave, Hayward ca 94545
13. 2169 Charger Dr, San Jose CA 95131
14. 9810 Bobcat Ct, Gilroy CA 95020

## Purchase Loan and Refinance

Call Sukhveer (Sukhi) Gill Ph: 510-207-9067
DHMS, Loan Broker

CA BRE Lic.#01180969
NMLS# 352095

19-20